*Published in Punjabi & English*

**Distributed in Toronto, Calgary, Vancouver, Winnipeg and Online Worldwide.**

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 16, ਅੰਕ-1, ਜਨਵਰੀ 2026 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

# ਜੀ ਆਇਆਂ 2026 - ਨਵਾਂ ਸਾਲ

ਜਦੋਂ ਤੱਕ ਇਹ ਅੰਕ ਪਾਠਕਾਂ ਦੇ ਹੱਥਾਂ ਵਿਚ ਪਹੁੰਚੇਗਾ, ਸਾਲ 2025 ਸਮਾਪਤ ਹੋ ਚੁੱਕਾ ਹੋਵੇਗਾ ਅਤੇ ਇਸ ਦੀ ਥਾਂ 2026 ਦਾ ਕਲੰਡਰ ਲੈ ਲਵੇਗਾ। 'ਨਵੇਂ' ਸਾਲ ਦੀ ਆਮਦ ਮੌਕੇ ਜਸ਼ਨ, ਸ਼ੁਭ ਕਾਮਨਾਵਾਂ ਦਾ ਆਦਾਨ-ਪ੍ਰਦਾਨ ਇਸ ਉਮੀਦ ਦਾ ਪ੍ਰਤੀਕ ਹੁੰਦੇ ਹਨ ਕਿ ਅਗਲਾ ਸਾਲ ਪਿਛਲੇ ਨਾਲੋਂ ਕੁਝ ਬਿਹਤਰ ਹੋਵੇਗਾ। ਨਵੇਂ ਸਾਲ ਵਿਚ ਕੁਝ ਚੰਗਾ ਵਾਪਰੇਗਾ ਅਤੇ ਮਾਨਵਤਾ ਨੂੰ ਦਰਪੇਸ਼ ਅਜੋਕੇ ਗੰਭੀਰ ਸੰਕਟਾਂ, ਮੁਸ਼ਕਲਾਂ ਅਤੇ ਸਮੱਸਿਆਵਾਂ ਤੋਂ ਕੁਝ ਰਾਹਤ ਮਿਲੇਗੀ। ਪਰ ਜਸ਼ਨਾਂ ਦੀ ਚਕਾਚੌਂਧ ਥੱਲੇ ਇਹ ਕੌੜੀ ਹਕੀਕਤ ਲੁਕੀ ਹੁੰਦੀ ਹੈ ਕਿ ਦੁਨੀਆ ਉੱਪਰ ਜੋ ਮਨੁੱਖ ਵਿਰੋਧੀ ਤੇ ਕੁਦਰਤ ਵਿਰੋਧੀ ਲੋਟੂ ਆਰਥਕ ਮਾਡਲ ਥੋਪਿਆ ਹੋਇਆ ਹੈ ਉਸਦੇ ਅੰਦਰ ਲੋਕਾਈ ਘੋਰ ਲੁੱਟ-ਖਸੁੱਟ, ਜਬਰ, ਪੌਣਪਾਣੀ ਦੇ ਧਾੜਵੀ ਵਿਨਾਸ਼, ਨਹੱਕੀਆਂ ਜੰਗਾਂ, ਰੋਜ਼ਗਾਰ ਸੰਕਟ, ਵਧਦੀ ਮਹਿੰਗਾਈ ਅਤੇ ਪਰਵਾਸੀਆਂ ਵਿਰੁੱਧ ਤੇਜ਼ੀ ਨਾਲ ਫੈਲਾਈ ਜਾ ਰਹੀ ਨ਼ਫਰਤ ਦਾ ਸੰਤਾਪ ਝੱਲ ਰਹੀ ਹੈ। ਕੈਨੇਡਾ ਸਮੇਤ ਦੁਨੀਆ ਦੇ ਸਾਰੇ ਹੀ ਮੁਲਕਾਂ ਨੂੰ ਵੱਖ-ਵੱਖ ਰੂਪਾਂ, ਵੱਖ-ਵੱਖ ਮਾਤਰਾਵਾਂ 'ਚ ਇਨ੍ਹਾਂ ਹਾਲਾਤ ਨਾਲ ਜੂਝਦੇ ਦੇਖਿਆ ਜਾ ਸਕਦਾ ਹੈ। ਸਾਮਰਾਜੀਆਂ ਦੇ ਲੁੱਟ ਅਤੇ ਚੌਧਰ ਲਈ ਖਹਿ-ਭੇੜ ਨੇ ਯੂਕਰੇਨ, ਫ਼ਲਸਤੀਨ ਅਤੇ ਕਈ ਮੁਸਲਿਮ ਮੁਲਕਾਂ ਵਿਚ ਬੇਹੱਦ ਤਬਾਹੀ ਮਚਾਈ ਹੋਈ ਹੈ। ਇਸਦੇ ਬੁਨਿਆਦੀ ਕਾਰਨਾਂ ਨੂੰ ਸਮਝਕੇ ਸਖ਼ਤ ਸੰਘਰਸ਼ ਲੜੇ ਬਿਨਾਂ ਬਿਹਤਰੀ ਸੰਭਵ ਨਹੀਂ ਹੈ।

ਫਿਰ ਸਵਾਲ ਇਹ ਹੈ: ਜਦੋਂ ਹਰ ਮੁਲਕ 'ਚ ਹੀ ਦਹਿ-ਲੱਖਾਂ ਲੋਕ ਰੁਜ਼ਗਾਰ ਅਤੇ ਸਵੈਮਾਣ ਵਾਲੀ ਜ਼ਿੰਦਗੀ ਨੂੰ ਤਰਸ ਰਹੇ ਹਨ ਅਤੇ ਜਦੋਂ ਹੁਕਮਰਾਨ ਜਮਾਤ ਅਸਲ ਸਰੋਕਾਰਾਂ ਨੂੰ ਮੁਖ਼ਾਤਬ ਹੋਣ ਤੋਂ ਬਚਣ ਲਈ ਸਮਾਜ ਦੀ ਬੇਚੈਨੀ ਤੇ ਗੁੱਸੇ ਨੂੰ ਅੰਧ-ਰਾਸ਼ਟਰਵਾਦ, ਨਸਲਵਾਦ ਅਤੇ ਮਨੁੱਖੀ ਭਾਈਚਾਰਿਆਂ ਦਰਮਿਆਨ ਨ਼ਫਰਤ ਭੜਕਾਉਣ ਵਾਲੇ ਅਜਿਹੇ ਹੋਰ ਮੁੱਦਿਆਂ ਵਿਚ ਉਲਝਾ ਕੇ ਆਪਸ ਵਿਚ ਲੜਾ ਰਹੀ ਹੈ, ਤਾਂ ਇਹ ਭਰਮ ਕਿਉਂ ਪਾਲਿਆ ਜਾਵੇ ਕਿ ਨਵੇਂ ਸਾਲ 'ਚ ਹਾਲਾਤ ਆਪਣੇ ਆਪ ਬਿਹਤਰ ਹੋ ਜਾਣਗੇ?




ਕੈਨੇਡਾ, ਜਿਸਨੂੰ ਸਾਰਿਆਂ ਨੂੰ ਆਪਣੇ 'ਚ ਸਮੋਣ ਵਾਲਾ ਅਤੇ ਬਹੁ-ਸੱਭਿਆਚਾਰੀ ਮੁਲਕ ਮੰਨਿਆ ਜਾਂਦਾ ਹੈ, ਖ਼ਤਰਨਾਕ ਮੋੜ 'ਤੇ ਖੜ੍ਹਾ ਹੈ। ਬੇਰੋਜ਼ਗਾਰੀ ਵਧਣ ਕਾਰਨ ਨੌਜਵਾਨ, ਖ਼ਾਸਕਰ ਨਵੇਂ ਗ੍ਰੈਜੂਏਟ ਪੱਕੀਆਂ ਨੌਕਰੀਆਂ ਤੋਂ ਵਾਂਝੇ ਹਨ ਅਤੇ ਅਸਥਾਈ ਤੇ ਘੱਟ ਤਨਖ਼ਾਹ ਵਾਲਾ ਕੰਮ ਆਮ ਬਣਦਾ ਜਾ ਰਿਹਾ ਹੈ। ਇਸ ਅਸੁਰੱਖਿਅਤ ਮਾਹੌਲ ਵਿਚ ਪਰਵਾਸੀਆਂ ਨੂੰ ਬਲੀ ਦੇ ਬੱਕਰੇ ਬਣਾਇਆ ਜਾ ਰਿਹਾ ਹੈ।

ਝੂਠ ਇਹ ਫੈਲਾਇਆ ਜਾ ਰਿਹਾ ਹੈ ਕਿ ਨੌਕਰੀਆਂ ਦੀ ਘਾਟ, ਰਿਹਾਇਸ਼ ਦੀ ਘਾਟ ਅਤੇ ਸਰਕਾਰੀ ਸੇਵਾਵਾਂ 'ਤੇ ਦਬਾਅ ਲਈ ਪਰਵਾਸੀ ਜ਼ਿੰਮੇਵਾਰ ਹਨ। ਇਹ ਨਾ ਸਿਰਫ਼ ਤੱਥ ਦੇ ਤੌਰ 'ਤੇ ਗ਼ਲਤ ਹੈ, ਸਗੋਂ ਬੇਹੱਦ ਖ਼ਤਰਨਾਕ ਵੀ ਹੈ। ਹਕੀਕਤ ਇਹ ਹੈ ਕਿ ਕੈਨੇਡਾ ਦੀ ਆਰਥਕਤਾ ਦਹਾਕਿਆਂ ਤੋਂ ਪਰਵਾਸੀ ਮਜ਼ਦੂਰਾਂ 'ਤੇ ਨਿਰਭਰ ਰਹੀ ਹੈ—ਚਾਹੇ ਉਹ ਸਿਹਤ ਸੇਵਾਵਾਂ ਹੋਣ, ਟਰਾਂਸਪੋਰਟ, ਖੇਤੀਬਾੜੀ, ਨਿਰਮਾਣ ਜਾਂ ਦੇਖਭਾਲ ਦਾ ਕੰਮ।

ਜਦੋਂ ਸਰਕਾਰਾਂ ਅਤੇ ਉਨ੍ਹਾਂ ਦੀਆਂ ਨੀਤੀਆਂ ਸਮਾਜ ਦੇ ਬੁਨਿਆਦੀ ਮਸਲਿਆਂ ਨੂੰ ਹੱਲ ਕਰਨ 'ਚ ਅਸ਼ਫਲ ਹਨ—ਜਦੋਂ ਘਰਾਂ ਦੀ ਬੁਨਿਆਦੀ ਮਨੁੱਖੀ ਜ਼ਰੂਰਤ ਕਾਰੋਬਾਰੀ ਮੁਨਾਫ਼ੇ ਦੇ ਮਕੜ-ਜਾਲ ਵਿਚ ਫਸੀ ਹੋਈ ਹੈ, ਜਦੋਂ ਪਬਲਿਕ ਸੇਵਾਵਾਂ ਵਿਚ ਲੋੜੀਂਦਾ ਸਰਕਾਰੀ ਨਿਵੇਸ਼ ਕਰਨ ਦੀ ਬਜਾਏ ਕਟੌਤੀ ਕੀਤੀ ਜਾ ਰਹੀ ਹੈ, ਅਤੇ ਜਦੋਂ ਕਾਰਪੋਰੇਟ ਮੁਨਾਫ਼ੇ ਨੂੰ ਰੁਜ਼ਗਾਰ ਦੀ ਬੁਨਿਆਦੀ ਮਨੁੱਖੀ ਜ਼ਰੂਰਤ ਤੋਂ ਉੱਪਰ ਰੱਖਿਆ ਜਾ ਰਿਹਾ ਹੈ—ਤਾਂ ਕੁਝ ਲੋਕ-ਵਿਰੋਧੀ ਤਾਕਤਾਂ ਗਿਣ-ਮਿੱਥਕੇ "ਬਾਹਰੋਂ ਆਏ ਲੋਕਾਂ" ਨੂੰ ਜ਼ਿੰਮੇਵਾਰ ਠਹਿਰਾ ਰਹੀਆਂ ਹਨ। ਸਹੀ ਸਮਝ ਦੀ ਅਣਹੋਂਦ 'ਚ ਕੁਝ ਆਮ ਲੋਕ ਵੀ ਅਜਿਹੇ ਜ਼ਹਿਰੀਲੇ ਪ੍ਰਚਾਰ ਦੇ ਬਹਿਕਾਵੇ ਵਿਚ ਆ ਜਾਂਦੇ ਹਨ।

ਕੈਨੇਡਾ, ਅਮਰੀਕਾ, ਯੂਰਪ ਅਤੇ ਦੁਨੀਆ ਦੇ ਜ਼ਿਆਦਾਤਰ ਹਿੱਸਿਆਂ ਵਿਚ ਇਹੀ ਮਾਹੌਲ ਹੈ। ਨਵ-ਉਦਾਰ ਆਰਥਕ ਮਾਡਲ ਨੇ ਨਬਰਾਬਰੀ ਵਧਾਈ ਹੈ, ਪੱਕੀਆਂ ਨੌਕਰੀਆਂ ਖ਼ਤਮ ਕੀਤੀਆਂ ਹਨ ਅਤੇ ਸਮਾਜਿਕ ਸੁਰੱਖਿਆ ਕਮਜ਼ੋਰ ਕੀਤੀ ਹੈ। ਇਸ ਮਾਹੌਲ ਵਿੱਚ ਘੋਰ-ਪਿਛਾਖੜੀ ਤਾਕਤਾਂ ਅਸੁਰੱਖਿਆ ਦੇ ਡਰ ਅਤੇ ਨਸਲਵਾਦ ਦੇ ਆਧਾਰ 'ਤੇ ਆਪਣੀ ਜਗ੍ਹਾ ਬਣਾ ਰਹੀਆਂ ਹਨ। ਨੌਜਵਾਨਾਂ ਲਈ ਇਹ ਸੰਕਟ ਹੋਰ ਵੀ ਗੰਭੀਰ ਹੈ। ਦੁਨੀਆ ਪੱਧਰ 'ਤੇ ਨੌਜਵਾਨਾਂ ਵਿਚ ਬੇਰੁਜ਼ਗਾਰੀ 13% ਹੈ। ਕੈਨੇਡਾ ਵਿੱਚ ਬੇਯਕੀਨੇ ਭਵਿੱਖ ਦਾ ਸਾਹਮਣਾ ਕਰ ਰਹੀ ਪੜ੍ਹੀ-ਲਿਖੀ ਪੀੜ੍ਹੀ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਹੀ ਹੈ। ਪਰ ਬੇਰੁਜ਼ਗਾਰੀ ਅਤੇ ਆਰਥਕ ਸੰਕਟ ਦਾ ਜਵਾਬ ਨਸਲਵਾਦੀ ਨ਼ਫਰਤ ਨਹੀਂ, ਸਗੋਂ ਨਿਆਂਪੂਰਨ ਨੀਤੀਆਂ 'ਚ ਹੈ।

ਨਵਾਂ ਸਾਲ ਸਾਨੂੰ ਚੇਤੇ ਕਰਾਉਂਦਾ ਹੈ ਕਿ ਰੋਜ਼ਗਾਰ ਕੋਈ ਵਿਸ਼ੇਸ਼ ਅਧਿਕਾਰ ਨਹੀਂ, ਸਗੋਂ ਮਨੁੱਖੀ ਮਾਣ-ਸਨਮਾਨ ਅਤੇ ਜ਼ਿੰਦਗੀ ਦੀ ਬੁਨਿਆਦ ਹੈ। ਸਾਨੂੰ ਉਨ੍ਹਾਂ ਰਾਜਨੀਤਕ ਅਤੇ ਸਮਾਜਿਕ ਤਾਕਤਾਂ ਨੂੰ ਰੱਦ ਕਰਨਾ ਹੋਵੇਗਾ ਜੋ ਪਰਵਾਸੀ-ਸਥਾਨਕ ਦੇ ਨਾਂ 'ਤੇ ਬੇਰੁਜ਼ਗਾਰਾਂ ਅਤੇ ਮਿਹਨਤੀ ਲੋਕਾਂ ਨੂੰ ਇਕ-ਦੂਜੇ ਦੇ ਵਿਰੁੱਧ ਖੜ੍ਹਾ ਕਰਦੀਆਂ ਹਨ। ਸਮੱਸਿਆ ਲੋਕਾਂ ਵਿੱਚ ਨਹੀਂ, ਸਗੋਂ ਇਨਸਾਨ ਦੀ ਬਜਾਏ ਮੁਨਾਫ਼ੇ ਨੂੰ ਪਹਿਲ ਦੇਣ ਵਾਲੇ ਆਰਥਕ ਪ੍ਰਬੰਧ ਵਿੱਚ ਹੈ। ਸਾਨੂੰ ਅਜਿਹੀਆਂ ਨੀਤੀਆਂ ਦੀ ਮੰਗ ਕਰਨੀ ਹੋਵੇਗੀ ਜੋ ਮਿਆਰੀ ਰੁਜ਼ਗਾਰ ਪੈਦਾ ਕਰਨ, ਘਰਾਂ ਦੀ ਜ਼ਰੂਰਤ ਨੂੰ ਹੱਕ ਬਣਾਉਣ ਅਤੇ ਸਰਕਾਰੀ ਸੇਵਾਵਾਂ ਵਿੱਚ ਨਿਵੇਸ਼ ਵਧਾਉਣ।

ਕੈਨੇਡਾ ਅਤੇ ਦੁਨੀਆ ਭਰ ਵਿਚ ਇਨਸਾਫ਼ਪਸੰਦ ਲੋਕ ਨ਼ਫਰਤ ਦਾ ਵਿਰੋਧ ਕਰ ਰਹੇ ਹਨ। ਯੂਨੀਅਨਾਂ ਅਤੇ ਭਾਈਚਾਰੇ ਰੋਜ਼ਗਾਰ ਅਤੇ ਮਾਣ-ਸਨਮਾਨ ਵਾਲੀ ਜ਼ਿੰਦਗੀ ਲਈ ਸੰਘਰਸ਼ਸ਼ੀਲ ਹਨ। ਨੌਜਵਾਨ ਨਿਆਂਪੂਰਨ ਭਵਿੱਖ ਦੀ ਮੰਗ ਕਰ ਰਹੇ ਹਨ। ਇਹ ਸੰਘਰਸ਼ ਸਾਨੂੰ ਚੇਤੇ ਕਰਾਉਂਦੇ ਹਨ ਕਿ ਮਨੁੱਖੀ ਤਰੱਕੀ ਤੇ ਵਿਕਾਸ ਉੱਪਰ ਸਾਰੇ ਇਨਸਾਨਾਂ ਦਾ ਬਰਾਬਰ ਹੱਕ ਹੈ ਅਤੇ ਇਹ ਸਿਰਫ਼ ਥੋੜ੍ਹੀ ਗਿਣਤੀ ਧਨਾਢ ਜਮਾਤ ਦਾ ਵਿਸ਼ੇਸ਼-ਅਧਿਕਾਰ ਕਿਉਂ ਹੋਵੇ। ਸਦੀਵੀ ਜਾਪਦੇ ਸਰਮਾਏਦਾਰੀ ਪ੍ਰਬੰਧ ਨੇ ਆਖ਼ਿਰ ਖ਼ਤਮ ਹੋਣਾ ਹੀ ਹੈ। ਮਾਨਵਤਾ ਦਾ ਭਵਿੱਖ ਸਾਂਝੀਵਾਲਤਾ ਵਾਲਾ ਸਮਾਜਵਾਦੀ ਸਮਾਜ ਹੈ। ਅਦਾਰਾ ਸਰੋਕਾਰਾਂ ਦੀ ਆਵਾਜ਼ ਇਸ ਖ਼ਾਤਰ ਸੰਘਰਸ਼ਾਂ ਦੀ ਜ਼ਰੂਰਤ ਬਾਰੇ ਅਤੇ ਸਮਾਜੀ ਤਰੱਕੀ ਦੀ ਰੁਕਾਵਟ ਸਾਮਰਾਜੀ ਸਰਮਾਏਦਾਰੀ ਦੇ ਹਮਲਿਆਂ, ਸਾਜ਼ਿਸ਼ਾਂ ਅਤੇ ਕੁਟਲ ਚਾਲਾਂ ਵਿਰੁੱਧ ਲੋਕਾਈ ਨੂੰ ਜਾਗਰੂਕ ਕਰਨ ਲਈ ਯਥਾਸੰਭਵ ਯੋਗਦਾਨ ਪਾਉਣ ਲਈ ਵਚਨਬੱਧ ਹੈ।

ਨਵਾਂ ਸਾਲ ਕੋਈ ਜਾਦੂਈ ਹੱਲ ਨਹੀਂ ਹੈ। ਇਹ ਇਕ ਮੌਕਾ ਹੈ। ਇਹ ਸਾਡੇ ਲੋਕਾਂ ਨੇ ਸੋਚਣਾ ਹੈ ਕਿ ਉਨ੍ਹਾਂ ਨੇ ਭਵਿੱਖ ਤੇ ਨੌਕਰੀ ਦੀ ਅਸੁਰੱਖਿਆ, ਨਹੱਕੀਆਂ ਜੰਗਾਂ, ਟੈਰਿਫ ਹਮਲਿਆਂ, ਬੁਨਿਆਦੀ ਸਹੂਲਤਾਂ ਦੀ ਘਾਟ ਦੇ ਸਾਏ ਹੇਠ ਦਿਨ-ਕਟੀਆਂ ਕਰਕੇ ਜਿਊਣਾ ਹੈ ਜਾਂ ਇਨ੍ਹਾਂ ਭੈੜੇ ਹਾਲਾਤਾਂ ਨੂੰ ਬਦਲਣ ਲਈ ਸਮੂਹਿਕ ਸੰਘਰਸ਼ ਦਾ ਰਾਹ ਅਖ਼ਤਿਆਰ ਕਰਨਾ ਹੈ?

**- ਸੰਪਾਦਕੀ ਬੋਰਡ**















# ਰਜਿਸਟਡ ਡਿਸਏਬਿਲਟੀ ਸੇਵਿੰਗ ਪਲਾਨ (RDSP)

(ਦੇਖੋ ਸਫ਼ਾ 39 'ਤੇ)


NEW SERVICE BY CARE INC

CARE AUDIOLOGY

Calgary 403-605-6300

ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ

## ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ।ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ।ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ।19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

Hearing Aid Brands we Carry
• Oticon • Unitron • Signia

ਅੱਖਾਂ ਦੀ ਨਿਗਾ ਚੈਕ ਕਰਾਉਣ ਅਤੇ ਹਰ ਕਿਸਮ ਦੀਆਂ ਬਰੈਂਡਡ ਐਨਕਾਂ ਲੈਣ ਲਈ ਮਿਲੋ

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
1st Location : 124-4774 Westwinds Drive NE Calgary, Alberta
Email : westwinds@careine.ca
2nd Location : 2110-4250 109 Ave NE, Calgary, AB (The Port Plaza)
3rd Location : 45-250 Carrington Blvd NW Calgary, AB, T3P OC7
Phone : 403-605-6300 | Fax : 403-536-4057
Email : calgary@careinc.ca


16 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

## ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



| ਹਰਬੰਸ ਸਿੰਘ | ਦੇਵਿੰਦਰ ਤੂਰ | ਮਾਸਟਰ ਭਜਨ ਸਿੰਘ | ਪਰਮਿੰਦਰ ਕੌਰ ਸਵੈਚ | ਜਸਵੀਰ ਕੌਰ ਮੰਗੂਵਾਲ | ਬਲਜਿੰਦਰ ਸਿੰਘ ਵੜੈਚ |
|---|---|---|---|---|---|
| (ਟੋਰਾਂਟੋ) | (ਟੋਰਾਂਟੋ) | (ਕੈਲਗਰੀ) | (ਵੈਨਕੂਵਰ) | (ਵਿਨੀਪੈੱਗ) | (ਪੰਜਾਬ) |
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |


SHAAN CONSTRUCTION LTD.



• General Contracting
• Quality Custom Homes
• Quality Framing
• 2-5-10 Year Warranty

2-5-10 Year Warranty

25+ years of experience

Call for a Free Estimate
MALKIT SWAICH
778.889.9526

Call Romi Sidhu For Insurance & Financial Needs



StateFarm IS NOW Desjardins Insurance

Monday - Friday 9am to 5:30pm
Weekends: All Other Times
Only Appointments



4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com

| | | |
|---|---|---|
| * HOME | * DISABILTY | * VEHICLE FINANCE |
| * AUTO | * RRSV | * CRITICAL ILLNESS |
| * LIFE | * RESP | * MUTUAL FUNDS |

Romi Sidhu, Agent
P02720CN



ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ

Specialist in :
• Built Garage
• Garage Door Opener & Install
• New Garage Door
• Repair Old Garage Door
• Roofing, Fence, Deck
• New Houses Framing
• Old House Extension & any other add on construction Work

www.hmphome.com

HMP Custom Cabinets Ltd.

Specialist in :



Custom Kitchen, Bars, Washroom Vanity, Custom Bedroom Closet & All Commercial Mill Work

Free Estimate Paul Sekhon : 403-701-4947

Bay 11 2316 27 Ave. NE, Calgary



Harpinder Sidhu INSURANCE EXPERT

Punjab Insurance Inc

SUPER VISA INSURANCE
* LIFE INSURANCE * RESPs
# 5106-4310 104 Ave,
NE Calgary AB T3N 1W5



CALL FOR BEST RATES

HARPINDER SIDHU
LOVEPREET SIDHU
403 404 3500

**SAROKARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Mehmoodpur
(Punjab)
946-347-4342
atoozed@gmail.com
Navkiran Singh Patti
+91 98885 44001
n4navkiran@gmail.com

**Literary Advisor**
Parminder Swaich
Surrey (BC)
604-760-4794
pswaich@hotmail.com
Jasvir kaur Manguwal
Winnipeg
204-881-4955
manguwal.j@gmail.com


**Honorary Advisory Board**
Sukhdev Singh Sandhu
(Toronto)
Master Balbir Singh Gill
(Toronto)
Jaspreet Dhaliwal
(Toronto)
Harcharan Singh Parhar
Calgary
Narbhinder Singh (India)
(Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

TOP CHOICE
INSURANCE AGENCY INC
RAVINDERJIT BASRA
INSURANCE BROKER
416-845-6232
info@topchoiceinsurance.ca
topchoiceinsurance.ca
Hiring new and experienced insurance agents


Unit 6 - 11675 Mcvean Dr, Brampton, ON, L6P 4N5

Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!

Apinder Aujla
BSc.Pharm

Satvachan Lal
B.Sc.Pharm
#1150, 4818 Westwindus Drive NE. Calgary
403-293-9360

For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca
MLS MULTIPLE LISTING SERVICE REALTOR
REAL ESTATE BOARD

Taranjit "T. J." Mand
Real Estate Associate
Max Value Reality Ltd.



SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in
IMMIGRATION
Applications for Family Class and APPEALS, Skilled Workers, Investors, Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES
Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਤੀਜੇ ਮੁਲਕ ’ਚ ਡੀਪੋਰਟ ਕਰਨ ਵਾਲੀ ਟਰੰਪ ਦੀ ਨੀਤੀ

*[ਡੋਨਲਡ ਟਰੰਪ ਨੇ ਮੁੜ ਸੱਤਾ ਉੱਪਰ ਕਾਬਜ਼ ਹੋ ਕੇ ਪਰਵਾਸੀਆਂ ਵਿਰੁੱਧ ਜੰਗ ਛੇੜੀ ਹੋਈ ਹੈ। ਜਨਵਰੀ ਤੋਂ ਅਕਤੂਬਰ 2025 ਤੱਕ ਅਮਰੀਕਾ ਤੋਂ ਪੰਜ ਲੱਖ ਤੋਂ ਵੱਧ ਪਰਵਾਸੀ ਡੀਪੋਰਟ ਕੀਤੇ ਗਏ ਹਨ ਅਤੇ ਇਹ ਹਮਲਾ ਲਗਾਤਾਰ ਚੱਲ ਰਿਹਾ ਹੈ। ਟਰੰਪ ਦੀ ਇਸ ਡੀਪੋਰਟ ਯੋਜਨਾ ਦਾ ਬਹੁਤ ਹੀ ਚਿੰਤਾਜਨਕ ਪਹਿਲੂ ਉਨ੍ਹਾਂ ਪਰਵਾਸੀਆਂ ਨੂੰ ਡੀਪੋਰਟ ਕਰਕੇ ਤੀਜੇ ਮੁਲਕਾਂ ਦੀਆਂ ਜੇਲ੍ਹਾਂ ਵਿਚ ਰੱਖਣ ਦੇ ਸਮਝੌਤੇ ਹਨ ਜਿਨ੍ਹਾਂ ਨੂੰ ਕਿਸੇ ਕਾਰਨ ਉਨ੍ਹਾਂ ਦੇ ਮੂਲ ਮੁਲਕ ਵਿਚ ਨਹੀਂ ਭੇਜਿਆ ਜਾ ਸਕਦਾ। ਇਸ ਬਾਰੇ ਸੰਖੇਪ ’ਚ ਚਰਚਾ ਕਰਦੀ ਦੀ ਹਿੰਦੂ ਅਖ਼ਬਾਰ ਦੀ ਇਸ ਰਿਪੋਰਟ ਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। -ਸੰਪਾਦਕ]*

**-ਨਿਵੇਦਿਤਾ ਐੱਸ**
**ਅਨੁ.: ਬੂਟਾ ਸਿੰਘ ਮਹਿਮੂਦਪੁਰ**

ਅਮਰੀਕਾ ਵਿੱਚ ਟਰੰਪ ਪ੍ਰਸ਼ਾਸਨ ਨੇ ਕਈ ਮੁਲਕਾਂ, ਮੁੱਖ ਤੌਰ ’ਤੇ ਅਫ਼ਰੀਕੀ ਅਤੇ ਕੇਂਦਰੀ ਅਮਰੀਕੀ ਮੁਲਕਾਂ, ਨਾਲ ਗੁਪਤ ਸਮਝੌਤੇ ਕੀਤੇ ਹਨ ਤਾਂ ਜੋ ਉਹ ਉਨ੍ਹਾਂ ਗ਼ੈਰ-ਨਾਗਰਿਕ ਡੀਪੋਰਟੀਆਂ ਨੂੰ ਆਪਣੇ ਮੁਲਕਾਂ ਵਿਚ ਰੱਖਣਾ ਸਵੀਕਾਰ ਕਰ ਲੈਣ, ਜਿਨ੍ਹਾਂ ਨੂੰ ਤੀਜੇ ਮੁਲਕ ਦੇ ਨਾਗਰਿਕ (ਟੀਸੀਐੱਨ) ਵੀ ਕਿਹਾ ਜਾਂਦਾ ਹੈ। ਮੈਕਸੀਕੋ, ਐਲ ਸਲਵਾਡੋਰ, ਦੱਖਣੀ ਸੂਡਾਨ, ਐਸਵਾਤੀਨੀ, ਘਾਨਾ, ਇਕਵਾਟੋਰੀਅਲ ਗਿਨੀ, ਅਤੇ ਯੂਗਾਂਡਾ ਉਨ੍ਹਾਂ ਮੁਲਕਾਂ ਦੀ ਵਧ ਰਹੀ ਸੂਚੀ ਵਿੱਚ ਸ਼ਾਮਲ ਹਨ ਜਿਨ੍ਹਾਂ ਨੇ ਲੱਖਾਂ ਡਾਲਰਾਂ ਦੇ ਬਦਲੇ ਅਜਿਹੇ ਡੀਪੋਰਟੀਆਂ ਨੂੰ ਸਵੀਕਾਰ ਕੀਤਾ ਹੈ। ਮਨੁੱਖੀ ਅਧਿਕਾਰ ਜਥੇਬੰਦੀਆਂ ਅਤੇ ਕਾਰਕੁਨਾਂ ਨੇ ਚਿਤਾਵਨੀ ਦਿੱਤੀ ਹੈ ਕਿ ਇਨ੍ਹਾਂ ਵਿੱਚੋਂ ਬਹੁਤ ਸਾਰੇ ਮੁਲਕਾਂ ਦਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ, ਤਸਕਰੀ, ਅਤੇ ਭ੍ਰਿਸ਼ਟਾਚਾਰ ਦਾ ਲੰਮਾ ਇਤਿਹਾਸ ਰਿਹਾ ਹੈ।

**ਜਿਨ੍ਹਾਂ ਪਰਵਾਸੀਆਂ ਨੂੰ ਟਰੰਪ ਡੀਪੋਰਟ ਕਰ ਰਿਹਾ ਹੈ:** ‘ਪਹਿਲੇ ਦਿਨ ਹੀ, ਮੈਂ ਅਮਰੀਕਾ ਦੇ ਇਤਿਹਾਸ ਵਿੱਚ ਅਪਰਾਧੀਆਂ ਦੀ ਸਭ ਤੋਂ ਵੱਡੀ ਡੀਪੋਰਟ ਯੋਜਨਾ ਸ਼ੁਰੂ ਕਰਾਂਗਾ’, ਡੋਨਲਡ ਟਰੰਪ ਨੇ ਨਿਊਯਾਰਕ ਵਿੱਚ ਆਪਣੀ ਰਾਸ਼ਟਰਪਤੀ ਮੁਹਿੰਮ ਦੌਰਾਨ ਕਿਹਾ ਸੀ।

ਅਕਤੂਬਰ 2025 ਤੱਕ, ਜਨਵਰੀ ਤੋਂ ਅਮਰੀਕਾ ਤੋਂ ਪੰਜ ਲੱਖ ਤੋਂ ਵੱਧ ਪਰਵਾਸੀਆਂ ਨੂੰ ਡੀਪੋਰਟ ਕੀਤਾ ਜਾ ਚੁੱਕਾ ਹੈ। ਇਸ ਵਿਸ਼ਾਲ ਡੀਪੋਰਟ ਯੋਜਨਾ ਵਿੱਚ ਮਿਸਟਰ ਟਰੰਪ ਨੇ ਤੀਜੇ ਮੁਲਕਾਂ ਵਿੱਚ ਡੀਪੋਰਟ ਵੀ ਤੇਜ਼ ਕੀਤੀ ਹੈ, ਇੱਕ ਅਜਿਹਾ ਕਦਮ ਜਿਸਦਾ ਪਹਿਲਾਂ ਬਹੁਤ ਘੱਟ ਇਸਤੇਮਾਲ ਕੀਤਾ ਜਾਂਦਾ ਸੀ।

ਹੋਮਲੈਂਡ ਸਕਿਊਰਿਟੀ ਡਿਪਾਰਟਮੈਂਟ (ਡੀਐੱਚਐੱਸ) ਦਾ ਕਹਿਣਾ ਹੈ ਕਿ ਇਸ ਲਈ ਚੁਣੇ ਗਏ ਡੀਪੋਰਟੀਆਂ ਉੱਤੇ ਕਤਲ ਸਮੇਤ ਅਪਰਾਧਾਂ ਦਾ ਦੋਸ਼ ਸਾਬਤ ਹੋਇਆ ਹੈ। ਹਾਲਾਂਕਿ, ਪ੍ਰਸ਼ਾਸਨ ਨੇ ਪਨਾਹ ਚਾਹੁਣ ਵਾਲਿਆਂ ਦੇ ਨਾਲ-ਨਾਲ ਉਨ੍ਹਾਂ ਲੋਕਾਂ ਨੂੰ ਵੀ ਜ਼ਬਰਦਸਤੀ ਬਾਹਰ ਕੱਢਿਆ ਹੈ ਜਿਨ੍ਹਾਂ ਦੇ ਡੀਪੋਰਟੇਸ਼ਨ ਦੇ ਕੇਸ ਵਿਚਾਰ-ਅਧੀਨ ਹਨ ਜਾਂ ਜਿਨ੍ਹਾਂ ਨੂੰ ਡੀਪੋਰਟ ਦੇ ਅੰਤਮ ਆਦੇਸ਼ ਪ੍ਰਾਪਤ ਹੋਏ ਹਨ।

ਤੀਜੇ ਮੁਲਕ ਵਿਚ ਡੀਪੋਰਟੇਸ਼ਨ: ਤੀਜੇ ਮੁਲਕ ਵਿਚ ਡੀਪੋਰਟੇਸ਼ਨ ਇਮੀਗ੍ਰੇਸ਼ਨ ਐਂਡ ਨੈਸ਼ਨੈਲਿਟੀ ਐਕਟ ਦੇ ਤਹਿਤ ਵਿਵਸਥਾ ਹੈ ਜਿਸਦੇ ਅਧੀਨ ਡੀਐੱਚਐੱਸ ਕਿਸੇ ਵਿਅਕਤੀ ਨੂੰ, ਜੇਕਰ ਮੂਲ ਮੁਲਕ/ਜਿੱਥੇ ਉਹ ਪਹਿਲਾਂ ਰਹਿੰਦੇ ਸਨ, ਉੱਥੇ ਡੀਪੋਰਟ ‘ਗ਼ੈਰਵਿਹਾਰਕ, ਅਣਉਚਿਤ ਜਾਂ ਅਸੰਭਵ’ ਹੈ, ਜਾਂ ਜੇਕਰ ਮੂਲ ਮੁਲਕ ਦੀ ਸਰਕਾਰ ਡੀਪੋਰਟੀ ਨੂੰ ਲੈਣ ਲਈ ਤਿਆਰ ਨਹੀਂ ਹੈ, ਉਸ ਮੁਲਕ ਭੇਜ ਸਕਦਾ ਹੈ ਜਿਸਦਾ ਉਸ ਨਾਲ ਕੋਈ ਸਬੰਧ ਨਹੀਂ ਹੈ।

ਜੁਲਾਈ 2025 ’ਚ, ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ (ਆਈਸੀਈ) ਨੇ ਨਵਾਂ ਮੈਮੋਰੈਂਡਮ ਜਾਰੀ ਕੀਤਾ ਜੋ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਲੋਕਾਂ ਨੂੰ ਨੋਟਿਸ ਮਿਲਣ ਤੋਂ 24 ਘੰਟਿਆਂ ਦੇ ਅੰਦਰ ਜਾਂ ‘ਅਸਾਧਾਰਣ ਹਾਲਾਤ’ ਵਿੱਚ ਸਿਰਫ਼ ਛੇ ਘੰਟਿਆਂ ਦੇ ਅੰਦਰ ‘ਤੀਜੇ ਮੁਲਕਾਂ’ ਵਿੱਚ ਡੀਪੋਰਟ ਕਰਨ ਦੀ ਇਜਾਜ਼ਤ ਦਿੰਦਾ ਹੈ। ਇਸ ਤੋਂ ਇਲਾਵਾ ਜੂਨ ਵਿੱਚ, ਅਮਰੀਕੀ ਸੁਪਰੀਮ ਕੋਰਟ ਨੇ ਇੱਕ ਹੇਠਲੀ ਅਦਾਲਤ ਦੇ ਉਸ ਆਦੇਸ਼ ਨੂੰ ਰੱਦ ਕਰ ਦਿੱਤਾ ਜੋ ਬਿਨਾਂ ਸਕ੍ਰੀਨਿੰਗ ਦੇ ਅਜਿਹੀਆਂ ਡੀਪੋਰਟੇਸ਼ਨਾਂ ਨੂੰ ਸੀਮਤ ਕਰਦਾ ਸੀ। ਇਸ ਨੇ ਪ੍ਰਸ਼ਾਸਨ ਨੂੰ ਤੀਜੇ ਮੁਲਕਾਂ ਵਿਚ ਡੀਪੋਰਟੇਸ਼ਨ ਨੂੰ ਤੇਜ਼ ਕਰਨ ਦਾ ਮੌਕਾ ਦਿੱਤਾ ਹੈ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਪਹੁੰਚ ਦਾ ਉਦੇਸ਼ ਮਾਈਗ੍ਰੇਸ਼ਨ ਨੂੰ ਨਿਰਉਤਸ਼ਾਹਤ ਕਰਨਾ ਅਤੇ ਸਵੈ-ਇੱਛਾ ਨਾਲ ਡੀਪੋਰਟ ਨੂੰ ਉਤਸ਼ਾਹਤ ਕਰਨਾ ਹੈ।

ਜਿਨ੍ਹਾਂ ਮੁਲਕਾਂ ਨੇ ਇਨ੍ਹਾਂ ਪਰਵਾਸੀਆਂ ਨੂੰ ਸਵੀਕਾਰ ਕੀਤਾ ਹੈ: ਵਰਤਮਾਨ ਵਿੱਚ, ਲਗਭਗ 12 ਮੁਲਕਾਂ ਦੇ ਟਰੰਪ ਪ੍ਰਸ਼ਾਸਨ ਨਾਲ ਸਮਝੌਤੇ ਹੋ ਚੁੱਕੇ ਹਨ। ਇਨ੍ਹਾਂ ਵਿੱਚ ਬੇਲੀਜ਼, ਕੋਸਤਾ ਰੀਕਾ, ਇਕਵਾਡੋਰ, ਐੱਲ ਸਲਵਾਡੋਰ, ਇਕਵਾਟੋਰੀਅਲ ਗਿਨੀ, ਐਸਵਾਤੀਨੀ, ਘਾਨਾ, ਗੁਆਟੇਮਾਲਾ, ਹੌਂਡੂਰਾਸ, ਕੋਸੋਵੋ, ਲਾਈਬੇਰੀਆ, ਲੀਬੀਆ, ਮੈਕਸੀਕੋ, ਪਨਾਮਾ, ਪੈਰਾਗੁਏ, ਪੋਲੈਂਡ, ਰਵਾਂਡਾ, ਦੱਖਣੀ ਸੂਡਾਨ, ਯੂਗਾਂਡਾ ਅਤੇ ਉਜ਼ਬੇਕਿਸਤਾਨ ਸ਼ਾਮਲ ਹਨ। ਟਰੰਪ ਦੇ ਕਾਰਜਕਾਲ ਦੌਰਾਨ ਅਜਿਹੇ ਹੋਰ ਸਮਝੌਤਿਆਂ ’ਤੇ ਦਸਖ਼ਤ ਹੋਣ ਦੀ ਉਮੀਦ ਹੈ।

ਟੀਸੀਐੱਨ ਨੂੰ ਸਵੀਕਾਰ ਕਰਨ ਲਈ ਕਿਸੇ ਮੁਲਕ ਲਈ ਰਸਮੀ ਜਨਤਕ ਸਮਝੌਤੇ ’ਤੇ ਦਸਖ਼ਤ ਕਰਨ ਦੀ ਲੋੜ ਨਹੀਂ ਹੈ। ਇਸ ਲਈ, ਇਨ੍ਹਾਂ ਸੌਦਿਆਂ ਦੀਆਂ ਸ਼ਰਤਾਂ ਗੋਲਮੋਲ ਹਨ ਅਤੇ ਕੋਈ ਡੇਟਾ ਵੀ ਹਾਸਲ ਨਹੀਂ ਹੈ ਕਿ ਕਿੰਨੇ ਪਰਵਾਸੀ ਅਜਿਹੀਆਂ ਡੀਪੋਰਟੇਸ਼ਨ ਦਾ ਸਾਹਮਣਾ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਰੱਖੇ ਜਾਣ ਦੇ ਹਾਲਾਤ ਕੀ ਹਨ।

ਇਨ੍ਹਾਂ ਮੁਲਕਾਂ ਨੇ ਵੱਖ-ਵੱਖ ਕਿਸਮ ਦੀਆਂ ਵਿਵਸਥਾਵਾਂ ’ਤੇ ਸਹਿਮਤੀ ਪ੍ਰਗਟਾਈ ਹੈ ਜਿਸ ਵਿੱਚ ਡੀਪੋਰਟੀਆਂ ਨੂੰ ਕੈਦ ਕਰਨਾ, ਮੂਲ ਮੁਲਕ ਵਿਚ ਵਾਪਸ ਭੇਜੇ ਜਾਣ ਤੋਂ ਪਹਿਲਾਂ ਅਸਥਾਈ ਰੂਪ ਵਿੱਚ ਰੱਖਣਾ, ਹਿਰਾਸਤ ਅਤੇ ਤੀਜੇ ਮੁਲਕ ਵਿੱਚ ਰਹਿਣ ਦੀਆਂ ਵਿਵਸਥਾਵਾਂ ਸ਼ਾਮਲ ਹਨ। ਉਨ੍ਹਾਂ ਨੂੰ ‘ਕੂਟਨੀਤਕ ਭਰੋਸਾ’ ਵੀ ਦੇਣਾ ਚਾਹੀਦਾ ਹੈ ਕਿ ਡੀਪੋਰਟੀਆਂ ਨੂੰ ਤਸੀਹਿਆਂ ਜਾਂ ਜ਼ੁਲਮਾਂ ਦਾ ਸਾਹਮਣਾ ਨਹੀਂ ਕਰਨਾ ਪਏਗਾ।






ਮੈਕਸੀਕੋ ਨੇ ਸਭ ਤੋਂ ਵੱਧ ਗ਼ੈਰ-ਨਿਵਾਸੀ ਡੀਪੋਰਟੀਆਂ ਨੂੰ ਸਵੀਕਾਰ ਕੀਤਾ ਹੈ। ਇਸ ਮੁਲਕ ਨੇ ਪਹਿਲਾਂ ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਟੀਸੀਐੱਨ ਨੂੰ ਸਵੀਕਾਰ ਕੀਤਾ ਸੀ। ਰਿਪੋਰਟਾਂ ਅਨੁਸਾਰ, ਜਨਵਰੀ 2025 ਤੋਂ ਨਵੰਬਰ 2025 ਤੱਕ, 10,928 ਗ਼ੈਰ-ਮੈਕਸੀਕੀਆਂ ਨੂੰ ਇਸ ਮੁਲਕ ਵਿਚ ਭੇਜਿਆ ਗਿਆ। ਇਹ ਡੀਪੋਰਟੀ ਮੁੱਖ ਤੌਰ ’ਤੇ ਕਿਊਬਾ, ਐੱਲ ਸਲਵਾਡੋਰ, ਗੁਆਟੇਮਾਲਾ, ਹੈਤੀ, ਹੌਂਡੂਰਾਸ, ਨਿਕਾਰਾਗੁਆ ਅਤੇ ਵੈਨੇਜ਼ੁਏਲਾ ਤੋਂ ਹਨ।

ਇਨ੍ਹਾਂ ਮੁਲਕਾਂ ਨੇ ਇਹ ਸਮਝੌਤੇ ਕਿਉਂ ਕੀਤੇ? ਕਿਹਾ ਜਾਂਦਾ ਹੈ ਕਿ ਮੁਆਵਜ਼ਾ ਅਤੇ ਰਾਜਨੀਤਕ ਦਬਾਅ ਇਨ੍ਹਾਂ ਮੁਲਕਾਂ ਦੇ ਡੀਪੋਰਟੀਆਂ ਨੂੰ ਸਵੀਕਾਰ ਕਰਨ ਦੇ ਮੁੱਖ ਕਾਰਨ ਹਨ। ਸਮਝੌਤੇ ਸਵੀਕਾਰ ਕਰਨ ਵਾਲੇ ਜ਼ਿਆਦਾਤਰ ਮੁਲਕ ਅਮਰੀਕੀ ਸਹਾਇਤਾ ’ਤੇ ਬਹੁਤ ਜ਼ਿਆਦਾ ਨਿਰਭਰ ਹਨ, ਅਤੇ ਟਰੰਪ ਪ੍ਰਸ਼ਾਸਨ ਦੁਆਰਾ ਪ੍ਰਮੁੱਖ ਫੰਡਾਂ ਵਿੱਚ ਕਟੌਤੀ ਕਰਨ ਤੋਂ ਬਾਅਦ ਡੀਪੋਰਟੀਆਂ ਨੂੰ ਸਵੀਕਾਰ ਕਰਨਾ ਮਾਨਵਤਾ ਦੇ ਆਧਾਰ ’ਤੇ ਫੰਡ ਹਾਸਲ ਕਰਨ ਦਾ ਇੱਕ ਤਰੀਕਾ ਬਣ ਗਿਆ ਹੈ। ਇਹ ਇਨ੍ਹਾਂ ਵਿੱਚੋਂ ਕੁਝ ਮੁਲਕਾਂ ਲਈ ਅਮਰੀਕੀ ਪਾਬੰਦੀਆਂ ਤੋਂ ਰਾਹਤ ਪ੍ਰਾਪਤ ਕਰਨ ਅਤੇ ਟੈਰਿਫਾਂ ਤੋਂ ਬਚਣ ਦਾ ਇੱਕ ਸਾਧਨ ਵੀ ਬਣ ਗਿਆ ਹੈ।

ਮਿਸਾਲ ਲਈ, ਬੇਲੀਜ਼ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਅਮਰੀਕਾ ਹੈ, ਜਿਸ ਨਾਲ ਉਸਦਾ ਵੱਡਾ ਵਪਾਰ ਘਾਟਾ ਹੈ। ਸਰਕਾਰੀ ਕੁਸ਼ਲਤਾ ਵਿਭਾਗ (DOGE) ਦੁਆਰਾ ਇੱਕ ਪ੍ਰਮੁੱਖ ਅਮਰੀਕੀ ਵਿਦੇਸ਼ੀ ਸਹਾਇਤਾ ਏਜੰਸੀ, ਮਿਲੇਨੀਅਮ ਚੈਲੇਂਜ ਕਾਰਪੋਰੇਸ਼ਨ (ਐੱਮਸੀਸੀ) ਨੂੰ ਬੰਦ ਕਰਨ ਦੇ ਫ਼ੈਸਲੇ ਕਾਰਨ ਇਹ ਮੁਲਕ 12.5 ਕਰੋੜ ਡਾਲਰ ਦੀ ਵਿਕਾਸ ਗ੍ਰਾਂਟ ਤੋਂ ਵਾਂਝਾ ਹੋ ਗਿਆ। ਮਿਸਟਰ ਟਰੰਪ ਨੇ ਬੇਲੀਜ਼ ਨੂੰ ਪ੍ਰਮੁੱਖ ਨਸ਼ੀਲੇ ਪਦਾਰਥਾਂ ਦਾ ਉਤਪਾਦਕ ਅਤੇ ਤਸਕਰੀ ਦਾ ਲਾਂਘਾ ਮੁਲਕ ਵੀ ਕਿਹਾ ਹੈ। ਇਹ ਅਨੁਮਾਨਿਤ ਕਾਰਨ ਮੰਨੇ ਜਾ ਰਹੇ ਹਨ ਕਿ ਇਸ ਮੁਲਕ ਨੇ ‘ਸੇਫ ਤੀਜਾ ਮੁਲਕ ਸਮਝੌਤਾ’ ਸਵੀਕਾਰ ਕਿਉਂ ਕੀਤਾ।

ਇਸੇ ਤਰ੍ਹਾਂ, ਅਮਰੀਕਾ ਨੇ ਟੀਸੀਐੱਨ ਸਵੀਕਾਰ ਕਰਨ ਦੇ ਬਦਲੇ ਇਕਵਾਟੋਰੀਅਲ ਗਿਨੀ ਨੂੰ 75 ਲੱਖ ਡਾਲਰ ਭੇਜੇ। ਸੀਨੀਅਰ ਡੈਮੋਕ੍ਰੇਟਿਕ ਸੈਨੇਟਰ ਜੀਨ ਸ਼ਾਹੀਨ ਨੇ ਅਮਰੀਕੀ ਬਦੇਸ਼ ਮੰਤਰੀ ਮਾਰਕੋ ਰੂਬੀਓ ਨੂੰ ਚਿੱਠੀ ਲਿਖ ਕੇ ਕਿਹਾ ਕਿ ਸਰਕਾਰੀ ਅਧਿਕਾਰੀਆਂ ਵਿੱਚ ਭ੍ਰਿਸ਼ਟਾਚਾਰ ਅਤੇ ਮਨੁੱਖੀ ਤਸਕਰੀ ਵਿੱਚ ਮਿਲੀਭੁਗਤ ਦੇ ਰਿਕਾਰਡ ਨੂੰ ਦੇਖਦੇ ਹੋਏ ਇਹ ਭੁਗਤਾਨ ‘ਅਤਿਅੰਤ ਅਸਾਧਾਰਨ’ ਸੀ।

ਘਾਨਾ ਨੇ ਘੱਟ ਤੋਂ ਘੱਟ 60 ਟੀਸੀਐੱਨ ਸਵੀਕਾਰ ਕੀਤੇ ਹਨ ਅਤੇ ਟਰੰਪ ਪ੍ਰਸ਼ਾਸਨ ਨੇ ਇਸ ਦੇ ਬਦਲੇ ਉਸ ਉੱਪਰ ਲਗਾਈਆਂ ਵੀਜ਼ਾ ਪਾਬੰਦੀਆਂ ਹਟਾ ਲਈਆਂ ਹਨ। ਰਿਪੋਰਟਾਂ ਇਹ ਹਨ ਕਿ ਯੂਰਪ ਦੇ ਚੁਣਵੇਂ ਮੁਲਕਾਂ ਵਿੱਚੋਂ ਇੱਕ, ਕੋਸੋਵੋ ਨੇ ਟੀਸੀਐੱਨ ਨੂੰ ਆਪਣੇ ਮੁਲਕ ਵਿਚ ਅਸਥਾਈ ਤੌਰ ’ਤੇ ਰੱਖਣ ਦਾ ਸਮਝੌਤਾ ਇਸ ਲਈ ਕਰਨਾ ਮੰਨ ਗਿਆ ਤਾਂ ਜੋ ਅਮਰੀਕਾ ਹੋਰ ਰਾਸ਼ਟਰਾਂ ਤੋਂ ਇਸਦੀ ਪ੍ਰਭੁਸੱਤਾ ਨੂੰ ਮਾਨਤਾ ਦੇਣ ਲਈ ਹਮਾਇਤ ਜੁਟਾ ਸਕੇ।

ਕਿਹਾ ਜਾਂਦਾ ਹੈ ਕਿ ਸ਼੍ਰੀ ਟਰੰਪ ਨੇ ਟੀਸੀਐੱਨ ਨੂੰ ਸਵੀਕਾਰ ਕਰਨ ਲਈ ਲਗਭਗ 58 ਮੁਲਕਾਂ ਨਾਲ ਸੰਪਰਕ ਕੀਤਾ ਹੈ। ਬੁਰਕੀਨਾ ਫਾਸੋ ਅਤੇ ਨਾਈਜੀਰੀਆ ਨੇ ਜਨਤਕ ਤੌਰ ’ਤੇ ਇਹ ਸੌਦਾ ਰੱਦ ਕਰ ਦਿੱਤਾ ਸੀ। ‘ਬੁਰਕੀਨਾ ਫਾਸੋ ਡੀਪੋਰਟ ਦੀ ਧਰਤੀ ਨਹੀਂ ਹੈ’, ਉੱਥੋਂ ਦੇ ਬਦੇਸ਼ ਮੰਤਰੀ ਕਰਾਮੋਕੋ ਜੀਨ-ਮੈਰੀ ਟਰਾਓਰੇ ਨੇ ਕਿਹਾ। ਉਸ ਨੇ ਇਸ ਗੁਜ਼ਾਰਿਸ਼ ਨੂੰ ਅਸ਼ਲੀਲ ਅਤੇ ਅਣਉਚਿਤ ਕਿਹਾ। ਨਾਈਜੀਰੀਆ ਨੇ ਵੀ ਅੰਦਰੂਨੀ ਸਮੱਸਿਆਵਾਂ ਅਤੇ ਸੁਰੱਖਿਆ ਚਿੰਤਾਵਾਂ ਦਾ ਹਵਾਲਾ ਦਿੰਦੇ ਹੋਏ ਇਹ ਸੌਦਾ ਮਨਜ਼ੂਰ ਨਹੀਂ ਕੀਤਾ।

**ਅਧਿਕਾਰ ਕਾਰਕੁਨਾਂ ਦੁਆਰਾ ਉਠਾਈਆਂ ਸਮੱਸਿਆਵਾਂ:** ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਮਾਹਰਾਂ ਨੇ ਡੀਪੋਰਟੀਆਂ ਨੂੰ ਤੁਰੰਤ ਤੀਜੇ ਮੁਲਕਾਂ ਵਿੱਚ ਭੇਜਣ ਵਿਰੁੱਧ ਚਿਤਾਵਨੀ ਦਿੱਤੀ ਹੈ। ਉਨ੍ਹਾਂ ਦੇ ਮੁਤਾਬਿਕ, ਡੀਪੋਰਟੀਆਂ ਨੂੰ 24 ਘੰਟਿਆਂ ਦੇ ਅੰਦਰ ਕੱਢਣਾ ਉਨ੍ਹਾਂ ਨੂੰ ਇਮੀਗ੍ਰੇਸ਼ਨ ਜੱਜ ਦੇ ਸਾਹਮਣੇ ਪੇਸ਼ ਹੋਣ ਜਾਂ ਜ਼ੁਲਮਾਂ ਦਾ ਡਰ ਰਸਮੀ ਤੌਰ ’ਤੇ ਪ੍ਰਗਟ ਕਰਨ ਲਈ ਕਾਫ਼ੀ ਸਮਾਂ ਨਹੀਂ ਦਿੰਦਾ। ਇਸ ਲਈ, ਢੁਕਵੀਂ ਪ੍ਰਕਿਰਿਆ ਦੀ ਪਾਲਣਾ ਨਹੀਂ ਕੀਤੀ ਜਾਂਦੀ।

ਕਈ ਮਾਮਲਿਆਂ ਵਿੱਚ, ਡੀਪੋਰਟ ਕੀਤੇ ਗਏ ਲੋਕਾਂ ਨੂੰ ਉਨ੍ਹਾਂ ਦੇ ਬੱਚਿਆਂ ਅਤੇ ਪਰਿਵਾਰ ਦੇ ਹੋਰ ਮੈਂਬਰਾਂ ਤੋਂ ਅਲੱਗ ਕਰ ਦਿੱਤਾ ਗਿਆ ਹੈ ਜੋ ਅਮਰੀਕਾ ਵਿੱਚ ਰਹਿੰਦੇ ਹਨ। ਗਰਭਵਤੀ ਔਰਤਾਂ ਅਤੇ ਮੈਡੀਕਲ ਸਮੱਸਿਆਵਾਂ ਤੇ ਮਨੋਵਿਗਿਆਨਕ ਬਿਮਾਰੀਆਂ ਵਾਲੇ ਲੋਕਾਂ ਨੂੰ ਵੀ ਅੰਨ੍ਹੇਵਾਹ ਡੀਪੋਰਟ ਕੀਤਾ ਗਿਆ ਹੈ।

ਤੀਜੇ ਮੁਲਕ ਨਾਲ ਸਾਂਝੀ ਭਾਸ਼ਾ ਅਤੇ ਪਰਿਵਾਰਕ ਸਬੰਧ ਨਾ ਹੋਣ ਨੇ ਉਨ੍ਹਾਂ ਨੂੰ ਬਹੁਤ ਨਾਜ਼ੁਕ ਸਥਿਤੀ ਵਿੱਚ ਸੁੱਟ ਦਿੱਤਾ ਹੈ। ਉਨ੍ਹਾਂ ਦੀ ਕਾਨੂੰਨੀ ਸੁਰੱਖਿਆ ਲੈਣ ਜਾਂ ਸਹਾਇਤਾ ਤੱਕ ਵੀ ਪਹੁੰਚ ਨਹੀਂ ਹੈ। ਕੁਝ ਮਾਮਲਿਆਂ ਵਿੱਚ, ਅਮਰੀਕਾ ਵਿੱਚ ਆਪਣੀ ਸਜ਼ਾ ਪੂਰੀ ਕਰ ਚੁੱਕੇ ਲੋਕ ਹੁਣ ਬਦੇਸ਼ੀ ਜੇਲ੍ਹਾਂ ਵਿੱਚ ਅਨਿਸ਼ਚਿਤ ਸਮੇਂ ਲਈ ਨਜ਼ਰਬੰਦ ਹਨ। ਦੱਖਣੀ ਸੂਡਾਨ ਅਤੇ ਲੀਬੀਆ ਵਰਗੇ ਯੁੱਧ ਖੇਤਰਾਂ ਵਿੱਚ ਪਰਵਾਸੀਆਂ ਨੂੰ ਭੇਜਣਾ ਵੀ ਉਨ੍ਹਾਂ ਦੀ ਜਾਨ ਲਈ ਵੱਡਾ ਖ਼ਤਰਾ ਪੈਦਾ ਕਰਦਾ ਹੈ।

ਜਬਰਦਸਤੀ ਗਾਇਬ ਕਰ ਦੇਣਾ ਅਤੇ ਤਸਕਰੀ ਇਨ੍ਹਾਂ ਡੀਪੋਰਟੀਆਂ ਲਈ ਹੋਰ ਪ੍ਰਮੁੱਖ ਖਤਰੇ ਹਨ ਜਿਨ੍ਹਾਂ ਨੂੰ ਤੀਜੇ ਮੁਲਕ ਵਿੱਚ ਕੋਈ ਅਧਿਕਾਰ ਨਹੀਂ ਹਨ। ਘਾਨਾ ਸਰਕਾਰ ਨੇ ਅਮਰੀਕਾ ਤੋਂ ਆਉਣ ਵਾਲੀ ਪਹਿਲੀ ਉਡਾਣ ਦੇ 45 ਡੀਪੋਰਟੀਆਂ ਬਾਰੇ ਖ਼ੁਲਾਸਾ ਨਹੀਂ ਕੀਤਾ ਹੈ ਕਿ ਉਨ੍ਹਾਂ ਨੂੰ ਕਿੱਥੇ ਰੱਖਿਆ ਗਿਆ ਹੈ।

ਕਈ ਟੀਸੀਐੱਨ ਬਾਰੇ ਰਿਪੋਰਟਾਂ ਹਨ ਕਿ ਉਨ੍ਹਾਂ ਨੂੰ ਗ਼ੈਰ-ਕਾਨੂੰਨੀ ਤੌਰ ’ਤੇ ਹਿਰਾਸਤ ਵਿੱਚ ਰੱਖਿਆ ਗਿਆ ਹੈ। ਐੱਲ ਸਲਵਾਡੋਰ ਵਿੱਚ, ਜ਼ਿਆਦਾਤਰ ਡੀਪੋਰਟੀਆਂ ਨੂੰ ਬਦਨਾਮ ਧੜਵੈਲ ਜੇਲ੍ਹ, ਸੈਂਟਰੋ ਡੀ ਕੌਨਫਿਨਾਮੀਏਂਟੋ ਡੈਲ ਟੇਰੋਰਿਜ਼ਮੋ (CECOT) ਵਿੱਚ ਰੱਖਿਆ ਗਿਆ ਹੈ।

ਦੂਜੇ ਮੁਲਕਾਂ ਦੇ ਡੀਪੋਰਟੀਆਂ ਨੂੰ ਸਵੀਕਾਰ ਕਰਨਾ ਬਹੁਤ ਸਾਰੇ ਮੁਲਕਾਂ ਵਿੱਚ ਇਮੀਗ੍ਰੇਸ਼ਨ ਕਾਨੂੰਨਾਂ ਦੀ ਉਲੰਘਣਾ ਹੈ। ਅਧਿਕਾਰ ਸਮੂਹਾਂ ਨੇ ਐਸਵਾਤੀਨੀ, ਘਾਨਾ ਅਤੇ ਪਨਾਮਾ ਦੀਆਂ ਸਰਕਾਰਾਂ ਵਿਰੁੱਧ ਮੁਕੱਦਮੇ ਦਾਇਰ ਕੀਤੇ ਹਨ, ਇਹ ਕਹਿੰਦੇ ਹੋਏ ਕਿ ਇਹ ਸਮਝੌਤੇ ਗ਼ੈਰ-ਸੰਵਿਧਾਨਕ ਹਨ ਅਤੇ ਸੰਸਦ ਤੋਂ ਪ੍ਰਵਾਨਗੀ ਨਹੀਂ ਲਈ ਗਈ।

ਮਨੁੱਖੀ ਅਧਿਕਾਰ ਕਾਰਕੁਨਾਂ ਦਾ ਕਹਿਣਾ ਹੈ ਕਿ ਭਾਵੇਂ ਟੀਸੀਐੱਨ ਨੇ ਅਮਰੀਕਾ ਜਾਂ ਤੀਜੇ ਮੁਲਕ ਵਿੱਚ ਕੋਈ ਜੁਰਮ ਨਹੀਂ ਕੀਤਾ ਹੈ ਫਿਰ ਵੀ ਉਨ੍ਹਾਂ ਨਾਲ ਮੁਜਰਮਾਂ ਵਾਂਗ ਬਦਸਲੂਕੀ ਕੀਤੀ ਜਾਂਦੀ ਹੈ। ਨੇਪਾਲ ਅਤੇ ਅਫ਼ਗਾਨਿਸਤਾਨ ਸਮੇਤ ਕੁੱਲ 300 ਪਰਵਾਸੀਆਂ ਨੂੰ ਪਨਾਮਾ ਭੇਜਿਆ ਗਿਆ ਸੀ, ਅਤੇ ਉਨ੍ਹਾਂ ਨੂੰ ਇੱਕ ਹੋਟਲ ਵਿੱਚ ਬੰਦ ਕਰਨ ਦੀਆਂ ਤਸਵੀਰਾਂ ਸੋਸ਼ਲ ਮੀਡੀਆ ’ਤੇ ਸਾਹਮਣੇ ਆਈਆਂ ਸਨ। ਇਸ ਸਮੇਂ, ਉਨ੍ਹਾਂ ਵਿੱਚੋਂ 60% ਨੂੰ ਉਨ੍ਹਾਂ ਦੇ ਮੂਲ ਮੁਲਕ ਵਾਪਸ ਘੱਲ ਦਿੱਤਾ ਗਿਆ ਹੈ। ਬਾਕੀ, ਜਿਨ੍ਹਾਂ ਨੇ ਆਪਣੇ ਮੂਲ ਮੁਲਕ ਵਿੱਚ ਜ਼ੁਲਮ ਕੀਤੇ ਜਾਣ ਦਾ ਡਰ ਪ੍ਰਗਟਾਇਆ, ਉਨ੍ਹਾਂ ਨੂੰ ਅਜੇ ਉੱਥੇ ਹੀ ਰੱਖਿਆ ਗਿਆ ਹੈ। ਹਾਲਾਂਕਿ, ਮੁਲਕ ਵਿੱਚ ਸ਼ਰਨ ਪ੍ਰਾਪਤ ਕਰਨਾ ਬਹੁਤ ਮੁਸ਼ਕਲ ਹੈ ਕਿਉਂਕਿ ਅਰਜ਼ੀਆਂ ਨੂੰ ਸਵੀਕਾਰ ਕਰਨ ਦੀ ਦਰ 2% ਤੋਂ ਵੀ ਘੱਟ ਹੈ।

ਅੰਤਰਰਾਸ਼ਟਰੀ ਕਾਨੂੰਨ: 1951 ਦੇ ਸ਼ਰਨਾਰਥੀ ਸਮਝੌਤੇ ਅਤੇ ਸੰਯੁਕਤ ਰਾਸ਼ਟਰ ਦੇ ਜ਼ੁਲਮਾਂ ਵਿਰੋਧੀ ਸਮਝੌਤੇ ਦੇ ਅਨੁਸਾਰ, ਅਮਰੀਕਾ ਕਿਸੇ ਵਿਅਕਤੀ ਨੂੰ ਉਸ ਮੁਲਕ ਵਿੱਚ ਡੀਪੋਰਟ ਨਹੀਂ ਕਰ ਸਕਦਾ ਜਿੱਥੇ ਉਨ੍ਹਾਂ ਨੂੰ ਹਿੰਸਾ ਜਾਂ ਸਤਾਏ ਜਾਣ ਦਾ ਸਾਹਮਣਾ ਕਰਨਾ ਪੈ ਸਕਦਾ ਹੋਵੇ।

ਇਹ ਸਮਝੌਤੇ ਅਮਰੀਕਾ ਨੂੰ ਲੋਕਾਂ ਨੂੰ ਕਿਸੇ ਅਜਿਹੇ ਮੁਲਕ ਭੇਜਣ ਤੋਂ ਵੀ ਰੋਕਦੇ ਹਨ ਜੋ ਫਿਰ ਉਨ੍ਹਾਂ ਨੂੰ ਉਸ ਮੁਲਕ ਭੇਜ ਦੇਵੇਗਾ ਜਿੱਥੇ ਵਿਅਕਤੀ ਉੱਪਰ ਜ਼ੁਲਮ ਕੀਤੇ ਜਾ ਸਕਦੇ ਹਨ ਜਾਂ ਉਸ ਨੂੰ ਤਸੀਹੇ ਦਿੱਤੇ ਜਾ ਸਕਦੇ ਹਨ। ਇਸ ਨੂੰ ‘ਚੇਨ ਰਿਫਾਊਲਮੈਂਟ’ ਕਿਹਾ ਜਾਂਦਾ ਹੈ। ਫੈੱਡਰਲ ਜੱਜਾਂ ਨੇ ਟਰੰਪ ਪ੍ਰਸ਼ਾਸਨ ਉੱਪਰ ਤੀਜੇ ਮੁਲਕ ਨੂੰ ਡੀਪੋਰਟ ਕਰਨ ਦੀ ਵਰਤੋਂ ਚੇਨ ਰਿਫਾਊਲਮੈਂਟ ਦੇ ਤੌਰ ’ਤੇ ਕਰਨ ਦਾ ਇਲਜ਼ਾਮ ਲਗਾਇਆ ਹੈ।

ਅੰਤਰਰਾਸ਼ਟਰੀ ਕਾਨੂੰਨ ਦੇ ਅਨੁਸਾਰ, ਢੁਕਵੀਂ ਪ੍ਰਕਿਰਿਆ ਦੀ ਪਾਲਣਾ ਕਰਨੀ ਲਾਜ਼ਮੀ ਹੈ ਅਤੇ ਤੀਜੇ ਮੁਲਕ ਵਿਚ ਡੀਪੋਰਟ ਕੀਤੇ ਜਾਣ ਦੀ ਸੂਰਤ ’ਚ ਡੀਪੋਰਟੀਆਂ ਦੀ ਕਾਨੂੰਨੀ ਸਹਾਇਤਾ ਤੱਕ ਪਹੁੰਚ ਲਾਜ਼ਮੀ ਹੋਣੀ ਚਾਹੀਦੀ ਹੈ, ਜੋ ਕਿ ਜ਼ਿਆਦਾਤਰ ਮਾਮਲਿਆਂ ਵਿੱਚ ਗੈਰ-ਮੌਜੂਦ ਹੈ।



-ਲੌਰਾ ਫਲੈਂਡਰਜ਼

# ਕਹਾਣੀ ਦੋ ਆਈਸੀਈ ਹੱਲਿਆਂ ਦੀ

*[ਦ ਨੇਸ਼ਨ ਲਈ ਲਿਖਣ ਵਾਲੀ ਲੇਖਿਕਾ ਹੋਣ ਦੇ ਨਾਲ-ਨਾਲ, ਲੌਰਾ ਫਲੈਂਡਰਜ਼ ਨੇ ਕਈ ਕਿਤਾਬਾਂ ਵੀ ਲਿਖੀਆਂ ਹਨ ਅਤੇ ਸਬਸਟੈਕ 'ਤੇ ਇਕ ਕਾਲਮ ਵੀ ਲਿਖਦੀ ਹੈ। ਉਹ Laura Flanders & Friends ਵਿੱਚ ਸਾਡੇ ਸਮੇਂ ਦੇ ਮੁੱਖ ਸਵਾਲਾਂ 'ਤੇ ਅਗਾਂਹਵਧੂ ਸੋਚ ਰੱਖਣ ਵਾਲੇ ਲੋਕਾਂ ਨਾਲ ਸੰਵਾਦ ਰਚਾਉਂਦੀ ਹੈ–ਇਹ ਰਾਸ਼ਟਰੀ ਪੱਧਰ 'ਤੇ ਪ੍ਰਸਾਰਿਤ ਰੇਡੀਓ ਅਤੇ ਟੈਲੀਵਿਜ਼ਨ ਪ੍ਰੋਗਰਾਮ ਹੈ, ਜੋ ਪੌਡਕਾਸਟ ਦੇ ਰੂਪ 'ਚ ਵੀ ਉਪਲਬਧ ਹੈ। ਇਸ ਲਿਖਤ ਵਿਚ ਲੌਰਾ ਨੇ ਕਥਿਤ ਗ਼ੈਰਕਾਨੂੰਨੀ ਪਰਵਾਸੀਆਂ ਅਤੇ ਅਮਰੀਕਾ ਵਿਚ ਨਜ਼ਰਬੰਦੀ ਜੇਲ੍ਹਾਂ ਦੇ ਗੁਪਤ ਤਾਣੇਬਾਣੇ ਵੱਲ ਧਿਆਨ ਦਿਵਾਇਆ ਹੈ। ਵਿਸ਼ੇ ਦੇ ਮਹੱਤਵ ਦੇ ਮੱਦੇਨਜ਼ਰ ਇਸਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। -ਸੰਪਾਦਕ]*

ਇਸ ਹਫ਼ਤੇ ਮੈਂ ਆਈਸੀਈ (ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ) ਦੀਆਂ ਦੋ ਕਾਰਵਾਈਆਂ ਕੋਲੋਂ ਲੰਘੀ। ਇੱਕ ਮੈਂ ਖ਼ੁਦ ਵੇਖੀ, ਦੂਜੀ ਨਹੀਂ ਦੇਖੀ—ਅਤੇ ਇਹੀ ਸਮੱਸਿਆ ਹੈ।

ਠੰਢ ਦੇ ਮੌਸਮ ਵਿੱਚ ਦ੍ਰਿੜ੍ਹ ਇਰਾਦੇ ਵਾਲੇ ਡਰਾਈਵਰਾਂ ਵਾਂਗ, ਇਸ ਥੈਂਕਸਗਿਵਿੰਗ ਉੱਪਰ ਮੈਂ ਸੈਂਕੜੇ ਮੀਲ ਗੱਡੀ ਚਲਾ ਕੇ ਗਈ; ਨਿਊਯਾਰਕ ਸਿਟੀ ਦੇ ਡਾਊਨਟਾਊਨ ਤੋਂ ਪਿੰਡਾਂ ਵਾਲੇ ਮਿਸ਼ੀਗਨ ਤੱਕ ਤੇਰਾਂ ਘੰਟਿਆਂ ਦਾ ਸਫ਼ਰ—ਕੰਕਰੀਟ ਅਤੇ ਭੀੜ-ਭੜੱਕੇ ਚੋਂ ਨਿਕਲਕੇ ਜੰਗਲਾਂ ਅਤੇ ਬਰਫ਼ ਵਾਂਗ ਜੰਮੀਆਂ ਝੀਲਾਂ ਤੱਕ ਦਾ ਸਫ਼ਰ, ਅਤੇ ਫਿਰ ਵਾਪਸੀ। (ਸ਼ਾਨਦਾਰ ਸਫ਼ਰ ਵਿਚ ਮੇਰਾ ਸਾਥ ਦੇਣ ਵਾਲੇ ਪਿਆਰੇ ਡੌਗੀ ਤਰਿਸ਼ਾ, ਤੇਰਾ ਧੰਨਵਾਦ।)

ਘਰ ਪਹੁੰਚ ਕੇ, ਸਫ਼ਰ ਦੀ ਥਕਾਵਟ ਨਾਲ ਚੂਰ ਮੇਰੀਆਂ ਹੱਡੀਆਂ ਨੂੰ ਪੂਰੀ ਤਰ੍ਹਾਂ ਅਰਾਮ ਵੀ ਨਹੀਂ ਸੀ ਮਿਲਿਆ ਕਿ ਮੇਰੇ ਫ਼ੋਨ 'ਤੇ ਆਈਸੀਈ ਅਲਰਟ ਵੱਜਣ ਲੱਗ ਪਏ। ਮੈਂ ਰੌਲ਼ੇ-ਰੱਪੇ ਵਾਲੀ ਕੈਨਾਲ ਸਟ ?ਰੀਟ 'ਤੇ ਰਹਿੰਦੀ ਹਾਂ, ਜਿੱਥੇ ਆਈਸੀਈ ਦੇ ਛਾਪੇ ਵੱਡੇ ਤੇ ਸ਼ੋਰ-ਸ਼ਰਾਬੇ ਵਾਲੇ ਹੁੰਦੇ ਹਨ। ਪਿਛਲੇ ਮਹੀਨੇ, 50 ਫੈਡਰਲ ਏਜੰਟਾਂ ਨੇ ਉੱਥੇ ਹੱਲਾ ਬੋਲ ਦਿੱਤਾ—ਮਕਸਦ ਸੀ ਸੜਕ ਉੱਪਰ ਸਮਾਨ ਵੇਚਣ ਵਾਲੇ ਪਰਵਾਸੀਆਂ ਨੂੰ ਫੜਨਾ—ਅਤੇ "ਕਦੇ ਨਾ ਸੌਣ ਵਾਲੇ ਸ਼ਹਿਰ" ਨੇ ਉਨ੍ਹਾਂ ਨੂੰ ਲਗਭਗ ਤੁਰੰਤ ਹੀ ਵਾਪਸ ਭੇਜ ਦਿੱਤਾ। ਪੋਲਕਾ-ਡੌਟ ਕੱਪੜੇ ਪਹਿਨੀ ਇੱਕ ਜਨਾਨੀ (ਸ਼ਾਇਦ ਕੋਈ ਗਾਹਕ), ਜੋ ਇੱਕ ਡਰਾਉਣੇ ਫ਼ੌਜੀ ਟਰੱਕ ਦੇ ਸਾਹਮਣੇ ਨਕਾਬਪੋਸ਼ ਆਦਮੀ ਨੂੰ ਡਾਂਟ ਰਹੀ ਸੀ, ਉਸਦੀ ਵੀਡੀਓ ਵਾਇਰਲ ਹੋ ਗਈ, ਅਤੇ ਚਾਹ ਵੇਲੇ ਤੱਕ ਸਮਾਨ ਵੇਚਣ ਵਾਲੇ ਮੁੜ ਸਸਤੇ ਨਕਲੀ ਬੈਗ ਵੇਚ ਰਹੇ ਸਨ।

ਇਸ ਸ਼ਨੀਚਰਵਾਰ, ਡੀਐੱਚਐੱਸ ਨੇ ਕਥਿਤ ਤੌਰ 'ਤੇ ਇੱਕ ਹੋਰ "ਇਨਫੋਰਸਮੈਂਟ ਸਰਜ" (ਤਾਲਮੇਲਵਾਂ ਹੱਲਾ) ਦੀ ਯੋਜਨਾ ਬਣਾਈ ਸੀ—ਇਸ ਵਾਰੀ ਲਗਭਗ 600 ਏਜੰਟਾਂ ਨੂੰ ਨਾਲ ਲੈ ਕੇ ਅਤੇ ਕੈਨਾਲ ਸਟ ?ਰੀਟ ਉੱਪਰ ਤਾਂ ਕਾਰਵਾਈ ਹੋਰ ਵੀ ਵੱਡੀ ਸੀ। ਇੱਕ ਵਾਰ ਫਿਰ, ਉਨ੍ਹਾਂ ਨੂੰ ਮੈਨਹੈਟਨ ਦੀ ਅਫ਼ਰਾਤਫ਼ਰੀ ਦਾ ਸਾਹਮਣਾ ਕਰਨਾ ਪਿਆ। ਜਿਉਂ ਹੀ ਇਹ ਖ਼ਬਰ ਫੈਲੀ ਕਿ ਆਈਸੀਈ ਇੱਕ ਸਥਾਨਕ ਗਰਾਜ ਨੂੰ ਅੱਡੇ ਵਜੋਂ ਵਰਤ ਰਿਹਾ ਹੈ, ਸੈਂਕੜੇ ਲੋਕ ਉਸਦੇ ਬਾਹਰ 'ਕੱਠੇ ਹੋ ਗਏ—ਸੀਟੀਆਂ ਵੱਜਦੀਆਂ ਰਹੀਆਂ, ਢੋਲ ਵੱਜਦੇ ਰਹੇ, ਲਾਈਵਸਟ੍ਰੀਮ ਚੱਲਦੀਆਂ ਰਹੀਆਂ। ਸ਼ੋਰ ਆਲੇ-ਦੁਆਲੇ ਦੀਆਂ ਇਮਾਰਤਾਂ ਨਾਲ ਟਕਰਾ ਕੇ ਚਾਈਨਾਟਾਊਨ ਦੀਆਂ ਤੰਗ ਗਲੀਆਂ ਵਿੱਚ ਗੂੰਜਦਾ ਰਿਹਾ, ਜਿਸ ਨਾਲ ਘੱਟੋ-ਘੱਟ ਇੱਕ ਡਿਮ ਸਮ ਦਾ ਸ਼ੌਕੀਨ ਵੀ ਇਸ ਅੰਦੋਲਨ ਵਿੱਚ ਸ਼ਾਮਲ ਹੋ ਗਿਆ। ਘੰਟਿਆਂ ਤੱਕ, ਅਜੀਬ ਜਹੇ ਮਾਸਕ ਪਹਿਨੀਂ ਗੁੱਸੇ ਵਿੱਚ ਆਈਸੀਈ ਮੁਲਾਜ਼ਮ ਗੰਦੇ ਗਰਾਜ ਅੰਦਰ ਫਸੇ ਰਹੇ, ਜਦਕਿ ਮੈਗਾਫ਼ੋਨਾਂ, ਬੈਰੀਕੇਡਾਂ, ਮਿਰਚੀ ਸਪਰੇ ਅਤੇ ਟੇਜ਼ਰਾਂ ਨਾਲ ਲੈਸ ਦਰਜਨਾਂ ਸ਼ਹਿਰੀ ਪੁਲਸੀਏ ਭੀੜ ਨੂੰ ਸੜਕ ਤੋਂ ਹਟਾਉਣ ਲਈ ਧੱਕਾ-ਮੁੱਕੀ ਅਤੇ ਜੱਦੋਜਹਿਦ ਕਰਦੇ ਰਹੇ। ਕਈ ਗ੍ਰਿਫ਼ਤਾਰੀਆਂ ਤੋਂ ਬਾਅਦ ਹੀ ਸੜਕ ਅੰਸ਼ਕ ਤੌਰ 'ਤੇ ਖਾਲੀ ਕਰਵਾਈ ਜਾ ਸਕੀ, ਬੇਪਛਾਣ ਚਿੱਟੀਆਂ ਵੈਨਾਂ ਗਰਾਜ ਤੋਂ ਨਿਕਲ ਸਕੀਆਂ—ਉਨ੍ਹਾਂ ਦੀ ਯੋਜਨਾਬੱਧ "ਇਨਫੋਰਸਮੈਂਟ ਸਰਜ" ਵਿਰੋਧ ਕਰਨ ਵਾਲੇ ਪ੍ਰਦਰਸ਼ਨਕਾਰੀਆਂ ਦੇ ਹੱਲੇ ਨੇ ਮਾਤ ਪਾ ਦਿੱਤੀ। ਅਪਮਾਨਿਤ ਹੋਏ ਫੈਡਰਲ ਏਜੰਟ ਹੌਲੀ-ਹੌਲੀ ਨਿਊ ਜਰਸੀ ਵੱਲ ਪਿੱਛੇ ਹਟ ਗਏ, ਜਦਕਿ ਚਲ ਰਹੀ ਭੀੜ ਹਰ ਕਦਮ 'ਤੇ ਹਾਲੈਂਡ ਟਨਲ ਤੱਕ ਉਨ੍ਹਾਂ ਦਾ ਰਾਹ ਰੋਕਦੀ ਰਹੀ।

ਮੈਨਹੈਟਨ ਵਿੱਚ ਆਈਸੀਈ ਦੀਆਂ ਕਾਰਵਾਈਆਂ ਮੈਸੀਜ਼ ਥੈਂਕਸਗਿਵਿੰਗ ਡੇ ਪਰੇਡ ਜਿੰਨੀਆਂ ਹੀ ਨਾਮਾਲੂਮ ਹੁੰਦੀਆਂ ਹਨ। ਇਸ ਦੇ ਉਲਟ, ਦਿਹਾਤੀ ਮਿਸ਼ੀਗਨ ਦੇ ਲੇਕ ਕਾਊਂਟੀ ਦੇ ਜੰਗਲਾਂ ਅਤੇ ਖ਼ਸਤਾ ਹਾਲ ਸੜਕਾਂ ਉੱਪਰ, ਮੈਂ ਬਿਲਕੁਲ ਹੀ ਵੱਖਰੀ ਤਰ੍ਹਾਂ ਦੇ ਛਾਪਾਮਾਰੀ ਮੰਜ਼ਰ ਵਿੱਚੋਂ ਗੁਜ਼ਰੀ—ਬਿਨਾਂ ਇਹ ਜਾਣੇ ਕਿ ਅਜਿਹਾ ਹੋ ਰਿਹਾ ਹੈ—ਅਤੇ ਇਹ ਕੋਈ ਇਤਫ਼ਾਕ ਨਹੀਂ ਹੈ।

ਲੇਕ ਕਾਊਂਟੀ, ਮਿਸ਼ੀਗਨ, ਗਰਮੀਆਂ ਵਿੱਚ ਸੈਰ-ਸਪਾਟੇ ਦੀ ਥਾਂ ਹੈ—ਚਮਕਦੀਆਂ ਝੀਲਾਂ, ਮੀਲਾਂ ਤੱਕ ਫੈਲੇ ਜੰਗਲ, ਇਤਿਹਾਸਕ ਸਿਆਹਫ਼ਾਮ ਕਲਾ ਭਾਈਚਾਰਾ ਅਤੇ "ਬਲੇਸਿੰਗ ਆਫ਼ ਦ ਬਾਈਕਸ" ਦਾ ਸਾਲਾਨਾ ਮੇਲਾ। ਸਿਆਲ ਵਿੱਚ, ਬਰਫ਼ ਨਾਲ ਲੱਦੀਆਂ ਗਰਮੀਆਂ ਦੀਆਂ ਝੌਂਪੜੀਆਂ ਦਰਮਿਆਨ, ਠੰਢ ਨਾਲ ਢੱਕੇ ਜੈਕ ਪਾਈਨ ਦਰੱਖਤਾਂ ਦੇ ਪਿੱਛੇ, ਮੈਨੂੰ ਕਦੇ ਇਹ ਆਸ ਹੀ ਨਹੀਂ ਸੀ ਕਿ ਮੁਲਕ ਦੇ ਸਭ ਤੋਂ ਵੱਡੇ ਆਈਸੀਈ ਨਜ਼ਰਬੰਦੀ ਕੇਂਦਰਾਂ ਵਿੱਚੋਂ ਇੱਕ ਉੱਥੇ ਹੋਵੇਗਾ—ਅਤੇ ਸੱਚ ਇਹ ਹੈ ਕਿ ਮੈਨੂੰ ਮਿਲਿਆ ਵੀ ਨਹੀਂ। ਮੈਂ ਦੋ ਵਾਰ ਉੱਥੋਂ ਲੰਘੀ, ਬਿਨਾਂ ਉਸਨੂੰ ਕਦੇ ਦੇਖੇ।

ਲੇਕ ਕਾਊਂਟੀ ਅਧਿਕਾਰਕ ਤੌਰ 'ਤੇ ਮਿਸ਼ੀਗਨ ਦੀ ਸਭ ਤੋਂ ਗ਼ਰੀਬ ਕਾਊਂਟੀ ਹੈ। ਇਸ ਦੀ ਪੂਰੀ ਆਬਾਦੀ ਉੱਚੀ ਸ਼ਹਿਰੀ ਇਮਾਰਤ ਵਿੱਚ ਸਮੋ ਸਕਦੀ ਹੈ। ਇੱਥੇ ਇੱਕ-ਦੋ ਡਾਲਰ ਸਟੋਰ ਅਤੇ ਸ਼ਿਕਾਰੀਆਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਕੁਝ ਗੈਸ ਸਟੇਸ਼ਨ ਕਵਿਕ-ਮਾਰਟ ਤਾਂ ਹਨ, ਪਰ ਵੀਹ ਮੀਲ ਤੋਂ ਵੱਧ ਦੂਰ ਤੱਕ ਤਾਜ਼ਾ ਕਰਿਆਨੇ ਦੀ ਇਕ ਵੀ ਦੁਕਾਨ ਨਹੀਂ ਹੈ। ਦੂਜੇ ਸ਼ਬਦਾਂ ਵਿੱਚ, ਇਹ ਓਹੋ ਜਿਹੀ ਥਾਂ ਹੈ ਜਿੱਥੇ ਫੈਡਰਲ "ਆਰਥਕ ਵਿਕਾਸ" ਕੈਦ ਦੇ ਰੂਪ ਵਿੱਚ ਪਹੁੰਚਦਾ ਹੈ।

ਸਥਾਨਕ ਆਰਥਿਕਤਾ ਲਈ ਵਰਦਾਨ ਦੱਸਕੇ ਬਣਾਈ ਗਈ ਨਾਰਥ ਲੇਕ ਕਰੈਕਸ਼ਨਜ਼ ਫੈਸਿਲਟੀ 1999 ਵਿੱਚ ਵੈਕਨਹਟ ਕਰੈਕਸ਼ਨਜ਼ ਕਾਰਪੋਰੇਸ਼ਨ (ਹੁਣ GEO ਗਰੁੱਪ) ਵੱਲੋਂ ਬਣਾਈ ਗਈ ਸੀ। ਤਤਕਾਲੀ ਗਵਰਨਰ ਜਾਨ ਏਂਗਲਰ ਨੇ ਇਸਨੂੰ "ਪੰਕ ਜੇਲ੍ਹ" ਦਾ ਨਾਂ ਦਿੱਤਾ ਸੀ। ਸ਼ੁਰੂ ਵਿੱਚ ਇੱਥੇ ਮਿਸ਼ੀਗਨ ਦੇ ਨੌਜਵਾਨ ਅਪਰਾਧੀ ਰੱਖੇ ਗਏ, ਫਿਰ ਵਰਮੌਂਟ ਤੋਂ ਲਿਆਂਦੇ ਉੱਚ-ਸੁਰੱਖਿਆ ਕੈਦੀ। ਪਰ ਸਾਲਾਂ ਤੋਂ ਇਹ ਜੇਲ੍ਹ ਕਦੇ ਚੱਲਦੀ, ਕਦੇ ਬੰਦ ਰਹੀ ਹੈ। ਫੈਡਰਲ ਬਿਊਰੋ ਆਫ਼ ਪ੍ਰਿਜ਼ਨਜ਼ ਨਾਲ ਦਸ ਸਾਲਾਂ ਦਾ ਠੇਕਾ 2022 ਵਿੱਚ ਰੱਦ ਕਰ ਦਿੱਤਾ ਗਿਆ, ਜਦੋਂ ਬਾਇਡਨ ਸਰਕਾਰ ਨੇ ਨਫ਼ਾ ਕਮਾਉਣ ਵਾਲੀਆਂ ਜੇਲ੍ਹ ਕੰਪਨੀਆਂ ਨਾਲ ਫੈਡਰਲ ਠੇਕੇ ਖ਼ਤਮ ਕਰ ਦਿੱਤੇ। ਲਗਭਗ ਤੁਰੰਤ ਹੀ, ਸਥਾਨਕ ਅਧਿਕਾਰੀ ਇਸ ਥਾਂ ਨੂੰ ਇਮੀਗ੍ਰੇਸ਼ਨ ਡਿਟੈਂਸ਼ਨ ਆਰਥਿਕਤਾ ਨਾਲ ਜੋੜਨ ਲਈ ਪੈਰਵੀ ਕਰਨ ਲੱਗ ਪਏ।

ਇਸ ਸਾਲ ਜੂਨ ਵਿੱਚ, ਨੌਰਥ ਲੇਕ ਮੁੜ "ਨੌਰਥ ਲੇਕ ਪ੍ਰੋਸੈਸਿੰਗ ਸੈਂਟਰ" ਵਜੋਂ ਖੁੱਲ੍ਹ ਗਈ—ਆਈਸੀਈ ਦਾ ਅੱਡਾ—ਜੋ ਰਾਜ ਵਿੱਚ ਆਪਣੀ ਕਿਸਮ ਦਾ ਇਕਲੌਤਾ ਅਤੇ ਮੁਲਕ ਵਿੱਚ ਦੂਜਾ ਸਭ ਤੋਂ ਵੱਡਾ ਕੇਂਦਰ ਹੈ। ਬਾਲਡਵਿਨ ਨਾਂ ਦੇ ਨਿੱਕੇ ਜਿਹੇ ਸ਼ਹਿਰ ਤੋਂ ਸਿਰਫ਼ ਤਿੰਨ ਮੀਲ ਦੂਰ, ਲਗਭਗ 1,800 ਬਿਸਤਰਿਆਂ ਦੀ ਸਮਰੱਥਾ ਵਾਲਾ ਇਹ ਵਿਸ਼ਾਲ ਕੰਕਰੀਟ ਕੰਪਲੈਕਸ ਹੁਣ ਖੇਤਰ ਲਈ ਅਹਿਮ "ਪ੍ਰੋਸੈਸਿੰਗ" ਹੱਬ ਵਜੋਂ ਪ੍ਰਚਾਰਿਆ ਜਾ ਰਿਹਾ ਹੈ—ਇਸਦਾ ਮਤਲਬ ਕੋਈ ਵੀ ਹੋਵੇ। ਇਹ ਪਰਿਵਾਰਕ ਮੈਂਬਰਾਂ, ਕਾਰਕੁਨਾਂ ਜਾਂ ਵਕੀਲਾਂ ਲਈ ਸੌਖਿਆਂ ਪਹੁੰਚ ਸਕਣ ਤੋਂ ਬਹੁਤ ਦੂਰ ਹੈ। ਗੂਗਲ ਦੇ ਹਵਾਈ ਦ੍ਰਿਸ਼ ਵਿੱਚ ਇਹ ਹਰ ਉਸ ਜੇਲ੍ਹ ਵਾਂਗ ਦਿਸਦਾ ਹੈ, ਜਿਸਨੂੰ ਅਸੀਂ ਦੇਖ ਨਹੀਂ ਸਕਦੇ—ਨੀਂਵੀਂਆਂ ਇਮਾਰਤਾਂ, ਉੱਚੀਆਂ ਵਾੜਾਂ, ਪਾਰਕਿੰਗ ਲੌਟ।

ਮੈਨਹੈਟਨ ਵਿੱਚ ਆਈਸੀਈ ਇੱਕ ਘੋਟਾਲਾ ਹੈ। ਕੈਨਾਲ ਸਟਰੀਟ ਦੇ ਹੱਲੇ-ਗੁੱਲੇ ਤੋਂ ਅਗਲੇ ਦਿਨ, ਕਾਰਕੁਨਾਂ ਨੇ ਪ੍ਰੈੱਸ ਕਾਨਫ਼ਰੰਸ ਕੀਤੀ ਅਤੇ ਸ਼ਹਿਰ ਦੇ ਅਧਿਕਾਰੀਆਂ ਨੂੰ ਸਵਾਲਾਂ ਦੇ ਜਵਾਬ ਦੇਣ ਲਈ ਮਜਬੂਰ ਕੀਤਾ। ਮੇਅਰ ਚੁਣੇ ਗਏ ਜ਼ੋਹਰਾਨ ਮਮਦਾਨੀ ਨੇ ਫੈਡਰਲ ਕਾਰਵਾਈ ਨੂੰ "ਹਮਲਾਵਰ ਅਤੇ ਲਾਪਰਵਾਹ" ਅਤੇ "ਤਾਨਾਸ਼ਾਹੀ ਤਮਾਸ਼ਾ" ਕਰਾਰ ਦਿੱਤਾ। ਉਸ ਨੇ ਫੈਡਰਲ ਇਮੀਗ੍ਰੇਸ਼ਨ ਇਨਫੋਰਸਮੈਂਟ ਨਾਲ ਸਹਿਯੋਗ ਵਿੱਚ ਐੱਨਵਾਈਪੀਡੀ ਦੀ ਭੂਮਿਕਾ ਦੀ ਸਮੀਖਿਆ ਕਰਨ ਦਾ ਵਾਅਦਾ ਕੀਤਾ—ਜੋ ਬਣਦਾ ਵੀ ਹੈ, ਕਿਉਂਕਿ ਇਹ ਸ਼ਹਿਰ "ਸੈਂਕਚੁਅਰੀ ਸਿਟੀ" ਕਹਾਉਂਦਾ ਹੈ। ਮੌਕੇ 'ਤੇ ਬੋਲਦਿਆਂ, ਸਿਟੀ ਕਾਂਪਟ੍ਰੋਲਰ ਬ੍ਰੈਡ ਲੈਂਡਰ ਨੇ ਇਸ ਕਾਰਵਾਈ ਨੂੰ "ਭਿਆਨਕ" ਦੱਸਿਆ ਅਤੇ ਜ਼ੋਰ ਦਿੱਤਾ ਕਿ ਸੜਕ ਉੱਪਰ ਸਮਾਨ ਵੇਚਣ ਵਾਲੇ ਰਾਸ਼ਟਰੀ ਸੁਰੱਖਿਆ ਖ਼ਤਰਾ ਨਹੀਂ ਹਨ, ਜਦਕਿ ਫ਼ੌਜੀ ਤਰਜ਼ ਦਾ ਪ੍ਰਤੀਕ੍ਰਮ ਨਿਊਯਾਰਕ ਵਾਸੀਆਂ ਲਈ ਜਾਣ-ਬੁੱਝਕੇ ਖ਼ਤਰੇ ਦਾ ਹਊਆ ਪੈਦਾ ਕਰ ਰਿਹਾ ਹੈ।

ਇਸ ਦੌਰਾਨ, ਦਿਹਾਤੀ ਮਿਸ਼ੀਗਨ ਵਿੱਚ, ਨੌਰਥ ਲੇਕ ਵਿਚ ਹੋ ਰਹੇ ਆਉਣ-ਜਾਣ ਦੀ ਗਿਣਤੀ ਕਰਨਾ ਲਾਗੇ ਰਹਿਣ ਵਾਲਿਆਂ ਲਈ ਵੀ ਮੁਸ਼ਕਲ ਹੋ ਗਿਆ ਹੈ। ਅਤੇ ਇਸ ਦਾ ਉਦੇਸ਼ ਵੀ ਇਸ ਨੂੰ ਇਸੇ ਤਰ੍ਹਾਂ ਚਲਾਉਣਾ ਹੈ। ਸਾਡਾ ਨਜ਼ਰਬੰਦੀ ਪ੍ਰਬੰਧ ਲੰਮੇ ਸਮੇਂ ਤੋਂ ਦੂਰੀ, ਬੇਵਸੀ ਅਤੇ ਇਸ ਨੂੰ ਸਜਾਵਟੀ ਸ਼ਬਦਾਂ ਵਿਚ ਪੇਸ਼ ਕਰਨ 'ਤੇ ਨਿਰਭਰ ਰਿਹਾ ਹੈ। ਹੁਣ ਬੁਨਿਆਦੀ 'ਨਿਆਂ ਪ੍ਰਕਿਰਿਆ' ਨੂੰ ਜਾਣਬੁਝ ਕੇ ਅਜਿਹੇ ਦੂਰ-ਦਰਾਜ਼ ਜ਼ਿੱਪ ਕੋਡਾਂ (ਅਣਜਾਣੇ ਇਲਾਕਿਆਂ) ਵਿੱਚ ਆਊਟਸੋਰਸ ਕੀਤਾ ਜਾ ਰਿਹਾ ਹੈ।

ਅੱਜ ਨਾਗਰਿਕ ਫ਼ਰਜ਼ ਦਾ ਤਕਾਜ਼ਾ ਹੈ ਭੂਗੋਲ ਨੂੰ ਸਮਝਣਾ। ਸੱਚ ਤਾਂ ਇਹ ਹੈ ਕਿ ਮੈਂ ਕਦੇ ਆਪਣੇ ਘਰ ਤੋਂ ਸਿਰਫ਼ ਦੋ ਬਲਾਕ ਦੂਰ ਸਥਿਤ ਅਮਰੀਕੀ ਸਰਕਾਰ ਦੀ ਮਲਕੀਅਤ ਵਾਲੇ ਗਰਾਜ ਵੱਲ ਧਿਆਨ ਨਹੀਂ ਸੀ ਦਿੱਤਾ। ਹੁਣ ਮੈਂ ਉਸਦੀ ਪੂਰੀ ਘੋਖ ਕਰਾਂਗੀ। ਕਾਊਂਟੀ ਜੀਆਈਐੱਸ ਨਕਸ਼ੇ, ਜ਼ੋਨਿੰਗ ਬੋਰਡ ਦੇ ਅਜੰਡੇ, ਸ਼ੈਰਿਫ਼ ਦੇ ਠੇਕੇ—ਇਹ ਸਭ ਜਨਤਕ ਤੌਰ 'ਤੇ ਉਪਲਬਧ ਹਨ। ਤੁਹਾਡੇ ਨੇੜੇ ਕਿਹੜੀਆਂ ਚੌਕੋਰ ਇੱਟਾਂ ਵਾਲੀਆਂ ਇਮਾਰਤਾਂ ਫੈਡਰਲ ਜੇਲ੍ਹਾਂ, ਲਾਕਅੱਪ, "ਪ੍ਰੋਸੈਸਿੰਗ ਸੈਂਟਰ" ਜਾਂ ਆਈਸੀਈ ਦੇ ਅੱਡੇ ਸਰਕਾਰੀ ਜਾਇਦਾਦ ਹਨ? ਕਿਨ੍ਹਾਂ ਨੂੰ ਨਿੱਜੀ ਕੰਪਨੀਆਂ—ਜਿਵੇਂ ਜੀਈਓ—ਵੱਲੋਂ ਰਾਜ ਜਾਂ ਫੈਡਰਲ ਠੇਕਿਆਂ ਦੇ ਤਹਿਤ ਚਲਾਇਆ ਜਾ ਰਿਹਾ ਹੈ? ਉਨ੍ਹਾਂ ਸਮਝੌਤਿਆਂ ਨੂੰ ਮਨਜ਼ੂਰੀ ਕਿਸ ਨੇ ਦਿੱਤੀ, ਅਤੇ ਤੁਹਾਨੂੰ ਦੱਸਿਆ ਕੀ ਗਿਆ ਕਿ ਤੁਹਾਨੂੰ ਕੀ ਦਿੱਤਾ ਜਾ ਰਿਹਾ ਹੈ—"ਰੁਜ਼ਗਾਰ, ਆਰਥਕ ਵਿਕਾਸ", ਜਾਂ "ਜਨਤਕ ਸੁਰੱਖਿਆ?"

ਨਿਊਯਾਰਕ ਅਤੇ ਸ਼ਿਕਾਗੋ ਵਰਗੇ ਸ਼ਹਿਰਾਂ ਦੇ ਬਾਸ਼ਿੰਦੇ ਜੋ ਨਿਗਰਾਨੀ ਬਾਰੇ ਜਾਗਰੂਕ ਹਨ, ਉਹ ਆਈਸੀਈ ਅਤੇ ਉਸਦੇ ਲੋਕਾਂ ਨੂੰ ਦਬੋਚਣ ਵਾਲੇ ਫ਼ੌਜੀ ਤਿਆਰੀ ਵਾਲੇ ਦਸਤਿਆਂ ਉੱਪਰ ਦਬਾਅ ਬਣਾਈ ਰੱਖਣ ਲਈ ਵਧੀਆ ਕੰਮ ਕਰ ਰਹੇ ਹਨ। ਪਰ ਲੋਕਾਂ ਨੂੰ ਚੁੱਪ-ਚੁਪ, ਬੇਖ਼ਬਰ, ਪਿੰਡਾਂ ਦੀਆਂ ਅਜਿਹੀਆਂ ਥਾਵਾਂ 'ਤੇ ਲਿਜਾਇਆ ਜਾ ਰਿਹਾ ਹੈ—ਉਹ ਥਾਵਾਂ ਜਿਨ੍ਹਾਂ ਨੂੰ ਸ਼ਹਿਰੀ ਲੋਕ ਬਹੁਤ ਸਮੇਂ ਤੋਂ ਨਜ਼ਰਅੰਦਾਜ਼ ਕਰਦੇ ਰਹੇ ਹਨ। ਹੁਣ ਇਸ ਨੂੰ ਬਦਲਣ ਦਾ ਸਮਾਂ ਆ ਗਿਆ ਹੈ, ਇਸ ਤੋਂ ਪਹਿਲਾਂ ਕਿ ਅਮਰੀਕਾ ਆਪਣੇ ਚਲਾਕੀ ਨਾਲ ਲੁਕੋਏ ਗੁਪਤ ਨਜ਼ਰਬੰਦੀ ਕੈਂਪਾਂ ਦਾ ਹੋਰ ਵਧਾਰਾ-ਪਸਾਰਾ ਕਰ ਲਵੇ।

**ਅਨੁਵਾਦ : ਬੂਟਾ ਸਿੰਘ ਮਹਿਮੂਦਪੁਰ**

# ਸਾਮਰਾਜੀ-ਨਸਲਵਾਦੀ ਬਿਰਤਾਂਤ: ਯੂਰਪੀ ਅਸਫ਼ਲਤਾ 'ਤਜਰਬਾ', ਚੀਨੀ ਅਸਫ਼ਲਤਾ 'ਸਮਾਜਵਾਦੀ ਹਾਰ'

*[ਬੇਸ਼ੱਕ ਚੀਨ 1980ਵਿਆਂ ਤੋਂ ਮੂਲ ਸਮਾਜਵਾਦੀ ਰਾਹ ਤੋਂ ਕਿਨਾਰਾ ਕਰਕੇ ਸਰਮਾਏਦਾਰੀ ਤਰਜ਼ ਦੇ ਆਰਥਕ ਵਿਕਾਸ ਮਾਡਲ ਉੱਪਰ ਚੱਲ ਰਿਹਾ ਹੈ, ਪਰ ਆਰਥਕ ਤਰੱਕੀ ਦੇ ਜ਼ੋਰ ਆਲਮੀ ਆਰਥਿਕਤਾ ਵਿਚ ਚੀਨ ਵੱਲੋਂ ਬਣਾਏ ਮਹੱਤਵਪੂਰਨ ਸਥਾਨ ਨੂੰ ਘਟਾਕੇ ਨਹੀਂ ਦੇਖਿਆ ਜਾ ਸਕਦਾ। ਆਲਮੀ ਕਾਰਪੋਰੇਟ ਮੀਡੀਆ ਕਿਵੇਂ ਪੱਛਮੀ ਸਾਮਰਾਜੀ ਸਰਮਾਏ ਦੇ ਹਿਤ 'ਚ ਪੱਖਪਾਤੀ ਰਿਪੋਰਟਿੰਗ ਕਰਦਾ ਹੈ ਅਤੇ ਸਮਾਜਵਾਦ ਦੇ ਮਾਨਵਤਾਵਾਦੀ ਆਦਰਸ਼ ਨੂੰ ਭੰਡਣ ਵਾਲੇ ਬਿਰਤਾਂਤ ਪ੍ਰਚਾਰਨ ਵਿਚ ਖ਼ਾਸ ਦਿਲਚਸਪੀ ਲੈਂਦਾ ਹੈ, ਇਸਦੀ ਤਾਜ਼ਾ ਮਿਸਾਲ ਚੀਨ ਵਿਚ ਹੌਂਗਛੀ ਪੁਲ ਦੇ ਢਹਿਣ ਬਾਰੇ ਰਿਪੋਰਟਿੰਗ ਹੈ। ਰਿਪੋਰਟਿੰਗ ਦਰਸਾਉਂਦੀ ਹੈ ਕਿ ਇਹ ਮੀਡੀਆ ਸੰਸਥਾਵਾਂ ਚੀਨ ਦੇ ਬਹਾਨੇ ਸਮਾਜਵਾਦ ਨੂੰ ਅਸਫ਼ਲ ਮਾਡਲ ਬਣਾ ਕੇ ਪੇਸ਼ ਕਰਨ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਜਾਣ ਦਿੰਦੀਆਂ। -ਸੰਪਾਦਕ]*

ਭਬਾਨੀ ਸ਼ੰਕਰ ਨਾਇਕ


ਪੇਸ਼ਕਸ਼: ਬੂਟਾ ਸਿੰਘ ਮਹਿਮੂਦਪੁਰ

ਯੂਰਪ ਅਤੇ ਅਮਰੀਕਾ ਦੀਆਂ ਲਗਭਗ ਸਾਰੀਆਂ ਵੱਡੀਆਂ ਮੁੱਖਧਾਰਾ ਮੀਡੀਆ ਸੰਸਥਾਵਾਂ ਨੇ ਚੀਨ ਦੇ ਦੱਖਣ-ਪੱਛਮੀ ਸੀਚੁਆਨ ਸੂਬੇ ਦੇ ਮਰਕਾਂਗ ਸ਼ਹਿਰ ਵਿਚ ਹਾਲ ਹੀ ਵਿਚ ਤਿਆਰ ਹੋਏ 758 ਮੀਟਰ ਲੰਮੇ ਹੌਂਗਛੀ ਪੁਲ ਦਾ ਕੁਝ ਹਿੱਸਾ ਢਹਿ ਜਾਣ ਬਾਰੇ ਰਿਪੋਰਟਾਂ ਛਾਪੀਆਂ ਹਨ। ਇਹ ਪੁਲ ਮੁਲਕ ਦੇ ਕੇਂਦਰੀ ਭਾਗ ਨੂੰ ਤਿੱਬਤ ਨਾਲ ਜੋੜਨ ਵਾਲੇ ਰਾਸ਼ਟਰੀ ਰਾਜਮਾਰਗ ਦਾ ਹਿੱਸਾ ਸੀ ਅਤੇ 11 ਨਵੰਬਰ 2025 ਨੂੰ ਇਸਦਾ ਕੁਝ ਹਿੱਸਾ ਡਿੱਗ ਗਿਆ।

ਚੀਨ ਦੀ ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ, ਚੀਨ ਦੇ ਲੋਕ ਗਣਰਾਜ ਨੇ ਦਸ ਲੱਖ ਤੋਂ ਵੱਧ ਆਧੁਨਿਕ ਪੁਲ ਬਣਾਏ ਹਨ। ਧਿਆਨਯੋਗ ਗੱਲ ਇਹ ਹੈ ਕਿ 21ਵੀਂ ਸਦੀ ਵਿਚ ਬਣੇ ਦੁਨੀਆ ਦੇ 100 ਸਭ ਤੋਂ ਉੱਚੇ ਪੁਲਾਂ ਵਿੱਚੋਂ 90 ਚੀਨ ਵਿਚ ਸਥਿਤ ਹਨ। ਦੁਨੀਆ ਦੇ ਸਭ ਤੋਂ ਉੱਚੇ ਪੁਲਾਂ ਅਤੇ ਸਭ ਤੋਂ ਲੰਮੇ ਸਮੁੰਦਰੀ ਪੁਲਾਂ ਦਾ ਘਰ ਵੀ ਚੀਨ ਹੀ ਹੈ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਪਿਛਲੇ ਸੱਤ ਦਹਾਕਿਆਂ ਵਿਚ ਬਣੇ ਹਨ। ਚੀਨ ਦਾ ਲਗਭਗ 67 ਫੀਸਦੀ ਜ਼ਮੀਨੀ ਭਾਗ ਪਹਾੜੀ ਹੈ—ਜਿੱਥੇ ਵਿਸ਼ਾਲ ਪਰਬਤ, ਪਹਾੜੀਆਂ ਅਤੇ ਪਹਾੜੀ-ਮੈਦਾਨੀ ਧਰਾਤਲ ਹਨ—ਇਸਦੇ ਬਾਵਜੂਦ ਚੀਨੀ ਇੰਜੀਨੀਅਰਾਂ ਨੇ ਏਕੀਕ੍ਰਿਤ ਅਤੇ ਵਿਆਪਕ ਆਵਾਜਾਈ ਤੇ ਸੰਚਾਰ ਵਿਵਸਥਾ ਦਾ ਤਾਣਾਬਾਣਾ ਕਾਮਯਾਬੀ ਨਾਲ ਵਿਕਸਤ ਕੀਤਾ ਹੈ। ਇਹ ਬੁਨਿਆਦੀ-ਢਾਂਚਾ ਚੀਨ ਦੀ ਬੇਮਿਸਾਲ ਆਰਥਕ ਤਰੱਕੀ ਅਤੇ ਵਿਕਾਸ ਦਾ ਕੇਂਦਰੀ ਆਧਾਰ ਰਿਹਾ ਹੈ। ਚੀਨ ਦੀਆਂ ਅੱਧੀਆਂ ਤੋਂ ਵੱਧ ਤੇਜ਼-ਰਫ਼ਤਾਰ ਰੇਲ ਲਾਈਨਾਂ ਪੁਲਾਂ ਉੱਪਰ ਚੱਲਦੀਆਂ ਹਨ, ਜੋ ਕੁਦਰਤੀ ਚੁਣੌਤੀਆਂ ਨੂੰ ਸਰ ਕਰਨ ਦੀ ਉਸ ਮੁਲਕ ਦੀ ਇੰਜੀਨੀਅਰਿੰਗ ਕਾਬਲੀਅਤ ਅਤੇ ਦ੍ਰਿੜ ਇਰਾਦੇ ਨੂੰ ਦਰਸਾਉਂਦੀਆਂ ਹਨ।

ਫਿਰ ਵੀ, ਇਨ੍ਹਾਂ ਸ਼ਾਨਦਾਰ ਪ੍ਰਾਪਤੀਆਂ ਦਾ ਯੂਰਪ ਅਤੇ ਅਮਰੀਕਾ ਦੀਆਂ ਸਰਮਾਏਦਾਰ ਮੀਡੀਆ ਸੰਸਥਾਵਾਂ ਵਿਚ ਕਦੇ ਜ਼ਿਕਰ ਨਹੀਂ ਕੀਤਾ ਜਾਂਦਾ, ਉਹ ਵੱਡੇ ਪੱਧਰ 'ਤੇ ਇਨ੍ਹਾਂ ਨੂੰ ਨਜ਼ਰਅੰਦਾਜ਼ ਕਰਦੇ ਹਨ। ਪੱਛਮੀ ਮੀਡੀਆ ਦੀਆਂ ਬਸਤੀਵਾਦੀ ਵਿਰਾਸਤਾਂ ਉਨ੍ਹਾਂ ਨੂੰ ਇਹ ਮੰਨਣ ਤੋਂ ਰੋਕਦੀਆਂ ਹਨ ਕਿ ਮਨੁੱਖੀ ਵਿਕਾਸ ਅਤੇ ਵਿਗਿਆਨਕ ਤਰੱਕੀ ਦੇ ਲਗਭਗ ਹਰ ਮਾਪਦੰਡ ਉੱਪਰ ਚੀਨ ਯੂਰਪ ਅਤੇ ਸੰਯੁਕਤ ਰਾਜ ਅਮਰੀਕਾ ਤੋਂ ਅੱਗੇ ਨਿਕਲ ਚੁੱਕਾ ਹੈ। ਆਧੁਨਿਕ ਬੁਨਿਆਦੀ ਢਾਂਚੇ ਦੇ ਵਿਕਾਸ ਦੇ ਮਾਮਲੇ ਵਿਚ ਚੀਨ ਨੇ ਦੁਨੀਆ ਵਿਚ ਵੱਖਰੀ ਪਛਾਣ ਬਣਾਈ ਹੈ ਅਤੇ ਇਹ ਸਭ ਕੁਝ ਕਿਸੇ ਵੀ ਕਿਸਮ ਦੀ ਬਸਤੀਵਾਦੀ ਜਾਂ ਸਾਮਰਾਜਵਾਦੀ ਲੁੱਟ ਤੋਂ ਬਿਨਾਂ ਹਾਸਲ ਕੀਤਾ ਗਿਆ ਹੈ, ਜਿਸ ਨੇ ਇਤਿਹਾਸਕ ਤੌਰ 'ਤੇ ਯੂਰਪ ਅਤੇ ਅਮਰੀਕਾ ਵਿਚ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਰੂਪ ਦਿੱਤਾ।

ਪੁਰਾਤਨ ਅੰਜੀ ਪੁਲ ਤੋਂ ਲੈ ਕੇ ਹਾਲ ਹੀ



ਵਿਚ ਬਣਾਏ ਗਏ ਅਤੇ ਅੰਸ਼ਕ ਤੌਰ 'ਤੇ ਢਹਿ ਗਏ ਹੌਂਗਛੀ ਪੁਲ ਤੱਕ, ਚੀਨ ਦੇ ਪੁਲ ਪਿਛਲੇ ਸੱਤ ਦਹਾਕਿਆਂ 'ਚ ਹੋਏ ਬੁਨਿਆਦੀ ਢਾਂਚੇ ਦੇ ਵਿਸਤਾਰ ਪ੍ਰਤੀ ਮੁਲਕ ਦੀ ਪ੍ਰਤਿਭਾ ਅਤੇ ਵਚਨਬੱਧਤਾ ਦੇ ਸਬੂਤ ਹਨ, ਜਿਸ ਦਾ ਉਦੇਸ਼ ਮੁਲਕ ਦੇ ਹਰ ਹਿੱਸੇ ਨੂੰ ਉਸਦੇ ਲੋਕਾਂ ਅਤੇ ਵਸੀਲਿਆਂ ਨਾਲ ਜੋੜਨਾ ਰਿਹਾ ਹੈ। ਚੀਨ ਕੋਲ ਦੁਨੀਆ ਵਿਚ ਸਭ ਤੋਂ ਵੱਧ ਪੁਲ ਹਨ। ਸਿਰਫ਼ ਗੁਈਚਾਓ ਸੂਬੇ ਵਿਚ ਹੀ 32,000 ਤੋਂ ਵੱਧ ਪੁਲ ਹਨ, ਜਿਨ੍ਹਾਂ ਵਿਚ ਦੁਨੀਆ ਦੇ 100 ਸਭ ਤੋਂ ਉੱਚੇ ਪੁਲਾਂ ਵਿੱਚੋਂ ਲਗਭਗ ਅੱਧੇ ਸ਼ਾਮਲ ਹਨ, ਜਦਕਿ ਚੋਂਗਕਿੰਗ—ਜਿਸਨੂੰ ਅਕਸਰ "ਦੁਨੀਆ ਦੀ ਪੁਲਾਂ ਦੀ ਰਾਜਧਾਨੀ" ਕਿਹਾ ਜਾਂਦਾ ਹੈ— ਨੂੰ ਆਪਣੀਆਂ ਨਦੀਆਂ ਅਤੇ ਝੀਲਾਂ ਉੱਪਰ 20,000 ਤੋਂ ਵੱਧ ਪੁਲ ਹੋਣ ਦਾ ਮਾਣ ਹੈ। ਇਕ ਅਸਫ਼ਲਤਾ ਚੀਨ ਦੀ ਹਾਰ ਨੂੰ ਪਰਿਭਾਸ਼ਿਤ ਨਹੀਂ ਕਰਦੀ।

ਉਸਾਰੀ-ਕਲਾ ਦੇ ਚਮਤਕਾਰ, ਰਚਨਾਤਮਕਤਾ ਅਤੇ ਨਵੀਨਤਾ ਚੀਨੀ ਇੰਜੀਨੀਅਰਿੰਗ ਦੀ ਪਛਾਣ ਹਨ, ਜਿਸਨੂੰ ਚੀਨੀ ਸਟੇਟ ਨੇ ਘੜਿਆ-ਤਰਾਸ਼ਿਆ, ਮਦਦ ਕੀਤੀ ਅਤੇ ਅਗਵਾਈ ਦਿੱਤੀ। ਫਿਰ ਵੀ, ਇਹ ਪ੍ਰਾਪਤੀਆਂ ਸਰਮਾਏਦਾਰਾ ਜਨ-ਮੀਡੀਆ ਦੇ "ਪੁਜਾਰੀਆਂ"ਨੂੰ ਨਜ਼ਰ ਨਹੀਂ ਆਉਂਦੀਆਂ, ਜੋ ਚੀਨੀ ਲੋਕਾਂ ਦੀ ਰਚਨਾਤਮਕਤਾ ਅਤੇ ਪ੍ਰਾਪਤੀਆਂ ਨੂੰ ਘਟੀਆ ਦਿਖਾਉਣ ਲਈ ਵਿਚਾਰਧਾਰਕ ਤੌਰ 'ਤੇ ਪ੍ਰੇਰਿਤ ਕਹਾਣੀਆਂ ਨੂੰ ਲਗਾਤਾਰ ਪ੍ਰਚਾਰਦੇ ਰਹਿੰਦੇ ਹਨ।

ਬਸਤੀਵਾਦੀ ਗਿਆਨ ਪਰੰਪਰਾਵਾਂ ਅਤੇ ਬਿਨਾਂ ਕਿਸੇ ਹਕੀਕੀ ਅਧਾਰ ਦੇ ਸਾਮਰਾਜਵਾਦੀ ਸਰਬਉੱਚਤਾ ਦੀ ਭਾਵਨਾ ਯੂਰਪੀ ਅਤੇ ਅਮਰੀਕੀ ਮੀਡੀਆ ਨੂੰ ਚੀਨ ਦੀ ਤਰੱਕੀ ਅਤੇ ਵਿਕਾਸ ਬਾਰੇ ਸੱਚਾਈ ਸਹੀ ਢੰਗ ਨਾਲ ਦਰਸਾਉਣ ਤੋਂ ਰੋਕਦੀਆਂ ਹਨ। ਚੀਨ, ਉਸਦੇ ਲੋਕਾਂ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਨੀਵਾਂ ਦਿਖਾਉਣਾ ਯੂਰਪ ਅਤੇ ਅਮਰੀਕਾ ਵਿਚ ਉੱਥੋਂ ਦੇ ਸਰਮਾਏਦਾਰ ਰਾਜਾਂ ਦੀ ਜਵਾਬਦੇਹੀ ਤੈਅ ਕਰਨ ਜਾਂ ਨਾਗਰਿਕ ਹੱਕਾਂ ਅਤੇ ਲੋਕਤੰਤਰੀ ਵਿਕਾਸ ਨੂੰ ਅੱਗੇ ਵਧਾਉਣ ਵਾਲੀਆਂ ਅਸਲ ਸਮੱਸਿਆਵਾਂ ਦੇ ਸਵਾਲਾਂ ਨੂੰ ਹੱਲ ਨਹੀਂ ਕਰਦਾ। ਹੁਣ ਸਮਾਂ ਆ ਗਿਆ ਹੈ ਕਿ ਯੂਰਪੀ ਅਤੇ ਅਮਰੀਕੀ ਮੀਡੀਆ ਆਪਣੇ ਮਨਾਂ, ਦਿਲਾਂ ਅਤੇ ਅਮਲਾਂ ਨੂੰ ਬਸਤੀਵਾਦੀ ਸੋਚ ਤੋਂ ਮੁਕਤ ਕਰਨ ਅਤੇ ਵਿਚਾਰਧਾਰਕ ਤੌਰ 'ਤੇ ਪ੍ਰੇਰਿਤ, ਬੇਬੁਨਿਆਦ ਪ੍ਰਚਾਰ ਤੋਂ ਦੂਰ ਹੋਣ।

ਇਹ ਬਿਰਤਾਂਤ ਕਿ "ਯੂਰਪੀ ਅਸਫ਼ਲਤਾ ਤਾਂ ਤਜਰਬਾ ਹੈ, ਪਰ ਚੀਨੀ ਅਸਫ਼ਲਤਾ ਸਮਾਜਵਾਦ ਦੀ ਜਾਂ ਚੀਨ ਦੀ ਹਾਰ ਹੈ" ਇਹ ਬਸਤੀਵਾਦੀ, ਸਾਮਰਾਜਵਾਦੀ ਅਤੇ ਨਸਲਵਾਦੀ ਯੁੱਧਨੀਤੀ ਦਾ ਹਿੱਸਾ ਹੈ, ਜਿਸ ਦਾ ਮਕਸਦ ਜਨਤਾ ਨੂੰ ਕਮਜ਼ੋਰ ਕਰਨਾ ਅਤੇ ਉਨ੍ਹਾਂ ਦੀ ਕੀਮਤ 'ਤੇ ਸਰਮਾਏਦਾਰੀ ਦੀ ਰੱਖਿਆ ਕਰਨਾ ਹੈ। ਇਸ ਤੋਂ ਇਲਾਵਾ, ਯੂਰਪੀ ਮੀਡੀਆ ਵੱਲੋਂ ਚੀਨ ਦੀ ਤੋੜ-ਮਰੋੜ ਕੇ ਪੇਸ਼ਕਾਰੀ ਕੋਈ ਅਚਾਨਕ ਘਟਨਾ ਨਹੀਂ ਹੈ; ਇਹ ਸੋਚੀ-ਸਮਝੀ ਯੁੱਧਨੀਤੀ ਹੈ, ਜਿਸ ਦਾ ਉਦੇਸ਼ ਯੂਰਪੀ ਅਤੇ ਅਮਰੀਕੀ ਲੋਕਾਂ ਨੂੰ ਉਨ੍ਹਾਂ ਆਦਰਸ਼ਾਂ ਤੋਂ ਦੂਰ ਰੱਖਣਾ ਹੈ, ਜੋ ਚੀਨ ਦੀ ਤਰੱਕੀ ਅਤੇ ਵਿਕਾਸ ਨੂੰ ਉਸਦੇ ਲੋਕਾਂ ਦੇ ਹਿੱਤ ਵਿਚ ਅੱਗੇ ਵਧਾਉਂਦੇ ਹਨ।

# ਕੈਨੇਡਾ ਦੀ ਆਬਾਦੀ ਵਿੱਚ ਰਿਕਾਰਡ ਤੋੜ ਗਿਰਾਵਟ

## ਜਨਮ ਦਰ ਵਿੱਚ ਵਾਧੇ ਦੇ ਬਾਵਜੂਦ ਆਬਾਦੀ ਘਟੀ, ਪਰਵਾਸੀ ਵਸੋਂ ਦੀ ਕਮੀ ਵੱਡਾ ਕਾਰਨ

***ਕੈਨੇਡਾ ਦੀ ਆਬਾਦੀ ਦੇ ਅੰਕੜੇ ਦਰਸਾਉਂਦੇ ਹਨ ਕਿ ਸਾਲ 2025 ਦੀ ਪਿਛਲੀ ਤਿਮਾਹੀ ਨਾਲੋਂ ਆਬਾਦੀ ਵਿੱਚ 76,068 ਦੀ ਕਮੀ ਆਈ ਹੈ, ਜੋ ਕਿ ਸਾਲ 2025 ਵਿੱਚ ਦਰਜ ਕੀਤੀ ਗਈ ਆਬਾਦੀ ਦੀ ਭਾਰੀ ਗਿਰਾਵਟ ਹੈ। ਹਾਲਾਂਕਿ ਮੌਤਾਂ ਦੀ ਗਿਣਤੀ ਨਾਲੋਂ 17,600 ਨਵੇਂ ਜਨਮੇ ਬੱਚਿਆਂ ਵਿੱਚ ਵਾਧਾ ਹੋਇਆ ਹੈ, ਇਸ ਨਾਲ ਇਸ ਸਮੇਂ ਦੌਰਾਨ ਪਰਮਾਨੈਂਟ ਲੋਕਾਂ ਦੀ ਆਬਾਦੀ-ਦਰ ਦੇ ਅੰਕੜੇ ਵਿੱਚ ਮਾਮੂਲੀ ਵਾਧਾ ਵਿਖਾਈ ਦਿੱਤਾ ਹੈ। ਪਰ ਅੰਤਰਰਾਸ਼ਟਰੀ ਪਰਵਾਸ ਦੀ ਕਟੌਤੀ ਕਾਰਨ ਆਬਾਦੀ ਦੀ ਕੁੱਲ 93,668 ਦੀ ਗਿਰਾਵਟ ਘਾਟੇ ਦੀ ਤੁਲਨਾ, ਇਹ ਮਾਮੂਲੀ ਜਿਹਾ ਵਾਧਾ ਵਿੱਚ ਬਹੁਤ ਬੌਣਾ ਲਗਦਾ ਹੈ। -ਸੰਪਾਦਕ***



ਡਾ: ਹਰਦੀਪ ਸਿੰਘ ਅਟਵਾਲ
ਕੈਮਬ੍ਰਿਜ, ਓਨਟਾਰੀਓ

ਕੈਨੇਡਾ ਦੇ ਇਤਿਹਾਸ ਵਿੱਚ ਪਿਛਲੇ 80 ਸਾਲਾਂ ਵਿੱਚ ਇਸ ਤਰ੍ਹਾਂ ਨਹੀਂ ਵਾਪਰਿਆ, ਜਿਵੇਂ ਇਸ ਸਾਲ ਦੀ ਤਿਮਾਹੀ ਵਿੱਚ ਆਬਾਦੀ ਅੰਕੜੇ ਵਿੱਚ ਸਭ ਤੋਂ ਵਧ ਗਿਰਾਵਟ ਦੇਖੀ ਗਈ ਹੈ। ਸਟੈਟਿਸਟਿਕਸ ਕੈਨੇਡਾ ਨੇ ਇਸ ਸਬੰਧੀ ਤਾਜ਼ਾ ਰਿਪੋਰਟ ਜਾਰੀ ਕੀਤੀ ਹੈ ਜਿਸਦੇ ਅੰਕੜਿਆਂ ਨੇ ਜੁਲਾਈ ਅਤੇ ਸਤੰਬਰ 2025 ਦੇ ਵਿਚਕਾਰ 76,068 ਲੋਕਾਂ ਜਾਂ 0.2% ਦੀ ਕਮੀ ਦਾ ਸੰਕੇਤ ਦਿੱਤਾ ਹੈ। ਇਸ ਗਿਰਾਵਟ ਦਾ ਕਾਰਨ ਟੈਂਪਰੇਰੀ ਪਰਵਾਸੀਆਂ, ਖਾਸਕਰ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਆਈ ਅਹਿਮ ਕਮੀ ਦਸਿਆ ਜਾ ਰਿਹਾ ਹੈ। ਯੋਗਤਾ ਸ਼ਰਤਾਂ ਦੀਆਂ ਸਖ਼ਤੀਆਂ ਅਤੇ ਵਰਕ ਪਰਮਿਟ ਅਰਜ਼ੀਆਂ ’ਤੇ ਲਗਾਏ ਗਏ ਕੈਪ ਦੇ ਕਾਰਨ ‘ਸਟਉਂਡੀ ਪਰਮਿਟ ਧਾਰਕਾਂ’ ਅਤੇ ਵਰਕ ਪਰਮਿਟ ਧਾਰਕਾਂ ਦੀ ਕੁਲ ਗਿਣਤੀ ਵਿੱਚ ਵੱਡੀ ਗਿਰਾਵਟ ਆਈ ਹੈ। ਘਟ ਆਬਾਦੀ ਦਾ ਅਸਰ ਕੈਨੇਡਾ ਦੀ ਕਾਰੋਬਾਰੀ ਆਰਥਿਕਤਾ ਦੇ ਵਿਕਾਸ ਉੱਪਰ ਪੈਣ ਦੀ ਸੰਭਾਵਨਾ ਹੈ। ਆਰਥਿਕਤਾ ਦੇ ਵਿਕਾਸ ਲਈ ਵੱਡੀ ਗਿਣਤੀ ਵਿੱਚ ਕਾਮਿਆਂ ਅਤੇ ਵਧੇਰੇ ਖਪਤਕਾਰ ਆਬਾਦੀ ਦੀ ਲੋੜ ਹੁੰਦੀ ਹੈ। ਪਹਿਲਾਂ ਹੀ ਕੋਵਿਡ ਮਹਾਂਮਾਰੀ ਵਾਲੇ ਮੰਦਵਾੜੇ ਦਾ ਸ਼ਿਕਾਰ ਕਾਰੋਬਾਰਾਂ ਲਈ ਆਬਾਦੀ ਗਿਰਾਵਟ ਨੁਕਸਾਨ ਕਰਨ ਵਾਲੀ ਹੈ।

ਹਾਲ ਹੀ ਵਿੱਚ, ਅਮਰੀਕੀ ਰਾਸ਼ਟਰਪਤੀ ਟਰੰਪ ਦੇ ਟੈਰਿਫ ਦੇ ਦਬਾਅ ਕਾਰਣ ਕੈਨੇਡਾ ਦੀ ਆਰਥਿਕਤਾ ਚੁਣੌਤੀਆਂ ਦੇ ਦੌਰ ਵਿੱਚੋਂ ਲੰਘ ਰਹੀ ਹੈ। ਸਾਰੇ ਆਰਥਿਕ ਸੰਕਟ ਨਾਲ ਨਜਿੱਠਣ ਲਈ, ਕੈਨੇਡੀਅਨ ਸਰਕਾਰ ਤੇਜ਼ ਰਫਤਾਰ ਨਾਲ ਬੁਨਿਆਦੀ ਢਾਂਚੇ ਨੂੰ ਨਵਾਂ ਰੂਪ ਦੇ ਰਹੀ ਹੈ। ਇਹ ਉਪਰਾਲੇ, ਕੈਨੇਡੀਅਨ ਸਮਾਜ ਦੇ ਸਮਾਜਿਕ ਤਾਣੇ-ਬਾਣੇ ਨੂੰ ਬਦਲਦੇ ਨਜ਼ਰ ਆ ਰਹੇ ਹੈ। ਕੈਨੇਡਾ ਦੇ ਆਮ ਸ਼ਹਿਰੀਆਂ ਨੂੰ ਬੇਰੋਜ਼ਗਾਰੀ, ਮਹਿਗਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੱਕੇ ਤੌਰ ’ਤੇ ਵਸਣ ਦੇ ਉਦੇਸ਼ ਨਾਲ, ਅਸਥਾਈ ਵਰਕ ਪਰਮਿਟ ਤੇ ਇਥੇ ਆਏ ਵਿਦੇਸ਼ੀ ਨੌਜਵਾਨਾਂ ਨੂੰ ਤਬਦੀਲੀਆਂ ਦੇ ਸੇਕ ਦਾ ਤੁਰੰਤ ਸਾਹਮਣਾ ਕਰਨਾ ਪੈ ਰਿਹਾ ਹੈ। ਪ੍ਰਵਾਸ ਦੀਆਂ ਬਹੁਤ ਸਾਰੀਆਂ ਅਰਜ਼ੀਆਂ ਨੂੰ ਰੱਦ ਕਰ ਦਿੱਤਾ ਗਿਆ ਹੈ। ਇਮੀਗ੍ਰੇਸ਼ਨ ਦੀ ਇਸ ਸਖ਼ਤਾਈ ਕਾਰਨ ਕੈਨੇਡਾ ਦੇ ਪਰਵਾਸੀਆਂ ਦੀ ਗਿਣਤੀ ਤੇ ਭਾਰੀ ਅਸਰ ਪਿਆ ਹੈ ਜੋ ਕਿ ਆਬਾਦੀ ਦੇ ਘਟ ਰਹੇ ਅੰਕੜਿਆਂ ਦਾ ਕਾਰਨ ਦੱਸਿਆ ਜਾ ਰਿਹਾ ਹੈ।

ਕੈਨੇਡਾ ਦੀ ਆਬਾਦੀ ਦੇ ਅੰਕੜੇ ਦਰਸਾਉਂਦੇ ਹਨ ਕਿ ਸਾਲ 2025 ਦੀ ਪਿਛਲੀ ਤਿਮਾਹੀ ਨਾਲੋਂ ਆਬਾਦੀ ਵਿੱਚ 76,068 ਦੀ ਕਮੀ ਆਈ ਹੈ, ਜੋ ਕਿ ਸਾਲ 2025 ਵਿੱਚ ਦਰਜ ਕੀਤੀ ਗਈ ਆਬਾਦੀ ਦੀ ਭਾਰੀ ਗਿਰਾਵਟ ਹੈ। ਹਾਲਾਂਕਿ ਮੌਤਾਂ ਦੀ ਗਿਣਤੀ ਨਾਲੋਂ 17,600 ਨਵੇਂ ਜਨਮੇ ਬੱਚਿਆਂ ਵਿੱਚ ਵਾਧਾ ਹੋਇਆ ਹੈ, ਇਸ ਨਾਲ ਇਸ ਸਮੇਂ ਦੌਰਾਨ ਪਰਮਾਨੈਂਟ ਲੋਕਾਂ ਦੀ ਆਬਾਦੀ-ਦਰ ਦੇ ਅੰਕੜੇ ਵਿੱਚ ਮਾਮੂਲੀ ਵਾਧਾ ਵਿਖਾਈ ਦਿੱਤਾ ਹੈ। ਪਰ ਅੰਤਰਰਾਸ਼ਟਰੀ ਪਰਵਾਸ ਦੀ ਕਟੌਤੀ ਕਾਰਨ ਆਬਾਦੀ ਦੀ ਕੁੱਲ 93,668 ਦੀ ਗਿਰਾਵਟ ਘਾਟੇ ਦੀ ਤੁਲਨਾ, ਇਹ ਮਾਮੂਲੀ ਜਿਹਾ ਵਾਧਾ ਵਿੱਚ ਬਹੁਤ ਬੌਣਾ ਲਗਦਾ ਹੈ। ਪਿਛਲੇ ਸਾਲਾਂ ਨਾਲ ਮੁਕਾਬਲਾ ਕੀਤੀ ਜਾਵੇ ਤਾਂ ਸਾਲ 2023 ਦੀ ਤੀਜੀ ਤਿਮਾਹੀ ਵਿੱਚ, ਕੈਨੇਡਾ ਨੇ 418,634 ਦੀ ਆਬਾਦੀ ਦਾ ਮਹੱਤਵਪੂਰਣ ਵਾਧਾ ਦਰਜ ਕੀਤਾ ਸੀ ਅਤੇ ਸਾਲ 2024 ਵਿੱਚ ਆਬਾਦੀ ਵਾਧਾ 231,803 ’ਤੇ ਕਾਫ਼ੀ ਘੱਟ ਸੀ।

ਪਰੋਵਿੰਸ ਓਂਟਾਰੀਓ ਵਿੱਚ ਸਭ ਤੋਂ ਮਹੱਤਵਪੂਰਨ ਆਬਾਦੀ ਵਿੱਚ ਗਿਰਾਵਟ ਵੇਖੀ ਗਈ ਜੋ ਕਿ 0.4 % ਗਿਰਾਵਟ ਹੈ; ਬ੍ਰਿਟਿਸ਼ ਕੋਲੰਬੀਆ ਵਿੱਚ 0.3% ਦੀ ਗਿਰਾਵਟ ਹੈ; ਮੈਨੀਟੋਬਾ ਅਤੇ ਉੱਤਰ-ਪੱਛਮੀ ਖੇਤਰ: ਦੋਵੇਂ 0.2% ਦੀ ਗਿਰਾਵਟ ਵੇਖੀ ਗਈ ਹੈ। ਇਸ ਦੇ ਉਲਟ, ਸਿਰਫ ਅਲਬਰਟਾ ਪਰੋਵਿੰਸ ਅਤੇ ਨੂਨਾਵੂਟ ਟੈਰੇਟਰੀ ਨੇ 0.2% ਆਬਾਦੀ ਦਾ ਮਾਮੂਲੀ ਵਾਧਾ ਦਰਜ ਕੀਤਾ ਗਿਆ ਹੈ। ਜੇਕਰ ਇਸ ਦਾ ਕਾਰਨ ਅੰਤਰ-ਸੂਬਾਈ ਪ੍ਰਵਾਸ ਦੱਸਿਆ ਜਾਵੇ ਤਾਂ ਇਹ ਰੁਝਾਨ ਵੀ ਕੁਝ ਉਲਟ ਤਬਦੀਲੀਆਂ ਦਰਸਾਉਂਦੇ ਹਨ। 2025 ਦੀ ਤੀਜੀ ਤਿਮਾਹੀ ਵਿੱਚ, 75,758 ਅੰਤਰ-ਸੂਬਾਈ ਪ੍ਰਵਾਸੀ ਸਨ, ਜੋ ਕਿ 2024 ਨਾਲੋਂ 5.5% ਦੀ ਗਿਰਾਵਟ ਹੈ। ਇਹ ਰੁਝਾਨ ਕੋਵਿਡ - 19 ਮਹਾਂਮਾਰੀ ਤੋਂ ਪਹਿਲਾਂ ਆਮ ਤੌਰ ’ਤੇ ਅੰਤਰ-ਸੂਬਾਈ ਪ੍ਰਵਾਸ ਦੇ ਪੱਧਰਾਂ ’ਤੇ ਵਾਪਸੀ ਨੂੰ ਦਰਸਾਉਂਦਾ ਹੈ, ਅਲਬਰਟਾ, ਬ੍ਰਿਟਿਸ਼ ਕੋਲੰਬੀਆ, ਨੋਵਾ ਸਕੋਸ਼ੀਆ ਅਤੇ ਪ੍ਰਿੰਸ ਐਡਵਰਡ ਆਈਲੈਂਡ ਨੂੰ ਛੱਡ ਕੇ ਜ਼ਿਆਦਾਤਰ ਪ੍ਰਾਂਤਾਂ ਨੂੰ ਸ਼ੁੱਧ ਘਾਟੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਕੈਨੇਡਾ ਇਸ ਸਚਾਈ ਤੋਂ ਮੁਨਕਰ ਨਹੀਂ ਹੈ ਕਿ ਇਹ ਵਸਨੀਕਾਂ ਅਤੇ ਪ੍ਰਵਾਸੀਆਂ ਦਾ ਦੇਸ਼ ਹੈ। ਇਸ ਆਬਾਦੀ ਵਿੱਚ ਕਾਫ਼ੀ ਵੱਡੀ ਗਿਣਤੀ ਟੈਂਪਰੇਰੀ ਪ੍ਰਵਾਸੀਆਂ ਦੀ ਹੈ। ਕੈਨੇਡਾ ਦੇ ਆਬਾਦੀ ਦੇ ਅੰਕੜੇ ਟੈਂਪਰੇਰੀ ਨਿਵਾਸੀਆਂ ਦੀ ਕਮੀ ਦਰਸਾਉਂਦੇ ਹਨ। ਕੈਨੇਡਾ ਦੀ ਹਾਲ ਹੀ ਵਿੱਚ ਆਬਾਦੀ ਵਿੱਚ ਗਿਰਾਵਟ ਦਾ ਸਭ ਤੋਂ ਮਹੱਤਵਪੂਰਨ ਕਾਰਕ ਟੈਂਪਰੇਰੀ ਵਸਨੀਕਾਂ (ਐਨ.ਪੀ.ਆਰ) ਵਿੱਚ ਆ ਰਹੀ ਗਿਰਾਵਟ ਹੈ। ਅਨੁਮਾਨ ਮੁਤਾਬਿਕ ਤੀਜੀ ਤਿਮਾਹੀ ਵਿੱਚ 176,479 ਐਨ.ਪੀ.ਆਰ ਦੀ ਕਮੀ ਨੂੰ ਦਰਸਾਉਂਦੇ ਹਨ, ਜੋ ਕਿ ਰਿਕਾਰਡ ਤੋੜ ਹੈ। ਕੈਨੇਡਾ ਵਿੱਚ ਕੁੱਲ ਟੈਂਪਰੇਰੀ ਵਸਨੀਕ ਇੱਕ ਜੁਲਾਈ, 2025 ਨੂੰ 3,024,216 (ਆਬਾਦੀ ਦਾ 7.3%) ਤੋਂ ਘਟ ਕੇ 1 ਅਕਤੂਬਰ, 2025 ਤੱਕ 2,847,737 (ਆਬਾਦੀ ਦਾ 6.8%) ਰਹਿ ਗਏ। ਕੈਨੇਡਾ ਆਉਣ ਵਾਲੀ ਟੈਂਪਰੇਰੀ ਆਬਾਦੀ 163,026 ਦੇ ਮੁਕਾਬਲੇ ਛੱਡ ਕੇ ਜਾਣ ਵਾਲੇ ਟੈਂਪਰੇਰੀ ਪਰਵਾਸੀਆਂ ਦੀ ਗਿਣਤੀ 339,505 ਹੈ।

ਮਾਹਿਰਾਂ ਨੇ ਦੇਖਿਆ ਕਿ ਇਮੀਗ੍ਰੇਸ਼ਨ ਨੀਤੀਗਤ ਤਬਦੀਲੀਆਂ ਆਬਾਦੀ ਵਿੱਚ ਗਿਰਾਵਟ ਦਾ ਵੱਡਾ ਕਾਰਨ ਹਨ, ਜੋ ਟੈਂਪਰੇਰੀ ਨਿਵਾਸ ਨੂੰ ਪ੍ਰਭਾਵਤ ਕਰ ਰਹੇ ਹਨ। ਫੈਡਰਲ ਸਰਕਾਰ ਦੁਆਰਾ ਕਈ ਤਾਜ਼ਾ ਨੀਤੀਗਤ ਤਬਦੀਲੀਆਂ ਦਾ ਉਦੇਸ਼ ਟੈਂਪਰੇਰੀ ਵਸਨੀਕਾਂ ’ਤੇ ਦੇਸ਼ ਦੀ ਨਿਰਭਰਤਾ ਨੂੰ ਘੱਟ ਕਰਨਾ ਹੈ: ਸਤੰਬਰ 2024 ਤੋਂ ਬਾਅਦ ਪੇਸ਼ ਕੀਤੇ ਗਏ ਘੱਟ ਤਨਖਾਹ ਵਾਲੇ ਲੇਬਰ ਮਾਰਕੀਟ ਪ੍ਰਭਾਵ ਮੁਲਾਂਕਣ (ਐਲ.ਐਮ.ਆਈ.ਏ)। ਸਪਾਉਸਲ ਓਪਨ ਵਰਕ ਪਰਮਿਟ ਦੀਆਂ ਸਖ਼ਤੀਆਂ। ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਵਿੱਚ ਤਬਦੀਲੀਆਂ ਜਿਵੇਂ ਕੁਝ ਪਰਮਿਟਾਂ ਲਈ ਨਵੀਂ ਭਾਸ਼ਾ ਅਤੇ ਅਧਿਐਨ ਦੀਆਂ ਜ਼ਰੂਰਤਾਂ ਦੇ ਖੇਤਰ ਨਵੰਬਰ 2024 ਵਿੱਚ ਲਾਗੂ ਹੋਣਗੇ। ਸਟੱਡੀ ਪਰਮਿਟ ਅਰਜ਼ੀਆਂ ’ਤੇ ਲਗਾਏ ਗਏ ਕੈਪ, 2025 ਲਈ 437,000 ਪਰਮਿਟਾਂ ਦੀ ਕਮੀ, ਜੋ ਕਿ ਦੇ 2024 ਦੇ ਅੰਕੜਿਆਂ ਨਾਲੋਂ 10% ਘੱਟ ਹੈ।



ਇਹ ਇਮੀਗ੍ਰੇਸ਼ਨ ਨੀਤੀਗਤ ਉਪਾਅ 2027 ਤੱਕ ਅਸਥਾਈ ਵਸਨੀਕਾਂ ਨੂੰ ਆਬਾਦੀ ਦੇ 5% ਤੱਕ ਸੀਮਤ ਕਰਨ ਦੇ ਸਰਕਾਰ ਦੇ ਉਦੇਸ਼ ਨੂੰ ਦਰਸਾਉਂਦੇ ਹਨ। ਆਮ ਕੈਨੇਡੀਅਨ ਦੀ ਰਾਏ, ਆਬਾਦੀ ਦੀ ਇਸ ਗਿਰਾਵਟ ਨੂੰ ਲੈ ਕੇ ਵੱਖ ਵੱਖ ਰਾਏ ਰਖਦੀ ਹੈ। ਕੁਝ ਲੋਕ ਇੰਮੀਗ੍ਰੇਸ਼ਨ ਸਖਤੀ ਦਾ ਸਵਾਗਤ ਕਰਦੇ ਨਜ਼ਰ ਆ ਰਹੇ ਹਨ ਅਤੇ ਇਸ ਨਾਲ ਕੈਨੇਡਾ ਵਿੱਚ ਵਧ ਰਹੀ ਮਹਿੰਗਾਈ ਅਤੇ ਬੇ-ਰੁਜ਼ਗਾਰੀ, ਨੌਕਰੀਆਂ ਵਿੱਚ ਕਟੌਤੀ ਵਰਗੇ ਮਸਲਿਆਂ ਦਾ ਹੱਲ ਵਿੱਚ ਵੇਖ ਰਹੇ ਹਨ। ਪਰ ਆਰਥਿਕ ਮਾਹਿਰਾਂ ਅਨੁਸਾਰ ਇਮੀਗਰੇਸ਼ਨ ਸਖਤੀ ਦੇ ਨਤੀਜੇ ਵਜੋਂ ਘਟਦੀ ਆਬਾਦੀ ਨਾਲ ਆਰਥਿਕ ਵਿਕਾਸ ਦੀ ਗਤੀ ਹੋਰ ਹੌਲੀ ਹੋ ਜਾਣ ਦੀ ਸੰਭਾਵਨਾ ਹੈ। ਆਮ ਕਾਰੋਬਾਰੀ ਭਾਈਚਾਰਾ ਵੀ ਇਸ ਆਬਾਦੀ ਵਿੱਚ ਗਿਰਾਵਟ ਤੋਂ ਚਿੰਤਤ ਹੈ। ਟੈਂਪਰੇਰੀ ਵਸਨੀਕਾਂ ਵਿੱਚ ਗਿਰਾਵਟ ਨੇ ਸਮੁੱਚੀ ਆਬਾਦੀ ਦੀ ਗਿਣਤੀ ਨੂੰ ਮਹੱਤਵਪੂਰਣ ਤੌਰ ’ਤੇ ਪ੍ਰਭਾਵਤ ਕੀਤਾ ਹੈ ਇਸ ਲਈ ਕੈਨੇਡਾ ਸਰਕਾਰ ਸਖ਼ਤੀ ਤਾਂ ਕਰ ਰਹੀ ਹੈ ਪਰ ਸਰਕਾਰ ਅਜੇ ਵੀ ਪ੍ਰਵਾਸੀਆਂ ਦੀ ਇੱਕ ਨਿਰੰਤਰ ਧਾਰਾ ਕਾਇਮ ਰੱਖਣ ਦਾ ਪ੍ਰਬੰਧ ਜਾਰੀ ਰੱਖਣ ਦੀ ਕੋਸ਼ਿਸ਼ ਵਿੱਚ ਹੈ, ਜੋਕਿ 2025 ਦੀ ਤੀਜੀ ਤਿਮਾਹੀ ਵਿੱਚ 102,867 ਪਹੁੰਚੀ ਹੈ। ਇਹ ਇਮੀਗ੍ਰੇਸ਼ਨ ਦੀ ਗਤੀ ਆਉਣ ਵਾਲੇ ਸਾਲਾਂ ਲਈ ਸਰਕਾਰ ਦੀ ਸਥਾਪਤ ਇਮੀਗ੍ਰੇਸ਼ਨ ਪੱਧਰ ਦੀ ਯੋਜਨਾ ਦੇ ਅਨੁਸਾਰ ਹੈ ਜਿਵੇਂ ਕਿ ਕੈਨੇਡਾ ਇਨ੍ਹਾਂ ਜਨਸੰਖਿਆ ਤਬਦੀਲੀਆਂ ਨੂੰ ਨੈਵੀਗੇਟ ਕਰੇਗੀ। ਕੈਨੇਡਾ 2026 ਦੇ ਇਮੀਗ੍ਰੇਸ਼ਨ ਟੀਚੇ ਦਾ ਉਦੇਸ਼ 380,000 ਸਥਾਈ ਵਸਨੀਕਾਂ ਲਈ ਹੈ, ਜੋ ਆਰਥਿਕ ਵਰਗਾਂ (ਹੁਨਰਮੰਦ ਕਾਮੇ, ਪੀਐਨਪੀ) ’ਤੇ ਬਹੁਤ ਜ਼ਿਆਦਾ ਧਿਆਨ ਕੇਂਦ੍ਰਤ ਕਰਦਾ ਹੈ, ਜਦੋਂ ਕਿ 2027 ਤੱਕ ਸਮੁੱਚੀ ਆਬਾਦੀ ਦੇ ਵਾਧੇ ਨੂੰ 5% ਤੋਂ ਘੱਟ ਕਰਨ ਲਈ ਅਸਥਾਈ ਵਸਨੀਕਾਂ (ਵਿਦਿਆਰਥੀ/ਕਾਮੇ) ਨੂੰ ਮਹੱਤਵਪੂਰਨ ਤੌਰ ’ਤੇ ਘਟਾਉਂਦਾ ਹੈ। ਇਹ ਯੋਜਨਾ ਲੰਬੇ ਸਮੇਂ ਦੀਆਂ ਕਿਰਤ ਜ਼ਰੂਰਤਾਂ ਨੂੰ ਤਰਜੀਹ ਦਿੰਦੀ ਹੈ, ਪੀ.ਐਨ.ਪੀ ਸਲੋਟ ਨੂੰ 66% ਵਧਾਉਂਦੀ ਹੈ ਅਤੇ ਕਿਊਬਿਕ ਤੋਂ ਬਾਹਰ ਫ੍ਰੈਂਚ ਬੋਲਣ ਵਾਲੇ ਦਾਖਲਿਆਂ ਨੂੰ ਵਧਾਉਂਦੀ ਹੈ, ਤੇਜ਼ੀ ਨਾਲ ਦਾਖਲੇ ਤੋਂ ਏਕੀਕਰਣ ਅਤੇ ਆਰਥਿਕ ਇਕਸਾਰਤਾ ਵੱਲ ਧਿਆਨ ਕੇਂਦਰਤ ਕਰਦੀ ਹੈ।

ਇਸ ਗੱਲ ਨੂੰ ਮੰਨਣਾ ਪਵੇਗਾ ਕਿ ਦੇਸ਼ ਦੀ ਆਬਾਦੀ ਵਿੱਚ ਪਰਵਾਸੀਆਂ ਦੀ ਵੱਡੀ ਗਿਣਤੀ ਹੈ। ਕੈਨੇਡਾ ਦੀ ਆਰਥਿਕ ਤਰੱਕੀ ਵਿੱਚ ਪਰਵਾਸੀਆਂ ਦਾ ਮਹੱਤਵਪੂਰਣ ਯੋਗਦਾਨ ਹੈ ਅਤੇ ਪਰਵਾਸੀ ਦੀ ਨਿਰੰਤਰ ਆਮਦ ਨਾਲ ਹੀ ਦੇਸ਼ ਤਰੱਕੀ ਕਰ ਸਕਦਾ ਹੈ। ਇਮੀਗ੍ਰੇਸ਼ਨ ਨੀਤੀ, ਆਬਾਦੀ ਦੀ ਗਤੀਸ਼ੀਲਤਾ ਅਤੇ ਲੇਬਰ ਮਾਰਕੀਟ ਦੀਆਂ ਜ਼ਰੂਰਤਾਂ ਦੇ ਆਪਸੀ ਸਬੰਧਾਂ ਨੂੰ ਸਮਝਣਾ ਦੇਸ਼ ਦੇ ਭਵਿੱਖ ਦੇ ਵਿਕਾਸ ਅਤੇ ਸਥਿਰਤਾ ਲਈ ਮਹੱਤਵਪੂਰਨ ਹੋਵੇਗਾ। ਇਕ ਚੰਗੀ ਵਿਕਾਸ ਦਰ ਲਈ ਸਾਨੂੰ ਹੋਰ ਹੁਨਰਮੰਦ ਕਾਮੇ, ਚੰਗੀ ਖਰੀਦ ਸ਼ਕਤੀ ਵਾਲੀ ਇਸ ਦੇਸ਼ ਨੂੰ ਸੰਘਣੀ ਆਬਾਦੀ ਦੀ ਜ਼ਰੂਰਤ ਹੈ। ਇਸ ਲਈ ਪਰਵਾਸੀਆਂ ਨੂੰ ਜੀ ਆਇਆਂ ਕਹਿਣਾ ਇੱਕ ਅਣਸਰਦੀ ਜ਼ਰੂਰਤ ਹੈ।



# ਸਾਲ 2026 ਦਾ ਸਵਾਗਤ - ਬੀਤੇ ਦੇ ਸਬਕਾਂ ਨੂੰ ਪੱਲੇ ਬੰਨਦਿਆਂ ਅੱਗੇ ਵਧੀਏ



ਗੁਰਮੀਤ ਸਿੰਘ ਸੁਖਪੁਰ
+91 9465915763
+1 437 967 0043

ਲੰਘੇ ਵਰ੍ਹੇ 2025 ਨੂੰ ਅਲਵਿਦਾ ਕਹਿੰਦਿਆਂ ਤੇ ਨਵੇਂ ਵਰ੍ਹੇ 2026 ਨੂੰ ਖ਼ੁਸ਼-ਆਮਦੀਦ ਕਹਿਣ ਲਈ ਬੀਤੇ ਦੇ ਸਬਕਾਂ ਤੋਂ ਸਿੱਖੀਏ। ਬੀਤੇ ਵਰ੍ਹੇ ਵਿੱਚ ਬਹੁਤ ਕੁੱਝ ਅਜਿਹਾ ਵਾਪਰਿਆ ਜਿਸਨੇ ਇਨਸਾਨੀਅਤ ਨੂੰ ਸ਼ਰਮਸਾਰ ਕੀਤਾ। ਇਜ਼ਰਾਈਲੀ ਹਾਕਮਾਂ ਵੱਲੋਂ ਫ਼ਲਸਤੀਨੀ ਲੋਕਾਂ ਦੇ ਕਤਲੇਆਮ ਅਤੇ ਅਣਮਨੁੱਖੀ ਵਿਵਹਾਰ, ਟਰੰਪ ਵਲੋਂ ਪੂਰੀ ਦੁਨੀਆਂ ਦੇ ਦੇਸ਼ਾਂ ਉੱਪਰ ਮੜ੍ਹੇ ਟੈਰਿਫ ਯੁੱਧ, ਰੂਸੀ-ਯੂਕਰੇਨ ਜੰਗ ਦੌਰਾਨ ਭਿਆਨਕ ਤਬਾਹੀ, ਪੂਰੀ ਦੁਨੀਆਂ ਦੇ ਮੁਲਕਾਂ ਤੇ ਪੰਜਾਬ ਵਿੱਚ ਪਰਵਾਸੀਆਂ ਪ੍ਰਤੀ ਨਫ਼ਰਤ ਦਾ ਪ੍ਰਗਟਾਵਾ, ਭਾਰਤ ਅੰਦਰ ਆਰ ਐਸ ਐਸ ਦੀ ਅਗਵਾਈ ਵਾਲੀ ਭਾਜਪਾ ਵੱਲੋਂ ਆਪਣੇ ਫ਼ਿਰਕੂ ਫਾਸ਼ੀ ਹੱਲੇ ਨੂੰ ਤੇਜ਼ ਕਰਦਿਆਂ ਘੱਟ ਗਿਣਤੀ ਤਬਕਿਆਂ ਖਾਸ ਕਰ ਮੁਸਲਮਾਨਾਂ ਨੂੰ ਗਿਣ ਮਿਥ ਕੇ ਨਿਸ਼ਾਨਾ ਬਣਾਉਣ ਆਦਿ ਤੋਂ ਇਲਾਵਾ ਭਾਰਤ ਦੇ ਸੂਬੇ ਮਨੀਪੁਰ ਵਿੱਚ ਔਰਤਾਂ ਤੇ ਢਾਹੇ ਗਏ ਜਬਰ, ਲੋਕ ਪੱਖੀ ਬੁੱਧੀਜੀਵੀਆਂ ਅਤੇ ਸਮਾਜਿਕ ਕਾਰਕੁਨਾਂ ਨੂੰ ਬਿਨ੍ਹਾਂ ਵਜ੍ਹਾ ਸਾਲਾਂ ਬੱਧੀ ਸਮੇਂ ਤੋਂ ਜੇਲ੍ਹਾਂ ਵਿੱਚ ਨਜ਼ਰਬੰਦ ਰੱਖਣਾ, ਸਜ਼ਾਵਾਂ ਪੂਰੀਆਂ ਕਰ ਚੁੱਕੇ ਕੈਦੀਆਂ ਨੂੰ ਰਿਹਾਅ ਨਾ ਕਰਨਾ, ਜਲ ਜੰਗਲ ਜ਼ਮੀਨਾਂ ਨੂੰ ਦੇਸੀ-ਬਦੇਸੀ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਲਈ ਆਦਿਵਾਸੀਆਂ/ਮਾਓਵਾਦੀਆਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰਨਾ, ਲੋਕ ਪੱਖੀ ਚੈਨਲਾਂ ਦੇ ਪੱਤਰਕਾਰਾਂ ਤੇ ਬੁੱਧੀਜੀਵੀਆਂ ਤੇ ਦੇਸ਼ ਧ੍ਰੋਹ ਦੇ ਇਲਜ਼ਾਮ ਲਗਾ ਕੇ ਜੇਲ੍ਹਾਂ ਵਿੱਚ ਸੁੱਟਣਾ, ਔਰਤਾਂ ਖ਼ਿਲਾਫ਼ ਸੰਸਥਾਗਤ ਜੁਰਮਾਂ ਦਾ ਵਧਣਾ, ਕਿਸਾਨਾਂ-ਮਜਦੂਰਾਂ ਅਤੇ ਨੌਜਵਾਨਾਂ ਦੀਆਂ ਵਧ ਰਹੀਆਂ ਖ਼ੁਦਕੁਸ਼ੀਆਂ ਆਦਿ ਇਸ ਪੁਰਾਣੇ ਵਰ੍ਹੇ ਦੇ ਮਾੜੇ ਕਾਰਨਾਮਿਆਂ ਵਿੱਚ ਸ਼ੁਮਾਰ ਹਨ। ਬੀਤੇ ਵਰ੍ਹੇ ਵਿੱਚ ਪੂਰੀ ਦੁਨੀਆਂ ਤੇ ਖ਼ਾਸ ਕਰ ਭਾਰਤ ਵਿੱਚ ਵਧਦੀ ਮਹਿੰਗਾਈ ਅਤੇ ਬੇਰੁਜ਼ਗਾਰੀ ਨੇ ਲੋਕਾਂ ਦਾ ਜਿਉਣਾ ਮੁਹਾਲ ਕੀਤਾ ਹੋਇਆ ਹੈ। ਸਾਮਰਾਜੀ ਮਾਡਲ ਤਹਿਤ ਹੋ ਰਹੇ ਅਣਸਾਵੇਂ ਵਿਕਾਸ ਤਹਿਤ ਵਧਦੀ ਬੇਰੁਜ਼ਗਾਰੀ ਨੇ ਪੂਰੇ ਭਾਰਤ ਵਰਸ਼ ਖਾਸ ਕਰਕੇ ਪੰਜਾਬ ਦੇ ਨੌਜਵਾਨਾਂ ਨੂੰ ਪਰਵਾਸ ਕਰਨ ਲਈ ਮਜ਼ਬੂਰ ਕੀਤਾ ਹੈ। ਇਸੇ ਵਰ੍ਹੇ ਪੰਜਾਬ ਦੇ ਅੰਨ ਦਾਤਾ ਨੂੰ ਕੇਂਦਰ ਅਤੇ ਪੰਜਾਬ ਸਰਕਾਰ ਦੀ ਨਲਾਇਕੀ ਕਾਰਨ ਮੀਂਹ ਤੇ ਹੜ੍ਹਾਂ ਨੇ ਬੁਰੀ ਤਰ੍ਹਾਂ ਝੰਬਿਆ। ਲੱਖਾਂ ਏਕੜ ਖੜ੍ਹੀ ਫ਼ਸਲ ਬਰਬਾਦ ਹੋਣ ਦੇ ਨਾਲ ਨਾਲ ਮਨੁੱਖੀ ਜ਼ਿੰਦਗੀਆਂ, ਪਸ਼ੂਆਂ ਤੇ ਘਰਾਂ ਦੀ ਬਰਬਾਦੀ ਹੋਈ। ਪਰੰਤੂ ਚੰਗੀ ਗੱਲ ਇਹ ਵਾਪਰੀ ਕਿ ਇਸ ਵਾਰ ਹੜ੍ਹਾਂ ਮਾਰੇ ਲੋਕਾਂ ਦੀ ਬਾਂਹ ਫੜਨ ਲਈ ਕਿਸਾਨ ਜਥੇਬੰਦੀ ਉਗਰਾਹਾਂ ਤੇ ਡਕੌਂਦਾ ਧਨੇਰ ਮੁੱਖ ਤੌਰ ਤੇ ਮੈਦਾਨ ਵਿੱਚ ਆਈਆਂ। ਇਨ੍ਹਾਂ ਤੋਂ ਇਲਾਵਾ ਸੰਯੁਕਤ ਕਿਸਾਨ ਮੋਰਚਾ ਦੀਆਂ ਕੁੱਝ ਹੋਰ ਜਥੇਬੰਦੀਆਂ, ਧਾਰਮਿਕ ਸੰਸਥਾਵਾਂ, ਗਾਇਕਾਂ, ਫ਼ਿਲਮੀ ਹਸਤੀਆਂ ਤੇ ਐੱਨਆਰਆਈਜ਼ ਨੇ ਪੀੜਤ ਲੋਕਾਂ ਦੀ ਸਾਰ ਲੈਣ ਲਈ ਮੱਦਦ ਦਾ ਹੱਥ ਵਧਾਇਆ।

ਇਸੇ ਵਰ੍ਹੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੈਂਡ ਪੂਲਿੰਗ ਪਾਲਿਸੀ ਰਾਹੀਂ ਕਿਸਾਨਾਂ ਦੀ ਜ਼ਮੀਨ ਨੂੰ ਹੜੱਪ ਕੇ ਕਾਰਪੋਰੇਟਾਂ ਨੂੰ ਮਾਲੋ ਮਾਲ ਕਰਨ ਦਾ ਯਤਨ ਕੀਤਾ ਗਿਆ। ਪ੍ਰੰਤੂ ਪੰਜਾਬ ਦੇ ਲੋਕਾਂ ਨੇ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿੱਚ ਸੰਘਰਸ਼ ਦਾ ਅਜਿਹਾ ਬਿਗਲ ਵਜਾਇਆ ਕਿ ਪੰਜਾਬ ਦੀ ਅਖੌਤੀ ਇਨਕਲਾਬੀ ਸਰਕਾਰ ਨੂੰ ਲੈਂਡ ਪੂਲਿੰਗ ਪਾਲਿਸੀ ਰੱਦ ਕਰਨ ਲਈ ਮਜ਼ਬੂਰ ਹੋਣਾ ਪਿਆ। ਇਸੇ ਵਰ੍ਹੇ ਕੇਂਦਰੀ ਹਕੂਮਤ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਖ਼ੁਦਮੁਖਤਿਆਰੀ ਤੇ ਹਮਲਾ ਕਰਦੇ ਨੋਟੀਫ਼ਿਕੇਸ਼ਨ ਲਿਆਂਦੇ ਗਏ ਪਰੰਤੂ ਵਿਦਿਆਰਥੀ ਜਥੇਬੰਦੀਆਂ ਦੀ ਅਗਵਾਈ ਵਿੱਚ ਲੜੇ ਜਾ ਰਹੇ ਘੋਲ ਨੂੰ ਸੰਯੁਕਤ ਕਿਸਾਨ ਮੋਰਚਾ, ਜਨਤਕ ਜਮਹੂਰੀ ਜਥੇਬੰਦੀਆਂ ਤੇ ਆਮ ਲੋਕਾਂ ਦਾ ਇੰਨਾ ਵੱਡਾ ਸਮਰਥਨ ਮਿਲਿਆ ਕਿ ਕੇਂਦਰ ਦੀ ਭਾਜਪਾ ਹਕੂਮਤ ਨੂੰ ਪਿਛਲਖੁਰੀ ਮੁੜਨਾ ਪਿਆ।

ਇਸੇ ਵਰ੍ਹੇ ਹੀ ਪੰਜਾਬ ਸਰਕਾਰ ਨੇ ਵੱਖ-ਵੱਖ ਸ਼ਹਿਰਾਂ ਵਿੱਚ ਵੱਖ-ਵੱਖ ਵਿਭਾਗਾਂ ਦੀ ਸਰਕਾਰੀ ਜ਼ਮੀਨ ਨੂੰ ਵੇਚਣ ਲਈ ਕਾਗਜ਼ੀ ਪ੍ਰਕਿਰਿਆ ਆਰੰਭ ਕਰ ਦਿੱਤੀ ਗਈ ਹੈ। ਇਸੇ ਸਾਲ ਦੇ ਆਖ਼ਰੀ ਮਹੀਨੇ ਵਿੱਚ ਸੂਬੇ ਨੂੰ ਆਰਥਿਕ ਪੱਖੋਂ ਮਜ਼ਬੂਤ ਬਣਾਉਣ ਲਈ ਪੈਸੇ ਇਕੱਠੇ ਕਰਨ ਦਾ ਪ੍ਰੋਗਰਾਮ ਬਣਾਇਆ ਗਿਆ ਜਿਸ ਤਹਿਤ ਮਾਲਦਾਰ ਲੋਕਾਂ ਤੋਂ ਫੰਡ ਡੋਨੇਟ ਕਰਵਾਏ ਜਾਣਗੇ। ਬਿਨਾਂ ਸ਼ੱਕ ਮਾਲਦਾਰ ਲੋਕਾਂ ਵੱਲੋਂ ਕੀਤੀ ਗਈ ਡੋਨੇਸ਼ਨ ਕਈ ਗੁਣਾਂ ਹੋਕੇ ਵਾਪਿਸ ਮਾਲਦਾਰ ਲੋਕਾਂ ਕੋਲ ਹੀ ਜਾਵੇਗੀ ਤੇ ਆਮ ਆਦਮੀ ਹੋਰ ਵਧੇਰੇ ਕਰਜ਼ਦਾਰ ਹੋਣਗੇ। ਇਸੇ ਸਾਲ ਪੰਜਾਬ ਅੰਦਰ ਬਠਿੰਡਾ ਜ਼ਿਲ੍ਹੇ ਦੇ ਇੱਕ ਨੌਜਵਾਨ ਅਧਿਆਪਕ ਨੂੰ ਗ੍ਰਿਫ਼ਤਾਰ ਕਰਕੇ ਠਾਣੇ ਅੰਦਰ ਢਾਹੇ ਗਏ ਪੁਲਸੀਆ ਤਸੀਹਿਆਂ ਨਾਲ ਜ਼ਿੰਦਗੀ ਤੋਂ ਹੱਥ ਧੋਣਾ ਪਿਆ। ਇਸੇ ਵਰ੍ਹੇ ਹੀ ਸਿਆਸਤਦਾਨਾਂ ਅਤੇ ਉੱਚ ਅਫ਼ਸਰਸ਼ਾਹੀ ਦੇ ਨਾਪਾਕ ਗੱਠਜੋੜ ਦੁਆਰਾ ਪੰਜਾਬ ਦੇ ਕਿੰਨੇ ਹੀ ਨੌਜਵਾਨਾਂ ਨੂੰ ਚਿੱਟੇ ਨੇ ਆਪਣੀ ਲਪੇਟ ਵਿੱਚ ਲੈਂਦਿਆਂ ਘਰਾਂ ਵਿੱਚ ਸੱਥਰ ਵਿਛਾਏ। ਇਸੇ ਵਰ੍ਹੇ ਹੱਕ ਮੰਗਦੇ ਕਿਸਾਨਾਂ ਨੂੰ ਗੱਲਬਾਤ ਲਈ ਬੁਲਾ ਕੇ ਧੋਖੇ ਨਾਲ ਗ੍ਰਿਫ਼ਤਾਰ ਕੀਤਾ ਗਿਆ ਤੇ ਬਾਰਡਰਾਂ ਤੇ ਚੱਲ ਰਹੇ ਕਿਸਾਨਾਂ ਦੇ ਧਰਨਿਆਂ ਨੂੰ ਪੁਲਿਸ ਜਬਰ ਨਾਲ ਖਦੇੜਿਆ ਗਿਆ ਤੇ ਪੁਲਿਸ ਤੇ ਮੌਜੂਦਾ ਸਰਕਾਰ ਦੇ ਕਰਿੰਦਿਆਂ ਵੱਲੋਂ ਕਿਸਾਨਾਂ ਦਾ ਸਮਾਨ ਅਤੇ ਟਰੈਕਟਰ ਟਰਾਲੀਆਂ ਨੂੰ ਚੋਰੀ ਕੀਤਾ ਜਾਂ ਕਰਵਾਇਆ ਗਿਆ। ਇਸੇ ਵਰ੍ਹੇ ਪੰਜਾਬ ਸਰਕਾਰ ਨੇ ਹੱਕ ਮੰਗਦੇ ਕੰਪਿਊਟਰ ਅਧਿਆਪਕਾਂ ਅਤੇ ਹੋਰ ਮੁਲਾਜ਼ਮਾਂ ਤੇ ਲਾਠੀਚਾਰਜ ਕੀਤੇ। ਬੇਰੁਜ਼ਗਾਰਾਂ ਅਧਿਆਪਕਾਂ ਦੇ ਸੰਘਰਸ਼ ਨੂੰ ਤੇ ਹੋਰ ਹੱਕੀ ਸੰਘਰਸ਼ਾਂ ਨੂੰ ਜ਼ਬਰੀ ਖ਼ਤਮ ਕਰਵਾਉਣ ਲਈ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ। ਇਸ ਸਭ ਕੁੱਝ ਦੇ ਬਾਵਜੂਦ ਵੀ ਲੋਕ ਸੰਘਰਸ਼ਾਂ ਦੇ ਮਘਦੇ ਭਖਦੇ ਅਖਾੜਿਆਂ ਨੇ ਕੇਂਦਰੀ ਅਤੇ ਸੂਬਾਈ ਹਾਕਮਾਂ ਨੂੰ ਤਰੇਲੀਆਂ ਲਿਆਂਦੀਆਂ ਹਨ। ਸੋ ਆਓ ਬੀਤੇ ਵਰ੍ਹੇ ਦੀਆਂ ਸਾਰੀਆਂ ਯਾਦਾਂ ਨੂੰ ਪੱਲੇ ਬੰਨਦਿਆਂ, ਸਬਕ ਸਿੱਖਦਿਆਂ ਨਵੇਂ ਵਰ੍ਹੇ ਵਿੱਚ ਸ਼ਾਮਲ ਹੋਣ ਵੇਲੇ ਲੋਕ ਸੰਘਰਸ਼ ਰਾਹੀਂ ਹਾਕਮਾਂ ਨੂੰ ਸਿਖਾਏ ਗਏ ਸਬਕਾਂ ਨੂੰ ਲੜ ਬੰਨ੍ਹਦਿਆਂ ਬਰਾਬਰਤਾ ਵਾਲੇ ਸਮਾਜ ਦੀ ਸਿਰਜਣਾ ਲਈ ਅੱਗੇ ਵਧਣ ਦੇ ਯਤਨ ਕਰੀਏ।




ਨਵੇਂ ਵਰ੍ਹੇ 2026 ਨੂੰ ਖ਼ੁਸ਼ ਆਮਦੀਦ ਕਹਿੰਦੇ ਹੋਏ ਇੱਕ ਗੱਲ ਹਮੇਸ਼ਾ ਚੇਤੇ ਰੱਖੀਏ ਕਿ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਸਿਰਫ਼ ਕਲੰਡਰ ਹੀ ਬਦਲ ਰਿਹਾ ਹੈ। ਨਵੇਂ ਵਰ੍ਹੇ ਵਿੱਚ ਵੀ ਹਾਕਮਾਂ ਵੱਲੋਂ ਆਮ ਲੋਕਾਂ ਦੀ ਲੁੱਟ ਵਿੱਚ ਲਾਜ਼ਮੀ ਤੌਰ ਉੱਤੇ ਵਾਧਾ ਹੋਵੇਗਾ, ਬਿਜਲੀ ਬਿੱਲ 2025 ਦੇ ਲਾਗੂ ਹੋਣ ਨਾਲ ਘਰਾਂ ਦੇ ਦੀਵੇ ਵੀ ਬੁਜਣਗੇ, ਕਿਰਤ ਕੋਡ ਲਾਗੂ ਹੋਣ ਨਾਲ ਮਜ਼ਦੂਰਾਂ ਦੀ ਕੰਡ ਹੋਰ ਕੁੱਬੀ ਹੋਣੀ ਹੈ, ਬੀਜ ਬਿੱਲ ਨਾਲ ਕਿਸਾਨ ਤੋਂ ਖ਼ੁਦ ਦਾ ਬੀਜ ਪੈਦਾ ਕਰਨ ਦਾ ਹੱਕ ਖ਼ੁੱਸ ਜਾਵੇਗਾ ਤੇ ਵੱਡੀਆਂ ਕੰਪਨੀਆਂ ਬੀਜ ਮਨ ਮਰਜ਼ੀ ਦੇ ਭਾਅ ਤੇ ਵੇਚਣ ਦਾ ਹੱਕ ਹਾਸਲ ਕਰਕੇ ਜ਼ਮੀਨਾਂ ਉੱਪਰ ਕਬਜ਼ਾ ਕਰਨ ਵੱਲ ਵਧਣਗੀਆਂ। ਗ਼ੁਰਬਤ ਮਾਰੀ ਜਨਤਾ ਨੇ ਮਹਿੰਗਾਈ ਦੀ ਚੱਕੀ ਵਿੱਚ ਪਿਛਲੇ ਸਾਲ ਵਾਂਗ ਹੀ ਪਿਸਣਾ ਹੈ, ਪ੍ਰਾਈਵੇਟ ਸਕੂਲਾਂ ਵੱਲੋਂ ਭਾਰੀ ਫ਼ੀਸਾਂ ਵਸੂਲੀਆਂ ਜਾਣੀਆਂ ਜਾਰੀ ਰਹਿਣਗੀਆਂ ਜਾਂ ਹੋਰ ਵੱਧ ਸਕਦੀਆਂ ਹਨ, ਪ੍ਰਾਈਵੇਟ ਹਸਪਤਾਲਾਂ ਵੱਲੋਂ ਲੋਕਾਂ ਦੀ ਲੁੱਟ ਜਾਰੀ ਰਹਿਣੀ ਆ ਆਦਿ ਸਭ ਕੁੱਝ ਪਿਛਲੇ ਵਰਿਆਂ ਦੀ ਤਰ੍ਹਾਂ ਹੀ ਰਹਿਣਾ ਹੈ।

ਉਪਰੋਕਤ ਮਸਲਿਆਂ ਦੇ ਪ੍ਰਸੰਗ ਵਿੱਚ ਨਵੇਂ ਵਰ੍ਹੇ ਵੱਡੀਆਂ ਚੁਣੌਤੀਆਂ ਦਰਪੇਸ਼ ਹਨ। ਹੇਠ ਲਿਖੇ ਕੁੱਝ ਅਹਿਮ ਕਾਰਜਾਂ ਨੂੰ ਹੱਥ ਲੈਕੇ ਮਹਿਲਕਲਾਂ ਲੋਕ ਘੋਲ, ਇਤਿਹਾਸਕ, ਜੇਤੂ ਦਿੱਲੀ ਕਿਸਾਨ ਘੋਲ ਤੇ ਹੋਰ ਸਾਂਝੇ ਘੋਲਾਂ ਦੇ ਕੀਮਤੀ ਸਬਕ ਗ੍ਰਹਿਣ ਕਰਦਿਆਂ ਅਗਲੀਆਂ ਪੇਸ਼ਕਦਮੀਆਂ ਵੱਲ ਵਧਣ ਦੀ ਲੋੜ ਹੈ।

(1) ਭਾਰਤ ਇੱਕ ਖੇਤੀਬਾੜੀ ਨਿਰਭਰ ਦੇਸ਼ ਹੋਣ ਕਾਰਨ ਦੇਸ਼ ਦੇ ਕਿਸਾਨਾਂ ਨੂੰ ਸੀ2+50% ਮੁਨਾਫ਼ਾ ਫਾਰਮੂਲੇ ਅਨੁਸਾਰ ਸਾਰੀਆਂ ਫਸਲਾਂ 'ਤੇ ਐੱਮਐੱਸਪੀ ਅਤੇ ਸਰਕਾਰੀ ਖਰੀਦ ਯਕੀਨੀ ਬਣਾਕੇ ਕਿਸਾਨਾਂ ਨੂੰ ਪੈਰਾਂ ਸਿਰ ਕਰਨ

(2) ਸਮਾਜ, ਕਿਸਾਨ ਅਤੇ ਕੁਦਰਤ ਪੱਖੀ ਨਵੀਂ ਖੇਤੀ ਨੀਤੀ ਬਣਾਉਣ

(3) ਵਾਤਾਵਰਨ ਕੇਂਦਰਿਤ ਨੀਤੀਆਂ ਬਣਾਉਣ

(4) ਫ਼ਸਲਾਂ ਦੀ ਉਚਿੱਤ ਸਟੋਰੇਜ਼ ਦਾ ਪ੍ਰਬੰਧ ਕਰਨ

(5) ਬਾਗਬਾਨੀ ਕਾਸ਼ਤ ਵਧਾਕੇ(6) ਵੱਡੀ ਪੱਧਰ ਤੇ ਖੇਤੀ ਅਧਾਰਤ ਛੋਟੇ ਕਾਰਖਾਨੇ ਲਗਾਕੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਤੇ ਨੌਜਵਾਨਾਂ ਨੂੰ ਵੱਡੀ ਪੱਧਰ ਤੇ ਨੌਕਰੀਆਂ ਦੇਣ ਪ੍ਰਬੰਧ ਕਰਨ।

ਨਵੀਂ ਤਕਨਾਲੋਜੀ ਤਹਿਤ ਹਕੀਕੀ ਰੂਪ ਵਿੱਚ ਸਕਿੱਲ ਡਿਵੈਲਪਮੈਂਟ ਵੱਲ ਧਿਆਨ ਦੇਣ, ਏ ਆਈ, ਡਿਜੀਟਲ ਫ਼ਾਈਨਾਂਸ, ਹੈਲਥ ਟੈਕਨੋਲੋਜੀ ਤੇ ਐਗਰੀਕਲਚਰ ਟੈਕਨੋਲੋਜੀ ਅਗਲੇ ਸਮੇਂ ਦਾ ਵੱਡਾ ਸਟਾਰਟਅਪ ਹੋ ਸਕਦਾ ਹੈ। ਸੂਰਜ, ਹਵਾ, ਪਾਣੀ ਤੇ ਗਰੀਨ ਹਾਈਡ੍ਰੋਜਨ ਭਵਿੱਖ ਦੇ ਵੱਡੇ ਊਰਜਾ ਸਰੋਤਾਂ ਦੀ ਵਰਤੋਂ ਕਰਕੇ ਜਿੱਥੇ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਇਆ ਜਾ ਸਕਦਾ ਹੈ ਉੱਥੇ ਮਹਿੰਗੇ ਊਰਜਾ ਸ੍ਰੋਤਾਂ ਤੇ ਨਿਰਭਰਤਾ ਘਟਾਉਣ ਨਾਲ ਵੱਡੇ ਪੈਮਾਨੇ ਤੇ ਆਰਥਿਕਤਾ ਵਿੱਚ ਮਜ਼ਬੂਤੀ ਲਿਆਂਦੀ ਜਾ ਸਕਦੀ ਹੈ। ਖਾਦ ਤੇ ਪਾਣੀ ਦੀ ਸੁਰੱਖਿਆ ਲਈ ਨਵੀਆਂ ਤਕਨੀਕਾਂ ਵਿਕਸਿਤ ਕਰਕੇ, ਡੇਅਰੀ, ਖੇਤੀਬਾੜੀ ਤੇ ਫ਼ਲ ਸਬਜ਼ੀਆਂ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਕੇ, ਪੰਜਾਬ ਹਰਿਆਣਾ ਯੂਪੀ ਦੇ ਵੱਡੇ ਖੇਤਰ ਵਿੱਚ ਧਰਤੀ ਹੇਠਲੇ ਘਟ ਰਹੇ ਪਾਣੀ ਦੇ ਪੱਧਰ ਨੂੰ ਕੰਟਰੋਲ ਕਰਕੇ ਅਤੇ ਸ਼ਹਿਰਾਂ ਤੇ ਪਿੰਡਾਂ ਵਿਚਲੇ ਸਮਾਜਿਕ ਤੇ ਆਰਥਿਕ ਪਾੜੇ ਨੂੰ ਘਟਾਉਣ ਨਾਲ ਦੇਸ਼ ਨੂੰ ਤਰੱਕੀ ਵੱਲ ਲਿਜਾਇਆ ਸਕਦਾ ਹੈ। ਨਵੇਂ ਵਰ੍ਹੇ 2026 ਵਿੱਚ ਅਖਬਾਰਾਂ ਤੇ ਇਲੈਕਟ੍ਰਾਨਿਕ ਮੀਡੀਆ ਤੋਂ ਆਸ ਕਰਨੀ ਚਾਹੀਦੀ ਹੈ ਕਿ ਉਹ ਲੋਕ ਪੱਖੀ, ਨਿਰਪੱਖ ਤੇ ਨਿਧੜਕ ਹੋ ਕੇ ਆਪਣੇ ਫਰਜ਼ ਨਿਭਾਉਣਗੇ। ਲੋਕਾਂ ਤੋਂ ਇਹ ਆਸ ਕਰਨੀ ਬਣਦੀ ਕਿ ਉਹ ਇਸ ਨਵੇਂ ਵਰ੍ਹੇ ਵਿੱਚ ਹਰ ਗਲਤ ਵਰਤਾਰੇ, ਜਬਰ-ਜ਼ੁਲਮ ਤੇ ਧੱਕੇਸ਼ਾਹੀ ਦੇ ਵਿਰੁੱਧ ਲੋਕ ਏਕਤਾ ਦੀ ਰੋਹਲੀ ਆਵਾਜ਼ ਉਠਾਉਂਦੇ ਰਹਿਣਗੇ।









# ਆਦਿਵਾਸੀਆਂ ਅਤੇ ਮਾਓਵਾਦੀ ਇਨਕਲਾਬੀਆਂ ਦੇ ਕਤਲੇਆਮ ਵਿਰੁੱਧ ਜਮਹੂਰੀ ਫਰੰਟ ਵੱਲੋਂ ਕਨਵੈਨਸ਼ਨ

## *ਬੁੱਧੀਜੀਵੀਆਂ, ਜਮਹੂਰੀ ਕਾਰਕੁਨਾਂ ਅਤੇ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਦੀ ਰਿਹਾਈ ਦੀ ਮੰਗ*

## *ਸੱਤਾ ਕੋਲ ਜਾਬਰ ਤਾਕਤ ਜ਼ਰੂਰ ਹੈ ਪਰ ਅਖ਼ੀਰ ਵਿਚ ਜਿੱਤ ਸੱਚ ਦੀ ਹੋਵੇਗੀ : ਨਦੀਮ ਖ਼ਾਨ*

ਇੱਥੇ ਓਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਵੱਲੋਂ ਆਦਿਵਾਸੀਆਂ ਤੇ ਮਾਓਵਾਦੀ ਇਨਕਲਾਬੀਆਂ ਦੇ ਕਰੂਰ ਕਤਲੇਆਮ ਵਿਰੁੱਧ ਅਤੇ ਜੇਲ੍ਹਾਂ ਵਿਚ ਡੱਕੇ ਬੁੱਧੀਜੀਵੀਆਂ, ਜਮਹੂਰੀ ਕਾਰਕੁਨਾਂ ਅਤੇ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਦੀ ਰਿਹਾਈ ਲਈ ਰੋਹ ਭਰਪੂਰ ਮੁਜ਼ਾਹਰਾ ਕੀਤਾ ਗਿਆ। ਇਸ ਤੋਂ ਪਹਿਲਾਂ ਦੇਸ਼ਭਗਤ ਯਾਦਗਾਰ ਹਾਲ ਵਿਖੇ ਫਰੰਟ ਦੇ ਕਨਵੀਨਰਾਂ ਡਾ. ਪਰਮਿੰਦਰ ਸਿੰਘ, ਪ੍ਰੋਫ਼ੈਸਰ ਏ.ਕੇ.ਮਲੇਰੀ, ਯਸ਼ਪਾਲ ਅਤੇ ਬੂਟਾ ਸਿੰਘ ਮਹਿਮੂਦਪੁਰ ਦੀ ਪ੍ਰਧਾਨਗੀ ਹੇਠ ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਨੂੰ ਸਮਰਪਿਤ ਸੂਬਾਈ ਕਨਵੈਨਸ਼ਨ ਕੀਤੀ ਗਈ। ਜਿਸ ਵਿਚ ਪੰਜਾਬ ਭਰ ਤੋਂ ਕਿਸਾਨ, ਮਜ਼ਦੂਰ, ਨੌਜਵਾਨ, ਵਿਦਿਆਰਥੀ, ਔਰਤਾਂ, ਤਰਕਸ਼ੀਲ, ਜਮਹੂਰੀ ਹੱਕਾਂ ਦੇ ਝੰਡਾਬਰਦਾਰ, ਲੋਕ ਪੱਖੀ ਲੇਖਕ, ਸਾਹਿਤਕਾਰ, ਕਲਾਕਾਰ-ਰੰਗਕਰਮੀ ਪਹੁੰਚੇ। ਇਸ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਨਾਮਵਰ ਕਾਰਕੁਨ ਨਦੀਮ ਖ਼ਾਨ, ਉੱਘੇ ਪੱਤਰਕਾਰ ਪ੍ਰਸ਼ਾਂਤ ਰਾਹੀ, ਕਾਰਕੁਨ ਆਸਿਫ਼ ਇਕਬਾਲ ਤਨਹਾ ਅਤੇ ਜਾਣੀ ਪਹਿਚਾਣੀ ਜਮਹੂਰੀ ਸ਼ਖ਼ਸੀਅਤ ਤੇ ਉੱਘੇ ਨਾਟਕਕਾਰ ਗੁਰਸ਼ਰਨ ਭਾਅ ਜੀ ਦੀ ਧੀ ਡਾ. ਨਵਸ਼ਰਨ ਨੇ ਕਿਹਾ ਕਿ ਭਾਰਤੀ ਰਾਜ ਵੱਲੋਂ ਕਰੂਰ ਕਤਲੇਆਮ, ਜੇਲ੍ਹਬੰਦੀ ਅਤੇ ਝੂਠੇ ਕੇਸਾਂ ਰਾਹੀਂ ਜਮਹੂਰੀ ਤੇ ਮਨੁੱਖੀ ਹੱਕਾਂ ਦਾ ਘਾਣ ਕੀਤਾ ਜਾ ਰਿਹਾ ਹੈ। ਕੇਂਦਰੀ ਗ੍ਰਹਿ ਮੰਤਰੀ ਵੱਲੋਂ 'ਆਤਮ ਸਮਰਪਣ ਕਰਨ ਜਾਂ ਮਰਨ ਲਈ ਤਿਆਰ ਰਹਿਣ' ਦੇ ਵਾਰ-ਵਾਰ ਐਲਾਨ ਗੰਭੀਰ ਚਿੰਤਾ ਦਾ ਵਿਸ਼ਾ ਹਨ। ਭਾਰਤੀ ਹੁਕਮਰਾਨਾਂ ਵੱਲੋਂ ਬਸਤਰ ਅਤੇ ਹੋਰ ਆਦਿਵਾਸੀ ਖੇਤਰਾਂ ਵਿਚ ਵਿਆਪਕ ਨੀਮ-ਫ਼ੌਜੀ ਅਪ੍ਰੇਸ਼ਨਾਂ ਦਾ ਇੱਕੋ-ਇਕ ਮਨੋਰਥ ਦੇਸ਼ ਦੇ ਜਲ-ਜੰਗਲ-ਜ਼ਮੀਨਾਂ ਤੇ ਖਣਿਜ ਭੰਡਾਰ ਵਿਦੇਸ਼ੀ ਤੇ ਦੇਸੀ ਇਜਾਰੇਦਾਰ ਸਰਮਾਏਦਾਰਾਂ ਨੂੰ ਲੁਟਾਉਣਾ ਹੈ। ਸਾਰੇ ਜਮਹੂਰੀ ਤੇ ਮਨੁੱਖੀ ਤਕਾਜ਼ਿਆਂ ਨੂੰ ਤਿਆਗਕੇ ਡਰੋਨਾਂ, ਹੈਲੀਕਾਪਟਰਾਂ ਦੀ ਮਦਦ ਨਾਲ ਬਦਰੇਗ ਕਤਲੇਆਮ ਕਰਕੇ ਮੋਦੀ ਸਰਕਾਰ ਇਹ ਜੰਗਲ-ਪਹਾੜ ਅਜਾਰੇਦਾਰ ਸਰਮਾਏਦਾਰਾਂ ਦੇ ਧਾੜਵੀ ਖਣਨ ਪ੍ਰੋਜੈਕਟਾਂ ਦੇ ਹਵਾਲੇ ਕਰਨ ਲਈ ਬਜ਼ਿੱਦ ਹੈ। ਵੱਡੇ ਕਾਰਪੋਰੇਟਾਂ ਦੀ ਲਾਲਚੀ ਅੱਖ ਪੂਰੇ ਦੇਸ਼ ਦੇ ਖੇਤੀ ਅਤੇ ਖਣਿਜ ਭੰਡਾਰਾਂ ਉੱਪਰ ਹੈ ਅਤੇ ਜੇਕਰ ਭਾਰਤ ਦੇ ਮਿਹਨਤਕਸ਼ ਲੋਕ ਜਾਗਰੂਕ ਹੋ ਕੇ ਇਸ ਹਮਲੇ ਨੂੰ ਠੱਲ ਨਹੀਂ ਪਾਉਂਦੇ ਤਾਂ ਦੇਰ-ਸਵੇਰ ਪੂਰੇ ਭਾਰਤ ਦੇ ਲੋਕ ਇਸ ਖ਼ੂਨੀ ਹਮਲੇ ਦਾ ਨਿਸ਼ਾਨਾ ਬਣਨਗੇ। ਆਦਿਵਾਸੀ ਖੇਤਰਾਂ ਵਿਚ ਫਾਸ਼ੀ ਕਹਿਰ ਢਾਹੁਣ ਦੇ ਇਸ ਸਿਲਸਿਲੇ ਨੇ ਕਾਰਪੋਰੇਟ ਜਗਤ ਦੀ ਸੇਵਾ ਲਈ ਪੰਜਾਬ ਵਰਗੇ ਖੇਤਰਾਂ ਵਿਚ ਵੀ ਲੋਕ ਸੰਘਰਸ਼ਾਂ ਨੂੰ ਇਸੇ ਤਰ੍ਹਾਂ ਦਬਾਉਣਾ ਹੈ। ਬੁਲਾਰਿਆਂ ਨੇ ਕਿਹਾ ਕਿ ਸਰਕਾਰ ਦੀ ਆਪਣੇ ਹੀ ਲੋਕਾਂ ਵਿਰੁੱਧ ਕਾਰਪੋਰੇਟ ਹਿਤੈਸ਼ੀ ਜੰਗ ਅਤੇ ਆਰਐੱਸਐੱਸ-ਭਾਜਪਾ ਦੀ ਫਿਰਕੂ ਪਾਟਕਪਾਊ ਸਿਆਸਤ ਦਾ ਵਿਰੋਧ ਕਰਨ ਵਾਲੇ ਲੋਕ-ਪੱਖੀ ਬੁੱਧੀਜੀਵੀਆਂ ਤੇ ਜਮਹੂਰੀ ਕਾਰਕੁਨਾਂ ਨੂੰ ਬਿਨਾਂ ਮੁਕੱਦਮਾ ਚਲਾਏ ਜੇਲ੍ਹਾਂ ਵਿੱਚ ਸਾੜਿਆ ਜਾ ਰਿਹਾ ਹੈ ਅਤੇ ਹੋਰ ਲੋਕ ਜਮਹੂਰੀ ਕਾਰਕੁਨਾਂ ਨੂੰ ਜੇਲ੍ਹਾਂ 'ਚ ਡੱਕਣ ਦੀ ਤਿਆਰੀ ਕੀਤੀ ਜਾ ਰਹੀ ਹੈ। ਐਡਵੋਕੇਟ ਸੁਰਿੰਦਰ ਗਾਡਲਿੰਗ, ਕਬੀਰ ਕਲਾ ਮੰਚ ਦੇ ਕਲਾਕਾਰਾਂ, ਉੱਘੇ ਚਿੰਤਕ ਉਮਰ ਖ਼ਾਲਿਦ, ਗੁਲਫ਼ਿਸ਼ਾਂ ਫ਼ਾਤਿਮਾ ਸਮੇਤ ਦਰਜਨਾਂ ਜਮਹੂਰੀ ਲੋਕ 'ਸ਼ਹਿਰੀ ਨਕਸਲੀ' ਅਤੇ ਹੋਰ ਝੂਠੇ ਬਿਰਤਾਂਤਾਂ ਦੇ ਆਧਾਰ 'ਤੇ ਜੇਲ੍ਹਾਂ ਵਿਚ ਡੱਕੇ ਹੋਏ ਹਨ। ਅਦਾਲਤਾਂ ਦੀ ਉਦਾਸੀਨਤਾ ਕਾਰਨ ਪੂਰੇ ਦੇਸ਼ ਵਿਚ ਸਜ਼ਾ ਪੂਰੀ ਕਰ ਚੁੱਕੇ ਸੈਂਕੜੇ ਕੈਦੀ ਜੇਲ੍ਹਾਂ ਵਿਚ ਸੜ ਰਹੇ ਹਨ। ਬੁਲਾਰਿਆਂ ਨੇ ਸਮੂਹ ਲੋਕ-ਪੱਖੀ ਬੁੱਧੀਜੀਵੀਆਂ ਅਤੇ ਜਮਹੂਰੀ ਕਾਰਕੁਨਾਂ ਅਤੇ ਪੂਰੇ ਦੇਸ਼ ਵਿਚ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਦੀ ਰਿਹਾਈ ਲਈ ਮਜ਼ਬੂਤ ਜਮਹੂਰੀ ਲਹਿਰ ਖੜ੍ਹੀ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਸੱਤਾ ਕੋਲ ਜਾਬਰ ਤਾਕਤ ਜ਼ੂਰ ਹੈ ਪਰ ਅਖ਼ੀਰ ਵਿਚ ਜਿੱਤ ਸੱਚ ਦੀ ਹੋਵੇਗੀ।







ਇਕੱਠ ਵਿਚ ਜਸਵਿੰਦਰ ਫਗਵਾੜਾ ਵੱਲੋਂ ਮਤੇ ਪੇਸ਼ ਕੀਤੇ ਗਏ ਜਿਨ੍ਹਾਂ ਨੂੰ ਹੱਥ ਖੜ੍ਹੇ ਕਰ ਕੇ ਪ੍ਰਵਾਨਗੀ ਦਿੱਤੀ ਗਈ ਅਤੇ ਮੰਗ ਕੀਤੀ ਗਈ ਕਿ ਆਦਿਵਾਸੀ ਖੇਤਰਾਂ 'ਚ 'ਓਪਰੇਸ਼ਨ ਕਗਾਰ' ਸਮੇਤ ਹਰ ਤਰ੍ਹਾਂ ਦੇ ਫ਼ੌਜੀ ਅਪਰੇਸ਼ਨ ਬੰਦ ਕੀਤੇ ਜਾਣ, ਝੂਠੇ ਪੁਲਿਸ ਮੁਕਾਬਲਿਆਂ ਸਮੇਤ ਹਰ ਤਰ੍ਹਾਂ ਦੇ ਜਬਰ-ਜ਼ੁਲਮ ਫੌਰੀ ਰੋਕੇ ਜਾਣ, ਉੱਥੋਂ ਸਾਰੇ ਪੁਲਿਸ ਕੈਂਪ ਹਟਾਏ ਜਾਣ ਅਤੇ ਪੁਲਿਸ ਤੇ ਨੀਮ-ਫ਼ੌਜੀ ਬਲ ਵਾਪਸ ਬੁਲਾਏ ਜਾਣ, ਜਲ-ਜੰਗਲ-ਜ਼ਮੀਨ ਤੇ ਖਣਿਜ ਭੰਡਾਰ ਕਾਰਪੋਰੇਟਾਂ ਨੂੰ ਲੁਟਾਉਣੇ ਬੰਦ ਕੀਤੇ ਜਾਣ ਅਤੇ ਲੋਕ ਵਿਰੋਧੀ ਆਰਥਕ ਮਾਡਲ ਰੱਦ ਕੀਤਾ ਜਾਵੇ, ਆਦਿਵਾਸੀਆਂ ਦੇ ਟਾਕਰੇ ਖ਼ਿਲਾਫ਼ ਡਰੋਨਾਂ ਤੇ ਹੈਲੀਕਾਪਟਰਾਂ ਰਾਹੀਂ ਬੰਬਾਰੀ ਬੰਦ ਕੀਤੀ, ਮਜ਼ਦੂਰ ਵਿਰੋਧੀ ਕਿਰਤ ਕੋਡ, ਯੂਏਪੀਏ, ਅਫਸਪਾ ਸਮੇਤ ਸਾਰੇ ਕਾਲੇ ਕਾਨੂੰਨ ਰੱਦ ਕੀਤੇ, ਕੌਮੀ ਜਾਂਚ ਏਜੰਸੀ ਭੰਗ ਕੀਤੀ ਜਾਵੇ, ਦਿੱਲੀ ਹਿੰਸਾ, ਭੀਮਾ-ਕੋਰੇਗਾਓਂ ਆਦਿ ਝੂਠੇ ਸਾਜ਼ਿਸ਼ ਕੇਸ ਬਣਾਕੇ ਜੇਲ੍ਹਾਂ ਵਿਚ ਡੱਕੇ ਬੁੱਧੀਜੀਵੀ ਅਤੇ ਜਮਹੂਰੀ ਹੱਕਾਂ ਦੇ ਕਾਰਕੁਨ ਰਿਹਾਅ ਕੀਤੇ ਜਾਣ, ਬਿਨਾਂ ਮੁਕੱਦਮਾ ਚਲਾਏ ਵਰ੍ਹਿਆਂ ਤੋਂ ਜੇਲੀਂ ਡੱਕੇ ਕਾਰਕੁਨਾਂ ਅਤੇ ਸਜ਼ਾ ਪੂਰੀ ਕਰ ਚੁੱਕੇ ਸਾਰੇ ਹੀ ਕੈਦੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਏ, ਨਿੱਜੀਕਰਨ ਬੰਦ ਕੀਤਾ ਜਾਵੇ ਅਤੇ ਨੌਕਰੀ ਤੋਂ ਮੁਅੱਤਲ ਕੀਤੇ ਰੋਡਵੇਜ਼ ਮੁਲਾਜ਼ਮਾਂ ਨੂੰ ਤੁਰੰਤ ਬਹਾਲ ਕੀਤਾ ਜਾਵੇ; ਲੋਕਾਂ ਦਾ ਸੰਘਰਸ਼ ਅਤੇ ਜਥੇਬੰਦੀਆਂ ਬਣਾਉਣ ਦਾ ਬੁਨਿਆਦੀ ਜਮਹੂਰੀ ਹੱਕ ਖੋਹਣ ਲਈ ਹਕੂਮਤੀ ਹਮਲੇ ਬੰਦ ਕੀਤੇ ਜਾਣ। ਮੁੱਖ ਵਕਤਾਵਾਂ ਨੂੰ ਪੁਸਤਕਾਂ ਅਤੇ ਗ਼ਦਰੀ ਗੁਲਾਬ ਕੌਰ ਦਾ ਚਿੰਨ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਫਰੰਟ ਦੀ ਸੂਬਾ ਕਮੇਟੀ ਦੇ ਨਾਲ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ, ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਜਗਮੋਹਣ ਸਿੰਘ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਜਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਮੰਚ 'ਤੇ ਸ਼ੁਸ਼ੋਭਿਤ ਸਨ। ਇਨਕਲਾਬੀ ਗਾਇਕਾਂ ਗੁਰਮੀਤ ਜੱਜ, ਧਰਮਿੰਦਰ ਮਸਾਣੀ ਵੱਲੋਂ ਗੀਤ ਪੇਸ਼ ਕੀਤੇ ਗਏ। ਚਾਹ-ਪਾਣੀ ਦੇ ਲੰਗਰ ਦਾ ਪ੍ਰਬੰਧ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਕੀਤਾ ਗਿਆ।

ਮੁਜ਼ਾਹਰੇ ਦੀ ਸਮਾਪਤੀ ਮੌਕੇ ਦੇਸ਼ ਭਗਤ ਯਾਦਗਾਰ ਹਾਲ ਦੇ ਗੇਟ ਅੱਗੇ ਅਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਦੇ ਕਨਵੀਨਰਾਂ ਅਤੇ ਸੂਬਾ ਕਮੇਟੀ ਵੱਲੋਂ ਡਾ. ਪਰਮਿੰਦਰ ਨੇ ਸਭਨਾਂ ਸਹਿਯੋਗੀਆਂ ਦਾ ਧੰਨਵਾਦ ਕੀਤਾ।

- ਬੂਟਾ ਸਿੰਘ ਮਹਿਮੂਦਪੁਰ


SWIFTWRENCH AUTO & DIESEL REPAIR

Your Car, Our Care

Mobile Mechanic Services - We Come to You!

SIMRAN GILL
825-760-6111
swiftwrenchservice@gmail.com
swiftwrenchautorepair
Swiftwrench Auto & Diesel Repair
Calgary, Airdrie, Chestermere & Surrounding

Red Seal Certified Reliable On-Time

- Oil Changes - Gas & Diesel
- Brake Service & Replacement
- Battery Testing & Installation
- Check Engine Light Diagnosis
- Fluid Top-UPS & Inspections
- Fleet & Commercial Maintenance
- Pre-Purchase Inspections
- Suspension Repairs



Advice from someone you trust.

Sun Life

Life's brighter under the sun

Life & Health Insurance • Critical Illness Insurance • Disability Insurance
Employee Benefits • RESP • TFSA• RRSP • Mutual Funds

Harvinder Singh*
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies. © Sun Life Assurance Company of Canada, 2023.



Avon Accounting & Tax Services

ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।

ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ

Personal Tax Returns (TI)
Self Employed
Taxi Business

Corporate Tax Returns (T2)
GST/Payrolls/ROE
WCB Returns

Tax Planning & Advisory Services
Weekends/Evenings Services also available.

Tel. : 403-479-4220, 403-561-9011
pandher_2004@yahoo.com or singhh73@gmail.com

# ਇਹ ਜੰਗ ਯੂਕਰੇਨ ਨਹੀਂ, ਨਾਟੋ ਅਤੇ ਰੂਸ ਵਿਚਕਾਰ ਹੈ

**ਸਰਬਜੀਤ ਸੋਹੀ, ਆਸਟ੍ਰੇਲੀਆ**

ਬੁਲਗਾਰੀਆਈ ਸਿਆਸਤਦਾਨ ਵੇਲੇਨ ਸਿਦੇਰੋਵ ਨੇ ਪੱਛਮੀ ਸਰਕਾਰਾਂ ’ਤੇ ਯੂਕਰੇਨ ਵਿੱਚ ਜੰਗ ਦੀ ਅਸਲ ਪ੍ਰਕਿਰਤੀ ਨੂੰ ਛੁਪਾਉਣ ਦਾ ਦੋਸ਼ ਲਗਾਇਆ ਹੈ, ਇਹ ਦਾਅਵਾ ਕਰਦੇ ਹੋਏ ਕਿ ਇਹ ਦੋ ਗੁਆਂਢੀ ਰਾਜਾਂ ਵਿਚਕਾਰ ਟਕਰਾਅ ਨਹੀਂ ਹੈ, ਸਗੋਂ ਸੰਯੁਕਤ ਰਾਜ ਅਮਰੀਕਾ ਦੀ ਅਗਵਾਈ ਵਾਲੇ ਨਾਟੋ ਅਤੇ ਰੂਸ ਵਿਚਕਾਰ ਸਿੱਧਾ ਟਕਰਾਅ ਹੈ। ਉਨ੍ਹਾਂ ਦੇ ਅਨੁਸਾਰ, ਹਾਲ ਹੀ ਵਿੱਚ ਜੇਨੇਵਾ ਵਿੱਚ ਹੋਈਆਂ ਗੱਲਬਾਤਾਂ ਨੇ ਇਸ ਤੋਂ ਇਨਕਾਰ ਕਰਨਾ ਅਸੰਭਵ ਬਣਾ ਦਿੱਤਾ ਹੈ। ਰੂਸ ਅਤੇ ਸੰਯੁਕਤ ਰਾਜ ਅਮਰੀਕਾ ਸ਼ਰਤਾਂ ’ਤੇ ਚਰਚਾ ਕਰਨ ਲਈ ਬੈਠ ਗਏ। ਯੂਕਰੇਨ ਨੂੰ ਕਮਰੇ ਵਿੱਚ ਵੀ ਨਹੀਂ ਬੁਲਾਇਆ ਗਿਆ ਸੀ। ਯੂਕਰੇਨ ਕੁਝ ਵੀ ਫੈਸਲਾ ਨਹੀਂ ਕਰਦਾ। ਮਹਾਂ ਸ਼ਕਤੀਆਂ ਯੂਕਰੇਨੀਆਂ ਦੇ ਸਿਰਾਂ ’ਤੇ ਗੱਲਬਾਤ ਕਰ ਰਹੀਆਂ ਹਨ। ਜੰਗ ਕਦੇ ਵੀ ਉਨ੍ਹਾਂ ਦੇ ਕਾਬੂ ਵਿੱਚ ਨਹੀਂ ਸੀ।


ਸਿਦੇਰੋਵ ਦਾ ਤਰਕ ਹੈ ਕਿ 2022 ਵਿੱਚ ਪਹਿਲੀ ਗੋਲੀਬਾਰੀ ਤੋਂ ਬਹੁਤ ਪਹਿਲਾਂ ਯੂਕਰੇਨ ਇੱਕ ਫਾਰਵਰਡ ਨਾਟੋ ਬੇਸ ਬਣ ਗਿਆ ਸੀ। ਅਮਰੀਕੀ ਫੌਜੀ ਨਿਰਦੇਸ਼ਕ, ਖੁਫੀਆ ਨੈੱਟਵਰਕ ਅਤੇ ਵਿਦੇਸ਼ੀ ਫੰਡ ਪ੍ਰਾਪਤ ਪ੍ਰਯੋਗਸ਼ਾਲਾਵਾਂ ਸਾਲਾਂ ਤੋਂ ਦੇਸ਼ ਦੇ ਅੰਦਰ ਕੰਮ ਕਰ ਰਹੀਆਂ ਸਨ। ਉਹ ਦਾਅਵਾ ਕਰਦਾ ਹੈ ਕਿ ਇਹ ਲੋਕਤੰਤਰ ਜਾਂ ਪ੍ਰਭੂਸੱਤਾ ਬਾਰੇ ਨਹੀਂ ਸੀ। ਸਗੋਂ ਰੂਸੀ ਸਰਹੱਦਾਂ ਦੇ ਨੇੜੇ ਹਥਿਆਰਾਂ ਅਤੇ ਪ੍ਰਭਾਵ ਨੂੰ ਸਥਾਪਤ ਕਰਨ ਬਾਰੇ ਸੀ। ਜਦੋਂ ਰੂਸ ਨੇ ਜ਼ੋਰ ਨਾਲ ਜਵਾਬ ਦਿੱਤਾ, ਤਾਂ ਉਹ ਕਹਿੰਦਾ ਹੈ ਕਿ ਪੱਛਮ ਨੇ ਹੈਰਾਨ ਹੋਣ ਦਾ ਦਿਖਾਵਾ ਕੀਤਾ, ਭਾਵੇਂ ਕਿ ਉਸਨੇ ਜੰਗ ਲਈ ਜ਼ਮੀਨ ਤਿਆਰ ਕਰ ਲਈ ਸੀ।

ਉਹ ਯੂਕਰੇਨੀ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੂੰ ਇੱਕ ਨੇਤਾ ਵਜੋਂ ਨਹੀਂ, ਸਗੋਂ ਇੱਕ ਕਠਪੁਤਲੀ ਵਜੋਂ ਦਰਸਾਉਂਦਾ ਹੈ। ਖੇਤਰੀ ਰਿਆਇਤਾਂ ਵੱਲ ਕੋਈ ਵੀ ਕਦਮ- ਜਿਵੇਂ ਕਿ ਰਸਮੀ ਤੌਰ ’ਤੇ ਕਰੀਮੀਆ ਨੂੰ ਰੂਸੀ ਵਜੋਂ ਮਾਨਤਾ ਦੇਣਾ ਜਾਂ ਡੋਨਬਾਸ ਦੇ ਨੁਕਸਾਨ ਨੂੰ ਸਵੀਕਾਰ ਕਰਨਾ:— ਸਿਦਰੋਵ ਦੇ ਅਨੁਸਾਰ, ਉਨ੍ਹਾਂ ਕੱਟੜਪੰਥੀ ਤਾਕਤਾਂ ਦੁਆਰਾ ਉਸਦਾ ਖਾਤਮਾ ਕੀਤਾ ਜਾਵੇਗਾ ਜਿਨ੍ਹਾਂ ਨੇ 2014 ਤੋਂ ਬਾਅਦ ਯੂਕਰੇਨ ਵਿੱਚ ਸੱਤਾ ਹਾਸਲ ਕੀਤੀ ਸੀ। ਉਹਦੇ ਅਨੁਸਾਰ 1✿✂ ਉਸਨੂੰ ਗੋਲੀ ਮਾਰ ਦੇਵੇਗਾ ਇਸ ਤੋਂ ਪਹਿਲਾਂ ਕਿ CIA ਜਾਂ MI F ਨੂੰ ਦਖਲ ਦੇਣ ਦੀ ਜ਼ਰੂਰਤ ਪਵੇ। ਉਸਦੇ ਵਿਚਾਰ ਵਿੱਚ, ਯੂਕਰੇਨੀ ਲੋਕਤੰਤਰ ਇੱਕ ਨਕਾਬ ਹੈ: ਸ਼ਕਤੀ ਬੰਦੂਕਾਂ ਅਤੇ ਵਿਦੇਸ਼ੀ ਸਮਰਥਨ ਵਾਲੇ ਲੋਕਾਂ ਕੋਲ ਹੈ।

ਸਿਦਰੋਵ ਦੀ ਟਿੱਪਣੀ ਦਾ ਸਭ ਤੋਂ ਵੱਧ ਖੁਲਾਸਾ ਕਰਨ ਵਾਲਾ ਤੱਤ ਪੱਛਮ ਦੀ ਆਪਣੀ ਬੇਅਰਾਮੀ ਨਾਲ ਸਬੰਧਤ ਹੈ। ਉਹ ਬੁਲਗਾਰੀਆਈ ਅਤੇ ਯੂਰਪੀਅਨ ਟੀਵੀ ਟਿੱਪਣੀਕਾਰਾਂ ਦਾ ਮਜ਼ਾਕ ਉਡਾਉਂਦਾ ਹੈ ਜੋ ਹਾਲ ਹੀ ਵਿੱਚ ਯੂਕਰੇਨੀ ਜਿੱਤ ਬਾਰੇ ਭਰੋਸੇ ਨਾਲ ਬੋਲਦੇ ਸਨ, ਪਰ ਹੁਣ ਉਲਝਣ ਵਿੱਚ ਦਿਖਾਈ ਦਿੰਦੇ ਹਨ। ਉਹ ਆਪਣੇ ਆਪ ਦਾ ਵਿਰੋਧ ਕਰਦੇ ਹਨ ਅਤੇ ਸਵੀਕਾਰ ਕਰਦੇ ਹਨ ਕਿ ਉਹ ਨਹੀਂ ਜਾਣਦੇ ਕਿ ਕੀ ਹੋ ਰਿਹਾ ਹੈ। ਉਸਦੇ ਲਈ, ਇਹ ਘਬਰਾਹਟ ਦਰਸਾਉਂਦੀ ਹੈ ਕਿ ਪੱਛਮੀ ਬਿਰਤਾਂਤ ਢਹਿ ਰਿਹਾ ਹੈ। ਯੁੱਧ ਯੋਜਨਾ ਅਨੁਸਾਰ ਨਹੀਂ ਚੱਲ ਰਿਹਾ ਹੈ। ਮਾਸਕੋ ਜ਼ਮੀਨ ਪ੍ਰਾਪਤ ਕਰ ਰਿਹਾ ਹੈ। ਵਾਸ਼ਿੰਗਟਨ ਪੂਰੀ ਦੁਨੀਆ ਨੂੰ ਸ਼ਰਮਨਾਕ ਹਾਰ ਦਿਖਾਈ ਦੇਣ ਤੋਂ ਪਹਿਲਾਂ ਸਥਿਤੀ ਨੂੰ ਠੰਢਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।




ਸਿਦੇਰੋਵ ਇਹ ਸਿੱਟਾ ਕੱਢਦਾ ਹੈ ਕਿ ਸਲਾਵਿਕ ਸਿਪਾਹੀ ਉਨ੍ਹਾਂ ਹਿੱਤਾਂ ਲਈ ਮਰ ਰਹੇ ਹਨ ਜੋ ਉਨ੍ਹਾਂ ਦੇ ਆਪਣੇ ਨਹੀਂ ਹਨ। ਉਹ ਜ਼ੋਰ ਦੇ ਕੇ ਕਹਿੰਦਾ ਹੈ ਕਿ ਇਹ ਯੁੱਧ ਯੂਕਰੇਨੀਆਂ ਦੀ ਰੱਖਿਆ ਬਾਰੇ ਨਹੀਂ ਹੈ, ਸਗੋਂ ਰੂਸ ਨੂੰ ਕਮਜ਼ੋਰ ਕਰਨ ਅਤੇ ਪੂਰਬੀ ਯੂਰਪ ਦੇ ਸਰੋਤਾਂ ਤੱਕ ਪਹੁੰਚ ਪ੍ਰਾਪਤ ਕਰਨ ਬਾਰੇ ਹੈ। ਉਹ ਕਹਿੰਦਾ ਹੈ ਕਿ ਯੂਕਰੇਨ ਨੂੰ ਗੱਲਬਾਤ ਪ੍ਰਕਿਰਿਆ ਤੋਂ ਬਾਹਰ ਛੱਡ ਦਿੱਤਾ ਗਿਆ ਹੈ, ਇਹ ਤੱਥ ਇਸ ਗੱਲ ਦਾ ਸਬੂਤ ਹੈ ਕਿ ਦੇਸ਼ ਕੋਲ ਕੋਈ ਅਸਲ ਪ੍ਰਭੂਸੱਤਾ ਨਹੀਂ ਹੈ— ਅਤੇ ਕਦੇ ਵੀ ਨਹੀਂ ਸੀ। ਕੋਈ ਉਸ ਨਾਲ ਸਹਿਮਤ ਹੋਵੇ ਜਾਂ ਨਾ, ਸਿਦੇਰੋਵ ਦੀਆਂ ਟਿੱਪਣੀਆਂ ਸਿੱਧੇ ਤੌਰ ’ਤੇ ਪੱਛਮੀ ਨੀਤੀ ਦੇ ਮੂਲ ’ਤੇ ਹਮਲਾ ਕਰਦੀਆਂ ਹਨ। ਉਹ ਯੁੱਧ ਦੀ ਪੂਰੀ ਜਾਇਜ਼ਤਾ ਨੂੰ ਚੁਣੌਤੀ ਦਿੰਦੇ ਹਨ। ਅਤੇ ਉਹ ਮਾਸਕੋ ਤੋਂ ਨਹੀਂ, ਸਗੋਂ ਇੱਕ ਨਾਟੋ ਮੈਂਬਰ ਰਾਜ ਦੇ ਅੰਦਰੋਂ ਆਉਂਦੇ ਹਨ। ਉਸਦਾ ਸੁਨੇਹਾ ਹਵਾ ਵਿੱਚ ਇੱਕ ਧੁੰਦਲਾ ਸਵਾਲ ਛੱਡਦਾ ਹੈ: Slavic World ਕਦੋਂ ਤੱਕ ਦੂਜਿਆਂ ਨੂੰ ਆਪਣੀ ਕਿਸਮਤ ਦਾ ਫੈਸਲਾ ਕਰਨ ਦੇਵੇਗਾ?


Sandhu G Construction Ltd.
Preparation- Shower Base - Water Proof
We can install Ceramic Tiles & Marble,Back Splash Tiles,
Tiles on Walls, Kitchen,Washroom or anywhere in Home.
You can upgrade your Kitchen or Washroom


ਵਰਕਰ ਦੀ ਤੁਰੰਤ ਲੋੜ
ਕੈਲਗਰੀ 'ਚ ਪੁਰਾਣੇ ਜਾਂ ਨਵੇਂ ਘਰਾਂ ਵਿਚ ਟਾਇਲਾਂ, ਮਾਰਬਲ ਲਗਵਾਉਣ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਸੰਪਰਕ ਕਰੋ

Harmanjot Dhudike
403-975-0006
Sharmanjot22@gmail.com

Universal Health
It's all about "U"
PHARMACY
Compounding & Home Health Care


Vandit Vakil, RPH, APA
Pharmacy Manager
Tel: (403) 365-4262
Fax (403) 365-4313
# 113, 78 Saddlepeace Manor Ne,
Calgary, AB T3J 4C5
Email : vvakil@universalhealthcentre.com
www.universalhealthcentre.com

Harpreet Parmar B.Comm. CPA
Chartered Professional Accountant
• Accounting • Tax • Business Advisory
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
Extensive experience with Revenue Canada audits, reviews etc.
New Location
• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫ਼ੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997

Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca

# ਕੈਨੇਡਾ 'ਚ ਕੱਚੇ ਨੌਜਵਾਨ ਕਾਮਿਆਂ ਦਾ ਸੰਘਰਸ਼


ਖੁਸ਼ਪਾਲ ਗਰੇਵਾਲ
+1 514 576-4373



ਕੈਨੇਡਾ ਦੇ ਹੁਨਰਮੰਦ ਕਾਮਿਆਂ ਦਾ ਸੂਬਾ ਸਰਕਾਰ ਵਿਰੁੱਧ ਵਿਰੋਧ ਪ੍ਰਦਰਸ਼ਨ ਜਾਰੀ ਹੈ। ਕੈਨੇਡਾ ਦੀਆਂ ਅਵਾਸ ਨੀਤੀਆਂ ਵਿੱਚ ਸਖ਼ਤ ਤਬਦੀਲੀਆਂ ਕਾਰਨ ਕੈਨੇਡਾ ਦੇ ਸੂਬੇ ਓਨਟਾਰੀਓ ਵਿੱਚ 'ਓਨਟਾਰੀਓ ਪਰਵਾਸੀ ਨਾਮਜ਼ਦ ਪ੍ਰੋਗਰਾਮ' (ਓਆਈਐਨਪੀ) ਤਹਿਤ ਲਗਭਗ 2000 ਨੌਜਵਾਨਾਂ ਦੇ ਪੱਕੇ ਹੋਣ ਦੀਆਂ ਅਰਜ਼ੀਆਂ ਧੋਖਾਧੜੀ ਦੇ ਦੋਸ਼ਾਂ ਤਹਿਤ ਖਾਰਜ ਕਰ ਦਿੱਤੀਆਂ ਗਈਆਂ ਹਨ। ਸੂਬਾ ਸਰਕਾਰ ਦੀ ਵੈੱਬਸਾਈਟ ਅਨੁਸਾਰ, ਓਆਈਐਨਪੀ ਇੱਕ ਸੂਬਾਈ ਪ੍ਰੋਗਰਾਮ ਹੈ ਜੋ ਵਿਦੇਸ਼ੀ ਕਾਮਿਆਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ, ਜਿਹਨਾਂ ਕੋਲ 'ਓਨਟਾਰੀਓ ਦੀ ਅਰਥਵਿਵਸਥਾ ਲਈ ਲੋੜੀਂਦਾ ਹੁਨਰ ਅਤੇ ਤਜਰਬਾ' ਹੈ, ਨੂੰ ਪੱਕੇ ਹੋਣ ਲਈ ਨਾਮਜ਼ਦ ਕਰਦਾ ਹੈ। ਪਰ ਇਹਨਾਂ ਕਾਮਿਆਂ ਕੋਲ ਲੋੜੀਂਦਾ ਹੁਨਰ ਤੇ ਤਜਰਬਾ ਹੋਣ ਦੇ ਬਾਵਜੂਦ ਇਹਨਾਂ ਦੀ ਪੱਕੇ ਹੋਣ ਦੀ ਆਸ ਉੱਤੇ ਪਾਣੀ ਫੇਰਿਆ ਜਾ ਰਿਹਾ ਹੈ।

ਵਰਕ ਪਰਮਿਟ ਖ਼ਤਮ ਹੋਣ ਦੇ ਡਰ ਦੀ ਤਲਵਾਰ ਅਤੇ ਸੂਬਾ-ਕੇਂਦਰ ਸਰਕਾਰਾਂ ਦੀ ਆਪਸੀ ਖਿਚੋਤਾਣ ਵਿੱਚ ਪਰਵਾਸੀ ਕਾਮਿਆਂ ਨੂੰ ਆਪਣਾ ਭਵਿੱਖ ਧੁੰਦਲਾ ਦਿਖਾਈ ਦੇ ਰਿਹਾ ਹੈ। ਮਜਬੂਰਨ ਉਨ੍ਹਾਂ ਨੂੰ ਟੋਰਾਂਟੋ 'ਚ ਕੁਈਨਜ਼ ਪਾਰਕ ਵਿੱਚ ਓਟਾਰੀਓ ਦੀ ਸਰਕਾਰੀ ਇਮਾਰਤ ਅੱਗੇ ਕੜਾਕੇ ਦੀ ਠੰਢ 'ਚ ਪੱਕਾ ਧਰਨਾ ਲਗਾਉਣ ਲਈ ਮਜਬੂਰ ਹੋਣਾ ਪਿਆ। ਇੱਕ ਸਾਲ ਤੋਂ ਜਿਆਦਾ ਸਮੇਂ ਤੋਂ ਲੱਗੀਆਂ ਅਰਜ਼ੀਆਂ ਨੂੰ ਬਿਨਾਂ ਕਿਸੇ ਕਾਰਨ, ਠੋਸ ਦਲੀਲ ਜਾਂ ਤੱਥ ਦਿੱਤੇ ਬਿਨਾਂ ਰੱਦ ਕਰਨਾ ਅੰਤਰਰਾਸ਼ਟਰੀ ਕਾਮਿਆਂ ਨਾਲ ਘੋਰ ਬੇਇਨਸਾਫ਼ੀ ਹੈ। ਸੰਘਰਸ਼ਸ਼ੀਲ ਕਾਮਿਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕੈਨੇਡਾ ਵਿੱਚ ਪੱਕੇ ਹੋਣ ਲਈ ਨਾ ਕੇਵਲ 1500-2000 ਡਾਲਰ ਅਰਜ਼ੀਆਂ ਦੀ ਫ਼ੀਸ ਅਦਾ ਕੀਤੀ ਹੈ ਸਗੋਂ ਆਪਣੀ ਜ਼ਿੰਦਗੀ ਦੇ ਕਈ ਸਾਲ ਵੀ ਇਸ ਪ੍ਰੋਗਰਾਮ ਤਹਿਤ ਪੱਕੇ ਹੋਣ ਦੇ ਲੇਖੇ ਲਾਏ ਹਨ। ਸੂਬਾ ਸਰਕਾਰ ਧੋਖਾਧੜੀ ਬਾਰੇ ਠੋਸ ਜਾਣਕਾਰੀ ਤੇ ਤੱਥ ਪੇਸ਼ ਕਰਨ ਤੋਂ ਆਨਾਕਾਨੀ ਕਰ ਰਹੀ ਹੈ। ਬਿਨਾਂ ਕਾਰਨ ਦੱਸੇ ਸੂਬਾ ਸਰਕਾਰ ਨੇ ਇੱਕ ਸਾਲ ਮਗਰੋਂ ਅਰਜ਼ੀਆਂ ਵਾਪਸ ਮੋੜ ਦਿੱਤੀਆਂ ਅਤੇ ਨਾਲ ਹੀ ਓਨਟਾਰੀਓ ਪਰਵਾਸੀ ਨਾਮਜ਼ਦ ਪ੍ਰੋਗਰਾਮ (ਐਕਸਪ੍ਰੈਸ ਐਂਟਰੀ) ਬੰਦ ਕਰ ਦਿੱਤਾ ਹੈ। ਪ੍ਰਦਰਸ਼ਨ ਕਰ ਰਹੇ ਨੌਜਵਾਨ ਮੰਗ ਕਰ ਰਹੇ ਹਨ ਕਿ ਸੰਭਾਵੀ ਧੋਖਾਧੜੀ ਦੇ ਸਬੂਤ ਪੇਸ਼ ਕੀਤੇ ਜਾਣ ਤੇ ਰੱਦ ਕੀਤੀਆਂ ਸਾਰੀਆਂ ਅਰਜ਼ੀਆਂ ਤੇ ਮੁੜ ਵਿਚਾਰ ਕੀਤਾ ਜਾਵੇ। ਸੂਬੇ ਦੇ ਪ੍ਰੀਮੀਅਰ ਡਗ ਫੋਰਡ ਨੇ ਇਸ ਮਸਲੇ ਦਾ ਭਾਂਡਾ ਕੇਂਦਰ ਸਰਕਾਰ ਉੱਤੇ ਫੋੜ ਕੇ ਹਾਲ-ਫਿਲਹਾਲ ਆਪਣਾ ਪੱਲਾ ਝਾੜ ਲਿਆ ਹੈ। ਸਰਕਾਰੀ ਸਹਾਇਤਾ ਦੇ ਉਲਟ ਨੌਜਵਾਨ ਕਾਮਿਆਂ ਦੇ ਸੰਘਰਸ਼ ਨੂੰ ਸਮਾਜਿਕ ਸੰਸਥਾਵਾਂ ਤੇ ਪ੍ਰਵਾਸੀ ਮਜ਼ਦੂਰ ਜੱਥੇਬੰਦੀਆਂ ਦਾ ਸਮਰਥਨ ਮਿਲ ਰਿਹਾ ਹੈ।

ਵਿਕਸਿਤ ਮੁਲਕਾਂ ਵੱਲੋਂ ਅਵਾਸ ਨੀਤੀਆਂ ਵਿੱਚ ਕੀਤੀਆਂ ਜਾ ਰਹੀਆਂ ਤਬਦੀਲੀਆਂ ਦੇ ਅੰਗ ਵਜੋਂ ਧੋਖਾਧੜੀ ਮਹਿਜ਼ ਇੱਕ ਬਹਾਨਾ ਹੈ। ਇਸਦਾ ਮੂਲ ਕਾਰਨ ਬਦਲਦੀਆਂ ਆਰਥਿਕ-ਸਿਆਸੀ ਹਾਲਤਾਂ ਵਿੱਚੋਂ ਪੈਦਾ ਹੋਈ ਬੇਰੁਜ਼ਗਾਰੀ ਹੈ। ਕੁਝ ਇਸੇ ਤਰ੍ਹਾਂ ਦੇ ਬਦਲਾਅ ਕੈਨੇਡਾ ਦੇ ਕਿਊਬਿਕ ਸੂਬੇ ਵਿੱਚ ਵੀ ਕੀਤੇ ਗਏ ਹਨ। ਕਿਊਬਿਕ ਨੇ ਕੈਨੇਡਾ ਵਿੱਚ ਪੱਕੇ ਹੋਣ ਲਈ ਬਹੁਤ ਹੀ ਚਰਚਾਯੋਗ ਪ੍ਰੋਗਰਾਮ ਪੀਈਕਿਊ (ਕਿਊਬਿਕ ਤਜਰਬਾ ਪਰੋਗਰਾਮ) ਨੂੰ ਵੀ ਬੰਦ ਕਰ ਦਿੱਤਾ ਹੈ। ਇਸਦੇ ਵਿਰੋਧ ਵਜੋਂ ਵੱਡੀ ਗਿਣਤੀ ਵਿੱਚ ਮੌਂਟਰੀਅਲ ਤੇ ਕਿਊਬਿਕ ਸ਼ਹਿਰ ਵਿੱਚ ਲੋਕ ਸੜਕਾਂ ਤੇ ਪ੍ਰਦਰਸ਼ਨ ਕਰ ਰਹੇ ਹਨ।

ਇਸ ਸਮੇਂ ਪੂਰੀ ਦੁਨੀਆ ਦੇ ਪਰਵਾਸੀਆਂ ਉੱਪਰ ਗਹਿਰਾ ਸੰਕਟ ਮੰਡਰਾ ਰਿਹਾ ਹੈ। 'ਪੰਜ ਅੱਖਾਂ' ਨਾਂ ਨਾਲ ਜਾਣੇ ਜਾਂਦੇ ਵਿਕਸਤ ਪੂੰਜੀਵਾਦੀ ਮੁਲਕਾਂ ਦੇ ਗੱਠਜੋੜ ਵਾਲੇ ਦੇਸ਼ ਆਏ ਦਿਨ ਇਮੀਗ੍ਰੇਸ਼ਨ ਨੀਤੀਆਂ ਦੇ ਸੁਧਾਰ ਹੇਠ ਅੰਤਰਰਾਸ਼ਟਰੀ ਕਾਮਿਆਂ ਨੂੰ ਦੇਸ਼-ਨਿਕਾਲਾ ਦੇਣ ਲਈ ਰਾਹ ਪੱਧਰਾ ਕਰ ਰਹੇ ਹਨ। ਟੋਰਾਂਟੋ, ਮੌਂਟਰੀਅਲ, ਨਿਊਯਾਰਕ ਤੇ ਸ਼ਿਕਾਗੋ ਜਿਹੇ ਵੱਡੇ-ਵੱਡੇ ਸ਼ਹਿਰਾਂ ਵਿੱਚ ਪਰਵਾਸ ਨੀਤੀਆਂ ਖਿਲਾਫ਼ ਲਗਾਤਾਰ ਰੋਸ ਮੁਜ਼ਾਹਰੇ ਹੋ ਰਹੇ ਹਨ। ਐਨਾ ਹੀ ਨਹੀਂ ਬਾਕੀ ਸਾਰੇ ਵਿਕਸਤ ਮੁਲਕ ਕਿਸੇ ਸਮੇਂ ਸਸਤੀ ਤੇ ਹੁਨਰਮੰਦ ਕਿਰਤ ਸ਼ਕਤੀ ਲਈ ਪਰਵਾਸ ਨੀਤੀਆਂ ਵਿੱਚ ਢਿੱਲ ਦੇ ਰਹੇ ਸਨ। ਪਰੰਤੂ ਹੁਣ ਆਰਥਿਕ ਮੰਦੀ ਕਾਰਨ ਵਧਦੀ ਮਹਿੰਗਾਈ, ਬੇਰੁਜ਼ਗਾਰੀ ਅਤੇ ਏ.ਆਈ. (ਬਣਾਉਟੀ ਬੁੱਧੀ) ਦੇ ਉਭਾਰ ਨਾਲ ਮਨੁੱਖੀ ਕਿਰਤ ਦੀ ਜਗ੍ਹਾ ਮਸ਼ੀਨਾਂ ਲੈ ਰਹੀਆਂ ਹਨ। ਰੋਬੋਟਿਕ ਤਕਨਾਲੋਜੀ ਵਿਕਸਿਤ ਦੇਸ਼ਾਂ 'ਚ ਲਾਗੂ ਕਰਨੀ ਸੌਖੀ ਹੋਣ ਕਾਰਨ ਇਹ ਪਰਵਾਸੀਆਂ ਕਾਮਿਆਂ ਸਮੇਤ ਪੱਕੇ ਵਸਨੀਕਾਂ ਨੂੰ ਵੀ ਵਿਹਲੇ ਕਰ ਰਹੀ ਹੈ।

ਵਿਕਸਤ ਮੁਲਕਾਂ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ ਵੱਡੀ ਬਣਦੀ ਜਾ ਰਹੀ ਹੈ। ਇਸ ਸਮੱਸਿਆ ਦੇ ਠੋਸ ਹੱਲ ਤੋਂ ਧਿਆਨ ਹਟਾਉਣ ਲਈ ਸਭ ਤੋਂ ਕਮਜ਼ੋਰ ਕੜੀ ਪਰਵਾਸੀਆਂ ਨੂੰ ਬਲੀ ਦੇ ਬੱਕਰੇ ਬਣਾਇਆ ਜਾ ਰਿਹਾ ਹੈ।

ਸਰਕਾਰਾਂ ਦੀਆਂ ਨੀਤੀਆਂ ਸਥਾਨਕ ਲੋਕਾਂ ਤੇ ਪਰਵਾਸੀਆਂ ਵਿਚਕਾਰ ਨਫ਼ਰਤ ਦੇ ਬੀਜ ਬੀਜ ਰਹੀਆਂ ਹਨ ਤੇ ਨਤੀਜੇ ਵਜੋਂ ਵਿਕਸਤ ਮੁਲਕਾਂ ਵਿੱਚ ਨਸਲੀ ਵਿਤਕਰੇ ਦੀਆਂ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ। ਅਸਟਰੇਲੀਆ ਵਿੱਚ ਪਰਵਾਸੀਆਂ ਖਿਲਾਫ਼ ਰੈਲੀ ਤੇ ਪੰਜਾਬੀ ਦੇ ਨਾਮੀ ਗਾਇਕ ਨੂੰ ਵੀ ਨਸਲੀ ਵਿਤਕਰੇ ਦਾ ਸਾਹਮਣਾ ਕਰਨਾ ਪਿਆ। ਤਾਜ਼ਾ ਮਾਮਲਾ ਕਨੇਡਾ ਦੇ ਅਲਬਰਟਾ ਸੂਬੇ ਦਾ ਸਾਹਮਣੇ ਆਇਆ ਹੈ। ਕਿਸੇ ਅਣਪਛਾਤੇ ਵਿਅਕਤੀ ਵੱਲੋਂ ਪੱਗ ਖਿਲਾਫ਼ ਨਸਲੀ ਟਿੱਪਣੀ ਕਰਦਿਆਂ ਕਿਹਾ ਹੈ ਕਿ "Kill the Turban or be killed", ਇਹ ਉਹੀ ਦੇਸ਼ ਹੈ ਜੋ ਪੰਜਾਬੀਆਂ ਦਾ ਸਭ ਤੋਂ ਪਸੰਦੀਦਾ ਮੁਲਕ ਹੈ।

ਆਰਥਿਕ ਗਤੀ ਧੀਮੀ ਹੋਣ ਕਾਰਨ ਸਾਰੇ ਵਿਕਸਿਤ ਦੇਸ਼ ਪਰਵਾਸ ਨੀਤੀਆਂ ਵਿੱਚ ਲਗਾਤਾਰ ਤਬਦੀਲੀਆਂ ਕਰ ਰਹੇ ਹਨ। ਪਿਛਲੇ ਦਿਨੀ ਯੂਕੇ ਸਰਕਾਰ ਨੇ ਸ਼ਰਨਾਰਥੀਆਂ ਦੇ ਪੱਕੇ ਹੋਣ ਦਾ ਸਮਾਂ 5 ਸਾਲ ਤੋਂ ਵਧਾ ਕੇ 20 ਸਾਲ ਕਰਨ, ਜਰਮਨੀ ਨੇ ਸਖ਼ਤ ਹੁੰਦਿਆਂ ਸ਼ਰਨਾਰਥੀਆਂ ਦੇ ਪਰਿਵਾਰਾਂ ਦੇ ਵੀਜ਼ੇ ਬੰਦ ਕਰਨ ਤੇ ਗਰੀਸ ਨੇ ਤਾਂ ਪਨਾਹ ਲੈਣ ਤੇ ਹੀ 3 ਮਹੀਨਿਆਂ ਦੀ ਪਾਬੰਦੀ ਲਗਾ ਦਿੱਤੀ ਹੈ। ਸਭ ਤੋਂ ਜਿਆਦਾ ਪਰਵਾਸੀਆਂ ਖਿਲਾਫ਼ ਸਖਤੀ ਅਮਰੀਕਾ ਅੰਦਰ ਟਰੰਪ ਪ੍ਰਸ਼ਾਸਨ ਨੇ ਵਰਤੀ ਹੈ। ਟਰੰਪ ਵੱਲੋਂ ਸ਼ਰਨਾਰਥੀਆਂ ਤੇ ਪੂਰਨ ਪਾਬੰਦੀ ਲਗਾਉਣ, ਮੈਕਸੀਕੋ ਦੀ ਸਰਹੱਦ ਉੱਤੇ ਸਖ਼ਤਾਈ ਕਰਨ, ਪਰਵਾਸੀਆਂ ਨੂੰ ਕੱਢਣ ਦੀ ਪ੍ਰਕਿਰਿਆ ਤੇਜ਼ ਕਰਨ, ਆਈਸ ਟਾਸਕ ਫੋਰਸ ਨੂੰ ਜਿਆਦਾ ਅਧਿਕਾਰ ਦੇਣ, ਪਨਾਹ ਲੈਣ ਵਾਲੇ ਪ੍ਰੋਗਰਾਮਾਂ ਨੂੰ ਬੰਦ ਕਰਨ ਤੇ ਹੋਰ ਤਾਂ ਹੋਰ ਸਕੂਲਾਂ ਤੇ ਹਸਪਤਾਲਾਂ ਵਿੱਚ ਵੀ ਛਾਪੇਮਾਰੀ ਜਿਹੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਪਰਵਾਸੀਆਂ ਉੱਪਰ ਸਖ਼ਤੀ ਲਈ ਕੈਨੇਡਾ ਵੀ ਪਿੱਛੇ ਨਹੀਂ ਰਹਿ ਰਿਹਾ। ਕੈਨੇਡਾ ਜੋ ਕਦੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸਭ ਤੋਂ ਪਸੰਦੀਦਾ ਮੁਲਕ ਵਜੋਂ ਜਾਣਿਆ ਜਾਂਦਾ ਸੀ, ਅੱਜ ਨਿੱਗਰ ਰਹੀ ਆਰਥਿਕਤਾ ਕਰਕੇ ਅੰਤਰਰਾਸ਼ਟਰੀ ਵਿਦਿਆਰਥੀਆਂ ਉੱਤੇ ਮੁਕੰਮਲ ਪਾਬੰਦੀ ਦੀ ਗੱਲ ਕਰ ਰਿਹਾ ਹੈ।

ਪਰਵਾਸ ਨੀਤੀਆਂ ਵਿੱਚ ਬਦਲਾਓ ਦੇ ਕਾਰਨ ਪੂੰਜੀਵਾਦੀ ਪ੍ਰਬੰਧ ਦੇ ਸੰਕਟ ਵਿੱਚ ਪਏ ਹਨ। ਕੈਨੇਡਾ ਦੀ ਆਰਥਿਕਤਾ ਤੇ ਜਵਾਨ ਕਿਰਤ ਸ਼ਕਤੀ ਵਿੱਚ ਪਰਵਾਸੀ ਕਾਮਿਆਂ ਦਾ ਅਹਿਮ ਯੋਗਦਾਨ ਰਿਹਾ ਹੈ। ਅੰਤਰਰਾਸ਼ਟਰੀ ਵਿਦਿਆਰਥੀ 35-40 ਹਜ਼ਾਰ ਡਾਲਰ ਸਿਰਫ਼ ਕੈਨੇਡਾ ਦੀ ਧਰਤੀ ਤੇ ਪੈਰ ਧਰਾਵੇ ਲਈ ਪੜ੍ਹਾਈ ਉੱਪਰ ਖਰਚ ਕਰਦੇ ਹਨ। ਇਹ ਪੜ੍ਹਾਈ ਜਿਆਦਾਤਰ ਰੁਜ਼ਗਾਰ ਮੁਖੀ ਨਹੀਂ ਹੁੰਦੀ। ਸਗੋਂ ਜਿਆਦਾਤਰ ਵਿਦਿਆਰਥੀਆਂ ਤੋਂ ਮੁਨਾਫ਼ੇ ਕਮਾਉਣ ਦਾ ਸਾਧਨ ਹੁੰਦੀ ਹੈ। ਇੱਕ ਰੇਡੀਓ ਪ੍ਰੋਗਰਾਮ 'ਚ ਬ੍ਰਿਟਿਸ਼ ਕੋਲੰਬੀਆ ਦੀ ਪੋਸਟ ਸੈਕੰਡਰੀ ਸਿੱਖਿਆ ਮੰਤਰੀ "ਜੈਸੀ ਸੁਨੇਰ" ਦਾ ਕਹਿਣਾ ਹੈ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਤੋਂ ਬਿਨਾਂ ਉਹਨਾਂ ਦੇ ਲਗਭਗ 25 ਸਰਕਾਰੀ ਕਾਲਜ-ਯੂਨੀਵਰਸਿਟੀਆਂ ਬੰਦ ਹੋਣ ਦੀ ਕਗਾਰ ਤੇ ਹਨ। ਕੈਨੇਡਾ ਦੇ ਸਰਕਾਰੀ ਤੇ ਨਿੱਜੀ ਵਿਦਿਅਕ ਅਦਾਰਿਆਂ ਵਿੱਚ ਵਿਦਿਆਰਥੀ ਦੋ ਸਾਲਾਂ ਦੌਰਾਨ ਮਹਿੰਗੀ ਰਿਹਾਇਸ਼ ਤੇ ਪੜ੍ਹਾਈ ਉੱਪਰ ਹਜ਼ਾਰਾਂ ਡਾਲਰ ਖ਼ਰਚਣ ਤੋਂ ਬਾਅਦ ਸੂਬਾ ਤੇ ਕੇਂਦਰ ਸਰਕਾਰ ਦੀਆਂ ਨੀਤੀਆਂ ਵਿਚਕਾਰ ਪਿਸਣ ਲਈ ਮਜਬੂਰ ਹੋ ਜਾਂਦੇ ਹਨ। ਕਹਿਣ ਨੂੰ ਤਾਂ ਪੜ੍ਹਾਈ ਬਾਅਦ ਉਹਨਾਂ ਨੂੰ 3 ਸਾਲ ਦਾ ਵਰਕ ਪਰਮਿਟ ਮਿਲ ਜਾਂਦਾ ਹੈ, ਕਿਤੇ ਵੀ ਕੰਮ ਕਰਨ ਲਈ ਸੁਤੰਤਰ ਹੁੰਦੇ ਹਨ, ਪਰੰਤੂ ਸਰਕਾਰਾਂ ਪਰਵਾਸ ਨੀਤੀਆਂ ਆਪਣੇ ਤਰੀਕੇ ਨਾਲ ਘੜਦੀਆਂ ਹਨ। ਲੋੜ ਅਨੁਸਾਰ ਪਰਵਾਸੀ ਕਾਮਿਆਂ ਨੂੰ ਉਨ੍ਹਾਂ ਖੇਤਰਾਂ ਵੱਲ ਧੱਕ ਦਿੱਤਾ ਜਾਂਦਾ ਹੈ ਜਿੱਥੇ ਕੁਸ਼ਲ ਤੇ ਸਸਤੇ ਮਜ਼ਦੂਰਾਂ ਦੀ ਲੋੜ ਹੈ। ਜਿੱਥੇ ਉਹਨਾਂ ਨੇ ਆਪਣੀ ਯੋਗਤਾ ਸਾਬਤ ਕਰਕੇ ਪੱਕਾ ਹੋਣਾ ਹੁੰਦਾ ਹੈ। ਕਈ ਵਾਰ ਸੂਬਾ ਤੇ ਕੇਂਦਰ ਸਰਕਾਰਾਂ ਦੇ ਆਪਸੀ ਹਿਤਾਂ ਦੇ ਟਕਰਾਅ ਕਾਰਨ ਵਿਦਿਆਰਥੀ ਇੱਕ ਜਗ ?ਹਾ ਤੋਂ ਦੂਜੀ ਜਗ੍ਹਾ ਤੇ ਇੱਕ ਸੂਬੇ ਤੋਂ ਦੂਜੇ ਸੂਬੇ ਧੱਕੇ ਖਾਣ ਲਈ ਮਜਬੂਰ ਹੋ ਜਾਂਦੇ ਹਨ। ਕੇਂਦਰ ਤੇ ਸੂਬਾ ਸਰਕਾਰਾਂ ਆਪਣੇ ਹਿਤਾਂ ਦੀ ਪੂਰਤੀ ਲਈ ਨੌਜਵਾਨਾਂ ਨੂੰ ਆਪਣੀ ਕਠਪੁਤਲੀ ਬਣਾ ਛੱਡਦੀਆਂ ਹਨ।

ਕਿਸੇ ਵੇਲੇ ਕੈਨੇਡਾ ਲਈ ਪਰਵਾਸ ਨੀਤੀ ਕਿਸੇ ਵਰਦਾਨ ਤੋਂ ਘੱਟ ਨਹੀਂ ਸੀ। ਕੋਵਿਡ ਕਾਲ ਦੌਰਾਨ ਪਰਵਾਸੀ ਕਾਮਿਆਂ ਨੂੰ 'ਅਸਲ ਲੜਨ ਵਾਲੇ ਯੋਧਿਆ' ਤੋਂ ਲੈ ਕੇ 'ਮੂਹਰਲੀ ਕਤਾਰ ਦੇ ਕਾਮੇ' ਆਦਿ ਵਿਸ਼ੇਸ਼ਣਾਂ ਨਾਲ ਸੰਬੋਧਿਤ ਕੀਤਾ ਜਾਂਦਾ ਰਿਹਾ। ਤੇ ਬਦਲਦੀਆਂ ਸਥਿਤੀਆਂ ਵਿੱਚ ਉਨ੍ਹਾਂ ਹੀ ਕਾਮਿਆਂ ਨੂੰ ਕੱਢਣ ਲਈ ਰਾਹ ਪੱਧਰਾ ਕੀਤਾ ਜਾ ਰਿਹਾ ਹੈ। ਇਹ ਉਹੀ ਕਾਮੇ ਹਨ ਜੋ ਬਿਨਾਂ ਜ਼ਿੰਦਗੀ ਦੀ ਪਰਵਾਹ ਕਰੇ ਕੋਵਿਡ ਸੰਕਟ ਦੌਰਾਨ ਲੋਕਾਂ ਦੀ ਸੇਵਾ ਲਈ ਕੁੱਦ ਪਏ ਸਨ। ਬਦਲਦੀਆਂ ਆਰਥਿਕ ਸਥਿਤੀਆਂ ਨਾਲ ਪੱਛਮੀ ਦੇਸ਼ਾਂ ਦੀ ਆਰਥਿਕਤਾ ਲਗਾਤਾਰ ਨਿਵਾਣ ਵੱਲ ਨੂੰ ਜਾ ਰਹੀ ਹੋਣ ਕਾਰਨ ਪੂੰਜੀਵਾਦੀ ਢਾਂਚਾ ਸੰਕਟ ਨਾਲ ਘਿਰਦਾ ਜਾ ਰਿਹਾ ਹੈ। ਇਸੇ ਸੰਕਟ ਨੂੰ ਨਜਿੱਠਣ ਲਈ ਪਰਵਾਸ ਨੀਤੀਆਂ ਵਿੱਚ ਤਬਦੀਲੀਆਂ ਤੋਂ ਲੈ ਕੇ ਨਵੀਆਂ ਜੰਗਾਂ ਨੂੰ ਜਨਮ ਦਿੱਤਾ ਜਾ ਰਿਹਾ ਹੈ। ਕੈਨੇਡਾ ਦੀ ਆਰਥਿਕਤਾ ਦੇ ਹੌਲੀ ਹੋਣ ਤੋਂ ਪਹਿਲਾਂ ਤੱਕ ਹਾਲਾਤ ਮੁਕਾਬਲਤਨ ਚੰਗੇ ਸਨ। ਪਰੰਤੂ ਨਵੇਂ ਪੂੰਜੀਵਾਦੀ ਸੰਕਟ ਕਾਰਨ ਮਹਿੰਗਾਈ ਤੇ ਬੇਰੁਜ਼ਗਾਰੀ ਵਰਗੇ ਦੈਂਤ ਆਏ ਦਿਨ ਵੱਡੇ ਹੋ ਰਹੇ ਹਨ। ਕੈਨੇਡਾ ਦੀਆਂ ਸੂਬਾਈ ਸਰਕਾਰਾਂ ਤੇ ਕੇਂਦਰ ਸਰਕਾਰ ਲੋਕ ਰੋਹ ਤੋਂ ਬਚਣ ਲਈ ਤੇ ਉਸਨੂੰ ਕੁਰਾਹੇ ਪਾਉਣ ਲਈ ਪਰਵਾਸੀਆਂ ਕਾਮਿਆਂ ਨੂੰ ਮੋਹਰਾ ਬਣਾ ਰਹੀ ਹੈ। ਹਾਲ ਦੀ ਘੜੀ ਕਨੇਡਾ ਦੇ ਆਰਥਿਕ, ਵਪਾਰਕ ਤੇ ਸੇਵਾਵਾਂ ਦੇ ਖੇਤਰ ਦੀ ਰਫ਼ਤਾਰ ਧੀਮੀ ਹੈ ਤੇ ਸਰਕਾਰ ਲਈ ਸਭ ਤੋਂ ਸੌਖਾ ਤੇ ਫੌਰੀ ਰਸਤਾ ਅੰਤਰਰਾਸ਼ਟਰੀ ਕਾਮਿਆਂ ਸਿਰ ਭਾਂਡਾ ਭੰਨਣ ਵਿੱਚ ਹੈ।

ਆਉਣ ਵਾਲਾ ਸਮਾਂ ਪਰਵਾਸੀਆਂ ਲਈ ਕਾਫ਼ੀ ਚੁਣੌਤੀਪੂਰਨ ਹੋਣ ਵਾਲਾ ਹੈ। ਡਗਮਗਾਉਂਦੀਆਂ ਪੱਛਮੀ ਅਰਥਵਿਵਸਥਾਵਾਂ ਸਰਕਾਰੀ ਸੇਵਾਵਾਂ 'ਤੇ ਕੱਟ ਲਗਾਉਣ, ਖ਼ਰਚੇ ਘਟਾਉਣ ਅਤੇ ਕਮਜ਼ੋਰ ਵਰਗਾਂ—ਖ਼ਾਸ ਕਰਕੇ ਪਰਵਾਸੀ ਕਾਮਿਆਂ ਨੂੰ ਨਿਸ਼ਾਨਾ ਬਣਾਉਣ ਵੱਲ ਵਧ ਰਹੀਆਂ ਹਨ। ਪਰ ਇਹ ਸੰਕਟ ਸਿਰਫ਼ ਪਰਵਾਸੀਆਂ ਦਾ ਨਹੀਂ ਹੈ ਬਲਕਿ ਇਹ ਪੂਰੇ ਪੂੰਜੀਵਾਦੀ ਸਮਾਜਿਕ ਢਾਂਚੇ ਦਾ ਸੰਕਟ ਹੈ। ਜੇਕਰ ਸਥਾਨਕ ਤੇ ਪਰਵਾਸੀ ਲੋਕ ਇਕਜੁੱਟ ਹੋਕੇ ਵਿਰੋਧ ਨਹੀਂ ਕਰਨਗੇ ਤਾਂ ਇਹ ਸੰਕਟ ਹੋਰ ਗੰਭੀਰ ਰੂਪ ਧਾਰ ਸਕਦਾ ਹੈ। ਸਾਂਝੇ ਸੰਘਰਸ਼, ਭਾਈਚਾਰਕ ਏਕਤਾ ਅਤੇ ਸਮਾਜਿਕ ਚੇਤੰਨਤਾ ਹੀ ਇਸ ਜੋਖਿਮ ਭਰੇ ਦੌਰ ਤੋਂ ਨਿਕਲਣ ਦਾ ਸਵੱਲਾ ਰਸਤਾ ਹੈ।

Gill
Truck & Trailer Repair
& Mobile Service
Lube and Truck Wash

Gill Brothers
Owner
Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4

BAINS VISION CENTRE

Jaswinder S Bains, Ph.D., OD.
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
ਅੱਖਾਂ ਦੇ ਰੋਗਾਂ ਅਤੇ ਬਰੈਂਡਰ ਐਨਕਾਂ ਲਈ ਮਿਲੋ
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।

# ‘ਵਿਕਾਸ’ ਦੇ ਦਾਅਵਿਆਂ ਦੀ ਪੋਲ ਖੋਲ੍ਹਦੀ ਹੈ ‘ਵਿਸ਼ਵ ਨਾਬਰਾਬਰੀ ਰਿਪੋਰਟ’




**ਬੂਟਾ ਸਿੰਘ ਮਹਿਮੂਦਪੁਰ**

10 ਦਸੰਬਰ ਨੂੰ ਪੈਰਿਸ ਸਥਿਤ ਵਿਸ਼ਵ ਨਾਬਰਾਬਰੀ ਲੈਬ ਨੇ ਆਪਣੀ ਵਰਲਡ ਇਨਇਕੁਐਲਿਟੀ ਰਿਪੋਰਟ 2026 ਜਾਰੀ ਕੀਤੀ ਹੈ। 200 ਆਰਥਕ ਖੋਜਕਾਰਾਂ ਦੇ ਨੈੱਟਵਰਕ ਵੱਲੋਂ ਤਿਆਰ ਕੀਤੀ ਗਈ ਇਸ ਮਹੱਤਵਪੂਰਨ ਰਿਪੋਰਟ ਦਾ ਸੰਪਾਦਨ ਲੈਬ ਦੇ ਮਸ਼ਹੂਰ ਅਰਥਸ਼ਾਸਤਰੀਆਂ ਲੁਕਾਸ ਸ਼ਾਂਸਲ, ਰਿਕਾਰਡੋ ਗੋਮੇਜ਼-ਕਾਰੇਰਾ, ਰੋਵੈਦਾ ਮੋਸ਼ਿਰਫ਼ ਅਤੇ ਥੌਮਸ ਪਿਕਟੀ ਨੇ ਕੀਤਾ ਹੈ। ਰਿਪੋਰਟ ਦੱਸਦੀ ਹੈ ਕਿ ਦੁਨੀਆ ਦੇ ਸੁਪਰ ਧਨਾਢ ਹਿੱਸੇ ਅਤੇ ਬਾਕੀ ਸਾਰਿਆਂ ਦਰਮਿਆਨ ਪਾੜਾ ਇਸ ਵਰ੍ਹੇ ਹੋਰ ਵਧਕੇ ਏਨਾ ਜ਼ਿਆਦਾ ਗੰਭੀਰ ਹੋ ਗਿਆ ਹੈ ਜੋ ਤੁਰੰਤ ਧਿਆਨ ਦਿੱਤੇ ਜਾਣ ਦੀ ਮੰਗ ਕਰਦਾ ਹੈ।

ਭਾਰਤ ਦੀ ਮੌਜੂਦਾ ਸਥਿਤੀ ’ਚ ਇਹ ਰਿਪੋਰਟ ਹੋਰ ਵੀ ਮਹੱਤਵਪੂਰਨ ਹੈ ਜਦੋਂ ਆਰਐੱਸਐੱਸ-ਭਾਜਪਾ ਸਰਕਾਰ ਵੱਲੋਂ ਦਾਅਵੇ ਕੀਤੇ ਜਾ ਰਹੇ ਹਨ ਕਿ ਉਨ੍ਹਾਂ ਦੀ ‘ਆਤਮ-ਨਿਰਭਰ ਭਾਰਤ’ ਦੀ ਦ੍ਰਿਸ਼ਟੀ ਕਾਰਨ ਮੁਲਕ ਛੜੱਪੇ ਮਾਰਕੇ ਤਰੱਕੀ ਕਰ ਰਿਹਾ ਹੈ। ਕਿ 2025 ’ਚ ਭਾਰਤ ਜਪਾਨ ਨੂੰ ਪਿੱਛੇ ਧੱਕਕੇ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਆਰਥਿਕਤਾ ਬਣ ਗਿਆ ਹੈ ਅਤੇ 2030 ਤੱਕ 7.3 ਖ਼ਰਬ ਜੀਡੀਪੀ (ਕੁਲ ਘਰੇਲੂ ਪੈਦਾਵਾਰ) ਦਾ ਟੀਚਾ ਹਾਸਲ ਕਰਕੇ ਤੀਜੀ ਸਭ ਤੋਂ ਵੱਡੀ ਆਰਥਕਤਾ ਬਣਨ ਦੇ ਰਾਹ ’ਤੇ ਚੱਲ ਰਿਹਾ ਹੈ। ਇਹ ਵੀ ਦਾਅਵੇ ਕੀਤੇ ਜਾਂਦੇ ਹਨ ਕਿ ਉਹ ਦਿਨ ਦੂਰ ਨਹੀਂ ਜਦੋਂ ਭਾਰਤ ‘ਵਿਸ਼ਵ-ਗੁਰੂ’ ਬਣਕੇ ਤਰੱਕੀ ਵਿਚ ‘ਪੂਰੀ ਦੁਨੀਆ’ ਦਾ ਮਾਰਗ-ਦਰਸ਼ਨ ਕਰੇਗਾ!

ਜੁਲਾਈ 2025 ਵਿਚ, ਜਦੋਂ ਵਿਸ਼ਵ ਬੈਂਕ ਦੀ ਪਾਵਰਟੀ ਐਂਡ ਇਕੁਇਟੀ ਬ੍ਰੀਫ ਨੇ ਖ਼ਪਤ ਖ਼ਰਚ ਦੇ ਆਧਾਰ ’ਤੇ ਭਾਰਤ ਨੂੰ ਦੁਨੀਆ ਦਾ ਚੌਥਾ ਸਭ ਤੋਂ ਬਰਾਬਰੀ ਵਾਲਾ ਮੁਲਕ ਦੱਸਿਆ ਤਾਂ ਭਾਰਤ ਸਰਕਾਰ ਦੀ ਪ੍ਰੈੱਸ ਇਨਫਰਮੇਸ਼ਨ ਬਿਊਰੋ ਨੇ ਇਸਨੂੰ “ਵਰਨਣਯੋਗ ਪ੍ਰਾਪਤੀ” ਕਰਾਰ ਦਿੰਦਿਆਂ ਦੇਰ ਨਹੀਂ ਕੀਤੀ। ਸਰਕਾਰ ਨੇ ਇਸਦਾ ਸਿਹਰਾ ਗ਼ਰੀਬੀ ਘਟਾਉਣ, ਵਿੱਤੀ ਸਮਾਵੇਸ਼ ਵਧਾਉਣ ਅਤੇ ਕਲਿਆਣਕਾਰੀ ਯੋਜਨਾਵਾਂ ਉੱਪਰ ਲਗਾਤਾਰ ਧਿਆਨ ਦਿੱਤੇ ਜਾਣ ਨੂੰ ਦਿੱਤਾ। ਇਹ ਸਰਕਾਰੀ ਬਿਰਤਾਂਤ ਇਸ ਗੱਲ ’ਤੇ ਜ਼ੋਰ ਦਿੰਦਾ ਹੈ ਕਿ ਨੀਤੀਆਂ ਦੇ ਜ਼ਰੀਏ ਨਾਬਰਾਬਰੀ ’ਤੇ ਕਾਬੂ ਪਾਇਆ ਜਾ ਰਿਹਾ ਹੈ।

ਪਰ ਸਿਰਫ਼ ਪੰਜ ਮਹੀਨੇ ਬਾਅਦ ਹੀ ਜਾਰੀ ਹੋਈ ਉਪਰੋਕਤਵਰਲਡ ਇਨਇਕੁਐਲਿਟੀ ਰਿਪੋਰਟ 2026 ਨੇ ਇਸਦੇ ਉਲਟ ਤਸਵੀਰ ਪੇਸ਼ ਕਰਕੇ ਭਾਜਪਾ ਸਰਕਾਰ ਦੇ ਦਾਅਵਿਆਂ ਦਾ ਝੂਠ ਨੰਗਾ ਕਰ ਦਿੱਤਾ ਹੈ। ਰਿਪੋਰਟ ਅਨੁਸਾਰ ਭਾਰਤ ਵਿਚ ਨਾਬਰਾਬਰੀ “ਦੁਨੀਆ ਵਿਚ ਸਭ ਤੋਂ ਉੱਚੇ ਪੱਧਰਾਂ ਵਿੱਚੋਂ ਇਕ”ਹੈ ਅਤੇ ਪਿਛਲੇ ਕਈ ਸਾਲਾਂ ਦੌਰਾਨ ਇਸ ਵਿਚ ਕੋਈ ਖ਼ਾਸ ਸੁਧਾਰ ਨਹੀਂ ਹੋਇਆ। ਰਿਪੋਰਟ ਦੱਸਦੀ ਹੈ ਕਿ ਮੁਲਕ ਦੀ ਸਿਖਰਲੀ 10% ਆਬਾਦੀ ਦੇ ਕਬਜ਼ੇ ’ਚ 58% ਕੌਮੀ ਆਮਦਨ ਹੈ, ਜਦਕਿ ਹੇਠਲੇ 50% ਕੋਲ ਸਿਰਫ਼ 15% ਹੈ। ਦੌਲਤ ਦੇ ਮਾਮਲੇ ਵਿਚ ਨਾਬਰਾਬਰੀ ਹੋਰ ਵੀ ਗੰਭੀਰ ਹੈ—ਸਿਖ਼ਰਲੇ 10% ਦੇ ਹੱਥਾਂ ਵਿਚ ਲਗਭਗ ਦੋ-ਤਿਹਾਈ ਦੌਲਤ ਕੇਂਦਰਤ ਹੋ ਗਈ ਹੈ ਅਤੇ ਸਿਖ਼ਰਲੇ 1% ਇਕੱਲੇ ਹੀ 40% ਦੌਲਤ ਦੇ ਮਾਲਕ ਹਨ। ਇਸ ਤੋਂ ਸਪਸ਼ਟ ਹੈ ਕਿ ਇਕ ਪਾਸੇ ਮੁਲਕ ਦੇ 14 ਕਰੋੜ ਲੋਕਾਂ ਨੇ ਮੁਲਕ ਦੀ ਕੁਲ ਦੌਲਤ ਦੇ 65% ਉੱਪਰ ਕਬਜ਼ਾ ਕਰ ਲਿਆ ਹੈ, ਦੂਜੇ ਪਾਸੇ ਮੁਲਕ ਦੇ 136 ਕਰੋੜ ਲੋਕਾਂ ਕੋਲ (ਮੌਜੂਦਾ ਆਬਾਦੀ 1 ਅਰਬ 40 ਕਰੋੜ ਦੇ ਆਧਾਰ ’ਤੇ) ਮੁਲਕ ਦੀ ਕੁਲ ਦੌਲਤ ਦਾ ਸਿਰਫ਼ 35% ਹੀ ਹੈ। ਉਪਰੋਕਤ 14 ਕਰੋੜ ਵਿਚ ਆਦਿਵਾਸੀ, ਆਮ ਦਲਿਤ, ਮਜ਼ਦੂਰ ਅਤੇ ਇੱਥੋਂ ਤਕ ਕਿ ਛੋਟੇ ਕਿਸਾਨ, ਛੋਟੇ-ਛੋਟੇ ਕਾਰੋਬਾਰ ਕਰਨ ਵਾਲੇ ਨਹੀਂ ਹਨ ਜੋ ਗ਼ਰੀਬੀ ਅਤੇ ਆਰਥਕ ਮੰਦਹਾਲੀ ਝੱਲ ਰਹੇ ਹਨ। ਇਹ ਨੰਗੇ ਅਨਿਆਂ ਅਤੇ ਲੁੱਟ ’ਤੇ ਆਧਾਰਤ ਪ੍ਰਬੰਧ ਦੀ ਪੈਦਾਵਾਰ ਖ਼ਾਸ ਵਰਗ ਹਨ ਜਿਨ੍ਹਾਂ ਨੂੰ ਆਰਥਕ ਨੀਤੀਆਂ ਦਾ ਲਾਭ ਮਿਲਦਾ ਹੈ।

ਇਨ੍ਹਾਂ ਦੋਹਾਂ ਦਾਅਵਿਆਂ ਦਰਮਿਆਨ ਟਕਰਾਅ ਸਿਰਫ਼ ਰਾਜਨੀਤਿਕ ਨਹੀਂ, ਸਗੋਂ ਵਿਧੀ ਦਾ ਵੀ ਹੈ। ਖ਼ਪਤ-ਆਧਾਰਤ ਅੰਕੜੇ ਅਕਸਰ ਇਸ ਕਰਕੇ ਚੰਗੀ ਤਸਵੀਰ ਦਿਖਾਉਂਦੇ ਹਨ ਕਿਉਂਕਿ ਸਬਸਿਡੀਆਂ ਅਤੇ ਲੋਕ-ਭਲਾਈ ਯੋਜਨਾਵਾਂ ਗ਼ਰੀਬ ਵਰਗਾਂ ਦੀ ਖ਼ਪਤ ਨੂੰ ਕੁਝ ਹੱਦ ਤੱਕ ਮੈਨੇਜ ਕਰ ਲੈਂਦੀਆਂ ਹਨ, ਭਾਵੇਂ ਉਨ੍ਹਾਂ ਦੀ ਆਮਦਨ ਦੀ ਤਾਕਤ ਜਾਂ ਦੌਲਤ ਦੀ ਮਾਲਕੀ ਵਿਚ ਕੋਈ ਢਾਂਚਾਗਤ ਬਦਲਾਅ ਨਾ ਆਵੇ। ਇਸਦੇ ਉਲਟ, ਆਮਦਨ ਅਤੇ ਦੌਲਤ ਦੇ ਅੰਕੜੇ ਇਹ ਦੱਸਦੇ ਹਨ ਕਿ ਵਿਕਾਸ ਦਾ ਫ਼ਲ ਦਰਅਸਲ ਕਿਸ ਦੇ ਹਿੱਸੇ ਆ ਰਿਹਾ ਹੈ। ਅਸਲ ਸਵਾਲ ਇਹ ਹੈ ਕਿ ਅਸਥਾਈ ਰਾਹਤ ਨੂੰ ਮਾਪਿਆ ਜਾ ਰਿਹਾ ਹੈ ਜਾਂ ਡੂੰਘੀ ਨਾਬਰਾਬਰੀ ਨੂੰ।

ਰਿਪੋਰਟ ਅਨੁਸਾਰ ਭਾਰਤ ਵਿਚ ਔਰਤ ਮਜ਼ਦੂਰਾਂ ਦੀ ਹਿੱਸੇਦਾਰੀ ਮਹਿਜ਼ 15.7% ਹੈ, ਜੋ ਪਿਛਲੇ ਇਕ ਦਹਾਕੇ ਤੋਂ ਲਗਭਗ ਉੱਥੇ ਹੀ ਅਟਕੀ ਹੋਈ ਹੈ, ਜਦਕਿ 2024 ਵਿਚ ਵਿਸ਼ਵ ਔਸਤ 49% ਸੀ। ਇਸਦੇ ਉਲਟ ਸਰਕਾਰ 41.7% ਦਾ ਅੰਕੜਾ ਪੇਸ਼ ਕਰਦੀ ਹੈ, ਜਿਸ ਵਿਚ ਖੇਤੀਬਾੜੀ, ਗ਼ੈਰਜਥੇਬੰਦ ਖੇਤਰ ਅਤੇ ਬਿਨਾਂ ਭੁਗਤਾਨ ਵਾਲਾ ਕੰਮ ਕਰਨ ਵਾਲੀਆਂ ਔਰਤਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਹ ਫ਼ਰਕ ਇਸ ਗੱਲ ’ਤੇ ਵੱਡੀ ਬਹਿਸ ਖੜ੍ਹੀ ਕਰਦਾ ਹੈ ਕਿ ਕੀ ਕਿਸੇ ਵੀ ਕਿਸਮ ਦੀ ਸਰਗਰਮੀ ਨੂੰ “ਰੋਜ਼ਗਾਰ ਹਿੱਸੇਦਾਰੀ” ਮੰਨਿਆ ਜਾਵੇ ਜਾਂ ਸੁਰੱਖਿਅਤ, ਸਨਮਾਨਜਨਕ ਅਤੇ ਭੁਗਤਾਨ ਵਾਲਾ ਕੰਮ ਹੀ ਅਸਲੀ ਮਾਪਦੰਡ ਹੋਣਾ ਚਾਹੀਦਾ ਹੈ।

ਭਾਰਤ ਦੀ ਸਥਿਤੀ ਵਿਸ਼ਵ ਪੱਧਰ ਦੇ ਰੁਝਾਨਾਂ ਤੋਂ ਅਲੱਗ ਨਹੀਂ ਹੈ। ਰਿਪੋਰਟ ਮੁਤਾਬਕ ਦੁਨੀਆ ਦੇ ਸਿਖ਼ਰਲੇ 0.001%, ਯਾਨੀ 60,000 ਤੋਂ ਘੱਟ ਲੋਕਾਂ ਕੋਲ ਦੁਨੀਆ ਦੀ ਹੇਠਲੀ ਅੱਧੀ ਆਬਾਦੀ ਨਾਲੋਂ ਤਿੰਨ ਗੁਣਾ ਵੱਧ ਦੌਲਤ ਹੈ। ਦੁਨੀਆ ਦੇ ਖੇਤਰਾਂ ਦਰਮਿਆਨ ਆਮਦਨੀ ਦਾ ਕਿੰਨਾ ਡੂੰਘਾ ਪਾੜਾ ਹੈ, ਇਸ ਬਾਰੇ ਰਿਪੋਰਟ ਦੱਸਦੀ ਹੈ ਕਿ ਉੱਤਰੀ ਅਮਰੀਕਾ ਅਤੇ ਓਸ਼ੀਨੀਆ ਵਿਚ ਔਸਤ ਰੋਜ਼ਾਨਾ ਆਮਦਨੀ ਲਗਭਗ 125 ਯੂਰੋ ਹੈ ਜਦਕਿ ਸਹਾਰਾ ਦੇ ਦੱਖਣ ਵਿਚ ਅਫ਼ਰੀਕਾ ਵਿਚ ਇਹ ਸਿਰਫ਼ 10 ਯੂਰੋ ਹੈ।

ਰਿਪੋਰਟ ਇਹ ਵੀ ਦੱਸਦੀ ਹੈ ਕਿ ਦੁਨੀਆ ਦੀ 50% ਆਬਾਦੀ ਨਿੱਜੀ ਸੰਪਤੀ ਨਾਲ ਜੁੜੀ ਕੁਲ ਕਾਰਬਨ ਨਿਕਾਸੀ ਦਾ ਸਿਰਫ਼ 3% ਕਰਦੀ ਹੈ ਜਦਕਿ 10% ਧਨਾਢ ਲੋਕ 77% ਕਾਰਬਨ ਨਿਕਾਸੀ ਲਈ ਜ਼ਿੰਮੇਵਾਰ ਹਨ। ਇਸਦਾ ਮਤਲਬ ਇਹ ਹੈ ਕਿ ਵਾਤਾਵਰਣ ਨੂੰ ਪ੍ਰਦੂਸ਼ਤ ਕਰਨ ਲਈ ਮੁੱਖ ਜ਼ਿੰਮੇਵਾਰ ਬਹੁਤ ਛੋਟੀ ਗਿਣਤੀ ਧਨਾਢ ਜਮਾਤ ਦੀ ਅੱਯਾਸ਼ੀ ਹੈ ਜਦਕਿ ਇਸਦਾ ਨਤੀਜਾ ਸਾਫ਼-ਸੁਥਰੇ ਵਾਤਾਵਰਣ ਤੋਂ ਵਾਂਝੇ ਹੋ ਰਹੇ, ਸਾਧਨਹੀਣ ਗ਼ਰੀਬ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ ਕਿਉਂਕਿ ਧਨਾਢ ਲੋਕ ਤਾਂ ਆਪਣੇ ਵਸੀਲਿਆਂ ਦੇ ਜ਼ੋਰ ਪੌਣਪਾਣੀ ਤਬਦੀਲੀਆਂ ਨਾਲ ਹੋਣ ਵਾਲੇ ਨੁਕਸਾਨ ਤੋਂ ਬਹੁਤ ਹੱਦ ਤਕ ਆਪਣਾ ਬਚਾ ਕਰ ਹੀ ਲੈਂਦੇ ਹਨ।

ਭਾਰਤ ਲਈ ਇਸ ਰਿਪੋਰਟ ਦੀ ਮਹੱਤਤਾ ਸਿਰਫ਼ ਰੈਂਕਿੰਗ ਤੱਕ ਸੀਮਿਤ ਨਹੀਂ ਹੈ। ਘੋਰ ਨਾਬਰਾਬਰੀ ਵਿਆਪਕ ਆਰਥਕ ਵਿਕਾਸ ਨੂੰ ਰੋਕਦੀ ਹੈ, ਤਰੱਕੀ ਦੇ ਲਾਭਾਂ ਤੋਂ ਵਾਂਝੇ ਹਿੱਸਿਆਂ ਦੇ ਸਮਾਜਿਕ ਤੌਰ ’ਤੇ ਉੱਪਰ ਉੱਠਣ ਦੇ ਮੌਕੇ ਘਟਾਉਂਦੀ ਹੈ, ਗ਼ਰੀਬਾਂ ਲਈ ਸਿਹਤ ਅਤੇ ਸਿੱਖਿਆ ਦੀ ਹਾਲਤ ਨੂੰ ਹੋਰ ਭੈੜੀ ਬਣਾ ਦਿੰਦੀ ਹੈ ਅਤੇ ਪੀੜ੍ਹੀ ਦਰ ਪੀੜ੍ਹੀ ਵਾਂਝੇਪਣ ਨੂੰ ਪੱਕਾ ਕਰਦੀ ਹੈ। ਦੌਲਤ ਦਾ ਬੇਹੱਦ ਕੇਂਦਰਤ ਹੁੰਦੇ ਜਾਣਾ ਜਮਹੂਰੀ ਸੰਸਥਾਵਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ—ਨੀਤੀਆਂ, ਮੀਡੀਆ, ਨਿਆਂ ਤੱਕ ਪਹੁੰਚ ਅਤੇ ਰਾਜਨੀਤਿਕ ਫ਼ੈਸਲਿਆਂ ਉੱਪਰ ਅਜਾਰੇਦਾਰ ਆਰਥਕ ਤਾਕਤ ਹਾਵੀ ਹੋ ਜਾਂਦੀ ਹੈ।

ਇਹ ਰਿਪੋਰਟ ਕੁਝ ਅਜਾਰੇਦਾਰ ਹੱਥਾਂ ਵਿਚ ਸਨਅਤਾਂ ਦੇ ਕੇਂਦਰਤ ਹੁੰਦੇ ਜਾਣ ਵੱਲ ਵੀ ਧਿਆਨ ਖਿੱਚਦੀ ਹੈ। ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਉੱਪ-ਗਵਰਨਰ ਵਿਰਾਲ ਆਚਾਰੀਆ ਮੁਤਾਬਕ, ਰਿਲਾਇੰਸ, ਟਾਟਾ, ਅਡਾਨੀ, ਆਦਿਤਿਆ ਬਿਰਲਾ ਅਤੇ ਭਾਰਤੀ ਵਰਗੇ ਵੱਡੇ ਸਮੂਹਾਂ ਦੀ ਗ਼ੈਰ-ਵਿੱਤੀ ਖੇਤਰਾਂ ਵਿਚ ਹਿੱਸੇਦਾਰੀ 1991 ਦੇ 10% ਤੋਂ ਵਧ ਕੇ 2021 ਵਿਚ 18% ਹੋ ਗਈ। ਸਨਅਤ ਦੇ ਅੱਠ ਵੱਡੇ ਖੇਤਰਾਂ ਲਈ ਹਰਫਿੰਡਲ-ਹਿਰਸ਼ਮੈਨ ਇੰਡੈਕਸ (ਐੱਚਐੱਚਆਈ) ਸਕੋਰ 2024-25 ਵਿਚ 2,532 ਤੱਕ ਪਹੁੰਚ ਗਿਆ, ਜੋ ਬਹੁਤ ਉੱਚੇ ਕੇਂਦਰਣ ਦਾ ਸੰਕੇਤ ਹੈ। ਇਹ ਮੰਡੀ ਵਿਚ ਇਕਾਗਰਤਾ ਨੂੰ ਮਾਪਣ ਦਾ ਇਕ ਸੰਦ ਹੈ, ਜਿਸਦੀ ਵਰਤੋਂ ਆਮ ਤੌਰ ’ਤੇ ਟਰੱਸਟ ਵਿਰੋਧੀ ਰੈਗੂਲੇਟਰ ਇਹ ਅੰਦਾਜ਼ਾ ਲਾਉਣ ਲਈ ਕਰਦੇ ਹਨ ਕਿ ਕੋਈ ਮੰਡੀ ਕਿਸ ਹੱਦ ਤਕ ਅਜਾਰੇਦਾਰ ਬਣਦਾ ਜਾ ਰਿਹਾ ਹੈ।

ਮਸ਼ਹੂਰ ਅਰਥਸ਼ਾਸਤਰੀ ਜੈਅਤੀ ਘੋਸ਼ ਆਪਣੀ ਭੂਮਿਕਾ ਵਿਚ ਲਿਖਦੀ ਹੈ ਕਿ ਅੱਜ ਦੀ ਘੋਰ ਨਾਬਰਾਬਰੀ ਹੋਣੀ ਨਹੀਂ, ਸਗੋਂ ਨੀਤੀਗਤ ਫ਼ੈਸਲਿਆਂ ਦਾ ਨਤੀਜਾ ਹੈ। ਅਗਾਂਹਵਧੂ ਟੈਕਸ ਪ੍ਰਣਾਲੀ, ਮਜ਼ਬੂਤ ਸਰਕਾਰੀ ਨਿਵੇਸ਼, ਨਿਆਂਪੂਰਨ ਕਿਰਤ ਕਾਨੂੰਨ ਅਤੇ ਲੋਕਤੰਤਰੀ ਸੰਸਥਾਵਾਂ ਪਹਿਲਾਂ ਵੀ ਨਾਬਰਾਬਰੀ ਘਟਾ ਚੁੱਕੀਆਂ ਹਨ ਅਤੇ ਅੱਗੇ ਵੀ ਕਰ ਸਕਦੀਆਂ ਹਨ। ਪਿਕਟੀ ਅਤੇ ਉਸਦੇ ਸਹਿਯੋਗੀਆਂ ਨੇ ਦੌਲਤ ਅਤੇ ਵਿਰਾਸਤ ਟੈਕਸ ਵਰਗੀਆਂ ਨੀਤੀਆਂ ਦੀ ਸਿਫ਼ਾਰਸ਼ ਕੀਤੀ ਹੈ, ਜਿਨ੍ਹਾਂ ਰਾਹੀਂ ਵੱਡੇ ਪੱਧਰ ’ਤੇ ਸਰਕਾਰੀ ਸਿੱਖਿਆ ਅਤੇ ਸਿਹਤ ’ਤੇ ਖ਼ਰਚ ਕੀਤਾ ਜਾ ਸਕਦਾ ਹੈ।

ਇਸ ਕਥਿਤ ਵਿਕਾਸ ਦਾ ਇਕ ਹੋਰ ਵਿਰੋਧਾਭਾਸ ਇਹ ਹੈ ਕਿ ਕਾਰਪੋਰੇਟ ਮੁਨਾਫ਼ੇ ਬਹੁਤ ਤੇਜ਼ੀ ਨਾਲ ਵਧਦੇ ਹਨ ਪਰ ਤਨਖ਼ਾਹਾਂ ਅਤੇ ਨੌਕਰੀਆਂ ਉਸ ਤਰ੍ਹਾਂ ਨਹੀਂ ਵਧਦੀਆਂ। 2019 ਦੀ ਕਾਰਪੋਰੇਟ ਟੈਕਸ ਕਟੌਤੀ ਤੋਂ ਬਾਅਦ 2023-24 ਵਿਚ ਪਹਿਲੀ ਵਾਰ ਨਿੱਜੀ ਆਮਦਨ ਕਰ ਨੇ ਕਾਰਪੋਰੇਟ ਕਰ ਨੂੰ ਪਿੱਛੇ ਛੱਡਿਆ। ਮੁਨਾਫ਼ੇ ਅਤੇ ਕਾਰਪੋਰੇਟ-ਟੂ-ਜੀਡੀਪੀ ਅਨੁਪਾਤ ਰਿਕਾਰਡ ਉੱਚਾਈ ’ਤੇ ਪਹੁੰਚ ਗਏ, ਪਰ ਰੋਜ਼ਗਾਰ ਵਿਚ ਵਾਧਾ ਬਹੁਤ ਮੱਠੀ ਰਫ਼ਤਾਰ ਨਾਲ ਰਿਹਾ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਵਿਕਾਸ ਦਾ ਲਾਭ ਮਜ਼ਦੂਰ ਤੇ ਹੋਰ ਮਿਹਨਤਕਸ਼ ਵਰਗ ਤੱਕ ਨਹੀਂ ਪਹੁੰਚ ਰਿਹਾ।

ਜਿਨ੍ਹਾਂ ਯੋਜਨਾਵਾਂ ਨੂੰ ਸਰਕਾਰ ਨਾਬਰਾਬਰੀ ਘਟਾਉਣ ਦਾ ਆਧਾਰ ਦੱਸਦੀ ਹੈ, ਉਹ ਜ਼ਮੀਨੀ ਪੱਧਰ ’ਤੇ ਪੂਰੀ ਤਰ੍ਹਾਂ ਅਸਫ਼ਲ ਹਨ। ਜਨਧਨ ਯੋਜਨਾ ਦੇ ਕਈ ਖ਼ਾਤੇ ਕੰਮ ਨਹੀਂ ਕਰ ਰਹੇ ਅਤੇ ਆਯੁਸ਼ਮਾਨ ਭਾਰਤ ਵਰਗੀ ਸਿਹਤ ਯੋਜਨਾ ਵਿਚ ਔਸਤ ਦਾਅਵਾ ਰਕਮ ਕਾਫ਼ੀ ਘੱਟ ਹੈ, ਜਦਕਿ ਦੇਰੀ, ਵਿਵਾਦ, ਧੋਖਾਧੜੀ ਅਤੇ ਫੰਡ ਦੀ ਕਮੀ ਵਰਗੀਆਂ ਸਮੱਸਿਆਵਾਂ ਸਾਹਮਣੇ ਆ ਰਹੀਆਂ ਹਨ। ਦਰਅਸਲ, ਲੋਕਾਂ ਨੂੰ ਕਥਿਤ ਤਰੱਕੀ ਦੇ ਲਾਭ ਦੇਣਾ ਉਨ੍ਹਾਂ ਦਾ ਮਕਸਦ ਹੀ ਨਹੀਂ ਹੈ।

ਜੁਲਾਈ 2025 ਦਾ ਸਰਕਾਰੀ ਬਿਰਤਾਂਤ ਖ਼ਪਤ-ਆਧਾਰਤ ਬਰਾਬਰੀ ’ਤੇ ਖੜ੍ਹਾ ਸੀ, ਜਦਕਿ ਵਿਸ਼ਵ ਨਾਬਰਾਬਰੀ ਰਿਪੋਰਟ 2026 ਆਮਦਨ ਅਤੇ ਦੌਲਤ-ਆਧਾਰਤ ਨਾਬਰਾਬਰੀ ਨੂੰ ਉਜਾਗਰ ਕਰਦੀ ਹੈ। ਜਦੋਂ ਇਕ ਦਹਾਕੇ ਵਿਚ ਨਾਬਰਾਬਰੀ ਬਦਲਦੀ ਨਹੀਂ, ਮੁਨਾਫ਼ੇ ਵਧਦੇ ਹਨ, ਮੰਡੀਆਂ ਹੋਰ ਸੁੰਗੜਦੀਆਂ ਹਨ ਅਤੇ ਰੋਜ਼ਗਾਰ ਨਹੀਂ ਵਧਦਾ, ਤਾਂ “ਦੁਨੀਆ ਦਾ ਚੌਥਾ ਸਭ ਤੋਂ ਬਰਾਬਰੀ ਵਾਲਾ ਮੁਲਕ” ਹੋਣ ਦਾ ਦਾਅਵਾ ਖੋਖਲਾ ਹੈ। ਜੀਡੀਪੀ ਵਿਚ ਆਪਣੇ ਘਟਦੇ ਯੋਗਦਾਨ ਦੇ ਬਾਵਜੂਦ, ਖੇਤੀਬਾੜੀ ਅਜੇ ਵੀ ਭਾਰਤੀਆਂ ਲਈ ਸਭ ਤੋਂ ਵੱਡਾ ਰੋਜ਼ਗਾਰ ਦੇਣ ਵਾਲਾ ਖੇਤਰ ਹੈ; ਮੁਲਕ ਦੀ ਕੁਲ ਕਿਰਤ ਸ਼ਕਤੀ ਦਾ ਲਗਭਗ 80% ਹਿੱਸਾ ਗ਼ੈਰਜਥੇਬੰਦ ਅਤੇ ਅਸਥਿਰ ਹੈ, ਜਿਸ ਕੋਲ ਨਾ ਤਾਂ ਸਮਾਜਿਕ ਸੁਰੱਖਿਆ ਹੈ ਅਤੇ ਨਾ ਹੀ ਨੌਕਰੀ ਦੀ ਸੁਰੱਖਿਆ, ਅਤੇ ਜੋ ਘੱਟ ਮਜ਼ਦੂਰੀ ’ਤੇ ਕੰਮ ਕਰਦਾ ਹੈ। ਜਿਵੇਂ ਕਿ ਹਾਰਵਰਡ ਬਿਜ਼ਨਸ ਰਿਵਿਊ ਨੇ ਕਿਹਾ ਹੈ, “ਦੁਨੀਆ ਦੀ ਸਭ ਤੋਂ ਵੱਡੀ ਅਤੇ ਸਭ ਤੋਂ ਨੌਜਵਾਨ ਕਿਰਤ-ਸ਼ਕਤੀ ਵਾਲੇ ਇਸ ਮੁਲਕ ਵਿਚ ਚੰਗੀਆਂ ਨੌਕਰੀਆਂ ਬਹੁਤ ਘੱਟ ਉਪਲਬਧ ਹਨ।” 2024 ਦੇ ਯੂਐਨਡੀਪੀ ਗਲੋਬਲ ਬਹੁ-ਪਾਸਾਰੀ ਗ਼ਰੀਬੀ ਸੂਚਕ-ਅੰਕ ਮੁਤਾਬਕ, ਭਾਰਤ ਵਿਚ ਬਹੁ-ਪਾਸਾਰੀ ਗ਼ਰੀਬੀ ਵਿਚ ਰਹਿਣ ਵਾਲੇ ਲੋਕਾਂ ਦੀ ਗਿਣਤੀ ਸਭ ਤੋਂ ਵੱਧ ਹੈ—23.4 ਕਰੋੜ, ਜੋ ਦੁਨੀਆ ਦੇ 1.1 ਅਰਬ ਗ਼ਰੀਬਾਂ ਦਾ ਲਗਭਗ ਚੌਥਾ ਹਿੱਸਾ ਹੈ। ਆਲਮੀ ਭੁੱਖਮਰੀ ਸੂਚਕ-ਅੰਕ (ਗਲੋਬਲ ਹੰਗਰ ਇੰਡੈਕਸ) 2025 ਭਾਰਤ ਦੇ ਕਥਿਤ ਵਿਕਾਸ ਨੂੰ ਬੇਪਰਦ ਕਰਦਾ ਹੈ ਜਿਸ ਵਿਚ ਹਾਲਤ ‘ਗੰਭੀਰ’ ਦੱਸੀ ਗਈ ਹੈ। ਇਸ ਸੂਚਕ-ਅੰਕ ਅਨੁਸਾਰ 123 ਮੁਲਕਾਂ ਵਿਚ ਭਾਰਤ ਦਾ ਦਰਜਾ 102ਵਾਂ ਹੈ ਅਤੇ ਉਹ ਪਾਕਿਸਤਾਨ (94), ਬੰਗਲਾਦੇਸ਼ (88) ਅਤੇ ਸ਼੍ਰੀਲੰਕਾ (66) ਤੋਂ ਵੀ ਹੇਠਾਂ ਹੈ। ਲਗਭਗ 80.6 ਕਰੋੜ ਲੋਕ, ਜੋ ਭਾਰਤ ਦੀ ਆਬਾਦੀ ਦਾ ਲਗਭਗ 55% ਬਣਦੇ ਹਨ, ਸਰਕਾਰੀ ਆਟਾ-ਦਾਲ ਸਕੀਮਾਂ ਉੱਪਰ ਨਿਰਭਰ ਹਨ।

ਅਸਲੀ ਬਹਿਸ ਇਹ ਨਹੀਂ ਕਿ ‘ਵਿਕਾਸ’ ਹੋ ਰਿਹਾ ਹੈ ਜਾਂ ਨਹੀਂ, ਸਗੋਂ ਇਹ ਹੈ ਕਿ ਵਿਕਾਸ ਕਿਸ ਲਈ ਹੋ ਰਿਹਾ ਹੈ, ਉਸਦਾ ਮੁੱਲ ਕੌਣ ਤਾਰ ਰਿਹਾ ਹੈ ਅਤੇ ਇਸ ਵਧ ਰਹੀ ਨਾਬਰਾਬਰੀ ਨੂੰ ਠੱਲ ਪਾਉਣਾ ਕਥਿਤ ਲੋਕਤੰਤਰੀ ਪ੍ਰਣਾਲੀ ਦੀ ਮਨਸ਼ਾ ਨਹੀਂ ਹੈ।

ਇਸੇ ਤਰ੍ਹਾਂ ਰਿਪੋਰਟ ਦੁਨੀਆ ਵਿਚ ਵਧ ਰਹੀ ਨਾਬਰਾਬਰੀ ਬਾਰੇ ਚੇਤਾਵਨੀ ਦੇਣ ਵਾਲੇ ਖ਼ੁਲਾਸੇ ਕਰਦੀ ਹੈ ਕਿ ਦੁਨੀਆ ਭਰ ਦੇ ਕਮਾਉਣ ਵਾਲਿਆਂ ਵਿੱਚੋਂ ਸਭ ਤੋਂ ਉੱਪਰਲੇ 10% ਲੋਕ ਬਾਕੀ ਦੇ 90% ਦੀ ਮਿਲੀ-ਜੁਲੀ ਆਮਦਨ ਤੋਂ ਵੀ ਵੱਧ ਕਮਾਈ ਕਰਦੇ ਹਨ, ਜਦਕਿ ਦੁਨੀਆ ਦੀ ਸਭ ਤੋਂ ਗ਼ਰੀਬ 50% ਆਬਾਦੀ ਨੂੰ ਕੁਲ ਆਮਦਨ ਦਾ 10% ਤੋਂ ਵੀ ਘੱਟ ਹਿੱਸਾ ਮਿਲਦਾ ਹੈ।

ਰਿਪੋਰਟ ਦੱਸਦੀ ਹੈ ਕਿ ਦੌਲਤ ਦਾ ਕੇਂਦਰਤ ਹੋਣਾ ਇਸ ਤੋਂ ਵੀ ਜ਼ਿਆਦਾ ਗੰਭੀਰ ਹੈ। ਸਭ ਤੋਂ ਅਮੀਰ 10% ਕੋਲ ਦੁਨੀਆ ਦੀ ਕੁਲ ਦੌਲਤ ਦਾ 75% ਹਿੱਸਾ ਹੈ, ਜਦਕਿ ਹੇਠਲੇ 50% ਕੋਲ ਸਿਰਫ਼ 2% ਦੌਲਤ ਹੈ। ਰਿਪੋਰਟ ਮੁਤਾਬਕ, ਲਗਭਗ ਹਰ ਖੇਤਰ ਵਿਚ ਸਭ ਤੋਂ ਉੱਪਰਲੇ 1% ਕੋਲ ਹੇਠਲੇ 90% ਦੀ ਮਿਲੀ-ਜੁਲੀ ਦੌਲਤ ਤੋਂ ਵੀ ਵੱਧ ਦੌਲਤ ਹੈ, ਅਤੇ ਦੁਨੀਆ ਭਰ ਵਿਚ ਦੌਲਤ ਦੀ ਨਾਬਰਾਬਰੀ ਤੇਜ਼ੀ ਨਾਲ ਵਧ ਰਹੀ ਹੈ।

ਰਿਪੋਰਟ ਦੇ ਲੇਖਕ, ਜਿਨ੍ਹਾਂ ਦੀ ਅਗਵਾਈ ਪੈਰਿਸ ਸਕੂਲ ਆਫ਼ ਇਕਾਨਾਮਿਕਸ ਦੇ ਰਿਕਾਰਡੋ ਗੋਮੇਜ਼-ਕਰੇਰਾ ਨੇ ਕੀਤੀ, ਲਿਖਦੇ ਹਨ: “ਨਤੀਜਾ ਇਹ ਹੈ ਕਿ ਦੁਨੀਆ ਇਕ ਅਜਿਹੇ ਦੌਰ ਵਿਚ ਦਾਖ਼ਲ ਹੋ ਚੁੱਕੀ ਹੈ ਜਿੱਥੇ ਬਹੁਤ ਛੋਟੀ ਜਹੀ ਗਿਣਤੀ ਅਦੁੱਤੀ ਵਿੱਤੀ ਤਾਕਤ ’ਤੇ ਕਾਬਜ਼ ਹੈ, ਜਦਕਿ ਅਰਬਾਂ ਲੋਕ ਬੁਨਿਆਦੀ ਆਰਥਕ ਸਥਿਰਤਾ ਤੋਂ ਵੀ ਵਾਂਝੇ ਹਨ।

ਦੁਨੀਆ ਦੀ ਕੁਲ ਆਬਾਦੀ ਲਗਭਗ 8.2 ਅਰਬ ਹੈ। ਪੂਰੀ ਦੁਨੀਆ ਵਿਚ ਸਿਰਫ਼ 60000 ਵਿਅਕਤੀਆਂ ਕੋਲ ਦੁਨੀਆ ਦੀ ਅੱਧੀ ਆਬਾਦੀ ਯਾਨੀ ਲਗਭਗ 4.1 ਅਰਬ ਲੋਕਾਂ ਦੀ ਧਨ-ਦੌਲਤ ਤੋਂ ਤਿੰਨ ਗੁਣਾਂ ਜ਼ਿਆਦਾ ਧਨ-ਦੌਲਤ ਹੈ। ਵਿਸ਼ਵ ਦੌਲਤ ਵਿਚ ਸਭ ਤੋਂ ਉੱਪਰਲੇ 0.001% ਦਾ ਹਿੱਸਾ 1995 ਵਿਚ ਲਗਭਗ 4% ਤੋਂ ਵੱਧ ਕੇ ਅੱਜ 6% ਤੋਂ ਵੀ ਜ਼ਿਆਦਾ ਹੋ ਗਿਆ ਹੈ, ਜਦਕਿ ਬਹੁ-ਕਰੋੜਪਤੀਆਂ ਦੀ ਜਾਇਦਾਦ 1990 ਦੇ ਦਹਾਕੇ ਤੋਂ ਹਰ ਸਾਲ ਲਗਭਗ 8% ਦੀ ਦਰ ਨਾਲ ਵਧੀ ਹੈ, ਜੋ ਆਬਾਦੀ ਦੇ ਹੇਠਲੇ ਅੱਧੇ ਹਿੱਸੇ ਵੱਲੋਂ ਹਾਸਲ ਕੀਤੀ ਗਈ ਵਾਧੇ ਦੀ ਦਰ ਤੋਂ ਲਗਭਗ ਦੁੱਗਣੀ ਹੈ।

ਦੁਨੀਆ ਵਿਚ ਮੌਜੂਦ ਵਿਕਾਸ ਦੇ ਅਸਾਵੇਂਪਣ ਦੀ ਗੱਲ ਕਰਦਿਆਂ ਰਿਪੋਰਟ ਕਹਿੰਦੀ ਹੈ: ‘ਮੌਜੂਦਾ ਅੰਤਰਰਾਸ਼ਟਰੀ ਵਿੱਤੀ ਢਾਂਚਾ ਇਸ ਤਰ੍ਹਾਂ ਬਣਾਇਆ ਗਿਆ ਹੈ ਕਿ ਇਸ ਨਾਲ ਅਮੀਰ ਮੁਲਕਾਂ ਨੂੰ ਫ਼ਾਇਦਾ ਹੁੰਦਾ ਹੈ। ਜਿਨ੍ਹਾਂ ਮੁਲਕਾਂ ਦੀ ਮੁਦਰਾ ਨੂੰ ਰਿਜ਼ਰਵ ਕਰੰਸੀ ਵਜੋਂ ਮੰਨਿਆ ਜਾਂਦਾ ਹੈ, ਉਹ ਘੱਟ ਵਿਆਜ ਦਰਾਂ ’ਤੇ ਕਰਜ਼ਾ ਲੈ ਸਕਦੇ ਹਨ, ਉੱਚੀਆਂ ਦਰਾਂ ’ਤੇ ਉਧਾਰ ਦੇ ਸਕਦੇ ਹਨ ਅਤੇ ਵਿਸ਼ਵ ਪੱਧਰੀ ਬਚਤ ਨੂੰ ਆਕਰਸ਼ਿਤ ਕਰ ਸਕਦੇ ਹਨ। ਇਸਦੇ ਉਲਟ, ਵਿਕਾਸਸ਼ੀਲ ਮੁਲਕਾਂ ਨੂੰ ਮਹਿੰਗੇ ਕਰਜ਼ੇ, ਘੱਟ ਮੁਨਾਫ਼ੇ ਅਤੇ ਸਰਮਾਏ ਦੇ ਪਲਾਇਨ ਦਾ ਸਾਹਮਣਾ ਕਰਨਾ ਪੈਂਦਾ ਹੈ।’

ਦੁਨੀਆ ਦੇ ਉੱਘੇ ਅਰਥਸ਼ਾਸਤਰੀ ਥੌਮਸ ਪਿਕਟੀ ਸਮੇਤ ਲੇਖਕ ਦਲੀਲ ਦਿੰਦੇ ਹਨ ਕਿ ਭਾਵੇਂ ਨਾਬਰਾਬਰੀ ਲੰਮੇ ਸਮੇਂ ਤੋਂ ਆਲਮੀ ਆਰਥਿਕਤਾ ਨੂੰ ਆਕਾਰ ਦਿੰਦੀ ਆ ਰਹੀ ਹੈ, ਪਰ 2025 ਤੱਕ ਇਹ ਅਜਿਹੀ ਹੱਦ ’ਤੇ ਪਹੁੰਚ ਚੁੱਕੀ ਹੈ ਜੋ ਤੁਰੰਤ ਵਿਸ਼ਵ ਪੱਧਰੀ ਧਿਆਨ ਦੀ ਮੰਗ ਕਰਦੀ ਹੈ।

ਸਮੁੱਚੀ ਚਰਚਾ ਦਾ ਨਿਚੋੜ ਇਹ ਹੈ ਕਿ ਜਿਸ ਕਥਿਤ ਉਦਾਰ (ਖੁੱਲ੍ਹੀ ਮੰਡੀ) ਆਰਥਕ ਮਾਡਲ ਦੇ ਧਾੜਵੀ ਮਨੋਰਥ ਉੱਪਰ ਪਰਦਾ ਪਾ ਕੇ ਸਾਮਰਾਜੀ ਸਰਮਾਏਦਾਰੀ ਵੱਲੋਂ ਇਸਨੂੰ ਆਰਥਕ ਵਿਕਾਸ ਅਤੇ ਜਮਹੂਰੀਅਤ ਦਾ ਸਭ ਤੋਂ ਢੁੱਕਵਾਂ ਆਰਥਕ ਬਦਲ ਦੱਸਿਆ ਜਾ ਰਿਹਾ ਹੈ, ਉਹ ਦਰਅਸਲ ਦੁਨੀਆ ਭਰ ਦੇ ਕੁਦਰਤੀ ਵਸੀਲਿਆਂ ਅਤੇ ਮਨੁੱਖੀ ਕਿਰਤ ਸ਼ਕਤੀ ਨੂੰ ਵੱਧ ਤੋਂ ਵੱਧ ਕਰੂਰਤਾ ਨਾਲ ਨਿਚੋੜਕੇ ਆਲਮੀ ਅਜਾਰੇਦਾਰੀ ਸਰਮਾਏਦਾਰੀ ਨੂੰ ਸੁਪਰ-ਮੁਨਾਫ਼ੇ ਮੁਹੱਈਆ ਕਰਾਉਣ ਵਾਲਾ ਘੋਰ ਲੋਕ ਵਿਰੋਧੀ ਮਾਡਲ ਹੈ। ਇਹ ਨਾਬਰਾਬਰੀ, ਬੇਰੋਜ਼ਗਾਰੀ ਅਤੇ ਵਾਂਝੇਪਣ ਨੂੰ ਜ਼ਰਬਾਂ ਦੇ ਰਿਹਾ ਹੈ ਅਤੇ ਦੁਨੀਆ ਦੇ ਜ਼ਿਆਦਾਤਰ ਲੋਕਾਂ ਨੂੰ ਬੁਨਿਆਦੀ ਮਨੁੱਖੀ ਲੋੜਾਂ ਤੋਂ ਵੀ ਵਾਂਝੇ ਕਰ ਰਿਹਾ ਹੈ। ਕਰੂਰ ਲੁੱਟ-ਖਸੁੱਟ ਦੇ ਰਾਹ ਦੇ ਅੜਿੱਕੇ ਦੂਰ ਕਰਨ ਲਈ ਉਹ ਸਾਰੇ ਕਿਰਤ ਕਾਨੂੰਨ ਤੇਜ਼ੀ ਨਾਲ ਬਦਲੇ ਜਾ ਰਹੇ ਹਨ ਜੋ ਦੁਨੀਆ ਭਰ ਦੇ ਕਿਰਤੀਆਂ ਦੇ ਲਹੂ-ਡੋਲ੍ਹਵੇਂ ਸੰਘਰਸ਼ਾਂ ਦਾ ਨਤੀਜਾ ਸਨ ਅਤੇ ਜੋ ਕਿਰਤੀਆਂ ਨੂੰ ਸੁਰੱਖਿਆ ਤੇ ਕਾਨੂੰਨੀ ਹੱਕ ਦਿੰਦੇ ਹਨ। ਅਮਰੀਕਾ ਤੇ ਹੋਰ ਪੱਛਮੀ ਮੁਲਕਾਂ ਵਿਚ ਇਸ ਆਰਥਕ ਮਾਡਲ ਦੇ ਸਤਾਏ ਲੋਕਾਂ ਵਿਚ ਬੇਚੈਨੀ ਦੇ ਪ੍ਰਗਟਾਵੇ ਵਾਰ-ਵਾਰ ਹੋ ਰਹੇ ਹਨ। ਮਾਨਵਤਾ ਦਾ ਭਲਾ ਇਸ ਵਿਚ ਹੀ ਹੈ ਕਿ ਕੁਲ ਦੁਨੀਆ ਦੇ ਲੋਕ ਜਾਗਰੂਕ ਹੋਕੇ ਇਸ ਮਾਨਵਤਾ ਵਿਰੋਧੀ ਆਰਥਕ ਮਾਡਲ ਨੂੰ ਪੂਰੀ ਤਰ੍ਹਾਂ ਰੱਦ ਕਰਾਉਣ ਲਈ ਲੜਨ ਅਤੇ ਜਿੰਨੀ ਛੇਤੀਂ ਹੋ ਸਕੇ ਆਪੋ-ਆਪਣੇ ਮੁਲਕਾਂ ਦੀ ਸਰਕਾਰਾਂ ਨੂੰ ਇਹ ਕਥਿਤ ਉਦਾਰ ਆਰਥਕ ਨੀਤੀਆਂ ਰੱਦ ਕਰਾਉਣ ਲਈ ਦਬਾਅ ਪਾਉਣ।



# ‘ਬੰਦੇ ਮਾਤਰਮ’- ਫਿਰਕੂ ਏਜੰਡੇ ਦੇ ਵਿਸਥਾਰ ਦਾ ਇਕ ਹਥਿਆਰ

**ਨਰਭਿੰਦਰ**
**93544-30211**

ਜਦੋਂ ਦੇਸ਼ ਵਿਚ ਬੇਰੁਜ਼ਗਾਰੀ, ਗੈਰ ਬਰਾਬਰੀ, ਅਰਾਜਕਤਾ ਸਿਖਰ ’ਤੇ ਹਨ, ਜਦੋਂ ਰਾਜ ਆਪਣੇ ਦੇਸ਼ ਦੇ ਨਾਗਰਿਕਾਂ ਪ੍ਰਤੀ ਬਣਦੀ ਭੂਮਿਕਾ ਤੋਂ ਪਿਛੇ ਹਟ ਚੁੱਕਾ ਹੈ। ਜਦੋਂ ਦੇਸ਼ ਦੇ ਸੰਸਾਧਨਾਂ, ਕੁਦਰਤੀ ਸਰੋਤਾਂ ਤੋਂ ਲੈ ਕੇ ਦੇਸ਼ ਦੇ ਹਰ ਖੇਤਰ ਨੂੰ ਨਿੱਜੀ ਪੂੰਜੀ ਭਾਵ ਕਾਰਪੋਰੇਟ ਘਰਾਣਿਆਂ ਨੂੰ ਇਕ ਇਕ ਕਰਕੇ ਸੌਂਪ ਰਿਹਾ ਹੈ, ਜਦੋਂ ਵਿਰੋਧ ਦੀ ਹਰ ਆਵਾਜ਼ ਨੂੰ ਖਾਮੋਸ਼ ਕਰਨ ਲਈ ਹਰ ਹਰਬਾ ਵਰਤਿਆ ਜਾ ਰਿਹਾ ਹੈ। ਘੱਟ ਗਿਣਤੀਆਂ ਮੁਸਲਮਾਨਾਂ ਤੇ ਇਸਾਈਆਂ ਨੂੰ ਵੱਖ-ਵੱਖ ਇਲਜ਼ਾਮ ਲਾ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਦੇ ਭਾਸ਼ਣਾਂ ਤੋਂ ਲੈ ਕੇ ਮੁੱਖ ਮੰਤਰੀ ਨਿਤੀਸ਼ ਵਲੋਂ ਹਿਜਾਬ ਲਾਹੁਣ ਤੱਕ ਲੱਚਰਤਾ ਹੱਦਾਂ ਪਾਰ ਕਰ ਰਹੀ ਹੋਵੇ, ਤਾਂ ਉਸ ਸਮੇਂ ‘ਬੰਦੇ ਮਾਤਰਮ’ ਦਾ ਛੇੜਿਆ ਰੱਟਾ ਬਹੁਤ ਸਪਸ਼ਟ ਕਰਦਾ ਹੈ ਕਿ ਭਾਜਪਾ ਫਿਰਕਾਪ੍ਰਸਤੀ ਦੇ ਏਜੰਡੇ ਵਿਚ ਨਵੀਂ ਬਦਰੂਹ ਫੂਕਣ ਦੀ ਤਿਆਰੀ ਵਿਚ ਲੱਗੀ ਹੈ।

7 ਨਵੰਬਰ 2025 ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ‘ਬੰਦੇ ਮਾਤਰਮ’ ਗੀਤ ਦੀ, ਰਚਨਾ ਦੇ 150 ਸਾਲ ਪੂਰੇ ਹੋ ਰਹੇ ਹਨ ਅਤੇ ਭਾਜਪਾ ਸਰਕਾਰ, ਇਸ ਸੰਬਧੀ ਵੱਡੇ ਪ੍ਰੋਗਰਾਮ ਉਲੀਕ ਰਹੀ ਹੈ। ਇਸ ਮੌਕੇ ‘ਬੰਦੇ ਮਾਤਰਮ’ ਨੂੰ ਲੈ ਕੇ ਉਨ੍ਹਾਂ ਕਾਂਗਰਸ ਤੇ ਨਹਿਰੂ ਨੂੰ ਨਿਸ਼ਾਨਾ ਬਣਾਇਆ। ਬਹੁਤ ਸਾਫ਼ ਹੈ ਕਿ ਅਗਲੇ ਸਾਲ ਬੰਗਾਲ ਰਾਜ ਦੀਆਂ ਚੋਣਾਂ ਵੀ ਸਿਰ ’ਤੇ ਹਨ। ਮੋਦੀ ਇਹ ਦਾਅਵਾ ਕਰਦਾ ਹੈ ਕਿ ਇਸ ਗੀਤ ’ਤੇ ਪ੍ਰੋਗਰਾਮ ਤਹਿਤ ਨਵੀਂ ਪੀੜ੍ਹੀ ਨੂੰ ਗੀਤ ਦੇ ਇਤਿਹਾਸ ਅਤੇ ਅਜ਼ਾਦੀ ਦੀ ਲੜਾਈ ਦੇ ਮਹੱਤਵ ਨੂੰ ਵੀ ਸਮਝਾਇਆ ਜਾਵੇਗਾ। ਪਰ ਉਸ ਦੇ ਸਮੁੱਚੇ ਭਾਸ਼ਣ ਵਿਚ ਅਜ਼ਾਦੀ ਦੀ ਲੜਾਈ ਨਹੀਂ, ਮੁੱਖ ਨਿਸ਼ਾਨਾ ਮੁਸਲਿਮ ਵਿਰੋਧੀ, ਆਰ.ਐਸ.ਐਸ. ਦਾ ਉਹ ਏਜੰਡਾ ਹੈ ਜਿਹੜਾ ਨਫ਼ਰਤ ਦੀ ਅੱਗ ਵਿਚ ਝੋਕਣ ਲਈ ਨਵੇਂ ਬਾਲਣ ਨੂੰ ਮੁਹੱਈਆ ਕਰਵਾਏਗਾ।

ਇਸ ’ਚ ਕੋਈ ਸ਼ੱਕ ਨਹੀਂ ਕਿ ‘ਬੰਦੇ ਮਾਤਰਮ’ ਭਾਰਤ ਦੀ ਅਜ਼ਾਦੀ ਦੀ ਲੜਾਈ ਦੇ ਦੀਵਾਨਿਆਂ ਦਾ ਪ੍ਰਮੁੱਖ ਨਾਅਰਾ ਰਿਹਾ ਹੈ। ਪਰ ਇਹ ਵੀ ਹਕੀਕਤ ਹੈ ਕਿ ਜਦੋਂ ‘ਬੰਦੇ ਮਾਤਰਮ’ ਗੀਤ ਨੂੰ ਚੇਤੰਨ ਹਿੱਸਿਆਂ ਨੇ ਗਹੁ ਨਾਲ ਵਾਚਿਆ ਤਾਂ ਇਸ ਪ੍ਰਤੀ ਇਕ ਵਿਗਿਆਨਕ ਨਜ਼ਰੀਆ ਵੀ ਉਭਰ ਕੇ ਸਾਹਮਣੇ ਆਇਆ, ਬੇਸ਼ੱਕ ਇਹ ਕਮਜ਼ੋਰ ਹੀ ਕਿਉਂ ਨਹੀਂ ਸੀ।

‘ਬੰਦੇ ਮਾਤਰਮ’, ਬੰਕਿਮ ਚੰਦਰ ਚਟੋਪਾਧਿਆਏ ਦੇ ਇਕ ਚਰਚਿਤ ਨਾਵਲ ‘ਆਨੰਦਮੱਠ’ ਵਿਚ ਦਰਜ ਕੀਤਾ ਇਕ ਗੀਤ ਹੈ ਜੋ ਪਿਛਲੇ ਪੰਨਿਆਂ ’ਤੇ ਅੰਕਿਤ ਹੈ। ਆਨੰਦ ਮੇਠ ਲਗਭਗ 1875 ਦੇ ਆਸ ਪਾਸ ਲਿਖਿਆ ਗਿਆ। ਪਹਿਲਾਂ ਇਹ ਮਾਰਚ ਅਪ੍ਰੈਲ 1818 ਵਿਚ ਇਕ ਬੰਗਾਲੀ ਪਰਚੇ ਬੰਦ ਦਰਸ਼ਨ ਵਿਚ ਲੜੀਵਾਰ ਛਪਿਆ। ਇਸ ਦੀਆਂ ਇਨ੍ਹਾਂ ਲਗਾਤਾਰ ਛਪੀਆਂ ਕਿਸ਼ਤਾਂ ਵਿਚ ਇਹ ਗੀਤ ਦਰਜ ਨਹੀਂ ਸੀ। ਪ੍ਰਧਾਨ ਮੰਤਰੀ ਦਾ ਇਹ ਦਾਅਵਾ ਕਿ ਇਹ 7 ਨਵੰਬਰ 1875 ਨੂੰ ਹੀ ਲਿਖਿਆ ਗਿਆ, ਨਿਰਆਧਾਰ ਹੈ। ਇਹਦੇ ਕੋਈ ਸਬੂਤ ਨਹੀਂ। ਬੰਦੇ ਮਾਤਰਮ ਗੀਤ ਦੇ ਇਤਿਹਾਸ ’ਤੇ ਖੋਜ ਕਰਕੇ ਥੀਸਜ ਲਿਖਣ ਵਾਲੇ ਸਵੈਆਸਾਦੀ ਭੱਟਾਚਾਰੀਆ ਨੇ ਆਪਣੀ ਕਿਤਾਬ ‘ਬੰਦੇ ਮਾਤਰਮ’ ਦਾ ਬਾਈਓਗ੍ਰਾਫ਼ੀ ਆਫ਼ ਦਾ ਸੌਂਗ’ ਵਿਚ ਵੀ ਕੋਈ ਨਿਸ਼ਚਿਤ ਤਰੀਕ ਜਾਂ ਸਾਲ ਨਹੀਂ ਦਿੱਤਾ। ਉਨ੍ਹਾਂ ਇਸ ਨੂੰ 19ਵੀਂ ਸਦੀ ਦੇ ਅੱਠਵੇਂ ਦਹਾਕੇ ਦੀ ਰਚਨਾ ਹੀ ਲਿਖਿਆ ਹੈ। ਇਹ ਸਾਫ਼ ਹੈ ਕਿ ਇਹ ਗੀਤ 1972 ਤੋਂ ਪਿਛੋਂ ਹੀ ਲਿਖਿਆ ਗਿਆ ਕਿਉਂਕਿ ਇਸ ’ਚ 1972 ਦੀ ਬੰਗਾਲ ਦੀ ਜਨਸੰਖਿਆ ਦਾ ਜ਼ਿਕਰ ਆਉਂਦਾ ਹੈ। ਇਹ ਗੀਤ ਨਾਵਲ ਦੇ ਹਿੱਸੇ ਵਜੋਂ ਨਹੀਂ ਲਿਖਿਆ ਗਿਆ ਸੀ। ਪਿਛੋਂ ਬੰਕਿਮ ਚੰਦਰ ਚਟੋਪਾਧਿਆਏ ਦੇ ਇਕ ਦੋਸਤ ਦੇ ਕਹਿਣ ’ਤੇ ਹੀ ਇਸ ਨੂੰ 1882 ਵਿਚ ਕਿਤਾਬੀ ਰੂਪ ਵਿਚ ਪ੍ਰਕਾਸ਼ਿਤ ਨਾਵਲ ਵਿਚ ਸ਼ਾਮਲ ਕਰ ਲਿਆ ਗਿਆ ਸੀ।

‘ਅਨੰਦ ਸੇਠ’ ਨਾਵਲ ਵਿਸ਼ੇਸ਼ ਕਰਕੇ 1770 ਦੇ ਸੰਨਿਆਸੀ ਵਿਦਰੋਹ ਦੇ ਆਧਾਰ ਨੂੰ ਬਣਾ ਕੇ ਲਿਖਿਆ ਗਿਆ ਸੀ। ਭਾਰਤ ਦਾ ਪਹਿਲਾ ਵਿਦਰੋਹ ਜੋ ਅੰਗਰੇਜ਼ ਹਾਕਮਾਂ ਵਿਰੁੱਧ ਉਠਿਆ ਉਹ ਸੰਨਿਆਸੀ ਵਿਦਰੋਹ ਹੀ ਸੀ। 1757 ’ਚ ਬੰਗਾਲ ਉਤੇ ਕਬਜ਼ਾ ਕਰਨ ਪਿਛੋਂ ਈਸਟ ਇੰਡੀਆ ਕੰਪਨੀ ਨੇ ਜੋ ਤਬਾਹੀ ਮਚਾਈ, ਆਰਥਿਕ ਸਰੋਤਾਂ ਦਾ ਉਜਾੜਾ ਕੀਤਾ ਉਸ ਨੇ ਬੰਗਾਲ ਨੂੰ ਇਕ ਭਿਆਨਕ ਅਕਾਲ ਤ੍ਰਾਸਦੀ ਵੱਲ ਧੱਕ ਦਿੱਤਾ ਸੀ ਅਤੇ ਅਕਾਲ ਤੇ ਭੁਖਮਰੀ ਗ੍ਰਸਤ ਇਕ ਲੋਕ ਜੋ ਜੰਗਲਾਂ ਵਿਚ ਸੰਨਿਆਸੀ ਦੇ ਰੂਪ ਘੁੰਮ ਰਹੇ ਸਨ, ਇਸ ਵਿਦਰੋਹ ਦੇ ਵਾਹਕ ਬਣੇ ਕਈ ਸਾਲ ਲੰਬੇ ਇਸ ਵਿਦਰੋਹ ਦਾ ਆਪਦਾ ਇਕ ਇਤਿਹਾਸ ਹੈ। ਖੈਰ ਬੰਕਿਮ ਚੰਦਰ ਨੇ ‘ਆਨੰਦ ਮੱਠ’ ਨਾਵਲ ਰਾਹੀਂ ਇਸ ਵਿਦਰੋਹ ਨੂੰ ਸਾਂਭਣ ਦਾ ਯਤਨ ਕੀਤਾ। ਕਿਉਂਕਿ ਉਸ ਦੌਰ ਦੇ ਵਿਚ ਰਹਿ ਕੇ ਗੱਲ ਕਰਨੀ ਹੋਵੇ ਤਾਂ ਬੰਕਿਮ ਚੰਦਰ ਵੀ ਆਪਣੀ ਸਮਾਜਿਕ, ਰਾਜਨੀਤਕ ਸਮਝ ਦੀ ਧਾਰਾ ਨੂੰ ਜੋ ਨਾਵਲੀ ਲਿਖਤ ਤੇ ਰਚਨਾਵਾਂ ਰਾਹੀਂ ਪ੍ਰਗਟ ਕਰਦੇ ਹਨ, ਉਸ ਤੋਂ ਉਨ੍ਹਾਂ ਦੇ ‘ਹਿੰਦੂ ਪੁਨਰ ਜਾਗਰਣ’ ਕਾਲ ਦੇ ਪਲੇਠੇ ਲੇਖਕ ਹੋਣਾ ਦਿਖਾਈ ਦਿੰਦਾ ਹੈ। 1857 ਤੋਂ ਲੈ ਕੇ 1900 ਤੱਕ ਦੇ ਸਮੁੱਚੇ ਵਿਦਰੋਹ ਜੋ ਅੰਗਰੇਜ਼ਾਂ ਵਿਰੁੱਧ ਉਠੇ ਇਨ੍ਹਾਂ ਨੂੰ ਧਾਰਮਿਕ ਰੰਗਤ ਤੋਂ ਮੁਕਤ ਕਰਕੇ ਨਹੀਂ ਦੇਖਿਆ ਜਾ ਸਕਦਾ ਪਰ ਨਾਲ ਹੀ ਉਸ ਦੌਰ ਵਿਚ ਧਰਮ ਦਾ ਮਤਲਬ ਇਨਸਾਨੀਅਤ ਤੇ ਸਮਾਜ ਪ੍ਰਤੀ ਬਣਦਾ ਆਪਣਾ ਕਰਮ (ਫਰਜ਼) ਸੀ, ਇਨ੍ਹਾਂ ’ਚ ਧਾਰਮਿਕ ਕੱਟੜਤਾਵਾਦ ਵਰਗੀ ਕੋਈ ਚੀਜ਼ ਨਹੀਂ ਸੀ। ਇਹ ਧਾਰਮਿਕ ਕੱਟੜਤਾ ਦੀ ਪਿਉਂਦ ਕਿਉਂ ਤੇ ਕਿਵੇਂ ਲੱਗੀ ਇਹ ਅਲੱਗ ਵਿਸ਼ਾ ਹੈ।

ਬੰਕਿਮ ਚੰਦਰ ਵੀ, ਇਕ ਪਾਸੇ ਅੰਗਰੇਜ਼ਾਂ ਦੀ ਗੁਲਾਮੀ ਤੋਂ ਦੁਖੀ ਲੋਕਾਈ ਅਤੇ ਦੂਸਰੇ ਪਾਸੇ ਧਰਮ ’ਚ ਆਈ ਗਿਰਾਵਟ ਕਾਰਨ ਜੋ ਘਰ ਨਿਰਾਸ਼ਾ ’ਚ ਸਨ, ਦੇ ਪ੍ਰਭਾਵ ਤੋਂ ਮੁਕਤ ਨਹੀਂ ਸਨ। ਪਰ ਬੰਕਿਮ ਚੰਦਰ ਦਾ ਮੱਤ ਇਹ ਸੀ ਕਿ ਹਿੰਦੂ ਧਰਮ ਵਿਚ ਆਈ ਗਿਰਾਵਟ ਦਾ ਕਾਰਨ ਮੱਧ ਯੁੱਗ ਵਿਚ ਆਏ ਮੁਸਲਮਾਨ ਤੇ ਫਿਰ ਅੰਗਰੇਜ਼ ਸਨ। ਹਾਲਾਂਕਿ ਇਸ ਦੌਰ ਵਿਚ ਰਾਜਾ ਰਾਮਮੋਹਨ ਰਾਏ, ਕੇਸ਼ਵਚੰਦਰ ਸੇਨ, ਦਵਿੰਦਰ ਨਾਥ ਠਾਕੁਰ, ਇਕ ਅਲੱਗ ਢੰਗ ਨਾਲ ਹਿੰਦੂ ਧਰਮ ਤੇ ਸਮਾਜਿਕ ਗਿਰਾਵਟ ਨੂੰ ਦੇਖਦਿਆਂ ਇਕ ਸੁਧਾਰਕ ਦੇ ਰੂਪ ਵਿਚ ਆਪਣੀ ਭੂਮਿਕਾ ਨਿਭਾਅ ਰਹੇ ਸਨ। ਬੰਗਾਲ ਵਿਚ ਬੰਕਿਮ ਚੰਦਰ ਚਟੋਪਾਧਿਆਏ, ਬੰਗਲ ਦੇ ਵਿਚ ਰਾਧਾ ਕਾਂਤ ਦੇਬ ਜਾਂ ਬੰਗਾਲ ਤੋਂ ਬਾਹਰ ਆਰੀਆ ਸਮਾਜ ਲਾਲ ਮਿਲਦੇ ਜੁਲਦੇ ਸਨ। ਹਾਲਾਂਕਿ ਆਰੀਆ ਸਮਾਜ ਵਿਚ ਮੁਸਲਿਮ-ਇਸਾਈ ਵਿਰੋਧ ਨਾਲੋਂ ਇਕ ਅਲੱਗ ਪੱਖ ਇਹ ਵੀ ਸੀ ਕਿ ਇਹ ਮੂਰਤੀ ਪੂਜਾ ਦੇ ਵਿਰੋਧੀ ਸਨ। ਜਦੋਂਕਿ ਬੰਕਿਮ ਚੰਦਰ ਨੇ ਆਪਣੇ ਨਾਵਲ ਤੇ ਗੀਤ ਵਿਚ ਭਾਰਤ ਵਰਸ਼ ਤੀ ਕਲਪਨਾ ਇਕ ਦੇਵੀ ਦੇ ਰੂਪ ਵਿਚ ਕੀਤੀ ਸੀ। ‘ਮਾਂ ਭੂਮੀ’ ਦੀ ਪੂਜਾ ਮੂਰਤੀ ਪੂਜਾ ਦੇ ਸਮਾਨ ਹੀ ਹੈ। ਪੂਰੇ ਗੀਤ ਵਿਚ, ਉਹਦੀ ਰੂਪ, ਸੌਂਦਰਯ ਅਮੀਰੀ, ਸ਼ਕਤੀ ਦਾ ਪੂਰਾ ਵਰਣਨ ਇਸ ਪ੍ਰਾਰਥਨਾ ਰੂਪ ਵਿਚ ਹੈ। ਪਿਛੋਂ ਸਹਿਜੇ ਸਹਿਜੇ ਇਹਦੀ ਤੁਲਨਾ ਦੁਰਗਾ ਅਤੇ ਲਕਸ਼ਮੀ ਨਾਲ ਕਰ ਦਿੱਤੀ ਗਈ। ਸੋ ਗੀਤ ਵਿਚ ਇਸ ਤੱਥ ਤੋਂ ਕੋਈ ਇਨਕਾਰੀ ਨਹੀਂ ਕਿ ਇਹ ਮੂਰਤੀ ਪੂਜਕ ਰਚਨਾ ਹੈ ਅਤੇ ਇਹ ਕਿਸੇ ਵੀ ਤਰ੍ਹਾਂ ਪੰਥ ਨਿਰਪੇਖਤਾ ਦੇ ਵਿਚਾਰ ਦੇ ਅਨੁਕੂਲ ਨਹੀਂ। ਇਹ ਵੱਖਰਾ ਸਵਾਲ ਹੈ ਕਿ ਇਸ ਗੀਤ ਦੀ, ਪ੍ਰੇਰਣਾਦਾਇਕ ਭੂਮਿਕਾ ਪਹਿਲਾਂ ਵਿਸ਼ੇਸ਼ ਕਰਕੇ ਬੰਗਾਲੀਆ ਤੇ ਫਿਰ ਭਾਰਤ ਦੇ ਇਨਕਲਾਬੀਆਂ ਵਿਚ ਵੀ ਰਹੀ ਅਤੇ ਕਾਂਗਰਸ ਨੇ ਵੀ ਇਸ ਨੂੰ ਇਵੇਂ ਹੀ ਅਪਣਾਇਆ। 1896 ਵਿਚ ਪਹਿਲੀ ਵਾਰ ਕਾਂਗਰਸ ਦੇ ਇਕ ਵੱਡੇ ਸਮਾਗਮ ਵਿਚ ਇਸ ਗੀਤ ਨੂੰ ਰਾਬਿੰਦਰ ਨਾਥ ਟੈਗੋਰ ਨੇ ਹੀ ਗਾਇਆ ਸੀ। ਬੰਦੇ ਮਾਤਰਮ ਨੂੰ ਵਧੇਰੇ ਹਰਮਨਪਿਆਰਤਾ 1905 ਵਿਚ ਬੰਗਾਲ ਦੀ ਵੰਡ ਪਿਛੋਂ ਉਠੇ ਬੰਗ ਭਰੀ ਅੰਦੋਲਨ ਵਿਚ ਮਿਲੀ। ਇਸ ਸਮੇਂ ਦੋ ਗੀਤ ਪ੍ਰਚਲਤ ਸਨ ਇਕ ‘ਬੰਦੇ ਮਾਤਰਮ’ ਦੂਸਰਾ ਟੈਗੋਰ ਦਾ ‘ਆਰਾਮ ਸੋਨਾਰ ਬੰਗਲਾ’, ਹਾਲਾਂਕਿ ਭਾਜਪਾ ਨੇ ਇਸ ਦੂਸਰੇ ਗੀਤ ਦੀ ਕਦੇ ਚਰਚਾ ਨਹੀਂ ਕੀਤੀ। ਕਿਉਂਕਿ ਇਹ ਗੀਤ ਹੁਣ ਬੰਗਲਾ ਦੇਸ਼ ਦਾ ਰਾਸ਼ਟਰਗਾਨ ਹੈ ਅਤੇ ਭਾਜਪਾ ਦੀ ਫਿਰਕਾਪ੍ਰਸਤ ਨੀਤੀ ਦੇ ਸਾਂਚੇ ਵਿਚ ਇਹ ਫਿੱਟ ਨਹੀਂ ਆਉਂਦਾ। ਹਾਲਾਂਕਿ ਇਹ ਦੋਵੇਂ ਗੀਤ ਉਸ ਸਮੇਂ, ਜਿਸ ਖੇਤਰ ਵਿਚ ਪ੍ਰਚਲਤ ਸਨ



ਅੱਜ ਉਹ ਬੰਗਾਲ, ਬੰਗਲਾ ਦੇਸ਼ ਉੜੀਸਾ ਵਿਚ ਵੰਡਿਆ ਹੋਇਆ ਹੈ।

‘ਬੰਦੇ ਮਾਤਰਮ’ ਉਸ ਦੌਰ ਦੀ ਰਚਨਾ ਹੈ ਜਦੋਂ, ਭਾਰਤ ਦੀ ਆਜ਼ਾਦੀ ਦਾ ਅੰਦੋਲਨ ਕੌਮੀਅਤਤਾ ਤੇ ਧਰਮ ਦੇ ਘਾਲੇ-ਮਾਲੇ ਦਾ ਦੌਰ ਸੀ। ਇਸ ਮੌਕੇ ਧਰਮ ਨਿਰਪੇਖਤਾ ਦਾ ਪੱਖ ਬੇਹੱਦ ਕਮਜ਼ੋਰ ਸੀ। ਦਰਅਸਲ ਅਜੋਕੀ ਧਰਮ ਨਿਰਪੇਖਤਾ ਵਾਲਾ ਨਜ਼ਰੀਆ ਬਹੁਤ ਪਿਛੋਂ ਆਜ਼ਾਦੀ ਦੇ ਅੰਦੋਲਨ ਵਿਚ ਪ੍ਰਵੇਸ਼ ਕੀਤਾ। ਇਸ ਕਮਜ਼ੋਰੀ ਦਾ ਖਮਿਆਜ਼ਾ ਅਜ਼ਾਦੀ ਦੇ ਅੰਦੋਲਨ ਤੋਂ ਪਹਿਲਾਂ ਤੇ ਪਿਛੋਂ ਲਗਾਤਾਰ ਚਲਣ ਵਾਲੇ ਫਿਰਕੂ ਦੰਗਿਆਂ ਦੇ ਰੂਪ ਵਿਚ ਭੁਗਤਨਾ ਵੀ ਪਿਆ। ਹਿੰਦੂ ਮਹਾਂ ਸਭਾ, ਰਾਸ਼ਟਰੀ ਸੋਇਮ ਸੇਵਕ ਸੰਘ, ਮੁਸਲਿਮ ਲੀਗ ਤੇ ਅਖੀਰ ਵਿਚ ਦੇਸ਼ ਦੀ ਧਰਮ ਦੇ ਆਧਾਰਤ ਵੰਡ ਤੇ ਪਿਛੋਂ ਅਲੱਗ ਹੋਏ ਭਾਰਤੀ ਸਮਾਜ ਵਿਚ ਇਸ ਪੀੜਦਾਇਕ ਕੈਂਸਰ ਦੀ ਗ੍ਰਿਫ਼ਤ ਲਗਾਤਾਰ ਚੱਲਦੀ ਆ ਰਹੀ ਹੈ। 1857 ਦੀ ਪਹਿਲੀ ਆਜ਼ਾਦੀ ਦੀ ਲੜਾਈ ਵਿਚ ਵੀ ਧਰਮ ਇਕ ਮਹੱਤਵਪੂਰਨ ਪ੍ਰਸ਼ਨ ਸੀ। ਬੇਸ਼ੱਕ ਇਸ ਸਮੇਂ ਲੜਾਈ ਸਾਂਝੇ ਤੌਰ ’ਤੇ ਵੀ ਲੜੀ ਗਈ ਅਤੇ ਅੰਗਰੇਜ਼ਾਂ ਨੇ ਇਕ ਦੂਸਰੇ ਨੂੰ ਭੜਕਾ ਕੇ ਆਪਣੇ ਮੁਫ਼ਾਦ ਲਈ ਇਸ ਦੀ ਵਰਤੋਂ ਵੀ ਕੀਤੀ।

19ਵੀਂ ਸਦੀ ਦੇ ਅੱਧ ਪਿਛੋਂ ਸ਼ੁਰੂ ਹੋਏ ਧਾਰਮਿਕ ਸੁਧਾਰਵਾਦੀਆਂ ਦੇ ਨਾਲ-ਨਾਲ ਹਿੰਦੂ ਮੁੜ ਸੁਰਜੀਤੀਵਾਦ ਦੇ ਪੈਰੋਕਾਰ ਵੀ ਆਜ਼ਾਦੀ ਦੀ ਲੜਾਈ ਦੇ ਆਗੂ ਬਣੇ। ਬਾਲ ਗੰਗਾ ਧਰਤਿਲਕ ਨੇ ਗਣੇਸ਼ ਚਤੁਰਥੀ ਅਤੇ ਸਿਵਾ ਜੀ ਉਤਸਵੀ ਦਾ ਰਾਜਨੀਤੀਕਰਨ ਕਰਦਿਆਂ ਆਜ਼ਾਦੀ ਦੀ ਲੜਾਈ ਨੂੰ ਵਧਾਉਣ ਦੀ ਰਣਨੀਤੀ ਅਪਣਾਈ। ਲਾਲਾ ਲਾਜਪਤ ਰਾਏ ਜਿਥੇ ਆਜ਼ਾਦੀ ਦੀ ਲੜਾਈ ’ਚ ਭੂਮਿਕਾ ਨਿਭਾਅ ਰਹੇ ਸਨ, ਉਥੇ ਹਿੰਦੂ ਮਹਾਂ ਸਭਾ ਦੇ ਪ੍ਰੋਗਰਾਮ ਦੇ ਮੁੱਖ ਅਯੋਜਕਾਂ ਵਿਚ ਵੀ ਸ਼ਾਮਿਲ ਹੁੰਦੇ ਸਨ। ਵੀਹਵੀਂ ਸਦੀ ਦੇ ਸ਼ੁਰੂ ਵਿਚ ਵੀ ਪਹਿਲੇ ਦੋ ਦਹਾਕਿਆਂ ਦੇ ਕੌਮੀ ਇਨਕਲਾਬੀਆਂ-ਯੁੱਗਾਂਤਰ ਤੇ ਅਨੁਸ਼ਾਲਨ ਸੰਮਤੀ-ਆਦਿ ਦੇ ਲੋਕ ਵੀ ਧਾਰਮਿਕ ਪ੍ਰਤੀਕਾਂ-ਜਿਨ੍ਹਾਂ ’ਚ ਕਾਲੀ ਮਾਂ ਦੀ ਪੂਜਾ, ਲਹੂ ਦੇ ਟਿਕੇ ਲਾਉਣ, ਪਵਿੱਤਰ ਨਦੀਆਂ ’ਚ ਇਸ਼ਨਾਨ ਕਰਨ ਦੇ ਨਾਲ-ਨਾਲ, ਧਰਤੀ ਮਾਤਾ ਲਈ ਖ਼ੂਨ ਜਾਂ ਬਲੀ ਦੇਣ ਆਦਿ ਦੀ ਸ਼ਬਦਾਵਲੀ ਦੀ ਵਰਤੋਂ ਕਰਦੇ ਸਨ। ਦੇਸ਼ ਦੀ ਸਭ ਤੋਂ ਪ੍ਰਮੁੱਖ ਪਾਰਟੀ ਕਾਂਗਰਸ ਵੀ ਹਿੰਦੂ ਮਾਨਸਿਕਤਾ ਵਿਚ ਬੁਰੀ ਤਰ੍ਹਾਂ ਗ੍ਰਸਤ ਸੀ। ਨਹਿਰੂ ਦੇ ਰੂਪ ਵਿਚ ਬਹੁਤ ਛੋਟੇ ਜਿਹੇ ਹਿੱਸੇ ਹੀ ਸਨ ਜਿਨ੍ਹਾਂ ਉਤੇ ਪੱਛਮੀ ਵਿਦਿਆ ਦਾ ਪ੍ਰਭਾਵ ਸੀ ਅਤੇ ਧਰਮ ਨਿਰਪੇਖਤਾ ਦੇ ਹਮਾਇਤੀ ਤੇ ਪ੍ਰਚਾਰਕ ਸਨ। ਖ਼ੁਦ ਗਾਂਧੀ ਜਿਹੜੇ ਬੇਸ਼ੱਕ ਧਾਰਮਿਕਤਾ ਕੱਟੜਵਾਦਤਾ ਵਿਚ ਸੰਘ ਵਾਂਗੂੰ ਬੇਸ਼ੱਕ ਗ੍ਰਸਤ ਨਹੀਂ ਸਨ, ਪਰ ਹਿੰਦੂ ਧਰਮ ਦੀ ਮਹਿਮਾ ਦਾ ਗੁਣ ਗਾਨ ਕਰਦੇ ਰਹਿੰਦੇ ਸਨ। ਉਨ੍ਹਾਂ ਦੀਆਂ ਲਿਖਤਾਂ ਇਕ ਸਪਸ਼ਟ ਕਰਦੀਆਂ ਹਨ। ਗੋਬਿੰਦ ਵੱਲਭ ਪੰਤ, ਰਾਜਗੋਪਾਲਾਚਾਰੀ, ਕੇ. ਐਮ. ਮੁਨਸ਼ੀ, ਰਾਜਿੰਦਰ ਪ੍ਰਸ਼ਾਦ, ਪਟੇਲ ਆਦਿ ਸਾਰੇ ਹਿੰਦੂ ਮੁਸਲਿਮ ਸਮਾਜ ਦੇ ਮਾਮਲਿਆਂ ਵਿਚ ਹਿੰਦੂ ਮਹਾਂ ਸਭਾ ਦੇ ਵਿਚਾਰਾਂ ਦੇ ਨੇੜੇ ਜਾ ਢੁਕਦੇ ਸਨ। ਸੋ ਦੇਖਿਆ ਜਾਵੇ ਤਾਂ ਭਾਰਤ ਦੀ ਆਜ਼ਾਦੀ ਦੇ ਅੰਦੋਲਨ ਦੀ ਅਗਵਾਈ ਕਰਨ ਵਾਲਾ ਇਹ ਹਿੱਸਾ, ਧਰਮ-ਨਿਰਪੇਖਤਾ ਜਾਂ ਪੰਥ ਨਿਰਪੇਖਤਾ ਦੇ ਤੱਤ ਲਾਲ ਨਾਲ ਆਤਮਸ਼ਾਤ ਕਰ ਸਕਿਆ ਨਾ ਹੀ ਆਪਣਾ ਸਕਿਆ। ਸੋ ਇਹ ਖਮਿਆਜ਼ਾ ਹੀ ਪਿਛਲੇ 100 ਸਾਲ ਤੋਂ ਅਸੀਂ ਭੁਗਤੇ ਆ ਰਹੇ ਹਾਂ। ਅਸਲੀ ਧਰਮ ਨਿਰਪੇਖ ਧਾਰਾ ਆਪਣੀ ਮਜਬੂਤ ਪਹਿਚਾਣ ਧਰਾਤਲ ’ਤੇ ਬਣਾ ਹੀ ਨਹੀਂ ਸਕੀ।

ਸੰਖੇਪ ਵਿਚ ਇਸ ਨੂੰ ਸਮਝੇ ਬਿਨਾ ‘ਬੰਦੇ ਮਾਤਰਮ’ ਦੇ ਵਿਵਾਦ ਨੂੰ ਸਮਝਣਾ ਮੁਸ਼ਕਿਲ ਹੈ। ਦਰਅਸਲ ਵੀਹਵੀਂ ਸਦੀ ਦੇ ਚੌਥੇ ਦਹਾਕੇ ਵਿਚ ਜਦੋਂ ਹਿੰਦੂ ਮੁਸਲਿਮ ਫਿਰਕੂ ਰਾਜਨੀਤੀ ਆਪਣੇ ਅਸਲੀ ਰੂਪ ਵਿਚ ਸਾਹਮਣੇ ਆ ਚੁੱਕੀ ਸੀ, ਉਸ ਸਮੇਂ ਇਹਦੇ ਵਿਵਾਦ ਦਾ ਮੁੱਢ ਬੱਝਦਾ ਹੈ। ਹਾਲਾਂਕਿ 1905 ਦੇ ਬੰਗਾਲ ਵੰਡ ਵਿਰੋਧੀ ਅੰਦੋਲਨ ਸਮੇਂ ਵਾਪਰੀ ਇਕ ਘਟਨਾ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਇਸ ਅੰਦੋਲਨ ਸਮੇਂ ਬਰਿਸਾਲ ਖੇਤਰ (ਅੱਜ ਕੱਲ ਬੰਗਲਾਦੇਸ਼) ਖੇਤਰ ਵਿਚ ਅੰਦੋਲਨਕਾਰੀ ਜਦੋਂ ਇਕ ਮਸਜਿਦ ਅੱਗੋਂ ਜਲੂਸ ਦੇ ਰੂਪ ਵਿਚ ਲੰਘ ਰਹੇ ਸਨ ਤਾਂ ਨਾਅਰੇ ਲਾ ਰਹੇ ਸਨ, ਤਾਂ ਉਸੇ ਸਮੇਂ ਮਸਜਿਦ ਅੰਦਰ ਮੁਸਲਮਾਨ ਨਮਾਜ਼ ਅਦਾ ਕਰਨ ਲਈ ਇਕੱਠੇ ਹੋਏ ਸਨ। ਉਹ ਆਪਣੀ ਨਮਾਜ਼ ਪੜ੍ਹਾ ਰਹੇ ਸਨ, ਅੰਦੋਲਨਕਾਰੀਆਂ ਨੇ ਬਾਹਰ ਬੰਦੇ ਮਾਤਰਮ ਗੀਤ ਗਾਉਣਾ ਸ਼ੁਰੂ ਕਰ ਦਿੱਤਾ। ਉਧਰੋਂ ਵੀ ਧਾਰਮਿਕ ਨਾਅਰੇ ਲੱਗਣ ਲੱਗੇ। ਇਹ ਤਣਾਅ ਪਿਛੋਂ ਬਰਤਾਨਵੀ ਹਾਕਮਾਂ ਨੇ ਜਿਹੜੀ ਇਸ ਘਟਨਾ ਨਾਲ ਜਾਂਚ ਰਿਪੋਰਟ ਜਾਰੀ ਕੀਤੀ ਉਸ ਵਿਚ ਇਹ ਨੋਟ ਕੀਤਾ ਕਿ “ਬੰਦੇ ਮਾਤਰਮ’ ਗੀਤ ਦੀ ਵਰਤੋਂ ਅੰਦੋਲਨਕਾਰੀ ਫਿਰਕੂ ਤਣਾਅ ਪੈਦਾ ਕਰਨ ਲਈ ਕਰ ਰਹੇ ਹਨ। ਪਹਿਲਾਂ ਇਹ ਅਜਿਹਾ ਮੁੱਦਾ ਨਹੀਂ ਸੀ ਬਣਿਆ। ਹਾਲਾਂਕਿ ਇਸ ਗੀਤ ਦੀ ਵਰਤੋਂ ਕਾਂਗਰਸ ਦੇ ਸਮਾਗਮਾਂ ਵਿਚ ਹੁੰਦੀ ਰਹੀ। ਖ਼ੁਦ ਗਾਂਧੀ 1915 ਵਿਚ ਇਕ ਥਾਂ ਲਿਖਦਾ ਹੈ ਕਿ ਇਸ ਗੀਤ ਨੂੰ ਸੁਣ ਕੇ ਉਹ ਰੋਮਾਂਚਿਤ ਹੋ ਉਠਦੇ ਹਨ।

ਇਸ ਪਿਛੋਂ ਜਿਵੇਂ ਹੀ ਇਹ ਗੀਤ ਗਾਇਆ ਜਾਣ ਲੱਗਾ, ਮੁਸਲਮਾਨਾਂ ਦੇ ਇਕ ਹਿੱਸੇ ਵਿਚ ਇਸ ’ਤੇ ਇਤਰਾਜ਼ ਆਉਣੇ ਸ਼ੁਰੂ ਹੋ ਗਏ ਅਤੇ ਉਨ੍ਹਾਂ ਨੂੰ ਇਹ ਰੜਕਣ ਲੱਗਾ। ਇਹਦਾ ਪਹਿਲਾ ਕਾਰਨ ਸੀ ਕਿ ਮੁਸਲਿਮ ਧਰਮ ਵਿਚ ਮੂਰਤੀ ਪੂਜਾ ਪੂਰੀ ਤਰ੍ਹਾਂ ਵਰਜਿਤ ਹੈ ਅਤੇ ਇਹਨੂੰ ਇਸਲਾਮ ਵਿਰੋਧੀ ਮੰਨਿਆ ਜਾਂਦਾ ਹੈ। ਦੂਸਰਾ ਇਸ ਵਿਚ ਧਾਰਮਿਕ ਉਤੇਜਨਾ ਵਾਲਾ ਪੱਖ ਸੀ। ਹਾਲਾਂਕਿ ਰਾਸ਼ਟਰਵਾਦੀ ਅੰਦੋਲਨ ਵਿਚ ਤੇ ਇਸ ਦੇ ਅਯੋਜਨਾਂ ਵਿਚ ਉਨ੍ਹਾਂ ਦੀ ਹਿੱਸੇਦਾਰੀ ਘਟੀ ਨਹੀਂ ਪਰ ਬੰਦੇ ਮਾਤਰਮ ਪ੍ਰਤੀ ਅਸਹਿਜ ਬਣੇ ਰਹੇ। ਦੂਸਰੇ ਪਾਸੇ ਕੱਟੜ ਫਿਰਕਾਪ੍ਰਸਤ ਹਿੰਦੂ ਤੱਤ, ‘ਬੰਦੇ ਮਾਤਰਮ’ ਗੀਤ ਨੂੰ ਮੁਸਲਮਾਨਾਂ ਦੀ ਦੇਸ਼ ਭਗਤੀ ਦੀ ਪ੍ਰੀਖਿਆ ਲੈਣ ਲਈ ਇਕ ਹਥਿਆਰ ਵਜੋਂ ਜ਼ੋਰ ਦੇਣ ਲੱਗੇ। ਇਸ ਨੇ ਇਕ ਬੇਮਤਲਬ ਵਿਵਾਦ ਨੂੰ ਜਨਮ ਦੇਣਾ ਸ਼ੁਰੂ ਕੀਤਾ। ਇਹ ਵਿਵਾਦ ਨਾ ਬਣਦਾ ਤਾਂ ਬਰਤਾਨਵੀ ਹਾਕਮਾਂ ਖਿਲਾਫ਼ ਅਜ਼ਾਦੀ ਦਾ ਅੰਦੋਲਨ ਇਕ ਮਜ਼ਬੂਤ ਦੀਵਾਰ ਬਣਨਾ ਸੀ ਜਿਸ ਵਿਚ ਧਰਮ ਨਿਰਪੇਖਤਾ ਭਾਰੂ ਰਹਿਣੀ ਸੀ।

1937 ਵਿਚ ਜਦੋਂ ਪ੍ਰਾਂਤਕ ਅਸੈਂਬਲੀ ਦੇ ਗਠਨ ਪਿਛੋਂ ਚੋਣਾਂ ਹੋਈਆਂ ਤਾਂ ‘ਬੰਦੇ ਮਾਤਰਮ’ ਨੂੰ ਲੈ ਕੇ ਵਿਵਾਦ ਹੋਰ ਵਧ ਗਿਆ। ਪਹਿਲੀ ਵਾਰ ਇਨ੍ਹਾਂ ਅਸੈਂਬਲੀਆਂ ਵਿਚ ਭਾਰਤੀਆਂ ਨੂੰ ਹਿੱਸੇਦਾਰੀ ਮਿਲੀ ਸੀ। ਇਸ ਸਮੇਂ ਇਨ੍ਹਾਂ ਅਸੈਂਬਲੀਆਂ ਵਿਚ ਕਿਸੇ ਰਾਸ਼ਟਰੀ ਗੀਤ ਦੀ ਲੋੜ ਪਈ ਤਾਂ ‘ਬੰਦੇ ਮਾਤਰਮ’ ਦੀ ਹਰਮਨਪਿਆਰਤਾ ਕਰਕੇ ਇਸ ਨੂੰ ਚੁਣਿਆ ਗਿਆ। ਇਸ ਉਤੇ ਮੁਸਲਿਮ ਮੈਂਬਰਾਂ ਨੇ ਇਤਰਾਜ਼ ਰੱਖਣਾ ਸ਼ੁਰੂ ਕੀਤਾ। ਮੁਸਲਿਮ ਲੀਗ ਦੇ ਆਗੂ ਮੁਹੰਮਦ ਮਾਲੀ ਜਿਨਹਾ ਨੇ ‘ਬੰਦੇ ਮਾਤਰਮ’ ਦੇ ਰਾਹੀਂ ਕਾਂਗਰਸ ’ਤੇ ਘੱਟ ਗਿਣਤੀ ਮੁਸਲਮਾਨਾਂ ਉਤੇ ਬਹੁਗਿਣਤੀ ਦਾ ਏਜੰਡਾ ਥੋਪਣ ਦਾ ਦੋਸ਼ ਲਾਇਆ। ਇਸ ਨਾਲ ਜਿਨਹਾ ਨੂੰ ਮੌਕਾ ਮਿਲ ਗਿਆ ਕਿ ਉਹ ਆਪਣਾ ਪਾਕਿਸਤਾਨ ਦੇ ਏਜੰਡੇ ਲਈ ਮਜਬੂਤ ਮੁਸਲਿਮ ਪੱਖ ਦੀ ਕਤਾਰਬੰਦੀ ਕਰਾਵੇ। ਉਹਨੇ ਇਹ ਪ੍ਰਚਾਰਿਆ ਕਿ ਜੇ ਪਾਕਿਸਤਾਨ ਨਾ ਮਿਲਿਆ ਤਾਂ ਕਾਂਗਰਸ ਆਪਣਾ ਬਹੁਗਿਣਤੀ ਵਾਲਾ ਏਜੰਡਾ ਮੁਸਲਮਾਨਾਂ ’ਤੇ ਥੋਪੇਗੀ। ਆਖਿਰ ਨਹਿਰੂ ਦੀ ਅਗਵਾਈ ’ਚ ਇਕ ਕਮੇਟੀ ਬਣੀ ਤੇ ਇਸ ਕਮੇਟੀ ਨੇ ‘ਬੰਦੇ ਮਾਤਰਮ’ ਗੀਤ ਨੂੰ ਮੁੜ ਵਾਚਿਆ। ਫੈਸਲਾ ਲੈਣਾ ਸੀ ਕਿ ਇਸ ਗੀਤ ਦੀ ਆਮ ਸਮਾਗਮਾਂ ’ਤੇ ਵਰਤੋਂ ਕਿਵੇਂ ਕੀਤੀ ਜਾਵੇ। ਨਹਿਰੂ ਇਸ ਗੀਤ ਦੀ ਇਤਿਹਾਸਕ ਭੂਮਿਕਾ, ਧਰਮ ਨਿਰਪੇਖਤਾ ਦੀ ਘਸਵੱਟੀ, ਉਤੇ ਇਸ ਦੀਆਂ ਸੀਮਤਾਈਆਂ, ਆਧੁਨਿਕ ਯੁੱਗ ਦੀਆਂ ਲੋੜਾਂ ਆਦਿ ਨੂੰ ਧਿਆਨ ’ਚ ਰੱਖਦੇ ਹੋਏ ਠੋਸ ਫੈਸਲਾ ਲੈ ਕੇ ਇਸ ਵਿਵਾਦ ਦਾ ਸਥਾਈ ਹੱਲ ਕੱਢ ਸਕਦੇ ਸਨ ਪਰ ਉਹਨੇ ਵਿਚ ਵਿਚਾਲੇ ਵਾਲਾ ਰਾਹ ਅਪਣਾਇਆ। ਉਸ ਦੀ ਅਗਵਾਈ ਵਾਲੀ ਕਮੇਟੀ ਨੇ ਸੁਝਾਅ ਦਿੱਤਾ ਕਿ ਇਹਦੇ 6 ਬੰਦਾਂ ਵਿਚੋਂ ਪਹਿਲੇ ਦੋ ਦੀ ਹੀ ਵਰਤੋਂ ਕੀਤੀ ਜਾਵੇ ਬਾਕੀ ਨੂੰ ਛੱਡ ਦਿੱਤਾ ਜਾਵੇ। ਜਿਸ ਵਿਚ ਜ਼ਿਆਦਾ ਮੂਰਤੀ ਪੂਜਾ ਜਾਂ ਦੈਵਿਕ ਪ੍ਰਤੀਕ ਆਦਿ ਉਭਰਦੇ ਹਨ। ਉਸ ਤੋਂ ਪਿਛੋਂ ‘ਬੰਦੇ ਮਾਤਰਮ’ ਦਾ ਇਹ ਰੂਪ ਸਾਹਮਣੇ ਆਇਆ ਜਿਸ ਨੂੰ ਪਿਛੋਂ 1950 ਵਿਚ ਵੀ ਰਾਸ਼ਟਰੀ ਗਾਨ ਦੇ ਤੌਰ ’ਤੇ ਪ੍ਰਵਾਨ ਕੀਤਾ ਗਿਆ। ਮੋਦੀ ਨੇ ਇਸੇ ਉਤੇ ਕਟਾਕਸ਼ ਕਰਦਿਆਂ ਕਿਹਾ ਹੈ ਕਿ “ਨਹਿਰੂ ਦੀ ਫਿਰਕਾਪ੍ਰਸਤ ਸੋਚ ਨੇ ਬੰਦੇ ਮਾਤਰਮ ਗੀਤ ਨੂੰ ਖੰਡਿਤ ਕੀਤਾ ਹੈ।” ਨਹਿਰੂ ਉਤੇ ਹਿੰਦੂ ਵਿਰੋਧੀ ਹੋਣ ਦਾ ਦੋਸ਼ ਲੱਗ ਗਿਆ ਤੇ ਮੁਸਲਿਮਪ੍ਰਸਤ ਹੋਣ ਦਾ ਠੱਪਾ। ਜਿਸ ਤੋਂ ਨਹਿਰੂ 1937 ਵਿਚ ਬਚਣਾ ਚਾਹੁੰਦਾ ਸੀ ਉਹ ਦੋਸ਼ ਉਸ ਉਤੇ 2025 ਵਿਚ ਆ ਕੇ ਲੱਗ ਗਈ ਜਿਸ ਤੋਂ ਇਹ ਸਿੱਖਣ ਦੀ ਲੋੜ ਹੈ ਕਿ ਵਿਚਾਰਧਾਰਕ ਤੇ ਰਾਜਨੀਤਕ ਖੇਤਰ ਵਿਚ ਫਿਰਕਾਪ੍ਰਸਤ ਫਾਸ਼ੀਵਾਦ ਦਾ ਮੁਕਾਬਲਾ ਵਿਚ ਵਿਚਾਲੇ ਵਾਲੇ ਕਿਸੇ ਰਾਹ ਰਾਹੀਂ ਨਹੀਂ ਕੀਤਾ ਜਾ ਸਕਦਾ। ਸਪਸ਼ਟ ਤੇ ਵਿਗਿਆਨਕ ਨਿਖੇੜਾ ਤੇ ਫੈਸਲਾ ਜ਼ਰੂਰੀ ਹੁੰਦਾ ਹੈ।

1937 ਵਾਲੀ ਗਲਤੀ ਹੀ 1950 ਵਿਚ ਦੁਹਰਾਈ ਗਈ ਜਦੋਂ ‘ਜਨ ਗਣ ਮਨ’ ਨੂੰ ਤਾਂ ਰਾਸ਼ਟਰੀ ਮਾਣ ਦੇ ਤੌਰ ’ਤੇ ਪ੍ਰਵਾਨ ਕਰ ਲਿਆ ਗਿਆ ਅਤੇ ‘ਬੰਦੇ ਮਾਤਰਮ’ ਨੂੰ ਰਾਸ਼ਟਰੀ ਗੀਤ ਦੇ ਤੌਰ ’ਤੇ ਰੱਖ ਲਿਆ ਗਿਆ। ਆਮ ਸਮਾਗਮਾਂ ਵਿਚ ਰਾਸ਼ਟਰੀ ਮਾਣ ਨੂੰ ਜੋ ਮਾਨਤਾ ਤੇ ਪ੍ਰਤੀਬੱਧਤਾ ਸੀ ਉਹ ਰਾਸ਼ਟਰੀ ਗੀਤ ਲਈ ਨਹੀਂ ਸੀ। ਇਹ ਫੈਸਲਾ ਅਯੋਜਕਾਂ ਉਤੇ ਛੱਡ ਦਿੱਤਾ ਗਿਆ ਅਤੇ ਇਕ ਵਾਰ ਇਸ ਗੀਤ ਬਾਰੇ ਵਿਵਾਦ ਪਿਛੇ ਪੈ ਗਿਆ। ਇਕ ਤਾਂ ਪਾਕਿਸਤਾਨ ਬਣਨ ਨਾਲ ਮੁਸਲਿਮ ਲੀਗ ਦੀ ਸਿਰਦਰਦੀ ਜਾਂਦੀ ਰਹੀ, ਦੂਸਰਾ ਲੰਮਾਂ ਸਮਾਂ ਕਾਂਗਰਸ ਰਾਜਾਂ ਤੇ ਕੇਂਦਰ ਵਿਚ ਸੱਤਾਧਾਰੀ ਬਣਦੀ ਰਹੀ। ਸਰਕਾਰੀ ਜਾਂ ਅਰਧ ਸਰਕਾਰੀ ਸਕੂਲਾਂ ਵਿਚ ਬੰਦੇ ਮਾਤਰਮ ਗੀਤ ਨੂੰ ਕਾਂਗਰਸੀ ਸਰਕਾਰਾਂ ਨੇ ਉਸ ਤਰ੍ਹਾਂ ਪ੍ਰਚਾਰਤ ਨਹੀਂ ਕੀਤਾ ਜਿਵੇਂ ਰਾਸ਼ਟਰ ਮਾਣ ਨੂੰ।

ਪਰ ਭਾਜਪਾ ਤੇ ਸੰਘ ਨੇ ਇਸ ਗੀਤ ’ਤੇ ਮੱਦੇ ਨੂੰ ਕਦੇ ਵੀ ਵਿਸਾਹਿਆ ਨਹੀਂ। ਪਹਿਲਾਂ ਤਾਂ ਸੰਘ ਨੇ ਲੰਮਾਂ ਸਮਾਂ ਇਹ ਝੂਠਾ ਪ੍ਰਚਾਰ ਕੀਤਾ ਕਿ ਰਾਬਿੰਦਰ ਨਾਥ ਟੈਗੋਰ ਨੇ ‘ਜਨ ਗਣ ਮਨ’ ਨੇ ਜਾਰਜ ਪੰਚਮ ਦੀ ਉਸਤਤ ਤੇ ਸਵਾਗਤ ਵਿਚ ਲਿਖਿਆ ਸੀ। ਇਉਂ ਉਨ੍ਹਾਂ ਰਾਸ਼ਟਰ ਮਾਣ ਨੂੰ ਬਦਨਾਮ ਕੀਤਾ। ਭਾਜਪਾ ਤੇ ਸੰਘ ਦੇ ਪ੍ਰੋਗਰਾਮਾਂ ਵਿਚ ਰਾਸ਼ਟਰ ਮਾਣ ਕਦੇ ਵੀ ਨਹੀਂ ਗਾਇਆ ਗਿਆ। ਸੰਘ ਤੇ ਭਾਜਪਾ ਨੇ ਬੰਦੇ ਮਾਤਰਮ ਨੂੰ ਵੀ ਸਭ ਤੋਂ ਉਪਰ ਰੱਖਿਆ। ਵਿਦਿਆ ਭਾਰਤੀ ਸਕੂਲਾਂ ਵਿਚ ਬੰਦੇ ਮਾਤਰਮ ਨੂੰ ਵੀ ਤਰਜੀਹ ਦਿੱਤੀ ਜਾਂਦੀ ਰਹੀ ਤੇ ਹੈ। ਸਵੇਰ ਦੀ ਪ੍ਰਾਰਥਨਾ ਸਭਾ ’ਚ ਬੰਦੇ ਮਾਤਰਮ ਹੀ ਗਾਇਆ ਜਾਂਦਾ ਸੀ।

ਮਾਮਲਾ ਫਿਰ ਉਦੋਂ ਉਭਰਿਆ ਜਦੋਂ

1998 ਵਿਚ ਕੇਂਦਰ ਵਿਚ ਵਾਜਪਾਈ ਦੀ ਅਗਵਾਈ ਹੇਠ ਸਰਕਾਰ ਬਣੀ। ਉਤਰ ਪ੍ਰਦੇਸ਼ ਵਿਚ ਰਾਜਨਾਥ ਸਿੰਘ ਮੁੱਖ ਮੰਤਰੀ ਸਨ। ਉਨ੍ਹਾਂ ਉਤਰ ਪ੍ਰਦੇਸ਼ ਦੇ ਸਕੂਲਾਂ ਵਿਚ ਬੰਦੇ ਮਾਤਰਮ ਗੀਤ ਨੂੰ ਪ੍ਰਾਰਥਨਾ ਸਭਾ ਵਿਚ ਗਾਉਣ ਦੇ ਲਿਖਤੀ ਆਦੇਸ਼ ਸਕੂਲਾਂ ਨੂੰ ਜਾਰੀ ਕੀਤੇ। ਇਸ ’ਤੇ ਮੁਸਲਿਮ ਪਰਸਨਲ ਲਾ ਬੋਰਡ ਨੇ ਆਪਣੀ ਸ਼ਿਕਾਇਤ ਦਰਜ ਕਰਵਾਈ। ਜਦੋਂ ਪ੍ਰਧਾਨ ਮੰਤਰੀ ਵਾਜਾਈ ਲਖਨਊ ਆਏ ਤਾਂ ਸਵਾਲ ਪੁੱਛਿਆ ਗਿਆ ਤਾਂ ਉਹਨੇ ‘ਜਾਣਕਾਰੀ ਨਾ ਹੋਣ’ ਦਾ ਬਹਾਨਾ ਲਾ ਕੇ ਉਤਰ ਪ੍ਰਦੇਸ਼ ਸਰਕਾਰ ਨੂੰ ਇਸ਼ਾਰਾ ਕਰ ਦਿੱਤਾ ਅਤੇ ਰਾਜ ਸਰਕਾਰ ਇਕ ਵਾਰ ਚੁਪ ਚੁਪੀਤੇ ਪਿਛੇ ਹਟ ਗਈ। ਇਹ ਆਦੇਸ਼ ਠੰਡੇ ਬਸਤੇ ਵਿਚ ਚਲਾ ਗਿਆ।

ਹੁਣ ਮੋਦੀ ਸਰਕਾਰ, ਵਾਜਪਾਈ ਸਰਕਾਰ ਨਾਲੋਂ ਕਿਤੇ ਵੱਧ ਤਾਕਤਵਰ ਹੈ ਤੇ ਤਾਨਾਸ਼ਾਹ ਹੈ, ਉਹਦੇ ਸਾਹਮਣੇ ਕੋਈ ਮਜ਼ਬੂਰੀ ਨਹੀਂ ਹੈ। ਉਹ 2014 ਤੋਂ ਪਿਛੋਂ ਫਿਰਕਾਪ੍ਰਸਤ ਏਜੰਡਿਆਂ ’ਤੇ ਖੁੱਲ੍ਹ ਕੇ ਖੇਡ ਰਹੀ ਹੈ ਅਤੇ ਮੁਸਲਮਾਨ ਵੀ ਇਕ ਤਰ੍ਹਾਂ ਨਾਲ ਕਮਜ਼ੋਰ ਤੇ ਪਿਛੇ ਹਟ ਚੁੱਕੇ ਹਨ। ਧਰਮ ਨਿਰਪੇਖ ਤਾਕਤਾਂ ਵੀ ਹਾਸ਼ੀਏ ’ਤੇ ਹਨ। ਅਜਿਹੇ ਸਮੇਂ ਭਾਜਪਾ ‘ਬੰਦੇ ਮਾਤਰਮ’ ਰਾਹੀਂ ਫਿਰਕਾਪ੍ਰਸਤ ਏਜੰਡੇ ਦੀ ਰਾਜਨੀਤੀ ਨੂੰ ਹੋਰ ਅੱਗੇ ਵਧਾਉਣਾ ਚਾਹੁੰਦੀ ਹੈ। ਸੰਘ ਤੇ ਭਾਜਪਾ ਇਹ ਜਾਣਦੇ ਹਨ ਕਿ ਧਾਰਮਿਕ ਬਿੰਬਾਂ ਅਤੇ ਪੇਸ਼ਕਾਰੀ ਦੇ ਰਾਹੀਂ ‘ਬੰਦੇ ਮਾਤਰਮ’ ਗੀਤ ਦਾ ਹਥਿਆਰ ਇਕ ਤਰ੍ਹਾਂ ਨਾਲ ਮੁਸਲਮਾਨਾਂ ਵਿਚ ਅਸਹਿਜਤਾ ਪੈਦਾ ਕਰੇਗਾ। ਇਹ ਮਾਹੌਲ ਤਿਆਰ ਕਰਨਾ ਹੀ ਸੰਘੀ ਏਜੰਡਾ ਹੈ। ਇਸ ਗੀਤ ਨੂੰ ਜਬਰਦਸਤੀ ਥੋਪਣ ਨਾਲ ਮੁਸਲਮਾਨਾਂ ਨੂੰ ਚਿੜਾਉਣਾ ਚਾਹੁੰਦੀ ਹੈ ਸਰਕਾਰ। ਮੁਸਲਮਾਨਾਂ ਵਲੋਂ ਕਿਸੇ ਵੀ ਕਿਸਮ ਦਾ ਵਿਰੋਧ ਜਾਂ ਵਿਰੋਧੀ ਸੁਰ ਆਉਣਗੇ ਤਾਂ ਫਿਰ ਸੰਘੀ ਲੋਕਤੰਤਰ ਉਨ੍ਹਾਂ ਨੂੰ ਰਾਸ਼ਟਰ ਵਿਰੋਧੀ ਸਾਬਤ ਕਰਨ ਲਈ ਉਤਰ ਆਉਣਗੇ ਅਤੇ ਇਉਂ ਹੀ ਕਾਂਗਰਸ ਜਾਂ ਬੰਗਾਲ ’ਚ ਮਮਤਾ ਬੈਨਰਜੀ ਸਰਕਾਰ ਇਸ ਵਿਰੁੱਧ ਕੋਈ ਪ੍ਰਤੀਕਿਰਿਆ ਦੇਵੇਗੀ ਤਾਂ ਸੰਘੀ ਰਾਸ਼ਟਰਵਾਦ ਉਸ ਦੇ ਮੁਕਾਬਲੇ ਲਈ ਨਿਤਰ ਆਵੇਗਾ ਅਤੇ ਬੰਗਾਲ ਵਿਚ ਫਿਰਕੂ ਕਤਾਰਬੰਦੀ ਦੀ ਰਾਜਨੀਤੀ ਦੀ ਜ਼ਮੀਨ ਤਿਆਰ ਹੋਵੇਗੀ। ਸੰਘ ਦੀ ਇਹ ਯੋਜਨਾ ਸਫ਼ਲ ਵੀ ਹੋਈ ਹੈ। ਬੁਨਿਆਦੀ ਮੁੱਦਿਆਂ ਤੋਂ ਹਟ ਕੇ ਸੰਸਦ ਵਿਚ ਇਸ ’ਤੇ ਭਾਜਪਾ ਨੇ ਲੰਬੀ ਬਹਿਸ ਲਈ ਸਮਾਂ ਗੁਆਉਣਾ ਦਰੁਸਤ ਸਮਝਿਆ ਹੈ ਅਤੇ ਇਸੇ ਸਮੇਂ ਕਈ ਅਜਿਹੇ ਕਾਨੂੰਨਾਂ ਨੂੰ ਵਿਰੋਧੀ ਧਿਰ ਦੀ ਗੈਰ ਹਾਜ਼ਰੀ ’ਚ ਪਾਸ ਕਰਵਾਉਣ ਦੀ ਰਣਨੀਤੀ ਤਿਆਰ ਕਰ ਲਈ ਜਿਵੇਂ ਪਹਿਲਾਂ ਭਾਜਪਾ ਕਰਦੀ ਆਈ ਹੈ।


ਇਸ ’ਚ ਕੋਈ ਸ਼ੱਕ ਨਹੀਂ ਕਿ ‘ਬੰਦੇ ਮਾਤਰਮ’ ਗੀਤ ਨੇ ਦੇਸ਼ ਦੀ ਆਜ਼ਾਦੀ ਦੇ ਅੰਦੋਲਨ ਵਿਚ ਆਮ ਲੋਕਾਈ ਨੂੰ ਖਿਚਣ ਲਈ ਪ੍ਰੇਰਿਤ ਕਰਨ ਲਈ ਅਹਿਮ ਭੂਮਿਕਾ ਨਿਭਾਈ ਹੈ। ਪਰ ਇਹ ਧਿਆਨ ਦੇਣ ਯੋਗ ਹੈ ਕਿ ‘ਪ੍ਰੇਰਣਾ’ ਇਕ ਸਾਪੇਖਿਕ ਪਾਵ ਹੈ। ਇਨ੍ਹਾਂ ਭਾਵਾਂ ਦੀਆਂ ਅਲੱਗ-ਅਲੱਗ ਹਾਲਤਾਂ ਅਤੇ ਵਿਚਾਰਕ ਪਿਛੋਕੜ ਹੁੰਦਾ ਹੈ। ਇਹ ਜ਼ਰੂਰੀ ਨਹੀਂ ਕਿ ਕਿਸੇ ਵਿਅਕਤੀ, ਸਮੂਹ ਜਾਂ ਦੇਸ਼ ਦੇ ਅੱਗੇ ਵਧਣ ਲਈ ਜਿਹੜੀ ਪ੍ਰੇਰਨਾ ਇਕ ਸਮੇਂ ਰਹੀ ਹੋਵੇ, ਉਹ ਅਗਲੇ 100 ਸਾਲ ਵੀ ਚਲਦੀ ਰਹੇ। ਅਸੀਂ ਅੱਜ ਬ੍ਰਿਟਿਸ਼ ਬਸਤੀਵਾਦੀ ਗੁਲਾਮੀ ਦੇ ਦੌਰ ਨਾਲੋਂ ਬਿਲਕੁਲ ਅਲੱਗ ਸਮੇਂ ਵਿਚ ਵਿਚਰ ਰਹੇ ਹਾਂ। ਸਮਾਜ ਨੇ ਆਪਣੀ ਸਮਾਜਿਕ ਚੇਤਨਾ ਤੇ ਸੰਕਲਪਾਂ ਨੂੰ ਵੀ ਹੋਰ ਅੱਗੇ ਵਿਕਸਿਤ ਕਰ ਲਿਆ ਹੈ ਅਤੇ ਇਕ ਵਿਗਿਆਨਕ ਦ੍ਰਿਸ਼ਟੀ ਵੀ ਵਿਕਸਿਤ ਕੀਤੀ ਹੈ। ਅੱਜ ਉਹੋ ਜਿਹੇ ਰਾਸ਼ਟਰੀ ਅੰਦੋਲਨ ਦਾ ਦੌਰ ਨਹੀਂ। ਅੱਜ ਜੋ ਰਾਸ਼ਟਰਵਾਦ ਦੀ ਗੁਰਜ ਚੁੱਕੀ ਬੈਠੇ ਹਨ ਉਹ ਸੌੜੇ ਅੰਧਰਾਸ਼ਟਰਵਾਦ ਦਾ ਮਾਹੌਲ ਤਿਆਰ ਕਰਨ ਵਿਚ ਲੱਗੇ ਹੋਏ ਹਨ। ਸੋ ਆਜ਼ਾਦੀ ਦੇ ਅੰਦੋਲਨ ਦੇ ਜੋ ਕਿਸੇ ਸਮੇਂ ਪ੍ਰਤੀਕ ਹੁੰਦੇ ਸਨ, ਅੱਜ ਦੇ ਕਿਸਾਨਾਂ, ਮਜ਼ਦੂਰਾਂ ਤੇ ਹੋਰ ਲੋਕਾਈ ਦੇ ਸੰਘਰਸ਼ਾਂ ਦੇ ਪ੍ਰਤੀਕ ਨਹੀਂ ਬਣ ਸਕਦੇ। ਭਾਜਪਾ ਤੇ ਸੰਘ ਜਿਹੜੇ ਸਮਾਜ ਨੂੰ ਪਿਛਾਂਹ ਵੱਲ ਲਿਜਾਣ ’ਤੇ ਤੁਲੇ ਹੋਏ ਹਨ, ਉਨ੍ਹਾਂ ਲਈ ਇਹ ਪ੍ਰਤੀਕ ਸਿਰਫ਼ ਫਿਰਕਾਪ੍ਰਸਤ ਨਫ਼ਰਤ ਦੀ ਜ਼ਮੀਨ ਤਿਆਰ ਕਰਨ ਲਈ ਹੀ ਵਰਤੇ ਜਾ ਰਹੇ ਹਨ। ਇਹੀ ਕਾਰਨ ਹੈ ਕਿ ਉਹ ਇਨ੍ਹਾਂ ਪੁਰਾਣੇ ਵਿਵਾਦਾਂ ਨੂੰ ਵਾਰ-ਵਾਰ ਹਵਾ ਦੇ ਕੇ ਆਪਣੀ ਨਫ਼ਰਤ ਦੀ ਰਾਜਨੀਤੀ ਨੂੰ ਅੱਗੇ ਵਧਾਉਣ ਦੇ ਆਹਰ ਲੱਗੇ ਹੋਏ ਹਨ।

**2025 ਦਾ ਅਰਥਸ਼ਾਸਤਰ ਦਾ ਨੋਬਲ ਪੁਰਸਕਾਰ**

# ਇਸ ਢਾਂਚੇ ਦੀ ਅਸਲ ਖਸਲਤ ਉੱਤੇ ਪਰਦਾ ਪਾਉਣ ਦੀਆਂ ਨਵੀਆਂ ਕੋਸ਼ਿਸ਼ਾਂ

**- ਨਵਜੋਤ ਨਵੀ**

ਇਸ ਸਾਲ ਦਾ ਅਰਥਸ਼ਾਸਤਰ ਵਿੱਚ ਨੋਬਲ ਪੁਰਸਕਾਰ (ਰਿਕਸਬੈਂਕ ਪੁਰਸਕਾਰ) ਜੋਇਲ ਮੋਕਿਰ, ਫਿਲਿਪ ਐਗਿਓਨ ਤੇ ਪੀਟਰ ਹੌਵੀਟ ਨੂੰ ਮਿਸ਼ਿਆ ਹੈ। ਨੋਬਲ ਕਮੇਟੀ ਅਨੁਸਾਰ ਇਹ ਪੁਰਸਕਾਰ ਇਹਨਾਂ ਤਿੰਨਾਂ ਨੂੰ ਇਸ ਗੱਲ ਦੀ ਵਿਆਖਿਆ ਕਰਨ ਲਈ ਦਿੱਤਾ ਗਿਆ ਹੈ ਕਿ ਤਕਨੀਕੀ ਬਦਲਾਅ ਕਿਵੇਂ ਲਗਾਤਾਰ ਆਰਥਿਕ ਵਾਧੇ ਨੂੰ ਅੰਜਾਮ ਦੇ ਸਕਦਾ ਹੈ। ਇਹਨਾਂ ਅਰਥਸ਼ਾਸਤਰੀਆਂ ਦੇ ਤਕਨੀਕੀ ਬਦਲਾਅ ਸਬੰਧੀ ਸਿਧਾਂਤਾਂ ਤੇ ਖੋਜਾਂ ਉੱਤੇ ਗੱਲ ਕਰਨ ਤੋਂ ਪਹਿਲਾਂ ਕੁੱਝ ਗੱਲ ਉਸ ਪਿਛੋਕੜ ਦੀ ਕਰਦੇ ਹਾਂ ਜਿਸ ਸਦਕਾ ਤਕਨੀਕ, ਤਕਨੀਕੀ ਬਦਲਾਅ ਪੂਰੀ ਦੁਨੀਆਂ ਵਿੱਚ ਹੀ ਭਖਵਾਂ ਮਸਲਾ ਬਣਿਆ ਹੋਇਆ ਹੈ। ਪਹਿਲਾ, ਪੱਛਮੀ ਸਾਮਰਾਜੀ ਧੜੇ ਜਾਣੀ ਸੰਯੁਕਤ ਰਾਜ ਅਮਰੀਕਾ ਦੀ ਅਗਵਾਈ ਵਾਲੇ ਨਾਟੋ ਧੜੇ ਦੇ ਮੈਂਬਰਾਂ ਲਈ ਦੁਨੀਆਂ ਵਿੱਚ ਆਪਣੀ ਆਰਥਿਕ ਸਰਦਾਰੀ ਕਾਇਮ ਰੱਖਣ ਲਈ ਤਕਨੀਕ ਨੂੰ ਵਧੇਰੇ ਤੋਂ ਵਧੇਰੇ ਉੱਨਤ ਕਰਨਾ ਅਤਿ ਜਰੂਰੀ ਬਣਦਾ ਜਾ ਰਿਹਾ ਹੈ। ਵਿਰੋਧੀ ਚੀਨ ਤਕਨੀਕ ਦੇ ਪੱਧਰ ਉੱਤੇ ਅਮਰੀਕਾ ਨੂੰ ਛਡਕੇ ਬਾਕੀ ਨਾਟੋ ਧੜੇ ਦੇ ਦੇਸ਼ਾਂ ਨੂੰ ਬਹੁਤਿਆਂ ਖੇਤਰਾਂ ਵਿੱਚ ਪਛਾੜ ਚੁੱਕਿਆ ਹੈ ਤੇ ਅਮਰੀਕਾ ਤੋਂ ਵੀ ਕੁਝ ਖੇਤਰਾਂ ਵਿੱਚ ਤਕਨੀਕ ਦੇ ਮਾਮਲੇ ਵਿੱਚ ਅੱਗੇ ਨਿਕਲ ਚੁੱਕਿਆ ਹੈ। ਇਹ ਜੱਗ ਜਾਹਰ ਗੱਲ ਹੈ ਕਿ ਆਰਥਿਕ ਮੁਕਾਬਲੇ ਵਿੱਚ ਕਿਸੇ ਦੇਸ਼ ਦਾ ਦੂਜੇ ਦੇਸ਼ ਨਾਲ਼ੋਂ ਅੱਗੇ ਨਿਕਲਣਾ ਮੂਲ ਰੂਪ ਵਿੱਚ ਤਕਨੀਕ ਉੱਤੇ ਨਿਰਭਰ ਕਰਦਾ ਹੈ। ਚੀਨ ਦੇ ਇਸ ਖੇਤਰ ਵਿੱਚ ਤੇਜ ਰਫਤਾਰ ਵਿਕਾਸ ਨੇ ਪੱਛਮੀ ਸਾਮਰਾਜੀਆਂ ਲਈ ਕਾਫੀ ਸਿਰਦਰਦੀ ਖੜ੍ਹੀ ਕਰ ਦਿੱਤੀ ਹੈ ਜਿਸ ਲਈ ਤਕਨੀਕ ਤੇ ਤਕਨੀਕ ਵਿੱਚ ਵਿਕਾਸ ਪੱਛਮੀ ਹਾਕਮਾਂ ਤੇ ਮੁੱਖਧਾਰਾ ਦੇ ਬੁੱਧੀਜੀਵੀਆਂ ਲਈ ਕਾਫੀ ਅਹਿਮ ਮਸਲਾ ਬਣਿਆ ਹੋਇਆ ਹੈ। ਦੂਜਾ ਤਕਨੀਕ ਸਬੰਧੀ ਵੱਡਾ ਮਸਲਾ ਪਿਛਲੇ ਦਿਨੀਂ ਬਣਾਉਟੀ ਬੁੱਧੀ (ਅੱਗੇ ਏ.ਆਈ.) ਸਬੰਧੀ ਰਿਹਾ ਹੈ। ਕਿਸੇ ਵੀ ਨਵੀਂ ਤੇ ਉੱਨਤ ਤਕਨੀਕ ਵਾਂਗ ਇਸ ਨੇ ਕੁੱਲ ਮਨੁੱਖਤਾ ਦੇ ਵਿਕਾਸ ਨੂੰ ਅੱਗੇ ਹੀ ਠੱਲਿ ?ਹਆ ਹੈ ਪਰ ਸਰਮਾਏਦਾਰਾ ਢਾਂਚੇ (ਜਿੱਥੇ ਪੈਦਾਵਾਰ ਦਾ ਮੁੱਖ ਮਕਸਦ ਮੁਨਾਫਾ ਕਮਾਉਣਾ ਹੈ) ਅਧੀਨ ਹੋਣ ਕਰਕੇ ਇਸ ਤਕਨੀਕ ਵੱਲੋਂ ਵਿਹਲੇ ਕੀਤੀ ਗਏ ਕਾਮਿਆਂ (ਨਵੀਂ ਤਕਨੀਕ ਜਿੱਥੇ ਕੁੱਲ ਮਿਲ਼ਾਕੇ ਰੁਜਗਾਰ ਵਧਾਉਂਦੀ ਹੈ, ਉਥੇ ਕੁਝ ਖੇਤਰਾਂ ਵਿੱਚੋਂ ਕਾਮਿਆਂ ਨੂੰ ਵਿਹਲੇ ਵੀ ਕਰਦੀ ਹੈ) ਨੂੰ ਕਾਫੀ ਮੁਸ਼ਕਲਾਂ ਝੱਲਣੀਆਂ ਪੈ ਰਹੀਆਂ ਹਨ। ਇਸ ਦਾ ਕਾਰਨ ਏ.ਆਈ ਨਹੀਂ ਸਗੋਂ ਇਹ ਸਰਮਾਏਦਾਰਾ ਢਾਂਚਾ ਹੈ ਜਿਸ ਅਧੀਨ ਇਹਨਾਂ ਲੋਕਾਂ ਲਈ ਫੌਰੀ ਬਦਲਵਾਂ ਪ੍ਰਬੰਧ ਕਰਨਾ ਜਰੂਰੀ ਨਹੀਂ ਸਗੋਂ ਅਜਾਰੇਦਾਰਾਂ ਦੇ ਮੁਨਾਫਿਆਂ ਨੂੰ ਸੁਰੱਖਿਅਤ ਕਰਨਾ ਜਰੂਰੀ ਹੈ। ਏ.ਆਈ. ਨੇ ਕਾਫੀ ਹੱਦ ਤੱਕ ਜੋ ਕੰਮ ਪ੍ਰਭਾਵਤ ਕੀਤੇ ਹਨ ਉਹ ਅਖੌਤੀ ਬੌਧਿਕ ਕਾਮਿਆਂ ਦੇ ਕੰਮ ਸਨ - ਉਦਾਹਰਨ ਵਜੋਂ ਅਨੁਵਾਦ, ਸਿੱਖਿਆ ਸਬੰਧੀ ਸੇਵਾਵਾਂ, ਕੰਪਿਊਟਰ ਦੇ ਖੇਤਰ ਨਾਲ਼ ਸਬੰਧਤ ਕੰਮਾਂ ਦਾ ਗਿਣਨਯੋਗ ਘੇਰਾ, ਕਈ ਤਰ੍ਹਾਂ ਦੇ ਸੰਪਾਦਨ ਦਾ ਕੰਮ, ਫਿਲਮਾਂ, ਲੜੀਵਾਰਾਂ ਆਦਿ ’ਚ ਚਲਾਊ ਸਕ੍ਰਿਪਟਾਂ ਆਦਿ ਦਾ ਕੰਮ ਆਦਿ। ਇਸ ਸਦਕਾ ਸਮਾਜ ਦੇ ਬੌਧਿਕ ਤਬਕੇ ਦਾ ਇਸ ਵਰਤਾਰੇ ਨੇ ਕਾਫੀ ਧਿਆਨ ਖਿੱਚਿਆ ਹੈ ਤੇ ਏ.ਆਈ ਨੂੰ ਹਊਆ ਬਣਾਕੇ ਲੋਕਾਂ ਅੱਗੇ ਪੇਸ਼ ਕੀਤਾ ਜਾ ਰਿਹਾ ਹੈ। ਏ.ਆਈ ਸਬੰਧੀ ਵਧੇਰੇ ਜਾਣਕਾਰੀ ਹਾਸਲ ਕਰਨ ਲਈ ਪਾਠਕ ‘ਲਲਕਾਰ’ ਵਿੱਚ ਛਪੇ ਪੁਰਾਣੇ ਲੇਖ ਪੜ੍ਹ ਸਕਦੇ ਹਨ। ਇਸੇ ਲਈ ਤਕਨੀਕ ਤੇ ਤਕਨੀਕੀ ਵਿਕਾਸ ਇਨਾਂ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਅਰਥਸ਼ਾਸਤਰ ਵਿੱਚ ਨੋਬਲ ਪੁਰਸਕਾਰ ਵੀ ਇਸ ਸਾਲ ਇਸੇ ਕਰਕੇ ਇਸ ਵਿਸ਼ੇ ਵਿੱਚ ਖੋਜ ਕਰਨ ਵਾਲ਼ੇ ਤਿੰਨ ਅਰਥਸ਼ਾਸਤਰੀਆਂ ਨੂੰ ਦਿੱਤਾ ਗਿਆ ਹੈ। ਅੱਗੇ ਤਕਨੀਕੀ ਵਿਕਾਸ ਤੇ ਤਕਨੀਕ ਸਬੰਧੀ ਇਹਨਾਂ ਦੇ ਵਿਚਾਰਾਂ ਦੀ ਸੰਖੇਪ ਵਿੱਚ ਚਰਚਾ ਤੇ ਪੜਚੋਲ ਕਰਾਂਗੇ। ਜੋਇਲ ਮੋਕਿਰ ਨੂੰ ਨੋਬਲ ਕਮੇਟੀ ਅਨੁਸਾਰ ਇਹ ਪੁਰਸਕਾਰ ਇਸ ਲਈ ਦਿੱਤਾ ਗਿਆ ਹੈ ਕਿਉਂਕਿ ਉਸਨੇ ਤੱਗਣਯੋਗ ਆਰਥਿਕ ਵਾਧੇ ਦੀਆਂ ਮੁੱਢਲੀਆਂ ਸ਼ਰਤਾਂ ਨੂੰ ਪਛਾਣਿਆ। ਮੋਕਿਰ ਅਨੁਸਾਰ ਦੁਨੀਆਂ ਵਿੱਚ ਆਰਥਿਕ ਵਿਕਾਸ ਸਨਅਤੀ ਇਨਕਲਾਬ ਤੱਕ ਬਹੁਤ ਹੀ ਧੀਮੀ ਗਤੀ ਵਿੱਚ ਹੁੰਦਾ ਆਇਆ ਸੀ ਤੇ ਲੰਬਾ ਸਮਾਂ ਆਰਥਿਕ ਖੜੋਤ ਜਹੀਆਂ ਹਾਲਤਾਂ ਹੀ ਬਣੀਆਂ ਰਹਿੰਦੀਆਂ ਸਨ। 18ਵੀਂ ਸਦੀ ਦੇ ਮਗਰਲੇ ਅੱਧ ਵਿੱਚ ਹੋਣ ਵਾਲ਼ੇ ਸਨਅਤੀ ਇਨਕਲਾਬ ਮਗਰੋਂ ਹੀ ਸੰਭਵ ਹੋ ਸਕਿਆ ਕਿ ਦੁਨੀਆਂ ਨੇ ਤੇਜ ਰਫਤਾਰ ਆਰਥਿਕ ਵਿਕਾਸ ਦੇ ਦੌਰ ਦੇਖੇ। ਮੋਕਿਰ ਅਨੁਸਾਰ ਇਸ ਗੱਲ ਪਿੱਛੇ ਚਾਲਕ ਤਾਕਤ ਤਕਨੀਕ ਤੇ ਤਕਨੀਕੀ ਵਿਕਾਸ ਹੀ ਹੈ। ਉਸ ਅਨੁਸਾਰ ਆਰਥਿਕ ਵਿਕਾਸ ਦਾ ਸਰੋਤ ਦੋ ਤਰ੍ਹਾਂ ਦਾ ਗਿਆਨ ਹੈ - ਪਹਿਲਾ ਜੋ ਕੁਦਰਤੀ ਵਰਤਾਰਿਆਂ ਪਿੱਛੇ ਕਾਰਜ-ਕਾਰਨ ਸਬੰਧ ਨੂੰ ਸਮਝਦਾ ਤੇ ਉਸਦੀ ਵਿਆਖਿਆ ਕਰਦਾ ਹੈ ਤੇ ਦੂਜੇ ਕਿਸਮ ਦਾ ਉਹਨਾਂ ਗੱਲਾਂ ਨਾਲ਼ ਸਬੰਧ ਰੱਖਦਾ ਹੈ ਜੋ ਕਿਸੇ ਚੀਜ, ਸੰਦ, ਮਸ਼ੀਨ ਆਦਿ ਨੂੰ ਕਾਰਜਸ਼ੀਲ ਤੇ ਕਾਰਗਰ ਬਣਾਉਣ ਲਈ, ਅਮਲ ਵਿੱਚ ਲਿਆਉਣ ਲਈ ਜਰੂਰੀ ਹਨ। ਮੋਕਿਰ ਅਨੁਸਾਰ ਵਿਗਿਆਨ ਤੇ ਸਿਧਾਂਤਕ ਗਿਆਨ ਦਾ ਤੇਜ ਰਫਤਾਰ ਵਿਕਾਸ ਸਨਅਤੀ ਇਨਕਲਾਬ ਦੇ ਨੇੜੇ-ਤੇੜੇ ਦੇ ਅਰਸੇ ਤੋਂ ਹੀ ਹੋਂਦ ਵਿੱਚ ਆਇਆ ਹੈ ਤੇ ਇਸ ਦੀ ਮੁੱਖ ਵਜਾ ਸਮਾਜ ਵਿੱਚ ਨਵੇਂ ਵਿਚਾਰਾਂ ਪ੍ਰਤੀ ਸਹਿਣਸ਼ੀਲ ਬਣਨ ਵਿੱਚ ਹੈ। ਇਹਨਾਂ ਤੋਂ ਸਿੱਟਾ ਕੱਢਦਿਆਂ ਮੋਕਿਰ ਆਖਦਾ ਹੈ ਕਿ ਆਰਥਿਕ ਵਾਧੇ ਨੂੰ ਬਣਾਈ ਰੱਖਣ ਲਈ ਜਰੂਰੀ ਹੈ ਕਿ -: 1) ਵਰਤਾਰਿਆਂ ਦੀ ਵਿਗਿਆਨਕ ਸਮਝ ਹਾਸਲ ਕਰਨਾ। 2) ਸਮਾਜ ਦਾ ਨਵੇਂ ਵਿਚਾਰਾਂ ਪ੍ਰਤੀ ਸਹਿਣਸ਼ੀਲ ਹੋਣਾ। ਐਗਿਓਨ ਤੇ ਹੌਵਿਟ ਨੂੰ ਨੋਬਲ ਪੁਰਸਕਾਰ ਉਹਨਾਂ ਦੇ ਸਾਂਝੇ ਖੋਜ ਕਾਰਜ ਲਈ ਦਿੱਤਾ ਗਿਆ। ਨੋਬਲ ਕਮੇਟੀ ਅਨੁਸਾਰ ਉਹਨਾਂ ਆਪਣੇ ‘ਸਿਰਜਣਾਤਮਕ ਤਬਾਹੀ’ ਦੇ ਸਿਧਾਂਤ ਰਾਹੀਂ ਤਕਨੀਕ ਦੀ ਉਨਤੀ ਦੀ ਪ੍ਰਕਿਰਿਆ ਦੀ ਵਿਆਖਿਆ ਕੀਤੀ ਹੈ ਤੇ ਨਾਲ਼ ਹੀ ਇਹ ਦੱਸਿਆ ਹੈ ਕਿ ਆਰਥਿਕ ਵਾਧੇ ਨੂੰ ਕਿਵੇਂ ਬਰਕਰਾਰ ਰੱਖਿਆ ਜਾ ਸਕਦਾ ਹੈ। ਉਹਨਾਂ ਅਨੁਸਾਰ ਨਵੀਂ ਤਕਨੀਕ ਲਾਜਮੀ ਹੀ ਪੁਰਾਣੀ ਤਕਨੀਕ ਨੂੰ ਖਤਮ ਕਰਕੇ ਆਪਣੀ ਥਾਂ ਬਣਾਉਂਦੀ ਹੈ ਜਿਸ ਨਾਲ਼ ਉਸ ਪੁਰਾਣੀ ਤਕਨੀਕ ਨਾਲ਼ ਜੁੜੇ ਰੁਜਗਾਰ ਨੂੰ ਸੱਟ ਵੱਜਦੀ ਹੈ ਭਾਵੇਂ ਨਵੀਂ ਤਕਨੀਕ ਕੁੱਲ ਮਿਲ਼ਾਕੇ ਸਮਾਜ ਨੂੰ ਅੱਗੇ ਹੀ ਠਲਦੀ ਹੈ। ਉਹਨਾਂ ਅਨੁਸਾਰ ਇਹਨਾਂ ਕਾਮਿਆਂ ਲਈ ਪੁਖਤਾ ਪ੍ਰਬੰਧ ਕਰਨਾ ਸਰਕਾਰ ਦੀ ਜਿੰਮੇਵਾਰੀ ਬਣਦੀ ਹੈ। ਸਿਰਜਣਾਤਮਕ ਤਬਾਹੀ ਨਾਲ਼ ਤਕਨੀਕ ਦੇ ਵਿਕਾਸ ਦੀ ਚੂਲ ਮੰਡੀ ਵਿੱਚ ਆਪਸੀ ਮੁਕਾਬਲਾ ਹੈ। ਇਹਨਾਂ ਦੋਹਾਂ ਅਰਥਸ਼ਾਸਤਰੀਆਂ ਅਨੁਸਾਰ ਆਰਥਿਕ ਉਛਾਲ ਤੇ ਖੜੋਤ ਅਟੱਲ ਪ੍ਰਕਿਰਿਆ ਹਨ ਪਰ ਇਹ ਹੀ ਤਕਨੀਕੀ ਵਿਕਾਸ ਨੂੰ ਅੱਗੇ ਵਧਾਉਣ ਵਿੱਚ ਵੀ ਮਦਦ ਕਰਦੇ ਹਨ। ਆਰਥਿਕ ਵਾਧੇ ਤੇ ਤਕਨੀਕੀ ਵਿਕਾਸ ਸਬੰਧੀ ਕੁੱਝ ਤੱਥ ਤੇ ਵਰਤਾਰਿਆਂ ਦੀ ਸਹੀ ਸਮਝ ਦੇ ਬਾਵਜੂਦ ਇਹਨਾਂ ਤਿੰਨੋਂ ਮੁੱਖਧਾਰਾ ਦੇ ਅਰਥਸ਼ਾਸਤਰੀਆਂ ਦਾ ਕੁੱਲ ਵਿਸ਼ਲੇਸ਼ਣ ਸਤਹੀ ਹੀ ਹੈ ਤੇ ਓਪਰੀਆਂ ਘਟਨਾਵਾਂ ਦੀ ਤਹਿ ਹੇਠ ਦੇਖਣ ਤੋਂ ਅਸਮਰੱਥ ਹੈ। ਮੋਕਿਰ ਤੋਂ ਸ਼ੁਰੂਆਤ ਕਰਦੇ ਹਾਂ। ਉਸ ਦਾ ਕਹਿਣਾ ਹੈ ਕਿ ਸਨਅਤੀ ਇਨਕਲਾਬ ਮਗਰੋਂ ਤੇਜ



ਰਫਤਾਰ ਤਕਨੀਕੀ ਵਿਕਾਸ ਸਦਕਾ ਹੀ ਤੇਜ ਰਫਤਾਰ ਆਰਥਿਕ ਵਾਧਾ ਸੰਭਵ ਹੋਇਆ ਤੇ ਇਸ ਤੇਜ ਰਫਤਾਰ ਤਕਨੀਕੀ ਵਿਕਾਸ ਪਿੱਛੇ ਵਿਗਿਆਨਕ ਗਿਆਨ ਦਾ ਵਾਧਾ ਤੇ ਲੋਕਾਂ ਵੱਲੋਂ ਇਹਨਾਂ ਵਿਚਾਰਾਂ ਪ੍ਰਤੀ ਸਹਿਣਸ਼ੀਲ ਹੋਣਾ ਮੁੱਖ ਕਾਰਨ ਹਨ। ਇੱਕ ਵਾਰ ਲਈ ਜੇਕਰ ਮੋਕਿਰ ਦੇ ਵਿਸ਼ਲੇਸ਼ਣ ਨੂੰ ਹੀ ਮੰਨੀਏ ਤਾਂ ਉਹ ਇਸ ਗੱਲ ਦੀ ਕੋਈ ਵਿਆਖਿਆ ਨਹੀਂ ਕਰ ਪਾਉਂਦਾ ਕਿ ਸਨਅਤੀ ਇਨਕਾਲਬ ਦੇ ਨੇੜੇ ਦੇ ਸਮੇਂ ਵਿੱਚ ਹੀ ਵਿਗਿਆਨਕ ਗਿਆਨ ਵਿੱਚ ਵਾਧਾ ਤੇ ਲੋਕਾਂ ਦੀ ਇਹਨਾਂ ਵਿਚਾਰਾਂ ਪ੍ਰਤੀ ਸਹਿਣਸ਼ੀਲਤਾ ਕਿਵੇਂ ਵਧੀ? ਕਿੱਥੋਂ ਵਿਗਿਆਨਕ ਗਿਆਨ ਤੇ ਵਧੀ ਸਹਿਣਸ਼ੀਲਤਾ ਦਾ ਇਲਹਾਮ ਹੋਇਆ? ਇਸ ਦਾ ਕਾਰਜ ਕਾਰਨ ਸਬੰਧ ਸਥਾਪਤ ਕਰਨ ਵਿੱਚ ਮੋਕਿਰ ਦੀ ਉੱਕਾ ਹੀ ਕੋਈ ਰੁਚੀ ਨਹੀਂ। ਅਸਲ ਵਿੱਚ ਪੱਛਮੀ ਯੂਰਪ ਦੀ ਮੱਧ ਯੁੱਗ (ਜਗੀਰਦਾਰੀ) ਤੋਂ ਸਰਮਾਏਦਾਰੀ (ਅਜੋਕਾ ਸਮਾਜ) ਵਿੱਚ ਤਬਦੀਲੀ ਚਾਰ ਮੁੱਖ ਲਹਿਰਾਂ - ਪੁਨਰਜਾਗਰਣ, ਧਰਮ ਸੁਧਾਰ, ਗਿਆਨ ਪ੍ਰਸਾਰ ਤੇ ਫਰਾਂਸੀਸੀ ਇਨਕਲਾਬ ਵਿੱਚੋਂ ਹੋਕੇ ਨਿਕਲੀ ਹੈ ਜਿਸ ਦਾ ਅਧਾਰ ਆਰਥਿਕ ਵਿਕਾਸ ਵਜੋਂ ਪੈਦਾ ਹੋਈ ਨਵੀਂ ਜਮਾਤ ਸਰਮਾਏਦਾਰੀ (ਜੋ ਇੱਥੇ ਦਸਤਕਾਰੀ ਵਿੱਚੋਂ ਪੈਦਾ ਹੋਈ) ਤੇ ਪੁਰਾਣੀ ਹਾਕਮ ਜਮਾਤ ਜਗੀਰਦਾਰੀ ਦਾ ਆਪਸੀ ਜਮਾਤੀ ਘੋਲ਼ ਸੀ। ਇਸ ਨਵੀਂ ਜਮਾਤ - ਸਰਮਾਏਦਾਰੀ, ਜਿਸ ਦੇ ਹੱਥ ਪਹਿਲਾਂ ਵਧੇਰੇ ਤੋਂ ਵਧੇਰੇ ਸਮਾਜ ਦਾ ਆਰਥਿਕ ਕੰਟਰੋਲ ਆਉਂਦਾ ਰਿਹਾ, ਦੀ ਆਰਥਿਕ ਲੋੜ ਵਿੱਚੋਂ ਹੀ ਸਨਅਤੀ ਇਨਕਲਾਬ, ਵਿਗਿਆਨ ਦਾ ਤੇਜ ਵਿਕਾਸ ਤੇ ਲੋਕਾਂ ਵਿੱਚ ਜਮਹੂਰੀਅਤ, ਅਜਾਦੀ ਆਦਿ ਦੇ ਵਿਚਾਰ ਤੇਜੀ ਨਾਲ਼ ਫੈਲੇ। ਤਕਨੀਕੀ ਵਿਕਾਸ ਤੱਕ ਗੱਲ ਸੀਮਤ ਕਰੀਏ ਤਾਂ ਮਜਦੂਰ ਦੀ ਵਧੇਰੇ ਤੋਂ ਵਧੇਰੇ ਲੁੱਟ ਕਰਕੇ ਤੇ ਸਮਾਜ ਵਿੱਚ ਹੁੰਦੀ ਮਜਦੂਰਾਂ ਦੀ ਕੁੱਲ ਲੁੱਟ ਦਾ ਵਧੇਰੇ ਤੋਂ ਵਧੇਰੇ ਹਿੱਸਾ ਹਾਸਲ ਕਰਨ ਲਈ ਆਪਣੇ ਵਿਰੋਧੀਆਂ ਨੂੰ ਮੰਡੀ ਦੇ ਮੁਕਾਬਲੇ ਵਿੱਚ ਪਛਾੜਨ ਲਈ ਹੀ ਸਰਮਾਏਦਾਰਾਂ ਨੂੰ ਨਵੀਂ ਤੋਂ ਨਵੀਂ ਤਕਨੀਕ ਦੀ ਲੋੜ ਪੈਂਦੀ ਹੈ। ਜਿਸ ਸਰਮਾਏਦਾਰ ਕੋਲ਼ ਵਧੇਰੇ ਉੱਨਤ ਤਕਨੀਕ ਹੋਵੇਗੀ ਉਸ ਦਾ ਪੈਦਾਵਾਰ ਵਿੱਚ ਪ੍ਰਤੀ ਇਕਾਈ ਖਰਚਾ ਘਟਦਾ ਹੈ ਤੇ ਇੰਝ ਉਹ ਵਿਰੋਧੀਆਂ ਤੋਂ ਮਾਲ ਸਸਤਾ ਵੇਚਕੇ ਕੁੱਲ ਮੁਨਾਫੇ ਦਾ ਵਧੇਰੇ ਹਿੱਸਾ ਹਾਸਲ ਕਰ ਉਹਨਾਂ ਨੂੰ ਮੰਡੀ ਤੋਂ ਪਛਾੜਨ ਦੇ ਕਾਬਲ ਹੁੰਦਾ ਹੈ। ਇਸ ਮੁਕਾਬਲੇ ਵਿਚ ਜੇਤੂ ਹੋਣ ਲਈ ਸਰਮਾਏਦਾਰ, ਜਗੀਰਦਾਰਾਂ ਦੇ ਉਲਟ, ਆਪਣੀ ਆਮਦਨੀ ਦਾ ਵੱਡਾ ਹਿੱਸਾ ਨਿੱਜੀ ਅਯਾਸ਼ੀ (ਇਸ ਦਾ ਇਹ ਮਤਲਬ ਨਹੀਂ ਕਿ ਸਰਮਾਏਦਾਰ ਅਯਾਸ਼ੀ ਨਹੀਂ ਕਰਦੇ) ਉੱਤੇ ਨਹੀਂ ਸਗੋਂ ਪੈਦਾਵਾਰ ਵਿੱਚ ਮੁੜ ਨਿਵੇਸ਼ ਕਰਨ ਲਈ ਮਜਬੂਰ ਹੁੰਦਾ ਹੈ। ਮੁਨਾਫੇ ਦੀ ਹਵਸ ਵਿੱਚ ਵਿਰੋਧੀਆਂ ਨੂੰ ਪਛਾੜਨ ਦੀ ਜਰੂਰਤ ਹੀ ਉਹ ਕਾਰਕ ਹੈ ਜੋ ਸਰਮਾਏਦਾਰੀ ਅਧੀਨ ਤਕਨੀਕੀ ਵਿਕਾਸ ਦਾ ਕਾਰਨ ਬਣਦੀ ਹੈ। ਦਸਤਕਾਰੀ ਤੋਂ ਇੱਕ ਪ੍ਰਕਿਰਿਆ ਵਿੱਚ ਉੱਭਰਕੇ ਸਨਅਤੀ ਸਰਮਾਏਦਾਰੀ ਦਾ ਪੱਕੇ ਪੈਰੀਂ ਹੋਣ ਕਾਰਨ ਹੀ ਸਨਅਤੀ ਇਨਕਲਾਬ ਦੇ ਨੇੜੇ ਦੇ ਸਮੇਂ ਵਿੱਚ ਵਿਗਿਆਨ ਤੇ ਤਕਨੀਕ ਵਿੱਚ ਰਫਤਾਰ ਵਾਧਾ ਸੰਭਵ ਹੋਇਆ। ਇੱਥੇ ਐਗਿਓਨ ਤੇ ਹੌਵਿਟ ਤੇ ਵਿਸ਼ਲੇਸ਼ਣ ਵੱਲ ਆਉਂਦੇ ਹਾਂ। ਉਹਨਾਂ ਅਨੁਸਾਰ ਮੰਡੀ ਵਿੱਚ ਮੁਕਾਬਲਾ ਨਵੀਂ ਤਕਨੀਕ ਦੇ ਪੈਦਾ ਹੋਣ ਦੀ ਚਾਲਕ ਸ਼ਕਤੀ ਹੈ ਪਰ ਉਹ ਇਸ ਗੱਲ ਨੂੰ ਪੂਰੀ ਤਰ੍ਹਾਂ ਅੱਖੋਂ ਓਹਲੇ ਕਰ ਦਿੰਦੇ ਹਨ ਕਿ ਇਹ ਮੁਕਾਬਲਾ ਕਾਹਦੇ ਲਈ ਹੁੰਦਾ ਹੈ? ਇਸ ਮੁਕਾਬਲੇ ਵਿੱਚ ਦਾਅ ਉੱਤੇ ਕੀ ਲੱਗਿਆ ਹੋਇਆ ਹੈ? ਮੁੱਖਧਾਰਾ ਦੇ ਅਰਥਸ਼ਾਸਤਰੀ ਇਸੇ ਗੱਲ ਉੱਤੇ ਸਭ ਤੋਂ ਵਧੇਰੇ ਪਰਦਾ ਪਾਉਂਦੇ ਹਨ। ਅਸਲ ਵਿੱਚ ਇਹ ਮੁਕਾਬਲਾ ਮੁਨਾਫੇ ਦਾ ਵਧੇਰੇ ਤੋਂ ਵਧੇਰੇ ਹਿੱਸਾ ਹੜੱਪਣ ਲਈ ਹੁੰਦਾ ਹੈ। ਜਿਸ ਕੋਲ਼ ਵਧੇਰੇ ਉੱਨਤ ਤਕਨੀਕ ਹੁੰਦੀ ਹੈ ਉਹ ਮੁਨਾਫੇ ਦਾ ਵਧੇਰੇ ਹਿੱਸਾ ਹਾਸਲ ਕਰਨ ਵਿੱਚ ਕਾਮਯਾਬ ਹੋ ਜਾਂਦਾ ਹੈ। ਮੁਨਾਫੇ ਦਾ ਸਰੋਤ ਹੋਰ ਕੁਝ ਨਹੀਂ ਸਗੋਂ ਪੈਦਾਵਾਰ ਵਿੱਚ ਮਜਦੂਰਾਂ ਦੀ ਕੀਤੀ ਲੁੱਟ ਹੀ ਹੁੰਦੀ ਹੈ। ਮਜਦੂਰ ਕਿਰਤ ਕਰਕੇ ਜਿੰਨਾਂ ਕੁੱਲ ਪੈਦਾ ਕਰਦੇ ਹਨ ਉਸ ਦੇ ਬਦਲੇ ਵਿੱਚ ਉਹਨਾਂ ਨੂੰ ਬਹੁਤ ਥੋੜਾ ਭੁਗਤਾਨ ਹੀ ਕੀਤਾ ਜਾਂਦਾ ਹੈ, ਵਧੇਰੇ ਹਿੱਸਾ ਮਾਲਕ ਹੜੱਪ ਜਾਂਦੇ ਹਨ ਤੇ ਇਹੋ ਮੁਨਾਫੇ ਦਾ ਸ੍ਰੋਤ ਬਣਦਾ ਹੈ। ਐਗਿਓਨ ਤੇ ਹੌਵਿਟ ਆਖਦੇ ਹਨ ਕਿ ਤਕਨੀਕੀ ਵਿਕਾਸ ਦੇ ਰਾਹ ਵਿੱਚ ਆਰਥਿਕ ਉਛਾਲ ਤੇ ਗਿਰਾਵਟ ਜਾਂ ਖੜੋਤ ਆਉਣੀ ਅੱਟਲ ਹੈ। ਇਹ ਵਰਤਾਰਾ ਉਹਨਾਂ ਲਈ ਹੀ ਅੱਟਲ ਹੈ ਜੋ ਸਰਮਾਏਦਾਰਾ ਪ੍ਰਬੰਧ ਨੂੰ ਅਟੱਲ ਮੰਨਦੇ ਹਨ। ਸਰਮਾਏਦਾਰਾ ਪ੍ਰਬੰਧ ਵਿੱਚ ਪੈਦਾਵਾਰ ਮੁੱਖ ਤੌਰ ਉੱਤੇ ਮੁਨਾਫੇ ਦੇ ਮਕਸਦ ਨਾਲ਼ ਕੀਤੀ ਜਾਂਦੀ ਹੈ ਤੇ ਇਸੇ ਪ੍ਰਬੰਧ ਦੇ ਅਟੱਲ ਨਿਯਮ - ਮੁਨਾਫੇ ਦੀ ਦਰ ਦੇ ਘਟਦੇ ਰੁਝਾਨ ਦੇ ਨਿਯਮ - ਸਦਕਾ ਇਸ ਪ੍ਰਬੰਧ ਵਿੱਚ ਆਰਥਿਕ ਉਛਾਲ ਤੋਂ ਬਾਅਦ ਆਰਥਿਕ ਖੜੋਤ, ਗਿਰਾਵਟ ਆਉਣੀ ਲਾਜਮੀ ਹੁੰਦੀ ਹੈ। ਪਰ ਇਹ ਉਛਾਲ - ਗਿਰਾਵਟ ਦਾ ਚੱਕਰ ਅਜਿਹੇ ਪ੍ਰਬੰਧ ਵਿੱਚ ਲਾਜਮੀ ਨਹੀਂ ਜਿੱਥੇ ਪੈਦਾਵਾਰ ਦਾ ਮਕਸਦ ਮੁਨਾਫਾ ਕਮਾਉਣਾ ਨਾ ਹੋਵੇ। ਅਜਿਹਾ ਪ੍ਰਬੰਧ ਨਾ ਸਿਰਫ ਸੰਭਵ ਹੈ ਸਗੋਂ 20ਵੀ ਸਦੀ ਵਿੱਚ ਦੁਨੀਆਂ ਦੇ ਇੱਕ ਤਿਹਾਈ ਹਿੱਸੇ ਵਿੱਚ ਇਹ ਪ੍ਰਬੰਧ ਹਕੀਕਤ ਸੀ। ਇਸ ਪ੍ਰਬੰਧ ਨੂੰ ਸਮਜਵਾਦੀ ਪ੍ਰਬੰਧ ਆਖਦੇ ਹਨ ਜਿੱਥੇ ਪੈਦਾਵਾਰ ਦਾ ਮੁੱਖ ਮਕਸਦ ਮੁਨਾਫਾ ਕਮਾਉਣਾ ਨਹੀਂ ਸਗੋਂ ਲੋਕਾਂ ਦੀਆਂ ਲੋੜਾਂ ਅਨੁਸਾਰ ਪੈਦਾਵਾਰ ਕਰਨਾ ਹੁੰਦਾ ਹੈ। ਜਦੋਂ ਤੱਕ ਰੂਸ (1956 ਤੱਕ) ਤੇ ਚੀਨ (1976 ਤੱਕ) ਸਮਾਜਵਾਦੀ ਦੇਸ਼ ਰਹੇ ਇੱਥੇ ਆਰਥਿਕ ਗਿਰਾਵਟ, ਸੰਕਟ ਜਹੇ ਲਮੇਰੇ ਦੌਰ ਦੇਖਣ ਨੂੰ ਨਹੀਂ ਮਿਲ਼ੇ ਤੇ ਇਹਨਾਂ ਦੇਸ਼ਾਂ ਵਿੱਚ ਕਿਸੇ ਵੀ ਸਰਮਾਏਦਾਰਾ ਦੇਸ਼ ਨਾਲ਼ੋਂ ਵਧੇਰੇ ਤੇਜ ਤਕਨੀਕੀ ਵਿਕਾਸ ਸੰਭਵ ਹੋਇਆ। ਇਸ ਸਾਲ ਫੇਰ, ਆਪਣੀ ਖਸਲਤ ਅਨੁਸਾਰ ਨੋਬਲ ਪੁਰਸਕਾਰ, ਉਹਨਾਂ ਨੂੰ ਹੀ ਮਿਸ਼ਿਆ ਜੋ ਅੰਤ ਨੂੰ ਇਸ ਲੋਟੂ ਸਰਮਾਏਦਾਰਾ ਪ੍ਰਬੰਧ ਦੇ ਹੀ ਸੇਵਾਦਾਰ ਹਨ, ਜੋ ਸਮਾਜ ਦੇ ਬਦਲਣ ਦੀ ਅਟਲਤਾ ਤੋਂ ਅੱਖਾਂ ਮੀਟੀ ਬੈਠੇ ਹਨ ਤੇ ਇਸ ਸਮਾਜ ਦੇ ਅਸਲ ਵਰਤਾਰਿਆਂ ਨੂੰ ਸਮਝਣ ਤੋਂ ਉੱਕਾ ਹੀ ਅਸਮਰਥ ਹਨ। ਸਰਮਾਏਦਾਰਾ ਢਾਂਚੇ ਦੇ ਇਹਨਾਂ ਸੇਵਾਦਾਰਾਂ ਦੀ ਬੌਧਿਕ ਕੰਗਾਲੀ ਇਸ ਢਾਂਚੇ ਦੇ ਆਪਣੇ ਖੋਖਲੇਪਨ ਦੀ ਹੀ ਗਵਾਹੀ ਭਰਦੀ ਹੈ। ਇਸ ਜਰਜਰ ਪਏ ਢਾਂਚੇ ਨੇ ਪਰ ਆਪੇ ਹੀ ਲੋਕਾਈ ਲਈ ਪਾਸੇ ਨਹੀਂ ਹੋ ਜਾਣਾ ਸਗੋਂ ਲੋਕਾਂ ਨੂੰ ਹੰਭਲਾ ਮਾਰਕੇ ਇਸ ਢਾਂਚੇ ਨੂੰ ਇਸਦੀ ਕਬਰ ਤੱਕ ਪਹੁੰਚਾਉਣਾ ਪੈਣਾ ਹੈ।

**ਲਲਕਾਰ ’ਚੋਂ ਧੰਨਵਾਦ ਸਹਿਤ**

# ਲਓ ਕਰ ਲਓ ਗੱਲ !

## ਅਖੇ ਖਾਲਿਸਤਾਨ ਬਨਾਉਣ ਲਈ ਨਫਰਤ ਪੈਦਾ ਕਰਨੀ ਜ਼ਰੂਰੀ ! ਇਹ ਮੇਰੇ ਲਈ ਕੋਈ ਸ਼ਰਮ ਵਾਲੀ ਗੱਲ ਨਹੀਂ, ਇਹ ਜ਼ਰੂਰੀ ਹੈ !

– ਭਾਈ ਅਜਮੇਰ ਸਿੰਘ–

ਬਲਰਾਜ ਦਿਓਲ
Balrajdeol@rogers.com

ਅੱਜ ਪੰਜਾਬ ਦੇ ਸ਼ਹਿਰ ਤੇ ਕਸਬੇ ਕੌੜੀ ਵੇਲ ਵਾਂਗ ਵਧ ਰਹੇ ਹਨ ਅਤੇ ਪਿੰਡਾਂ ਵਿਚ ਇੰਚ ਇੰਚ ਜ਼ਮੀਨ ਵਾਹੀਯੋਗ ਬਣਾ ਲਈ ਗਈ ਹੈ। ਅੱਜ ਤੋਂ 6-7 ਦਹਾਕੇ ਪਹਿਲਾਂ ਪਿੰਡਾਂ ਵਿਚ ਅੱਧੀ ਤੋਂ ਵੱਧ ਜ਼ਮੀਨ ਬੰਜਰ ਪਈ ਹੁੰਦੀ ਸੀ ਜਾਂ ਬਰਸਾਤੀ ਮੌਸਮ ਵਿਚ ਮੀਂਹ ਦੇ ਸਹਾਰੇ ਇੱਕ ਅੱਧੀ ਫਸਲ ਬੀਜਣ ਦੇ ਕੰਮ ਆਉਂਦੀ ਸੀ। ਬੇਅਬਾਦ ਬੰਜਰ ਜ਼ਮੀਨ ਵਿਚ ਕਿੱਕਰਾਂ, ਬੇਰੀਆਂ, ਛਿੱਤਰ ਧੋਹਰ, ਝਾੜੀਆਂ ਵਰਗਾ ਨਿੱਕ-ਸੁੱਕ ਹੁੰਦਾ ਸੀ। ਅਜੇਹੀ ਜ਼ਮੀਨ ਪਸ਼ੂ ਡੰਗਰ ਅਤੇ ਬੱਕਰੀਆਂ ਦੇ ਇੱਜੜ ਚਾਰਨ ਦੇ ਕੰਮ ਆਉਂਦੀ ਸੀ। ਤਿੱਤਰ, ਬਟੇਰੇ, ਸੱਪ, ਖਰਗੋਸ਼, ਜੰਗਲੀ ਬਿੱਲੇ, ਗਿੱਦੜ ਆਦਿ ਆਮ ਹੁੰਦੇ ਸਨ। ਇੱਕ ਅਜੇਹੇ ਜਨੌਰ ਦਾ ਜ਼ਿਕਰ ਵੀ ਆਮ ਸੁਨਣ ਨੂੰ ਮਿਲਦਾ ਸੀ ਜਿਸ ਨੂੰ ਸ਼ਾਇਦ ਕਦੇ ਕਿਸੇ ਨੇ ਵੇਖਿਆ ਨਹੀਂ ਸੀ ਪਰ ਅਕਸਰ ਲੋਕ ਆਖ ਦਿੰਦੇ ਸਨ ਕੇ ਫਲਾਣੇ ਨੇ ਫਲਾਣੇ ਟਿੱਬੇ, ਫਲਾਣੇ ਕਬਰਸਾਨ, ਜਾਂ ਫਲਾਣੇ ਖੇਤ ਕੋਲ ਵੇਖਿਆ ਸੀ। ਇਸ ਜਨੌਰ ਨੂੰ ਲੋਕ ਛਲੇਡਾ ਕਿਹਾ ਕਰਦੇ ਸਨ ਜਿਸ ਨਾਲ ਕਈ ਪਰੀ ਕਹਾਣੀ ਜੋੜੀਆਂ ਜਾਂਦੀਆਂ ਸਨ। ਇਸ ਦਾ ਵਿਸ਼ੇਸ਼ ਗੁਣ ਇਹ ਦੱਸਿਆ ਜਾਂਦਾ ਸੀ ਕਿ ਇਹ ਇੱਛਾ ਤੇ ਲੋੜ ਮੁਤਾਬਿਕ ਆਪਣਾ ਰੂਪ ਅਤੇ ਕਿਰਦਾਰ ਬਦਲ ਲੈਂਦਾ ਸੀ। ਕਿਸੇ ਨੂੰ ਇਹ ਜੰਗਲੀ ਜਾਨਵਰ ਬਣ ਕੇ ਟੱਕਰਦਾ ਸੀ ਤੇ ਕਿਸੇ ਨੂੰ ਬੱਚਾ, ਬਿਰਧ, ਸੁੰਦਰ ਔਰਤ, ਸੰਤ, ਜੋਗੀ, ਲੁਟੇਰਾ ਆਦਿ ਬਣ ਕੇ ਮਿਲਿਆ ਦੱਸਿਆ ਜਾਂਦਾ ਸੀ। ਪਰ ਛਲੇਡਾ ਭੂਤਾਂ ਅਤੇ ਚੁੜੇਲਾਂ ਤੋਂ ਕੁਝ ਘੱਟ ਖ਼ਤਰਨਾਕ ਸਮਝਿਆ ਜਾਂਦਾ ਸੀ।

ਅੰਤਰਰਾਸ਼ਟਰੀ ਸਿੱਖ ਭਾਈਚਾਰੇ ਵਿਚ ਵੀ ਇੱਕ ਅਜੇਹਾ ਕਿਰਦਾਰ ਬਹੁਤ ਸਰਗਰਮ ਹੈ ਜਿਨ੍ਹਾਂ ਦਾ ਨਾਮ ਅਜਮੇਰ ਸਿੰਘ ਹੈ, ਜੋ ਆਪਣਾ ਰੂਪ ਕਈ ਵਾਰ ਬਦਲ ਚੁੱਕੇ ਹਨ ਅਤੇ ਕਥਨ/ਕਿਰਦਾਰ ਤਾਂ ਦਿਨ ਵਿਚ ਦੋ ਵਾਰ ਵੀ ਬਦਲ ਲੈਂਦੇ ਹਨ। ਉਂਝ ਕਈ ਤੱਤੇ ਸਿੱਖ ਨੌਜਵਾਨ ਉਨ੍ਹਾਂ ਨੂੰ ਭਾਈ ਅਜਮੇਰ ਸਿੰਘ ਵੀ ਆਖਦੇ ਹਨ ਅਤੇ ਭਾਈ ਹੋਣ ਕਾਰਨ ਅਗਰ ਸਤਿਕਾਰ ਨਾਲ ਕਹਿਣਾ ਹੋਵੇ ਤਾਂ ਕਹਾਂਗੇ ਕਿ ਸੰਤ ਭਾਈ ਅਜਮੇਰ ਸਿੰਘ ਜੀ ਆਪਣੇ ਬਚਨ ਥਾਂ, ਸਮੇਂ ਅਤੇ ਲੋੜ ਮੁਤਾਬਿਕ ਝੱਟ ਬਦਲ ਲੈਂਦੇ ਹਨ।

ਕਥਿਤ ਸਿੱਖ ਹਿਸਟੋਰੀਅਨ ਅਤੇ ਬੁੱਧੀਜੀਵੀ ਭਾਈ ਅਜਮੇਰ ਸਿੰਘ ਨੂੰ ਵੀਡੀਓ ਕੈਮਰੇ ਦਾ ਬਹੁਤ ਸ਼ੌਂਕ ਹੈ। ਜਨਾਬ ਨੇ ਇੱਕ ਕੈਮਰਾ ਤਾਂ ਆਪਣਾ ਪੱਕਾ ਗੱਡਿਆ ਹੋਇਆ ਹੈ ਤਾਂ ਕਿ ਹਰ ਮੌੜ ’ਤੇ ਸਿੱਖ ਕੌਮ ਨੂੰ ਡਾਇਰੈਕਸ਼ਨ ਦੇਣ ਤੋਂ ਕਿਤੇ ਖੁੰਝ ਨਾ ਜਾਵੇ। ਜਦ ਅਜਮੇਰ ਜੀ ਨੇ ਦੇਸ਼-ਵਿਦੇਸ਼ ਦੀ ਕਿਸੇ ਸਟੇਜ ’ਤੇ ਬੋਲਣਾ ਹੋਵੇ ਤਾਂ ਆਪਣੇ ਕਿਸੇ ਚੇਲੇ ਤੋਂ ਅਗਾਊਂ ਕੈਮਰਾ ਗਡਵਾ ਲੈਂਦੇ ਹਨ ਤੇ ਲਗਦੇ ਹੱਥ ਹੀ ਯੂਟਿਊਬ ਤੇ ਚਾਹੜ ਦਿੰਦੇ ਹਨ। ਨਾ ਜਾਣੀਏ ਸਾਰੀ ਕੌਮ ਗਹਿਰੇ ਘੁਰਾੜੇ ਮਾਰਦੀ ਹੋਵੇ ਤੇ ਕੋਈ ਜਗਾਉਣ ਵਾਲਾ ਹੀ ਨਾ ਹੋਵੇ ਅਤੇ ਉਧਰ ਖਾਲਿਸਤਾਨ ਨਾਮ ਦਾ ਬਟੇਰਾ ਕੌਮ ਦੇ ਮੰਜੇ ਦੀ ਦੌਣ ਵਾਲੇ ਪਾਵੇ ਕੋਲ ਆ ਬੈਠਾ ਹੋਵੇ। ਅਜਮੇਰ ਨੇ ਨਿੱਠ ਕੇ ਫੈਸਲਾ ਕੀਤਾ ਹੋਇਆ ਹੈ ਉਨ੍ਹਾਂ ਇਸ ਵਾਰ ਖਾਲਿਸਤਾਨ ਦਾ ਫਾਇਰ ਫੋਕਾ ਨਹੀਂ ਜਾਣ ਦੇਣਾ ਅਤੇ ਕੌਮ ਨੂੰ ਜਾਗਦੀ ਰੱਖਣ ਲਈ ਖੜੀ-ਲੱਤੇ ਹੀ ਰਖਣਾ ਹੈ।

ਆਓ ਵੇਖੀਏ ਕਿ ਭਾਈ ਅਜਮੇਰ ਸਿੰਘ ਆਪਣਾ ਰੂਪ, ਕਿਰਦਾਰ ਅਤੇ ਬਚਨ ਕਿਵੇਂ ਬਦਲਦੇ ਹਨ ? ਲਉ ਜੀ ਭਾਈ ਅਜਮੇਰ ਸਿੰਘ ਦਾ ਅਸਲੀ ਨਾਮ ਗੋਬਿੰਦਰ ਸਿੰਘ ਹੈ। ਅਤੇ ਨਕਸਲਾਈਟ ਲਹਿਰ ਮੌਕੇ ਉਹ ਸੁਰਿੰਦਰ ਸਿੰਘ ਬਣ ਗਏ ਸਨ ਅਤੇ ਭੜਕਾਹਟ ਫਲਾਉਣ ਵਾਲੇ ਇਨਕਲਾਬੀਆਂ ਦੀ ਮੂਹਰਲੀ ਕਤਾਰ ਵਿਚ ਰਹੇ ਸਨ। ਜਦ ਨਕਸਲਬਾੜੀ ਲਹਿਰ ਵਿਚ ਪਾਟਕ ਪੈ ਗਿਆ ਤਾਂ ਉਹ ਅਜਮੇਰ ਸਿੰਘ ਬਣ ਗਏ। ਅੱਜ ਲੋਕ ਉਨ੍ਹਾਂ ਨੂੰ ਭਾਈ ਅਜਮੇਰ ਸਿੰਘ ਦੇ ਨਾਮ ਨਾਲ ਜਾਣਦੇ ਹਨ ਅਤੇ ਉਹ ਖਾਲਿਸਤਾਨੀਆਂ ਦਾ ਮਾਰਗਦਰਸ਼ਕ ਗਿਣੇ ਜਾਂਦੇ ਹਨ।

ਨਕਸਲਾਈਟ ਲਹਿਰ ਦੌਰਾਨ ਉਨ੍ਹਾਂ ਨੇ ਕਈ ਹਿੰਸਕ ਵਾਰਦਾਤਾਂ ਵਿਚ ਹਿੱਸਾ ਲਿਆ ਅਤੇ 1971 ਵਿਚ ਇਹ ਫੜੇ ਗਏ। ਜਦ ਪੁਲਿਸ ਪਾਰਟੀ ਉਨ੍ਹਾਂ ਨੂੰ ਅਦਾਲਤੀ ਪੇਸ਼ੀ ਲਈ ਬੱਸ ਰਾਹੀਂ ਲੈਜਾ ਰਹੀ ਸੀ ਤਾਂ ਉਨ੍ਹਾਂ ਦੇ 4 ਸਾਥੀ ਪੁਲਿਸ ’ਤੇ ਹਥਿਆਰਬੰਦ ਹਮਲਾ ਕਰਕੇ ਉਨ੍ਹਾਂ ਨੂੰ ਛੁਡਾ ਕੇ ਭੱਜ ਗਏ। ਪੁਲਿਸ ਨਾਲ ਇਸ ਝੜਪ ਵਿਚ ਇੱਕ ਪੁਲਿਸ ਵਾਲਾ ਮਾਰਿਆ ਗਿਆ ਅਤੇ ਦੂਜਾ ਜ਼ਖਮੀ ਹੋ ਗਿਆ। ਅਜਮੇਰ ਸਿੰਘ ’ਤੇ ਪੁਲਸ ਵਾਲੇ ਦੇ ਕਤਲ ਅਤੇ ਹੋਰ ਧਾਰਾਵਾਂ ਹੇਠ ਕੇਸ ਦਰਜ ਹੋ ਗਿਆ ਅਤੇ ਅਜਮੇਰ ਭਗੌੜਾ ਹੋ ਗਿਆ।

ਲੁਕ-ਛਿਪ ਕੇ ਰਹਿੰਦਿਆਂ 1985 ਵਿਚ ਉਨ੍ਹਾਂ ਨੇ ਕੁਝ ਹੋਰ ਸਾਥੀਆਂ ਨਾਲ ਰਲ ਕੇ ‘ਜਨਤਕ ਪੈਗਾਮ’ ਨਾਮ ਦਾ ਮੈਗਜ਼ੀਨ ਕੱਢਣਾ ਸ਼ੁਰੂ ਕਰ ਦਿੱਤਾ। 1991-92 ਦੀਆਂ ਪੰਜਾਬ ਚੋਣਾਂ ਦੇ ਬਾਈਕਾਟ ਦੇ ਉਹ ਮੁੱਖ ਸੂਤਰਧਾਰ ਸੀ। ਇਸਦੀ ਬਾਈਕਾਟ ਵਾਲੀ ਲਾਈਨ ਦਾ ਲਾਹਾ ਲੈ ਕੇ ਸ. ਬੇਅੰਤ ਸਿੰਘ ਮੁਖ ਮੰਤਰੀ ਬਣਿਆ ਤੇ ਉਸ ਨੇ ਪਹਿਲੇ ਸਾਲ ਹੀ ਖਾੜਕੂ ਲਹਿਰ ਦਾ ਵੜਾਂਗਾ ਕਰ ਦਿੱਤਾ। ਅਜਮੇਰ ਨੇ ਵੇਲਾ ਵਿਚਾਰਦਿਆਂ ਪੈਗਾਮ ਗਰੁਪ ਭੰਗ ਕਰ ਦਿੱਤਾ ਅਤੇ ਆਪਣੀ ਪੰਜਾਬ ਲਿਬਰੇਸ਼ਨ ਗੁਰੀਲਾ ਡਿਸਬੈਂਡ ਕਰ ਦਿੱਤੀ। ਅਗਲੇ ਡੇਢ-ਦੋ ਸਾਲ ਗੁਪਤਵਾਸ ਤੋਂ ਅਗਾਂਹ ਡੂੰਘੇ ਗੁਪਤਵਾਸ ਵਿਚ ਦੜ ਵੱਟ ਕੇ ਬੈਠੇ ਰਹੇ। ਚੋਣਾਂ ਬਾਈਕਾਟ ਕਰਾਉਣ ਦੀ ਆਪਣੀ ਮਾਅਰਕੇਬਾਜ਼ੀ ਦਾ ਅੱਜ ਤੱਕ ਕਦੀ ਪਛਤਾਵਾ ਨਹੀਂ ਕੀਤਾ। 1994 ਵਿਚ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਮਨਜੀਤ ਸਿੰਘ ਵਲੋਂ ਚਲਾਈ ‘ਖਾਲਸਾ ਚੇਤਨਾ ਲਹਿਰ’ ਦੀ ਆੜ ਵਿਚ ਉਨ੍ਹਾਂ ਨੇ ਅਕਾਲੀ ਰਾਜਨੀਤੀ ਬਾਰੇ ਕਈ ਪੜਚੋਲੀਆ ਲੇਖ ਲਿਖਣੇ ਸ਼ੁਰੂ ਕਰ ਦਿੱਤੇ। ਇਨ੍ਹਾਂ ਲੇਖਾਂ ਰਾਹੀਂ ਜਥੇਦਾਰ ਟੌਹੜਾ ਵਿਰੁੱਧ ਬਾਦਲਾਂ ਦੇ ਹੱਕ ਵਿਚ ਪੈਂਤੜਾ ਲੈਂਦਿਆਂ ਉਹ ਸ੍ਰੀ ਅਕਾਲ ਤਖਤ ਦੇ ਰੋਲ ਦਾ ਸਿੱਖ ਚਿੰਤਕ/ਸਿਧਾਂਤਕਾਰ ਬਣ ਗਏ। 1997 ਵਿਚ ਦਲਜੀਤ ਬਿੱਟੂ ਦੇ ਫੜੇ ਜਾਣ ਪਿੱਛੋਂ ਉਨ੍ਹਾਂ ਬਿੱਟੂ ਗਰੁੱਪ ਦਾ ਪੱਲਾ ਫੜ ਕੇ ਸੰਤ ਭਿੰਡਰਾਂਵਾਲਾ ਨੂੰ ਯੁਗ-ਪੁਰਸ਼ ਸਾਬਤ ਕਰਨ ਲਈ ਉਸ ਦੀਆਂ ਸਿਫ਼ਤਾਂ ਦਾ ਧੰਦਾ ਫੜ ਲਿਆ, ਜਿਹੜਾ ਬਾਦਸਤੂਰ ਜਾਰੀ ਹੈ। ਉਨ੍ਹਾਂ ਨੂੰ ਜਾਪਿਆ ਕਿ ਭਾਰਤ ਨੂੰ ਤੋੜਨ ਲਈ ਨਕਸਲਾਈਟ ਲਹਿਰ ਨਾਲੋਂ ਖਾਲਿਸਤਾਨ ਦੀ ਲਹਿਰ ਵਧੇਰੇ ਕਾਰਗਰ ਰਸਤਾ ਹੈ।

ਪਰ ਅਜਮੇਰ ਸਿੰਘ ਸਰਕਾਰੀ ਰਿਕਾਰਡ ਵਿਚ ‘ਗੋਬਿੰਦਰ ਸਿੰਘ ਉਰਫ ਸੁਰਿੰਦਰ ਸਿੰਘ ਵਜੋਂ ਇੱਕ ਪੁਲਿਸ ਵਾਲੇ ਦੇ ਕਤਲ ਅਤੇ ਦੂਜੇ ਨੂੰ ਜ਼ਖਮੀ ਕਰਨ ਦੇ ਕੇਸ ਵਿਚ ਭਗੌੜਾ ਸੀ। ‘ਖਾੜਕੂ ਲਹਿਰਾਂ ਦੇ ਅੰਗ-ਸੰਗ’ ਵਿਚ ਉਨ੍ਹਾਂ ਦੇ ਆਪਣੇ ਦੱਸਣ ਅਨੁਸਾਰ ਬਾਦਲ ਦੀ ਅਕਾਲੀ ਸਰਕਾਰ ਦੇ ਵੱਡੇ ਮੰਤਰੀ ਕੈਪਟਨ ਕੰਵਲਜੀਤ ਸਿੰਘ ਨੇ 1998-99 ਦੌਰਾਨ ਅਜਮੇਰ ਸਿੰਘ ਨੂੰ ਇਸ ਵੱਡੇ ਕੇਸ ਵਿਚੋਂ ਬਿਨਾ ਬਕਾਇਦਾ ਅਦਾਲਤੀ ਕੇਸ ਚੱਲਿਆਂ ਅਤੇ ਲੰਬੀ ਹਿਰਾਸਤ ਵਿਚ ਰਿਹਾਂ ਛੁਡਵਾ ਦਿੱਤਾ। ਫਿਰ ਉਨ੍ਹਾਂ ਅਜਮੇਰ ਸਿੰਘ ਦੇ ਨਾਮ ਤੇ ਪਾਸਪੋਰਟ ਵੀ ਲੈ ਲਿਆ। ਇਹ ਗੋਬਿੰਦਰ ਸਿੰਘ ਤੋਂ ਅਜਮੇਰ ਸਿੰਘ ਕਿਵੇਂ ਬਣੇ ਅਤੇ ਇਨ੍ਹਾਂ ਦਾ ਪਾਸਪੋਰਟ ਕਿਵੇਂ ਬਣ ਗਿਆ ? ਇਹ ਅੱਜ ਤੱਕ ਇੱਕ ਬੁਝਾਰਤ ਹੀ ਹੈ।

ਇਸ ਦੌਰਾਨ ਉਹ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਵੀ ਨੇੜੇ ਹੋ ਗਏ ਅਤੇ ਟੌਹੜਾ ਦੇ ਕਹਿਣ ਤੇ ਅਮਰੀਕਾ ਵਿਚ ਵੱਸਦੇ ਪ੍ਰਭਾਵੀ ਸਿੱਖ ਯੋਗੀ ਹਰਭਜਨ ਸਿੰਘ ਦੀ ਸਪਾਂਸਰਸ਼ਿਪ ’ਤੇ ਵੀਜ਼ਾ ਲੈ ਕੇ ਅਮਰੀਕਾ ਆ ਗਏ, ਤੇ ਵਿਦੇਸ਼ੀ ਫੇਰੀਆਂ ਦਾ ਰਸਤਾ ਖੁੱਲ ਗਿਆ। ਪਿਛਲੇ 20-22 ਵਰ੍ਹਿਆਂ ਦੌਰਾਨ ਉਹ ਹਿੰਸਾ ਤੇ ਨਫਰਤ ਦੇ ਸਿਧਾਂਤ ਦਾ ਮਿਸ਼ਨਰੀ ਬਣ ਕੇ ਅਮਰੀਕਾ, ਕੈਨੇਡਾ ਇੰਗਲੈਂਡ, ਆਸਟ੍ਰੇਲੀਆ, ਨਿਊਜ਼ੀਲੈਂਡ, ਜਰਮਨੀ, ਹਾਲੈਂਡ ਅਤੇ ਨਾਰਵੇ ਸਮੇਤ ਸਾਰੇ ਯੂਰਪੀ ਦੇਸ਼ਾਂ ਦੇ ਪੰਜ-ਪੰਜ, ਸੱਤ-ਸੱਤ ਗੇੜੇ ਲਾ ਚੁਕੇ ਹਨ ਅਤੇ ਉਨ੍ਹਾਂ ਦਾ ਜਹਾਦ ਜਾਰੀ ਹੈ। ਕੁਝ ਸਮਾਂ ਪਹਿਲਾਂ ਉਹ ਅਮਰੀਕਾ/ਕੈਨੇਡਾ ਦੇ ਵਖ ਵਖ ਸ਼ਹਿਰਾਂ ਵਿਚ ਭਾਸ਼ਣ ਦੇ ਰਹੇ ਸੀ। ਹੁਣ ਪਿਛਲੇ ਕਈ ਦਿਨਾਂ ਤੋਂ ਸ੍ਰੀ ਗੁਰੁ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਨੂੰ ‘ਹਿੰਦ ਦੀ ਚਾਦਰ’ ਦੇ ਰਵਾਇਤੀ



ਪ੍ਰਵਾਨਤ ਪਸੰਗ ‘ਚੋਂ ਖੱਗ ਕੇ ਸ਼ਹਾਦਤ ਦੇ ਅਰਥਾਂ ਦਾ ਨਵਾਂ ਅਤੇ ਮਨਭਾਉਂਦਾ ਪ੍ਰਸੰਗ ਸਥਾਪਤ ਕਰਨ ਲਈ ਇਹ ਸੱਜਣ ਆਸਟ੍ਰੇਲੀਅਨ ਪੰਜਾਬੀ ਚੈਨਲਾਂ ‘ਤੇ ਵਿਖਆਨ ਦੇਂਦੇ ਨਜ਼ਰ ਆ ਰਹੇ ਹਨ। ਜਾਹਰ ਹੈ ਕਿ ਦੇਸ਼ਾਂ-ਵਿਦੇਸ਼ਾਂ ਵਿਚ ਉਨ੍ਹਾਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਬਾਦਲ ਸਰਕਾਰ ਨੇ ਹੀ ਦਿਤਾ। ਅਕਾਲੀ ਸਰਕਾਰ ਨੇ ਜਾਂ ਸ. ਬਾਦਲ ਨੇ ਉਨ੍ਹਾਂ ’ਤੇ ਏਨੀ ਰਹਿਮਤ ਕਿਉਂ ਕੀਤੀ ਅਤੇ ਉਨ੍ਹਾਂ ਦੀ ਅਕਾਲੀਆਂ ਨਾਲ ਲੈਣ-ਦੇਣ ਦੀ ਕੀ ਡੀਲ ਹੋਈ ਇਹ ਤਾਂ ਪੰਜਾਬੀ ਕਹਾਵਤ ‘ਜੱਟ ਜਾਣੇ ਜਾਂ ਬਿਜੂ ਜਾਣੇ’ ਵਾਲੀ ਗੱਲ ਹੈ।

ਪਿਛਲੇ 15 ਕੁ ਸਾਲਾਂ ਤੋਂ ਭਾਈ ਅਜਮੇਰ ਸਿੰਘ ਦੇ ਡੇਰੇ ਨਵੇਂ ਚੰਡੀਗੜ੍ਹ ਵਿਚ ਇੱਕ ਮਹਿਲ ਵਰਗੀ ਕੋਠੀ ਵਿਚ ਹਨ ਜਿੱਥੇ ਇਹ ਸ਼ਾਹੀ ਠਾਠ ਨਾਲ ਰਹਿੰਦਾ ਹੈ। 2010 ਵਿਚ ਇਹ ਕੋਠੀ ਬਣਾਉਣ ਤੋਂ ਪਹਿਲਾਂ ਇਸ ਦੇ ਪਲਾਟ ਵਿਚ ਭਾਈ ਅਜਮੇਰ ਸਿੰਘ ਨੇ ਇੱਕ ਵਧੀਆ ਕੁਟੀਆ ਬਣਾਈ ਸੀ ਜਿਸ ਵਿਚ ਇਹ ਰਵਿੰਦਰਨਾਥ ਟੈਗੋਰ ਵਾਂਗ ਰਹਿੰਦਾ ਸੀ। ਇਸਦੀ ਆਪਣੀ ਸਵੈ ਜੀਵਨੀ ਅਨੁਸਾਰ ਇਹ ਕੁਟੀਆ ਕੁਦਰਤ ਦਾ ਨਜ਼ਾਰਾ ਲੈਣ ਵਾਸਤੇ ਸੀਮ ਜਿਥੇ ਟਹਿਲ-ਸੇਵਾ ਲਈ ਇੱਕ ਭਈਆ ਨੌਕਰ ਵੀ ਹਾਜ਼ਰ ਸੀ।

ਭਾਈ ਅਜਮੇਰ ਸਿੰਘ ਆਪਾ ਵਿਰੋਧੀ ਗੱਲਾਂ ਕਰਨ ਦੇ ਆਦੀ ਹਨ ਅਤੇ ਅਕਸਰ ਭੁੱਲ ਜਾਂਦੇ ਹਨ ਕਿ 10-15 ਦਿਨ ਪਹਿਲਾਂ ਉਨ੍ਹਾਂ ਕੀ ਕਿਹਾ ਸੀ। ਉਹ ਸਿੱਖਾਂ ’ਤੇ ਹੋਰ ਮਾਪਦੰਡ ਤੇ ਜਿਸ ਨੂੰ ਵਿਰੋਧੀ ਮੰਨਦੇ ਹਨ, ਉਨ੍ਹਾਂ ’ਤੇ ਉਲਟਾ ਮਾਪਦੰਡ ਲਾਗੂ ਕਰਦੇ ਹਨ। 29 ਅਕਤੂਬਰ 2025 ਨੂੰ ਗੁਰੂ ਤੇਗ ਬਹਾਦੁਰ ਜੀ ਬਾਰੇ ਇੱਕ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਉਹ ਕਹਿੰਦੇ ਹਨ, ‘ਸੁੰਦਰਤਾ ਤਾਂ ਵੰਨ-ਸੁਵੰਨਤਾ ਵਿਚ ਹੈ ਪਰ ਭਾਰਤੀ ਹਾਕਮ ਇੱਕ ਬੋਲੀ, ਇੱਕ ਧਰਮ, ਇੱਕ ਸੰਸਕ੍ਰਿਤੀ ਅਤੇ ਇੱਕ ਸਭਿਆਚਾਰ ਚਾਹੁੰਦੇ ਹਨ। ਇਹ ਕੁਦਰਤ ਦੇ ਖਿਲਾਫ ਹੈ ਅਤੇ ਕੁਦਰਤ ਬਹੁਤ ਤਾਕਤਵਰ ਹੈ। ਇਹ ਤਾਂ ਰੱਬ ਨਾਲ ਆਢਾ ਲਗਾਉਣ ਵਾਲੀ ਗੱਲ ਹੈ ਅਤੇ ਕੁਦਰਤ ਦਾ ਨਿਯਮ ਵੰਨ-ਸੁਵੰਨਤਾ ਹੈ।’ ਅਜਮੇਰ ਸਿੰਘ ਭਾਰਤੀ ਸਿਸਟਮ ਦੀ ਔਰੰਗਜ਼ੇਬ ਦੇ ਰਾਜ ਨਾਲ ਵੀ ਤੁਲਨਾ ਕਰਦੇ ਹਨ। ਪਰ ਇਹ ਨਹੀਂ ਦੱਸਦੇ ਕਿ ਇਹ ਨਿਯਮ ਸਿੱਖਾਂ ‘ਤੇ ਵੀ ਲਾਗੂ ਹੁੰਦਾ ਹੈ ਜਾਂ ਇਹ ਭਾਰਤੀ ਹਾਕਮਾਂ ਅਤੇ ਹੋਰਾਂ ’ਤੇ ਹੀ ਲਾਗੂ ਹੁੰਦਾ ਹੈ ? ਸਿੱਖਾਂ ਵਿਚ ਸਾਰੀ ਤਾਕਤ ਅਤੇ ਸ਼੍ਰੋਮਣੀ ਕਮੇਟੀ ਲਈ ਚੁਣੇ ਜਾਣ ਦਾ ਹੱਕ ‘ਤੱਤ ਖਾਲਸਾ’ ਸਿੱਖਾਂ ਕੋਲ ਹੀ ਕਿਉਂ ਹੈ ਅਤੇ ਸਿਰਫ ਕਥਿਤ ਕੇਸਾਧਾਰੀ ਸਿੱਖ ਕੋਲ ਹੀ ਵੋਟ ਦਾ ਹੱਕ ਕਿਉਂ ਹੈ ? ਉਦਾਸੀ, ਨਿਰਮਲੇ, ਨਾਮਧਾਰੀ, ਰਾਧਾਸਵਾਮੀ, ਰਵੀਦਾਸੀਏ, ਮਜ਼੍ਹਬੀ ਸਿੱਖ, ਰਾਮਗੜ੍ਹੀਏ ਆਦਿ ਸਿੱਖੀ ਦੀ ਫੁਲਵਾੜੀ ਤੋਂ ਬਾਹਰ ਜਾਂ ਹੇਠਲੀ ਪੱਧਰ ਦੇ ਕਿਉਂ ਹਨ। ਸਿੱਖੀ ਵਿਚ ਸਾਰੇ ਫੁੱਲ ਇੱਕੋ ਰੰਗ ਦੇ ਹੀ ਕਿਉਂ ਚਾਹੀਦੇ ਹਨ ? ਕੀ ਐਸੀ ਕੱਟੜਤਾ ਸਿੱਖ ਧਾਰਮਿਕ ਅਤੇ ਰਾਜਸੀ ਆਗੂਆਂ ਵਲੋਂ ਕੁਦਰਤ ਨਾਲ ਆਢਾ ਲੈਣ ਵਾਲੀ ਗੱਲ ਨਹੀਂ ਹੈ ? ਕੀ ਅਜੇਹਾ ਕਰ ਕੇ ਤੁਸੀਂ ਦੁਨੀਆਂ ਨੂੰ ਸੋਹਣੀ ਬਣਾ ਰਹੇ ਹੋ ? ਅਕਾਲ ਤਖਤ ਦਾ ਡਿਕਟੇਟਰ ਜਥੇਦਾਰ ਗੜਗੱਜ ਅਜੇ 1-2 ਹਫ਼ਤੇ ਪਹਿਲਾਂ ਹੀ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ’ਤੇ ਗਰਜ ਕੇ ਹਟਿਆ ਹੈ, ਜਿਸ ’ਤੇ ਦੋਸ਼ ਇਹ ਲਗਾਇਆ ਗਿਆ ਕਿ ਉਸ ਨੇ ਗੁਰੂ ਨਾਨਕ ਬਾਣੀ ਦੇ ਕੁਝ ਸ਼ਬਦਾਂ ਨੂੰ ਰਿਗਵੇਦ ਦੇ ਕੁਝ ਸ਼ਬਦਾਂ ਵਰਗੀ ਭਾਵਨਾ ਵਾਲੇ ਦੱਸਿਆ ਸੀ ਅਤੇ ਇਸ ਦੀ ਹੋਰ ਖੋਜ ਦੀ ਵਕਾਲਤ ਕੀਤੀ ਸੀ। ਕੀ ਬਿਨਾਂ ਰਾਜ ਤੋਂ ਹੀ ਸਿੱਖਾਂ ਵਿਚ ਔਰੰਗਜ਼ੇਬੀ ਮਾਨਸਕਤਾ ਭਾਰੂ ਤਾਂ ਨਹੀਂ ਹੋ ਗਈ ? ਕੀ ਕਿਸੇ ਫਲਸਫੇ ਜਾਂ ਲਿਖਤ ਦਾ ਤੁਲਨਾਤਮਿਕ ਅਧਿਐਨ ਸਿੱਖੀ ਲਈ ਸੱਚਮੁੱਚ ਖ਼ਤਰਾ ਹੈ ? ਕੀ ਸਿੱਖੀ ਦੀ ਵੱਖਰੀ ਹੋਂਦ ਰੇਤਾ ਦੀ ਬਣੀ ਹੋਈ ਹੈ ਜੋ ਝੱਟ ਖੁਰ ਜਾਵੇਗੀ ? ਕੀ ਸਿੱਖਾਂ ਵਿਚ ਲਿਖਣ, ਬੋਲਣ ਅਤੇ ਭੈਅ ਰਹਿਤ ਮਾਹੌਲ ਵਿਚ ਅਜ਼ਾਦ ਵਿਚਾਰ ਰੱਖਣ ਦੀ ਅਜ਼ਾਦੀ ਹੈ ?

ਇਸ ਲੈਕਚਰ ਵਿਚ ਅਜਮੇਰ ਸਿੰਘ ਗੁਰੂ ਤੇਗ ਬਹਾਦੁਰ ਜੀ ਨੂੰ ‘ਹਿੰਦ ਦੀ ਚਾਦਰ’ ਆਖਣ ਦਾ ਵੀ ਵਿਰੋਧ ਕਰਦੇ ਹਨ ਅਤੇ ਕਹਿੰਦੇ ਹਨ ਕਿ ਗੁਰੂ ਸਾਹਿਬ ਤਾਂ ਸ੍ਰਿਸ਼ਟੀ ਦੀ ਚਾਦਰ ਸਨ ਤੇ ਹਿੰਦ ਦੀ ਚਾਦਰ ਕਹਿਣਾ ਤਾਂ ਉਨ੍ਹਾਂ ਨੂੰ ਛੋਟੇ ਕਰਨ ਵਾਲੀ ਗੱਲ ਹੈ। 15 ਨਵੰਬਰ 2025 ਨੂੰ ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਬਾਰੇ ਬੋਲਦਿਆਂ ਉਹ ਫਿਰ ਹਿੰਦੂ ਧਰਮ ਦੀ ਰਾਖੀ ਲਈ ਸ਼ਹਾਦਤ ਦੇਣ ਨੂੰ ਗਲਤ ਦਸਦੇ ਹਨ। ਅਜਮੇਰ ਸਿੰਘ ਕਹਿੰਦੇ ਹਨ ਕਿ ਅਗਰ ਇਹ ਮੰਨ ਲਈਏ ਕਿ ਗੁਰੂ ਸਾਹਿਬ ਨੇ ਹਿੰਦੂ ਧਰਮ ਦੀ ਰਾਖੀ ਲਈ ਸ਼ਹਾਦਤ ਦਿੱਤੀ ਸੀ ਤਾਂ ਇਸ ਦਾ ਮਤਲਬ ਇਹ ਹੋਵੇਗਾ ਕਿ ਗੁਰੂ ਸਾਹਿਬ ਹਿੰਦੂ ਧਰਮ ਨੂੰ ਚੰਗਾ ਅਤੇ ਇਸਲਾਮ ਨੂੰ ਮਾੜਾ ਸਮਝਦੇ ਸਨ। ਪਰ ਇਹ ਹੋ ਨਹੀਂ ਸਕਦਾ ਕਿਉਂਕਿ ਇਹ ਸਿੱਖੀ ਦੇ ਅਸੂਲ ਮੁਤਾਬਿਕ ਨਹੀਂ ਹੈ। ਉਹ ਇਸ ਤਰਕ ਨੂੰ ਨਕਾਰ ਦਿੰਦੇ ਹਨ ਕਿ ਗੁਰੂ ਸਾਹਿਬ ਨੇ ਸ਼ਹੀਦੀ ਮਨੁੱਖੀ ਹੱਕਾਂ ਦੀ ਰਾਖੀ ਲਈ ਦਿੱਤੀ ਸੀ, ਕਿਉਂਕਿ ਅਜਮੇਰ ਸਿੰਘ ਮੁਤਾਬਿਕ ਉਦੋਂ ਮਨੁੱਖੀ ਹੱਕਾਂ ਦਾ ਸੰਕਲਪ (ਕਾਨਸੈਪਟ) ਹੈ ਹੀ ਨਹੀਂ ਸੀ। ਉਹ ਦਾਅਵਾ ਕਰਦੇ ਹਨ ਕਿ ਗੁਰੂ ਸਾਹਿਬ ਨੇ ਸ਼ਹਾਦਤ ‘ਸੱਚ’ ਲਈ ਦਿੱਤੀ ਸੀ ਅਤੇ ਸੱਚ ਦਾ ਦਾਇਰਾ ਬਹੁਤ ਵੱਡਾ ਹੈ। ‘ਹਿੰਦ ਦੀ ਚਾਦਰ’ ਦਾ ਵਿਰੋਧ ਕਰਨ ਲਈ ਉਹ ਫਿਰ ਕੁਦਰਤ ਦੀ ਵੰਨ-ਸੁਵੰਨਤਾ ਦਾ ਰਾਗ ਅਲਾਪਦੇ, ਜਿਸ ਨੂੰ ਅੱਜ ਦੀ ਸਿੱਖੀ ਦੇ ਅੰਦਰ ਅਸਲ ਵਿਚ ਕੋਈ ਥਾਂ ਨਹੀਂ ਹੈ।

29 ਨਵੰਬਰ ਨੂੰ ਗੁਰਦੁਆਰਾ ਸਾਹਿਬ ਕੈਨਬਰਾ (ਅਸਟਰੇਲੀਆ) ਵਿਖੇ ‘ਨੌਵੇਂ ਪਾਤਸ਼ਾਹ ਨੂੰ ਯਾਦ ਕਰਦਿਆਂ’ ਸਿਰਲੇਖ ਹੇਠਲੇ ਲੈਕਚਰ ਵਿਚ ਉਹ ਦਾਅਵਾ ਕਰਦੇ ਹਨ ਕਿ ਗੁਰੂ ਤੇਗ ਬਹਾਦੁਰ ਸਾਹਿਬ ਦੀ ਸ਼ਹਾਦਤ ਦਾ ਕੇਂਦਰੀ ਨੁਕਤਾ ‘ਨਿਰਭੈਤਾ’ ਹੈ: ‘ਡਰ ਜੜ੍ਹ ਹੈ ਬਹੁਤ ਕੁਝ ਦੀ, ਜਿੰਨੀ ਦੇਰ ਬੰਦਾ ਭੈਅ ਹੇਠ ਹੈ, ਉਹ ਨਾ ਸਹੀ ਸੋਚ ਸਕਦੈ ਨਾ ਸੱਚ ਬੋਲ ਸਕਦੈ...ਸੱਚ ਬੋਲਣ ਲਈ ਦਲੇਰੀ ਚਾਹੀਦੀ ਹੈ, ਹਿੰਮਤ ਚਾਹੀਦੀ ਐ, ਕਿਉਂਕਿ ਸੱਚ ਬੋਲਣ ਦੀ ਕੀਮਤ ਅਦਾ ਕਰਨੀ ਪੈਂਦੀ ਹੈ ਅਤੇ ਅਸੀਂ ਕੀਮਤ ਅਦਾ ਕੀਤੀ ਹੈ ਸਾਰੇ ਇਤਿਹਾਸ ਵਿਚ ਪੰਜਵੇਂ ਪਾਤਸ਼ਾਹ ਤੋਂ ਭਾਈ ਜਸਵੰਤ ਸਿੰਘ ਖਾਲੜਾ ਤੱਕ।’ ਗੁਰੂ ਤੇਗ ਬਹਾਦਰ ਤੋਂ ਗੱਲ ਜਸਵੰਤ ਸਿੰਘ ਖਾਲੜਾ ਨਾਲ ਜਾ ਜੋੜਦੇ ਹਨ ਅਤੇ ਫਿਰ ਖਾਲੜਾ ਬਾਰੇ ਬਣੀ ਫਿਲਮ ਦਾ ਰੋਣਾ ਰੋਂਦੇ ਬਹੁਤ ਅੱਗੇ ਤੱਕ ਚਲੇ ਜਾਂਦੇ ਹਨ। ਇਸ ਵਹਾ ਵਿਚ ਅਜਮੇਰ ਸਿੰਘ ਏਨਾ ਗੁਆਚ ਜਾਂਦੇ ਹਨ ਕਿ ਸੰਤ ਕਰਤਾਰ ਸਿੰਘ ਦੇ ਹਵਾਲੇ ਨਾਲ ਗੱਲ ਕਰਦਿਆਂ ਕਹਿੰਦੇ ਹਨ, ‘ਇੱਕ ਮਰ ਰਹੇ ਡੁੱਬ ਰਹੇ ਧਰਮ ਨੂੰ ਬਚਾਇਆ...ਨਹੀਂ ਇਸ ਦੀ ਹੋਂਦ ਮਿਟ ਜਾਣੀ ਸੀ ਦੇਸ਼ ’ਚੋਂ, ਆਪਾਂ ਨੂੰ ਪਤਾ ਹੈ ਕਿ ਇਸਲਾਮ ਜਿੱਥੇ ਗਿਆ ਹੈ ਉਥੋਂ ਦੀ ਸੱਭਿਅਤਾ ਅਤੇ ਧਰਮ ਦੀ ਕੋਈ ਨਿਸ਼ਾਨੀ ਨਹੀਂ ਛੱਡੀ, ਇਰਾਨ ਸਭ ਦੇ ਸਾਹਮਣੇ ਉਦਾਹਰਣ ਹੈ। ਹੋਰ ਜਿਥੇ ਗਏ ਉਨ੍ਹਾਂ ਨੇ ਟੋਟਲ ਇਸਲਾਮ...ਤੇ ਇਥੇ ਮੁਹਿੰਮ ਵਿਢ ਲਈ ਸੀ ਤੇ ਹਿੰਦੂ ਸਮਾਜ ’ਚ ਦਹਿਸ਼ਤ ਪੈ ਗਈ ਸੀ...ਤੇ ਜੇ ਇਸ ਸਿਲਸਿਲੇ ਨੂੰ ਰੋਕ ਨਾ ਲਗਦੀ ਤਾਂ ਪਤਾ ਨਹੀਂ ਕੀ ਹੋਣਾ ਸੀ, ਤਾਂਹੀ ‘ਜੰਜੂ ਤਿਲਕ ਰਾਖਾ ਪ੍ਰਭ ਤਾਂਕਾ’ ਕਿਹਾ ਜਾਂਦਾ ਹੈ...ਐ ਜ਼ਰੂਰਤ ਹੈ ਜਿਸ ‘ਤੇ ਮੈਂ ਜ਼ੋਰ ਦੇ ਰਿਹਾਂ।’

ਕਰ ਲਓ ਗੱਲ ਹੁਣ ਅਜਮੇਰ ਸਿੰਘ ਆਪਣੇ 10-15 ਦਿਨ ਪਹਿਲਾਂ ਕੀਤੇ ਬਚਨਾਂ ਤੋਂ ਬਦਲ ਕੇ ਹਿੰਦੂ ਧਰਮ ਦੀ ਰਾਖੀ ਲਈ ਸ਼ਹਾਦਤ, ਇਸਲਾਮ ਦੇ ਜ਼ੁਲਮ ਦਾ ਸੱਚ ਅਤੇ ਤਿਲਕ ਜੰਜੂ ਦੀ ਰਾਖੀ ਲਈ ਕੁਰਬਾਨੀ ਨੂੰ ਪ੍ਰਵਾਨ ਕਰ ਲੈਂਦੇ ਹਨ। ਪਰ ਕਈ ਵਾਰ ਤਾਂ ਬਸ ਕਸਰ ਏਨੀ ਰਹਿ ਜਾਂਦੀ ਹੈ ਕਿ ਉਹ ਅਜੇ ਇਹ ਦਾਅਵਾ ਨਹੀਂ ਕਰਦੇ ਕਿ ਗੁਰੂ ਤੇਗ ਬਹਾਦੁਰ ਜੀ ਨੇ ਕੁਰਬਾਨੀ ਖਾਲਿਸਤਾਨ ਵਾਸਤੇ ਦਿੱਤੀ ਸੀ।

‘ਕਿਸੇ ਦਾ ਭੈਅ ਨਹੀਂ ਮੰਨਣਾ ਅਤੇ ਨਿਰਭੈ ਰਹਿਣਾ ਹੈ’ ਦਾ ਇਕ ਪਾਸੜ ਸੰਦੇਸ਼ ਉਹ ਸਿੱਖਾਂ ਦੇ ਦੰਦੇ ਕੱਢਣ ਲਈ ਦਿੰਦੇ ਹਨ ਤਾਂਕਿ ਉਨ੍ਹਾਂ ਦੇ ਪ੍ਰਵਚਨੀ ਪ੍ਰਭਾਵ ਵਿਚ ਆ ਕੇ ਥੋੜੇ-ਬਹੁਤ ਸਿੱਖ ਹਮੇਸ਼ਾਂ-ਹਮੇਸ਼ਾਂ ਲਈ ਟਿੰਡ ਵਿਚ ਕਾਨਾ ਪਾਈ ਰੱਖਣ। ਗੁਰੂ ਸਾਹਿਬ ਨੇ ਭੈਅ ਨਾ ਮੰਨਣ ਦੀ ਗੱਲ ਜ਼ਰੂਰ ਕਹੀ ਸੀ ਪਰ ਨਾਲ ਹੀ ਭੈਅ ਨਾ ਦੇਣ ਦੀ ਗੱਲ ਵੀ ਕਹੀ ਸੀ। ਅੱਜ ਚੰਦ ਕੁ ਕੱਟੜਪੰਥੀ ਸਿੱਖ ਤਾਂ ਆਦਮ-ਬੋ ਆਦਮ-ਬੋ ਕਰਦੇ ਫਿਰਦੇ ਹਨ ਅਤੇ ਥਾਂ-ਥਾਂ ਪੰਗੇ ਲੈ ਰਹੇ ਹਨ। ਅਜਮੇਰ ਸਿੰਘ ਦੇ ਵੱਡੇ ਸੰਤ ਤਾਂ ਆਪਣੀ ਮੁਹਿੰਮ ਦੀ ਲੋੜ ਅਨੁਸਾਰ ਭੈਅ ਦਿੰਦੇ ਵੀ ਸਨ ਅਤੇ ਭੈਅ ਮੰਨਦੇ ਵੀ ਰਹੇ ਸਨ। ਉਨਾਂ ਦੇ ਸਮਰਥਕਾਂ ਨੇ ਬੰਦੂਕਾਂ ਭੈਅ ਦੇਣ ਲਈ ਹੀ ਚੁੱਕੀਆਂ ਹੋਈਆਂ ਸਨ। ਉਹ ਭੈਅ ਮੰਨਦੇ ਸਨ ਤਾਂ ਹੀ ਤਾਂ ਵਕਤੋਂ ਪਹਿਲਾਂ ਗ੍ਰਿਫਤਾਰੀ ਦੀ ਸੰਭਾਵਨਾ ਨਜ਼ਰ ਆਉਂਦਿਆਂ ਹੀ ਉਨ੍ਹਾਂ ਨੇ ਸਿਖ ਧਰਮ ਦੇ ਸਭ ਤੋਂ ਪਵਿੱਤਰ ਅਤੇ ਸਰਬਪ੍ਰਵਾਨਤ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਗੁਰੂ ਨਾਨਕ ਨਿਵਾਸ, ਲੰਗਰ ਹਾਲ ਅਤੇ ਆਖੀਰੀ ਸ੍ਰੀ ਅਕਾਲ ਤਖਤ ਵਿਖੇ ਪਨਾਹ ਜਾ ਲਈ ਸੀ। ਅਜਮੇਰ ਸਿੰਘ ਜੀ ਤੁਸੀਂ ਸਾਰੀ ਉਮਰ ਲੋਕਾਂ ਦੇ ਪੁੱਤਾਂ ਨੂੰ ਸ਼ਹੀਦੀਆਂ ਲਈ ਪ੍ਰੇਰਿਆ ਹੈ ਅਤੇ ਹੁਣ ਬੁਢਾਪੇ ਵੇਲੇ ਆਪ ਸ਼ਹੀਦੀ ਦੇਣ ਬਾਰੇ ਸੋਚੋ, ਨਹੀਂ ਤਾਂ ਫਿਰ ਆਪਣੇ ਆਪ ਨੂੰ ਖੋਟਾ ਸਿੱਕਾ ਮੰਨ ਲੈਣਾ!

ਸਿੰਘ ਸਭਾ ਲਹਿਰ ਦੇ ਇਤਿਹਾਸ ਬਾਰੇ ਵੀ ਭਾਈ ਅਜਮੇਰ ਸਿੰਘ ਨੇ ਕਈ ਵੀਡੀਓਜ਼ ਬਣਾਈਆਂ, ਜਿਨ੍ਹਾਂ ਵਿਚ ਸਨਾਤਨੀਆਂ ਨੂੰ ਖੂਬ ਕੋਸਿਆ ਹੈ। ਉਨ੍ਹਾਂ ਦਾਅਵਾ ਕੀਤਾ ਹੈ ਕਿ ਸਿੱਖ ਇੱਕ ਵੱਖਰੀ ਕੌਮ ਹਨ ਅਤੇ ਇਹ ਵੀ ਸਾਫ ਕਰ ਦਿੱਤਾ ਹੈ ਕਿ ਉਦਾਸੀ ਅਤੇ ਨਿਰਮਲੇ ਸਿੱਖ ਨਹੀਂ ਹਨ ਤੇ ਇਨ੍ਹਾਂ ਨੇ ਸਿੱਖੀ ਨੂੰ ਢਾਹ ਲਾਈ ਹੈ। ਅਸਲ ਹਾਲਤ ਤਾਂ ਇਹ ਹੈ ਕਿ ਬਹੁਤੇ ਸਿੱਖ ਆਗੂ ਸਮੇਤ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੇ, ਸਹਿਜਧਾਰੀਆਂ ਨੂੰ ਸਿੱਖੀ ਵਿਚੋਂ ਬਾਹਰ ਕਰ ਚੁੱਕੇ ਹਨ ਅਤੇ ਗੁਰਦਵਾਰਾ ਚੋਣਾਂ ਵਿਚ ਵੋਟ ਦਾ ਹੱਕ ਖੋਹ ਚੁੱਕੇ ਹਨ। ਸ਼੍ਰੋਮਣੀ ਕਮੇਟੀ ਨੇ ਇੱਕ ਸਿੱਖ ਵਿਦਿਆਰਥਣ ਨੂੰ ਸਿੱਖ ਕੋਟੇ ਵਿਚ ਵਿਦਿਅਕ ਦਾਖਲਾ ਦੇਣ ਤੋਂ ਨਾਂਹ ਕਰ ਦਿੱਤੀ ਸੀ, ਕਿਉਂਕਿ ਲੜਕੀ ਨੇ ਭਰਵੱਟੇ ਬਣਾਏ (ਕੱਟੇ) ਹੋਏ ਸਨ। ‘ਤੁੰਨੀ ਅਤੇ ਮੁੰਨੀ’ ਇੱਕ ਬਰਾਬਰ ਦੇ ਨਾਅਰੇ ਲੱਗ ਚੁੱਕੇ ਹਨ ਇਸ ਨਾਲ ਤੁੰਨੀ ਅਤੇ ਮੁੰਨੀ ਵਾਲੇ ਵੀ ਇਸ ਕੌਮ ’ਚੋਂ ਜੇ ਬਾਹਰ ਨਹੀਂ, ਤਾਂ ਹੇਠਲੇ ਦਰਜੇ ਦੇ ਹਨ। ਜੱਟ ਸਿੱਖ ਹੋਰ ਜਾਤਾਂ ਦੇ ਸਿੱਖਾਂ ਨੂੰ ‘ਕੁੱਤਾ ਫਲਾਣਾ’ ਝੱਟ ਆਖ ਦਿੰਦੇ ਹਨ। ਨਾਮਧਾਰੀ ਅਤੇ ਰਾਧਾਸਵਾਮੀ ਵੀ ਬਾਹਰ ਹਨ। ਹਾਂ ਭਾਈ ਅਜਮੇਰ ਸਿੰਘ ਜੀ ਸਿੱਖ

ਇੱਕ ਵਖਰੀ ਕੌਮ ਹੈ, ਪਰ ਇਸ ਵਿਚ ਸਿੱਖਾਂ ਦਾ ਇੱਕ ਖਾਸ ਵਰਗ ਹੀ ਸ਼ਾਮਲ ਹੈ, ਬਾਕੀ ਸਭ ਬਾਹਰਲੇ ਜਾਂ ਹੇਠਲੇ ਦਰਜੇ ਦੇ ਕਿਉਂ ਹਨ। ਤੁਹਾਡੇ ਤਿਲਕਣੇ ਬਚਨਾਂ ਮੁਤਾਬਿਕ ਕੌਮ ਦੀ ਉਸਾਰੀ ਬਹੁਤ ਖੂਬ ਚੱਲ ਰਹੀ ਹੈ!

11 ਦਸੰਬਰ 2025 ਨੂੰ 'ਸਟਰਗਲ ਜਾਂ ਪੀਸ' ਸਿਰਲੇਖ ਹੇਠ ਪੇਂਡੂ ਆਸਟ੍ਰੇਲੀਆ ਵਾਲੇ ਯੂਟਿਊਬਰ ਮਿੰਟੂ ਬਰਾੜ ਨਾਲ ਲੰਮੀ ਗੱਲਬਾਤ ਕਰਦਿਆਂ ਅਜਮੇਰ ਸਿੰਘ ਹੁਰਾਂ ਕਈ ਗੁੱਲ ਖਿਲਾਏ ਹਨ। ਇਹ ਯੂਟਿਊਬਰ ਵੀ ਤੱਤੀਆਂ ਅਤੇ ਲੱਛੇਦਾਰ ਗੱਲਾਂ ਕਰਨ ਦਾ ਖੱਟਿਆ ਖਾਂਦਾ ਹੈ, ਜੋ ਬਹੁਤੇ ਸਿੱਖ ਮੀਡੀਆਕਾਰਾਂ ਦਾ ਕਿਰਦਾਰ ਹੀ ਬਣ ਗਿਆ ਹੈ। ਪੰਜਾਬੀ ਕਹਾਵਤ ਹੈ 'ਇੱਕ ਕਰੇਲਾ ਤੇ ਉਹ ਵੀ ਨਿੰਮ ਚੜ੍ਹਿਆ।' ਇਸ ਗੱਲਬਾਤ ਵਿਚ ਅਜਮੇਰ ਨੇ ਦੂੱਗਣੀ ਕੁੜੱਤਣ ਵਿਖਾਈ ਹੈ।

ਗੱਲਬਾਤ ਵਿਚ ਉਹ ਇੰਡੀਅਨ ਸਟੇਟ ਦੀ ਨੀਤੀ ਬਾਰੇ ਦੱਸਦੇ ਕਹਿੰਦੇ ਹਨ ਕਿ ਸਟੇਟ ਲੋਕਾਂ ਵਿਚ ਨੈਸ਼ਨਲਇਜ਼ਮ ਦਾ ਜ਼ਜਬਾ ਵੱਖ ਵੱਖ ਟੂਲ ਵਰਤ ਕੇ ਭਰਦੀ ਹੈ ਅਤੇ ਕ੍ਰਿਕਟ ਦੀ ਖੇਡ ਨੂੰ ਵੀ ਟੂਲ ਦੱਸਦੇ ਹਨ: 'ਮੇਰੇ ਮੁਤਾਬਿਕ ਅੱਜ ਦੀ ਸਿਚੂਏਸ਼ਨ 'ਚ ਕ੍ਰਿਕਟ ਇੱਕ ਪਾਵਰਫਲ ਟੂਲ ਹੈ ਕਿ ਕ੍ਰਿਕਟ ਨਾਲ ਨੈਸ਼ਨਲਇਜ਼ਮ ਕਿਵੇਂ ਭਰਨੈ...ਖੇਡ ਦੀ ਭਾਵਨਾ ਕਿੱਥੇ ਹੈ...ਇਹਦੇ ਵਿਚੋਂ ਵੇਖੋ ਕਿ ਸਿੱਖਾਂ ਦਾ ਭਵਿਖ ਕਿੱਥੇ ਹੈ?...ਸਿੱਖ ਕਿਸੇ ਵੀ ਨੈਸ਼ਨਲਇਜ਼ਮ ਵਿਚ ਕੈਦ ਨਹੀਂ ਹੋ ਸਕਦਾ, ਉਹ ਤਾਂ ਹੈ ਹੀ ਇੱਕ ਦ੍ਰਿਸ਼ਟੀ ਬਹੁਤ ਵੱਡੀ ਹੈ...ਕੈਨਾਤ ਦੀ ਸਗਲ ਸ੍ਰਿਸ਼ਟੀ ਦੀ...ਬ੍ਰਹਿਮੰਡੀ ਉਹ ਤਾਂ ਹੈਗਾ...ਅਸੀਂ ਆਪਣੇ ਆਪ ਨੂੰ ਮਤਲਬ ਉਥੋਂ ਤੱਕ ਸੰਗੇੜ ਲਈਏ?'

ਲਓ ਜੀ ਅਜਮੇਰ ਮੁਤਾਬਿਕ ਸਿੱਖ ਤਾਂ ਬ੍ਰਹਿਮੰਡੀ ਹੈ, ਪਰ ਦੱਸੋ ਫਿਰ ਉਨ੍ਹਾਂ ਨੂੰ ਭਾਰਤ ਵਿਚ ਛੋਟਾ ਜਿਹਾ ਖਾਲਿਸਤਾਨ ਕਿਉਂ ਚਾਹੀਦਾ ਹੈ? ਅਜਮੇਰ ਜੀ ਕੀ ਅਮਰੀਕਾ, ਅਸਟਰੇਲੀਆ, ਕੈਨੇਡਾ, ਬਰਤਾਨੀਆ ਅਤੇ ਹੋਰ ਪੱਛਮੀ ਦੇਸ਼ਾਂ ਦੇ ਸਿੱਖ ਅਤੇ ਸਿੱਖੀ ਵੀ ਬ੍ਰਹਿਮੰਡੀ ਹੈ? ਕੀ ਉਹ ਇਨ੍ਹਾਂ ਦੇਸ਼ਾਂ ਦੇ ਵਫਾਦਾਰ ਸ਼ਹਿਰੀ ਨਹੀਂ ਹਨ? ਸਿੱਖ ਤਾਂ ਇਨ੍ਹਾਂ ਦੇਸ਼ਾਂ ਅਤੇ ਸੰਵਿਧਾਨਾਂ ਦੀਆਂ ਵਫਾਦਾਰੀਆਂ ਦੀਆਂ ਕਸਮਾਂ ਖਾ ਰਹੇ ਹਨ। ਅਜਮੇਰ ਜੀ ਜਾਪਦੈ ਤੁਹਾਡੀ ਸੋਚ ਮੁਤਬਿਕ ਭਾਰਤ ਵਿਚ ਸਿੱਖ ਅਤੇ ਸਿੱਖੀ ਬ੍ਰਹਿਮੰਡੀ ਹੈ, ਪਰ ਪਾਕਿਸਤਾਨ ਵਿਚ ਪਾਕਿਸਤਾਨੀ ਅਤੇ ਅਮਰੀਕਾ ਵਿਚ ਅਮਰੀਕੀ ਹੋ ਜਾਂਦੀ ਹੈ। ਤਾਂ ਫਿਰ ਇਸ ਦਾ ਆਧਾਰ ਤਾਂ ਭਾਰਤ ਅਤੇ ਹਿੰਦੂਆਂ ਨਾਲ ਅੰਨੀ ਨਫਰਤ 'ਤੇ ਹੀ ਖੜਾ ਹੈ?

ਹੋਸਟ ਦੇ ਖਾਲਿਸਤਾਨ ਅਤੇ ਯਹੂਦੀਆਂ ਬਾਰੇ ਇੱਕ ਸਵਾਲ ਦਾ ਜਵਾਬ ਦਿੰਦਿਆਂ, 'ਇਹ ਤਾਂ ਦਾਅ ਲਗਣ ਵਾਲੀ ਗੱਲ ਹੈ...ਜੇ ਜਟਕੀ ਭਾਸ਼ਾ ਵਿਚ ਗੱਲ ਕਰਨੀ ਹੋਵੇ...ਇਹ ਸਭ ਕੁਝ ਚੱਲਣੈ...ਇਹ ਹੋਣ ਜਾ ਰਿਹਾ ਹੈ...ਇਹਦੇ ਵਿਚੋਂ ਪਤਾ ਨਹੀਂ ਕਿਸ ਨੂੰ ਕੀ ਮਿਲਣਾ ਹੈ।' ਭਾਵ ਖਾਲਿਸਤਾਨ ਦਾ ਦਾਅ ਅਚਾਨਕ ਲੱਗਣਾ ਹੈ।

ਆਪਣੇ ਬਾਰੇ ਗੱਲ ਕਰਦਿਆਂ ਕਹਿੰਦੇ ਹਨ, 'ਸਮਾਜ ਨੂੰ ਬਦਲਣ ਦਾ ਮਨ ਵਿਚ ਇੱਕ ਜਨੂਨ ਸੀ ਅਤੇ ਅੱਜ ਵੀ ਹੈ...ਹੋਰ ਜਿਊਣ ਦਾ ਕੋਈ ਮਕਸਦ ਨਹੀਂ...ਜਿਹੜੀਆਂ ਸਥਾਪਤ ਹੋ ਚੁੱਕੀਆਂ ਤਾਕਤਾਂ ਨੂੰ ਲਾਹੁਣਾ, ਉਨ੍ਹਾਂ ਨੂੰ ਡਿਸਲੌਜ ਕਰਨਾ ਤੇ ਉਹ ਐਵੇਂ ਤਾਂ ਹੋਣਾ ਨਹੀਂ ਮਿੱਠੀਆਂ ਮਿੱਠੀਆਂ ਗੱਲਾਂ ਕਰਕੇ।...ਇਹ ਇੱਕ ਖਰਵਾ ਸੰਘਰਸ਼ ਐ...ਮਨਾਂ ਵਿਚੋਂ...ਤੁਹਾਡੇ ਨਫਰਤ ਤੋਂ ਬਗੈਰ ਤੁਸੀਂ ਲੜ ਨਹੀਂ ਸਕਦੇ, ਨਫਰਤ ਨੂੰ ਮੈਂ ਨੈਗੇਟਿਵ ਸੈਂਸ ਵਿਚ ਨਹੀਂ ਲੈਂਦਾ। ਜਿਹੜੀ ਚੀਜ਼ ਦੇ ਖਿਲਾਫ਼ ਤੁਹਾਡੇ ਵਿਚ ਤਿੱਖਾ ਰੋਹ ਪੈਦਾ ਨਹੀਂ ਹੋਊ...ਜੇ ਬਦਲਨੈ ਤਾਂ ਤੁਹਾਡੇ ਅੰਦਰ ਰੋਹ ਪੈਦਾ ਹੋਣਾ ਚਾਹੀਦੈ। ਉਹ ਤਾਕਤਾਂ ਜਿਹੜੀਆਂ ਸਾਡੇ ਸਾਰੇ ਭਵਿਖ ਨੂੰ ਜੀਵਨ ਨੂੰ ਖਰਾਬ ਕਰ ਰਹੀਆਂ ਹਨ ਉਨ੍ਹਾਂ ਦੇ ਖਿਲਾਫ਼ ਨਫਰਤ ਤੇ ਰੋਹ ਪੈਦਾ ਕਰਨੀ ਇਹ ਮੇਰੇ ਲਈ ਕੋਈ ਸ਼ਰਮ ਵਾਲੀ ਗੱਲ ਨਹੀਂ ਇਹ ਜ਼ਰੂਰੀ ਹੈ...ਇਹ ਸਾਰਿਆਂ ਨੇ ਕੀਤੀ ਇਤਿਹਾਸ ਸਾਰਾ ਵੇਖ ਲਉ।'

ਇਤਿਹਾਸ ਦਾ ਹਵਾਲਾ ਦਿੰਦਿਆ ਉਹ ਤਾਂ ਸਿਰੇ ਹੀ ਲਗਾ ਦਿੰਦੇ ਹਨ, ਜਦ ਭਗਤ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਬਾਰੇ ਆਖਦੇ ਹਨ ਕਿ ਉਹ ਅੰਗਰੇਜ਼ ਨਾਲ ਲੜਨ ਲਈ ਅੰਗਰੇਜ਼ ਖਿਲਾਫ਼ ਨਫਰਤ ਪੈਦਾ ਕਰਦੇ ਸਨ। ਭਾਵ ਉਹ ਵੀ ਬੇ-ਸਿਰ-ਪੈਰ ਦਹਿਸ਼ਤਗਰਦੀ ਦਾ ਸਹਾਰਾ ਲੈਂਦੇ ਸਨ। ਅਜਮੇਰ ਸਿੰਘ ਜੀ ਨੂੰ ਯਕੀਨ ਹੈ ਕਿ ਸੁਨਣ/ਵੇਖਣ ਵਾਲੇ ਕਿਹੜਾ ਉਨ੍ਹਾਂ ਦੇ ਨੁਕਤੇ ਨੂੰ ਪਰਖਣ ਜੋਗੇ ਹਨ। ਜਦਕਿ ਜੱਗ ਜਾਣਦਾ ਹੈ ਕਿ ਭਗਤ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਨੇ ਕਦੇ ਕਿਸੇ ਇੱਕ ਧਰਮ ਜਾਂ ਫਿਰਕੇ ਲਈ ਵੱਖਰੀ ਅਜ਼ਾਦੀ ਜਾਂ ਦੇਸ਼ ਨਹੀਂ ਮੰਗਿਆ। ਉਨ੍ਹਾਂ ਕਦੇ ਬੱਸਾਂ ਅਤੇ ਗੱਡੀਆਂ ਵਿਚੋਂ ਕੱਢ ਕੱਢ ਅੰਗਰੇਜ਼ ਨਹੀਂ ਮਾਰੇ। ਉਨ੍ਹਾਂ ਕਦੇ ਕਿਸੇ ਧਰਮ ਅਸਥਾਨ ਨੂੰ ਹਥਿਆਰਬੰਦ ਕਿਲਾ, ਇੰਟੈਰੋਗੇਸ਼ਨ ਸੈਂਟਰ, ਫਿਰੌਤੀ ਸੈਂਟਰ, ਅਤੇ ਖੌਫ਼ ਦਾ ਅੱਡਾ ਨਹੀਂ ਬਣਾਇਆ ਸੀ। ਕਿਸੇ ਭਾਈਚਾਰੇ ਪ੍ਰਤੀ ਨਫਰਤ ਨੂੰ ਹਥਿਆਰ ਬਣਾਉਣ ਦੀ ਆਪਣੇ ਸਿਧਾਂਤ ਦੀ ਵਜਾਹਤ ਕਰਦਿਆਂ ਉਹ ਸੰਤਾਂ ਦਾ ਹਵਾਲਾ ਤਾਂ ਦਿੰਦੇ ਹਨ, ਪਰ ਪਤਾ ਨਹੀਂ ਕਿਉਂ ਸਿਰੇ ਦਾ ਸ਼ਾਤਰਬੁਧ ਹੋਣ ਤੋਂ ਬਾਅਦ ਵੀ ਇਤਿਹਾਸ ਦਾ ਇਹ ਅਹਿਮ ਤੱਥ ਚੇਤੇ ਕਰਾਉਣੋਂ ਉਕ ਜਾਂਦੇ ਹਨ। ਉਨ੍ਹਾਂ ਤੋਂ ਅੱਧੀ ਸਦੀ ਪਹਿਲਾਂ ਜਰਮਨ ਕੌਮ ਵਿਰੁਧ ਕਥਿਤ ਵਧੀਕੀਆਂ ਦੀ ਦੁਹਾਈ ਦੇ ਕੇ ਆਮ ਲੋਕਾਂ ਨੂੰ ਬੁਧੂ ਬਣਾਇਆ ਅਤੇ ਯਹੂਦੀਆਂ ਵਿਰੁਧ ਅੰਨੀ ਨਫਰਤ ਫੈਲਾਉਣ ਲਈ ਅਜਮੇਰ ਦੇ 'ਅਸਲ ਗੁਰੂ' ਹਿਟਲਰ ਨੇ ਵੀ 'ਮੇਨ ਕੈਮਫ' (ਮੇਰੀਆਂ ਯਾਦਾਂ) ਕਿਤਾਬ ਵਿਚ ਇਸ ਤੋਂ ਵਧੇਰੇ ਕਾਰਗਰ ਤਰੀਕੇ ਨਾਲ ਵਰਤੋਂ ਕੀਤੀ ਸੀ। ਅਜਮੇਰ ਦੇ ਨਫਰਤ ਦੇ ਸਾਰੇ ਸਿਧਾਂਤ ਦੀ ਵਜਾਹਤ ਮਿੰਟੂ ਬਰਾੜ ਦੀ ਇਸ ਇਕਲੌਤੀ ਵੀਡੀਓ ਨਾਲ ਹੀ ਬਥੇਰੀ ਹੋ ਜਾਂਦੀ ਹੈ, ਫਿਰ ਵੀ ਜੇ ਕੋਈ ਕਸਰ ਰਹਿ ਗਈ ਹੋਵੇ ਤਾਂ ਉਹ ਯਾਦਵਿੰਦਰ ਕਰਫਿਊ ਦੀਆਂ ਅਜਮੇਰ ਦੀ ਵਿਚਾਰਧਾਰਾ ਦੀ ਮਸ਼ਹੂਰੀ ਕਰਨ ਲਈ ਦਰਜਨਾਂ ਵੀਡੀਓਜ਼ ਸੁਣ ਕੇ ਕੱਢੀ ਜਾ ਸਕਦੀ ਹੈ। ਜੇਕਰ ਇਕੋ ਵੀਡੀਓ ਨਾਲ ਸਾਰਨਾ ਹੋਵੇ ਤਾਂ 'ਸਿੱਖ ਵਿਊ ਪੁਆਇੰਟ' ਵਾਲੇ ਅਜਮੇਰ ਸਿੰਘ ਦੇ ਆਪਣੇ ਚੈਨਲ 'ਤੇ 19 ਅਕਤੂਬਰ ਨੂੰ ਨੌਵੇਂ ਪਾਤਸ਼ਾਹ ਦੀ ਸ਼ਹਾਦਤ ਨੂੰ ਹਿੰਦੂਤਵ ਦੇ ਖਾਤੇ ਵਿਚ ਪਾਉਣ ਦੇ ਨਾਪਾਕ ਮਨਸੂਬੇ ਵਾਲੀ ਵੀਡੀਓ ਸੁਣੀ ਜਾ ਸਕਦੀ ਹੈ।

ਅੱਗੇ ਫਰਮਾਉਂਦੇ ਹਨ, 'ਜਿੱਥੇ ਸਿਰ ਲੈਣ ਅਤੇ ਦੇਣ ਦੀ ਗੱਲ ਹੋਵੇ, ਉਥੇ ਭਾਸ਼ਾ ਤਾਂ ਇਸ ਤਰ੍ਹਾਂ ਦੀ ਆਊ...ਸੰਤਾਂ ਬਾਰੇ ਵੀ ਕਿਹਾ ਜਾਂਦਾ ਸੀ ਕਿ ਸੰਤ ਜਰਨੈਲ ਸਿੰਘ ਬਹੁਤ ਤੱਤਾ ਬੋਲਦੇ ਸੀ...ਭੜਕਾਹਟ ਪੈਦਾ ਕਰਦੇ ਸੀ...ਸੋ ਮੇਰੀਆਂ ਲਿਖਤਾਂ ਵਿਚ ਇੱਕ 'ਸ਼ਾਰਪ ਐਜ' (ਤਿੱਖੀ ਧਾਰ) ਕਹਿ ਲਓ...ਤੱਥ ਹਨ...ਉਨ੍ਹਾਂ ਨੂੰ ਪੇਸ਼ ਹੀ ਇਸ ਤਰ੍ਹਾਂ ਕਰੋ ਕਿ ਵੱਜਣ ਕਿਤੇ ਜਾ ਕੇ।'

ਅੱਗੇ ਹੋਰ ਕਹਿੰਦੇ ਹਨ, 'ਦਰਬਾਰ ਸਾਹਿਬ ਹਮਲੇ ਤੋਂ ਬਾਅਦ ਜਦ ਹਥਿਆਰਬੰਦ ਸੰਘਰਸ਼ ਹੋਇਆ ਤਾਂ ਮੈਨੂੰ ਯਾਦ ਹੈ ਕਿ ਜਿਹੜਾ ਜਨਰਲ ਜਗਜੀਤ ਸਿੰਘ ਅਰੋੜਾ ਸੀਗਾ ਉਹਨੇ ਪੰਜਾਬੀ ਟ੍ਰਿਬਿਊਨ ਨਾਲ 1985 ਵਿਚ ਇੰਟਰਵਿਊ ਵਿਚ ਕਿਹਾ ਸੀ ਕਿ ਹਥਿਆਰ ਕਿਸੇ ਮਸਲੇ ਦਾ ਹੱਲ ਨਹੀਂ...ਤੁਸੀਂ ਵੇਖੋ ਉਸ ਬੰਦੇ ਨੇ ਸਾਰੀ ਉਮਰ ਹਥਿਆਰ ਵਰਤੇ ਅਤੇ ਉਸਦੀ ਪਛਾਣ ਹਥਿਆਰਾਂ ਨਾਲ ਹੈ। ਜੋ ਉਸ ਨੂੰ ਮੈਡਲ ਮਿਲੇ ਉਹ ਉਸ ਨੂੰ ਬੰਦੇ ਮਾਰ ਕੇ ਹੀ ਮਿਲੇ ਹਨ ਨਾ?...ਇਸ ਦੇ ਪਿੱਛੇ ਵੀ ਇੱਕ ਸਿਆਸਤ ਹੈ ਤਾਂਕਿ ਬੰਦਿਆਂ ਨੂੰ ਲੜਾਈ 'ਤੋਂ ਪਾਸੇ ਕੀਤਾ ਜਾਵੇ।'

ਹੋਸਟ ਹਾਮੀ ਭਰਦਾ ਹੋਇਆ ਕਹਿੰਦਾ ਹੈ, 'ਪਿੰਡਾਂ ਵਿਚ ਹੁੰਦਾ ਹੀ ਸੀ ਝਗੜੇ ਮੌਕੇ ਪਹਿਲਾਂ ਆਪਣੀ ਬਾਂਹ ਵੱਢ ਕੇ ਹੀ ਵਿਰੋਧੀ 'ਤੇ 26 ਬਨਾਉਣੀ ਪੈਂਦੀ, ਤਾਂ ਹੀ ਜਾ ਕੇ ਰਾਜ਼ੀਨਾਮਾ ਹੁੰਦੈ।' ਅੱਗੋਂ ਅਜਮੇਰ ਸਿੰਘ ਪ੍ਰੋੜਤਾ ਕਰਦੇ ਹਨ, 'ਹਾਂ ਹਾਂ...ਤੁਸੀਂ ਆਪਣਾ ਪੱਖ ਮਜ਼ਬੂਤ ਕਰਨੈ।' ਅੱਗੋਂ ਹੋਸਟ ਖੁਸ਼ ਹੋ ਕੇ ਹਥਿਆਰਬੰਦ ਸੰਗਰਸ਼ ਦੀ ਹਾਮੀ ਭਰਦਾ ਹੋਇਆ ਕਹਿੰਦਾ ਹੈ, 'ਉਸ ਨੂੰ ਵੀ ਜਵਾਬ ਮਿਲ ਗਿਆ ਹੈ ਅਤੇ ਤੁਹਾਨੂੰ (ਦਰਸ਼ਕਾਂ ਨੂੰ) ਵੀ ਮਿਲ ਗਿਆ ਹੋਵੇਗਾ ਕਿ ਮੂਹਰਲਾ ਬੰਦਾ ਟੇਬਲ 'ਤੇ ਆਉਂਦਾ ਨਹੀਂ, ਜਿੰਨਾ ਚਿਰ ਉਹਨੂੰ ਭਾਜੀ ਮੋੜੀ ਨਹੀਂ ਜਾਂਦੀ।'


ਅਜਮੇਰ ਜੀ ਦੀ ਸ਼ਰਾਰਤ ਵੇਖੋ। ਇੱਕ ਸੌਵਰਨ ਦੇਸ਼ ਦੀ ਫੌਜ ਦੇ ਇੱਕ ਸਤਿਕਾਰਤ ਸਿੱਖ ਜਰਨੈਲ ਨੂੰ ਕਿਵੇਂ ਹਥਿਆਰਾਂ ਅਤੇ ਬੰਦੇ ਮਾਰ ਕੇ ਮਿਲੇ ਮੈਡਲਾਂ ਨਾਲ ਜੋੜਦੇ ਹਨ! ਕੀ ਜਨਰਲ ਅਰੋੜਾ ਆਪਣੀ ਪ੍ਰਾਈਵੇਟ ਗਸ਼ਤੀ ਟੋਲੇ ਬਣਾਈ ਫਿਰਦਾ ਸੀ ਅਤੇ ਆਮ ਪਾਕਿਸਤਾਨੀਆਂ ਨੂੰ ਘਰਾਂ ਵਿਚੋਂ ਧੂਹ-ਧੂਹ ਕੇ ਮਾਰਦਾ ਸੀ? ਉਸ ਨੇ ਤਾਂ ਹਥਿਆਰ ਸੁੱਟ ਚੁੱਕੇ 93 ਹਜ਼ਾਰ ਦੇ ਕਰੀਬ ਪਾਕਿਸਤਾਨੀਆਂ ਵਿਚੋਂ ਇੱਕ ਨੂੰ ਵੀ ਕੋਈ ਨੁਕਸਾਨ ਨਹੀਂ ਸੀ ਪੁੱਜਣ ਦਿਤਾ ਅਤੇ ਉਨ੍ਹਾਂ ਦੀ ਰਾਖੀ ਜਨੇਵਾ ਕਨਵੈਨਸ਼ਨ ਮੁਤਾਬਕ ਕੀਤੀ, ਜਦਕਿ ਬੰਗਲਾਦੇਸ਼ੀ ਪਬਲਿਕ ਵਿਚ ਉਨ੍ਹਾਂ ਖਿਲਾਫ਼ ਤਿੱਖਾ ਰੋਹ ਸੀ, ਜਿਨ੍ਹਾਂ ਦਾ ਇਨ੍ਹਾਂ ਪਾਕਿਸਤਾਨੀ ਫੌਜੀਆਂ ਨੇ ਕਤਲੇਆਮ ਕੀਤਾ ਸੀ ਅਤੇ ਹਜਾਰਾਂ ਬੰਗਾਲੀ ਔਰਤਾਂ ਨਾਲ ਬਲਾਤਕਾਰ ਕੀਤੇ ਸਨ, ਜਿਸ ਦੇ ਠੋਸ ਤੱਥ ਮੌਜੂਦ ਹਨ।

ਫਿਰ ਹੋਸਟ ਦੀ ਪ੍ਰੋੜਤਾ ਸੁਣ ਲਉ ਕਿ ਪਿੰਡਾਂ ਦੀਆਂ ਲੜਾਈਆਂ ਵਿਚ ਆਪਣੀ ਬਾਂਹ ਆਪ ਹੀ ਵੱਡ ਕੇ ਵਿਰੋਧੀ ਉਤੇ ਧਾਰਾ 26 ਦਾ ਕੇਸ ਝੂਠ ਬੋਲ ਕੇ ਬਣਾਇਆ ਜਾਂਦਾ ਹੈ ਅਤੇ ਹੋਸਟ ਇਸ ਨੂੰ ਕਥਿਤ ਖਾਲਿਸਤਾਨੀ ਹਥਿਆਰਬੰਦ ਲੜਾਈ ਨਾਲ ਜੋੜਦਾ ਹੋਇਆ ਜਾਇਜ਼ ਦੱਸਦਾ ਹੈ। ਇਹ ਰੂੜੀਵਾਦੀ ਜੱਟ ਸਿੱਖ ਮਾਨਸਕਿਤਾ ਦਾ ਸਿੱਧਾ ਪ੍ਰਗਟਾਵਾ ਹੈ ਜਿਸ ਨਾਲ ਕਿਸੇ ਕੌਮ ਜਾਂ ਫਿਰਕੇ ਦਾ ਭਲਾ ਨਹੀਂ ਹੋ ਸਕਦਾ। ਪਿੰਡਾਂ ਵਿਚ ਦੋ ਧਿਰਾਂ ਦੀ ਜਟਕਾ ਲੜਾਈ ਵਿਚ ਝੂਠ ਦਾ ਬੋਲ-ਬਾਲਾ ਸਿੱਖਾਂ ਲਈ ਧਰਮ ਅਤੇ ਇਨਸਾਫ਼ ਅਧਾਰਿਤ ਰਾਜ ਕਾਇਮ ਕਰਨ ਲਈ ਕਿਵੇਂ ਵਰਤਿਆ ਜਾ ਸਕਦਾ ਹੈ? ਜਿਸ ਨੂੰ ਜਾਇਜ ਠਹਿਰਾਉਣ ਲਈ ਖਾਲਿਸਤਾਨੀ ਗੁਰੂ ਬਾਬੇ ਨਾਨਕ ਦਾ ਹਵਾਲਾ ਦੇ ਕੇ ਆਖਦੇ ਹਨ, 'ਨਾਨਕ ਨਿਰਮਲ ਪੰਥ ਚਲਾਇਆ।' ਨਾਨਕ ਦੇ ਇਸ ਨਿਰਮਲ ਪੰਥ ਲਈ ਵੱਖਰੇ ਦੇਸ਼ ਦੀ ਨੀਂਹ ਵਿਚ ਇਹ ਆਪਣੀ ਬਾਂਹ ਆਪ ਵੱਡ ਕੇ ਵਿਰੋਧੀਆਂ ਤੇ ਧਾਰਾ 26 ਦੇ ਝੂਠੇ ਕੇਸਾਂ ਦੇ ਕੰਡੇ ਖਿਲਾਰਨਗੇ?

ਹੋਸਟ ਜੀ ਅਗਰ ਤੁਹਾਨੂੰ ਜਵਾਬ ਮਿਲ ਗਿਆ ਹੈ ਤਾਂ ਜਵਾਬ ਸਾਨੂੰ ਵੀ ਮਿਲ ਗਿਆ ਹੈ ਕਿ ਅਜਮੇਰ ਵਰਗੇ ਛਲੇਡੇ ਦੀ ਰਹਿਨੁਮਾਈ ਹੇਠ ਭਾਰਤ ਦੇਸ਼, ਹਿੰਦੂਆਂ ਅਤੇ ਖਾਲਿਸਤਾਨ ਵਿਰੋਧੀ ਸਿੱਖਾਂ ਦੇ ਖਿਲਾਫ਼ ਝੂਠੇ ਅਤੇ ਮਨਘੜਤ 'ਧਾਰਾ 26' ਅਤੇ ਇਸ ਤੋਂ ਵੀ ਉਪਰਲੀਆਂ ਧਾਰਾਵਾਂ ਦੇ ਕੇਸ ਬਣਾਏ ਜਾਣ, ਤਾਂਕਿ ਕਿਸੇ ਤਰ੍ਹਾਂ ਸਿੱਖਾਂ ਵਿਚ ਵੱਧ ਤੋਂ ਵੱਧ ਨਫਰਤ ਪੈਦਾ ਕਰਕੇ ਦੇਸ਼ ਵਿਚ ਫਿਰਕੂ ਹਿੰਸਾ ਕਰਵਾਈ ਜਾਵੇ। ਸਾਨੂੰ ਇਹ ਵੀ ਪਤਾ ਹੈ ਕਿ ਇਸ ਵਿਚ ਕੁਝ ਵਿਦੇਸ਼ੀ ਤਾਕਤਾਂ ਵੀ ਤੁਹਾਡੇ ਨਾਲ ਹਨ। ਪੰਜਾਬ ਦੇ ਲੋਕ ਇਸ ਕਿਸਮ ਦੀ ਲਹਿਰ ਦਾ ਦੁੱਖ ਪਹਿਲਾਂ ਵੀ ਹੰਡਾ ਚੁੱਕੇ ਹਨ। ਅਜਮੇਰ ਦੇ ਤਸੱਵਰ ਦੀ ਖਾਲਿਸਤਾਨੀ ਲਹਿਰ ਹਿੰਸਾ, ਝੂਠੀ ਮ੍ਰਿਗ ਤ੍ਰਿਸ਼ਨਾ ਦੇ ਆਧਾਰ 'ਤੇ ਖੜੀ ਹੈ। ਇਸ ਵਿਚ ਵਿਚਾਰ-ਵਟਾਂਦਰੇ ਲਈ ਕੋਈ ਥਾਂ ਨਹੀਂ ਹੈ। ਅਜਮੇਰ ਜੀ ਯਾਦ ਰਖੋ, ਤੁਹਾਡੀ ਇਹ 'ਮ੍ਰਿਗ ਤ੍ਰਿਸ਼ਨਾ' ਦੁਨੀਆ ਭਰ ਵਿਚ ਹਸਦੇ-ਵਸਦੇ ਭਾਈਚਾਰੇ ਨੂੰ ਕਦੀ ਕਿਸੇ ਬੰਨ੍ਹੇ ਨਹੀਂ ਲਾਵੇਗੀ। ਲੋਕਾਂ ਨੂੰ ਡਰ, ਭੈਅ, ਹਿੰਸਾ, ਕਤਲਾਂ ਅਤੇ ਡਾਂਗਾਂ ਨਾਲ ਭੇਡਾਂ-ਬੱਕਰੀਆਂ ਵਾਂਗ ਅੱਗੇ ਲਗਾ ਕੇ ਭਾਂਤ-ਭਾਂਤ ਦੇ ਝੂਠੇ ਖੁਆਬ ਦਿਖਾ ਕੇ ਖਾਲਿਸਤਾਨ ਬਨਾਉਣ ਦੀ ਤੁਹਾਡੀ ਸਾਜਿਸ਼ ਕਦੇ ਕਾਮਯਾਬ ਨਹੀਂ ਹੋਵੇਗੀ। ਇਹ ਸਾਜਿਸ਼ ਇੱਕ ਵਾਰ ਬੁਰੀ ਤਰਾਂ ਫੇਲ੍ਹ ਹੋ ਚੁੱਕੀ ਹੈ ਅਤੇ ਹਰ ਵਾਰ ਫੇਲ੍ਹ ਹੋਵੇਗੀ। ਤੁਹਾਡੇ ਵਰਗੇ ਸੁਪਨੇਸਾਜ ਅਜੋਕੀ ਕੋਮਾਂਤਰੀ ਸਥਿਤੀ ਨੂੰ ਪੂਰੀ ਤਰ੍ਹਾਂ ਅਖੋਂ-ਪਰੋਖੇ ਕਰ ਰਹੇ ਹਨ। ਮੰਨ ਲੈਂਦੇ ਹਾਂ ਕਿ ਸਰਕਾਰ ਤੁਹਾਡੇ ਨਾਲ ਇਸ ਇਸ਼ੂ 'ਤੇ ਗੱਲਬਾਤ ਦੀ ਮੇਜ਼ 'ਤੇ ਜੇ ਕਿਤੇ ਆ ਵੀ ਗਈ, ਤਾਂ ਤੁਹਾਨੂੰ ਤਾਂ ਅਜ ਤਕ ਇਹ ਵੀ ਸਪਸ਼ਟ ਨਹੀਂ ਹੈ ਕਿ ਖਾਲਿਸਤਾਨ ਦੀ ਸਿਰਜਣਾ ਕਿਹੜੇ ਜਿਲ੍ਹਿਆਂ ਵਿਚ ਕਰਨੀ ਹੈ। ਪਹਿਲਾਂ ਹੀ ਅਨੇਕਾਂ ਵਾਰ ਕੱਟੇ-ਵਢੇ ਗਏ ਪੰਜਾਬ ਦੇ ਹਿੰਦੂ ਬਹੁਗਿਣਤੀ ਵਾਲੇ ਪਠਾਨਕੋਟ, ਨਵਾਂ ਸ਼ਹਿਰ, ਹੁਸਿਆਰਪੁਰ ਫਾਜਿਲਕਾ ਤੇ ਆਨੰਦਪੁਰ ਵਰਗੇ ਜਿਲ੍ਹਿਆਂ ਦਾ ਕੀ ਕਰਨਾ ਹੈ। ਮੰਨ ਲਓ ਇਹ ਮਸਲਾ ਕਿਸੇ ਤਰ੍ਹਾਂ ਹੱਲ ਵੀ ਹੋ ਜਾਂਦਾ ਹੈ, ਤਾਂ ਤੁਸੀਂ ਸਾਰੀ ਉਮਰ ਪੰਜਾਬ ਦੇ ਪਿੰਡਾਂ ਵਿਚ ਹੀ ਵਿਚਰੇ ਹੋ, ਤੁਹਾਨੂੰ ਇਸ ਕੜਵੀ ਸੱਚਾਈ ਦਾ ਪਤਾ ਨਹੀਂ ਕਿ ਬਾਕੀ ਜਿਲ੍ਹਿਆਂ ਅੰਦਰ ਭਾਰੀ ਗਿਣਤੀ ਵਿਚ ਰਹਿੰਦੇ ਦਲਿਤਾਂ ਅਤੇ ਹੋਰ ਅਨੇਕਾਂ ਘੱਟਗਿਣਤੀ ਭਾਈਚਾਰਿਆਂ ਦੇ ਲੋਕਾਂ ਨੇ ਤੁਹਾਡੇ ਨਾਲ ਰਲਣਾ ਨਹੀਂ ਹੈ!

# ਫਿਰ ਯਾਦ ਆਇਆ ਅਜਮੇਰ ਚਕਰੀਆ

**ਪ੍ਰਿੰ. ਸਰਵਣ ਸਿੰਘ**



ਅਜਮੇਰ ਸਿੰਘ ਸਿੱਧੂ ਪੰਜਾਬ ਦੇ ਪਿੰਡਾਂ ਦਾ ਚਾਨਣ ਮੁਨਾਰਾ ਸੀ। ਉਹਦੇ ਉੱਦਮ ਨਾਲ 'ਚਾਨਣ ਮੁਨਾਰਾ ਚਕਰ' ਪੁਸਤਕ ਛਪੀ ਜਿਸ ਤੋਂ ਹੋਰਨਾਂ ਪਿੰਡਾਂ ਨੂੰ ਰੌਸ਼ਨੀ ਮਿਲ ਰਹੀ ਹੈ। ਦਰਜਨਾਂ ਪਿੰਡ ਉਹਦੀ ਰੌਸ਼ਨੀ ਨਾਲ ਜਗਮਗਾ ਰਹੇ ਹਨ। ਉਹ ਪਰਉਪਕਾਰੀ ਜਿਊੜਾ ਸੀ। ਉਹਦਾ ਜਨਮ ਜ਼ਿਲ੍ਹਾ ਲੁਧਿਆਣੇ ਦੇ ਪਿੰਡ ਚਕਰ ਵਿਚ 7 ਮਾਰਚ 1953 ਨੂੰ ਸੁਤੰਤਰਤਾ ਸੰਗਰਾਮੀ ਉਜਾਗਰ ਸਿੰਘ ਦੇ ਘਰ ਹੋਇਆ ਸੀ। 15 ਦਸੰਬਰ 2014 ਨੂੰ ਟੋਰਾਂਟੋ 'ਚ ਉਹਦਾ ਦੇਹਾਂਤ ਹੋ ਗਿਆ। ਪਿੰਡਾਂ 'ਚ ਚਾਨਣ ਦਾ ਛੱਟਾ ਦਿੰਦੇ ਉਸ ਸੁਹੇਲੜੇ ਸੱਜਣ ਦਾ 61 ਸਾਲ ਦੀ ਉਮਰੇ ਤੁਰ ਜਾਣਾ ਕਿਸੇ ਦੇ ਖ਼ਾਬ ਖਿਆਲ 'ਚ ਵੀ ਨਹੀਂ ਸੀ। ਉਹਦਾ ਬਚਪਨ ਪਿੰਡ ਚਕਰ ਦੀਆਂ ਬੀਹੀਆਂ ਤੇ ਵਿਹੜਿਆਂ ਵਿਚ ਬੀਤਿਆ ਸੀ। ਮੁੱਢਲੀ ਸਿੱਖਿਆ ਪਿੰਡ ਦੇ ਸਰਕਾਰੀ ਸਕੂਲ 'ਚੋਂ ਹਾਸਲ ਕੀਤੀ। ਉਚੇਰੀ ਸਿੱਖਿਆ ਲਈ ਪਿਤਾ ਨੇ ਇੰਗਲੈਂਡ ਮੰਗਵਾ ਲਿਆ।

ਇੰਗਲੈਂਡ 'ਚ ਉਹ ਕਬੱਡੀ ਤੇ ਸੌਕਰ ਦਾ ਤਕੜਾ ਖਿਡਾਰੀ ਬਣਿਆ ਜੋ ਅਜਮੇਰ ਵਲੈਤੀਏ ਦੇ ਨਾਂ ਨਾਲ ਮਸ਼ਹੂਰ ਹੋਇਆ। ਉਹ ਤਿੰਨ ਭਰਾ ਸਨ। ਜੌੜੇ ਭਰਾ ਅਜਮੇਰ ਤੇ ਬਲਦੇਵ ਕੈਨੇਡਾ ਜਾ ਵਸੇ। ਉਥੇ ਉਨ੍ਹਾਂ ਨੇ ਗੁਰੂ ਘਰਾਂ ਲਈ ਦਾਨ ਪੁੰਨ ਅਤੇ ਖੇਡਾਂ ਤੇ ਖਿਡਾਰੀਆਂ ਦੀ ਬਿਹਤਰੀ ਦੇ ਅਨੇਕਾਂ ਕਾਰਜ ਕੀਤੇ। ਕਰੋੜਾਂ ਰੁਪਏ ਵਿਕਾਸ ਕਾਰਜਾਂ ਉਤੇ ਲਾਏ ਪਰ ਕਿਸੇ ਜਗ੍ਹਾ ਵੀ ਆਪਣੇ ਨਾਂ ਦੀ ਤਖਤੀ ਨਹੀਂ ਲਵਾਈ।

ਪੁਸਤਕ 'ਚਾਨਣ ਮੁਨਾਰਾ ਚਕਰ' ਦੇ ਮੁੱਖਬੰਦ ਵਿਚ ਲਿਖਿਆ, "ਸਾਥੋਂ ਪੁੱਛਿਆ ਜਾਂਦੈ ਕਿ ਸਾਡੇ ਪਿੰਡ ਦੀ ਕਾਇਆ ਕਲਪ ਕਿਵੇਂ ਹੋਈ? ਕਿਵੇਂ ਸਪੋਰਟਸ ਅਕੈਡਮੀ ਬਣੀ, ਕਿਵੇਂ ਸਰਕਾਰੀ ਮਦਦ ਤੋਂ ਬਿਨਾਂ ਹਜ਼ਾਰ ਤੋਂ ਵੱਧ ਘਰਾਂ ਦਾ ਸੀਵਰੇਜ ਪਾਇਆ, ਕਿਵੇਂ ਨੌਂ ਸੱਥਾਂ ਨਵਿਆਈਆਂ, ਕਿਵੇਂ ਗਲੀਆਂ ਪੱਕੀਆਂ ਤੇ ਖੁੱਲ੍ਹੀਆਂ ਕੀਤੀਆਂ ਤੇ ਕਿਵੇਂ ਹਜ਼ਾਰਾਂ ਰੁੱਖ ਬੂਟੇ ਲਾ ਕੇ ਪਿੰਡ ਨੂੰ ਹਰਿਆਵਲਾ ਬਣਾਇਆ? ਕਿਵੇਂ ਛੱਪੜਾਂ ਨੂੰ ਨਿਰਮਲ ਝੀਲਾਂ ਬਣਾ ਕੇ ਜਜ਼ੀਰੇ ਸਿਰਜੇ, ਪਾਰਕ ਬਣਾਏ, ਫੁੱਲਾਂ ਬੂਟਿਆਂ ਨਾਲ ਆਲਾ ਦੁਆਲਾ ਸ਼ਿੰਗਾਰਿਆ, ਬੈਂਚ ਲਾਏ ਤੇ ਝੂਲੇ ਝੁਲਾਏ? ਕਿਵੇਂ ਦੂਸ਼ਿਤ ਵਾਤਾਵਰਣ ਸ਼ੁਧ ਕੀਤਾ ਤੇ ਪੇਂਡੂਆਂ ਨੂੰ ਆਮ ਬਿਮਾਰੀਆਂ ਤੋਂ ਬਚਾਇਆ?

ਇਨ੍ਹਾਂ ਸੁਆਲਾਂ ਦੇ ਉੱਤਰ ਵਿਚ ਪਿੰਡ ਚਕਰ ਬਾਰੇ ਕਿਤਾਬ ਹੀ ਛਾਪ ਦਿੱਤੀ ਹੈ। ਇਸ ਦਾ ਲੇਖਕ ਡਾ. ਬਲਵੰਤ ਸਿੰਘ ਸੰਧੂ ਖ਼ੁਦ ਚਕਰ ਦੀ ਸਪੋਰਟਸ ਅਕੈਡਮੀ ਦਾ ਰੂਹੇ ਰਵਾਂ ਹੈ। ਚਕਰ ਨੇ ਇਕ ਦੀਵਾ ਬਾਲਿਆ ਹੈ ਜੀਹਦੀ ਲਾਟ ਨਾਲ ਹੋਰ ਦੀਵੇ ਜਗਣੇ ਸ਼ੁਰੂ ਹੋ ਗਏ ਹਨ। ਪਿੰਡ ਦੇ ਵਿਕਾਸ ਵਿਚ ਯੋਗਦਾਨ ਪਾ ਕੇ ਕਿਸੇ ਨੇ ਕਿਸੇ 'ਤੇ ਕੋਈ ਅਹਿਸਾਨ ਨਹੀਂ ਕੀਤਾ ਸਗੋਂ ਆਪਣੀ ਜਨਮ ਭੋਇੰ ਦਾ ਕਰਜ਼ਾ ਹੀ ਉਤਾਰਿਆ ਹੈ। ਚਕਰ ਦੇ ਵਿਕਾਸ ਕਾਰਜਾਂ ਉਤੇ ਬੇਸ਼ੱਕ ਦਸ ਕਰੋੜ ਤੋਂ ਉਪਰ ਲੱਗ ਚੁੱਕੇ ਹਨ ਤੇ ਕਰੋੜਾਂ ਹੋਰ ਲੱਗੀ ਜਾਂਦੇ ਹਨ ਪਰ ਕਰੋੜਾਂ ਰੁਪਿਆਂ ਦੀ ਅਨਮੁੱਲੀ ਕਾਰ ਸੇਵਾ ਜੋ ਪਿੰਡ ਦੇ ਬੱਚਿਆਂ, ਨੌਜੁਆਨਾਂ, ਬਜ਼ੁਰਗਾਂ ਤੇ ਮਾਈਆਂ ਬੀਬੀਆਂ ਨੇ ਕੀਤੀ ਉਹ ਦਸ ਕਰੋੜ ਤੋਂ ਕਿਤੇ ਵੱਧ ਹੈ। ਅਸੀਂ ਰਾਜਸੀ ਨੇਤਾਵਾਂ ਦੀ ਖੁਸ਼ਾਮਦ ਕਰ ਕੇ ਕੁਝ ਮੰਗਣਾ ਮੰਗਤਾਪਣ ਸਮਝਦੇ ਹਾਂ। ਟੈਕਸ ਭਰਦੇ ਹਾਂ ਜਿਸ ਕਰਕੇ ਪਿੰਡ ਦੇ ਪ੍ਰੋਜੈਕਟਾਂ ਲਈ ਸਰਕਾਰੀ ਗਰਾਂਟਾਂ ਲੈਣਾ ਸਾਡਾ ਹੱਕ ਹੈ। ਪੰਜਾਬ ਭਰ ਦੇ ਪਿੰਡ ਵਾਸੀਆਂ ਨੂੰ ਸਾਡਾ ਇਹੋ ਸੁਨੇਹਾ ਹੈ ਕਿ ਆਪਣੇ ਕਾਰਜ ਆਪਣੇ ਹੱਥੀਂ ਸਵਾਰਨੇ ਪੈਣੇ ਹਨ। ਸਰਕਾਰਾਂ ਨੇ ਕੁਝ ਨਹੀਂ ਕਰਨਾ।

ਚਕਰ ਬਾਰੇ ਚਕਰੀਆਂ ਨੇ ਲਿਖਿਆ, "ਇਸਦੀ ਮਿੱਟੀ ਵਿੱਚ ਸਾਡੇ ਵੱਡ ਵਡੇਰਿਆਂ ਨੇ ਜਨਮ ਲਿਆ ਤੇ ਅਸੀਂ ਉਨ੍ਹਾਂ ਦੀ ਉਂਗਲ ਫੜ ਕੇ ਚੱਲਣਾ ਸਿੱਖਿਆ। ਇਸੇ ਮਿੱਟੀ 'ਚ ਅਸੀਂ ਵੱਡੇ ਹੋਏ ਤੇ ਦੁਨੀਆਦਾਰੀ ਸਿੱਖੀ। ਇਸ ਮਿੱਟੀ ਨੇ ਸਾਨੂੰ ਬੋਹੜਾਂ ਦੀ ਛਾਂ ਵਰਗੇ ਮਾਪੇ, ਮਿੱਠੇ ਮੇਵਿਆਂ ਵਰਗੇ ਬੱਚੇ ਤੇ ਤੂਤ ਦੇ ਮੋਛਿਆਂ ਵਰਗੇ ਦੋਸਤ ਦਿੱਤੇ। ਇਸ ਦੇ ਖੇਤਾਂ ਨੇ ਸਦੀਆਂ ਤੋਂ ਸਾਡਾ ਢਿੱਡ ਭਰਿਆ ਹੈ। ਅਸੀਂ ਭਾਗਾਂ ਵਾਲੇ ਹਾਂ ਕਿ ਚਕਰ ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਹੋਈ। ਗੁਰੂ ਸਾਹਿਬਾਨ ਦੀ ਬਖ਼ਸ਼ੀ ਸੋਝੀ ਸਦਕਾ ਅਸੀਂ ਪੌਣ ਪਾਣੀ ਤੇ ਧਰਤ ਦੀ ਮਹੱਤਾ ਨੂੰ ਸਮਝਦਿਆਂ ਦੁਨੀਆ ਸਾਹਮਣੇ ਸਰਬਸਾਂਝੀ ਸੇਵਾ ਨਾਲ ਵਿਕਾਸ ਦੀ ਮਿਸਾਲ ਪੇਸ਼ ਕੀਤੀ। ਅਸੀਂ ਚਾਹੁੰਦੇ ਹਾਂ, ਸਾਂਝੇ ਉੱਦਮ ਨਾਲ ਜਗਾਇਆ ਸਾਡਾ ਚੌਮੁਖੀਆ ਦੀਵਾ ਲਟ ਲਟ ਬਲੇ ਅਤੇ ਇਸ ਦੀ ਲੋਅ ਹੋਰਨਾਂ ਪਿੰਡਾਂ ਵਿਚ ਵੀ ਚਾਨਣ ਬਖੇਰੇ।

ਅਜਮੇਰ ਸਿੰਘ ਦਰਿਆਦਿਲ ਦਾਨੀ ਹੀ ਨਹੀਂ, ਸਿਰੜੀ ਕਾਰ ਸੇਵਕ ਵੀ ਸੀ। ਉਸ ਦੀ ਅਗਵਾਈ ਵਿਚ ਕਹੀਆਂ ਨਾਲ ਨਾਲੀਆਂ ਪੁੱਟਣ ਦੇ ਕੰਮ ਕਰਨੇ, ਸੀਵਰੇਜ ਦੀਆਂ ਪਾਈਪਾਂ ਪਾਉਣੀਆਂ, ਹੌਦੀਆਂ ਬਣਾਉਣੀਆਂ ਤੇ ਹੋਰ ਕਰੜੇ ਕਾਰਜ ਕਰਨੇ ਨੌਜਵਾਨਾਂ ਦੇ ਸੁਭਾਅ ਵਿਚ ਸ਼ਾਮਲ ਹੋ ਗਏ। ਚਲਦੇ ਕੰਮ ਵਿਚ ਚੁਣੌਤੀਆਂ ਆਉਣੀਆਂ ਵੀ ਸੁਭਾਵਕ ਸਨ। ਅਜਿਹਾ ਕਈ ਵਾਰ ਹੋਇਆ ਕਿ ਨੌਜਵਾਨਾਂ ਅੱਗੇ ਚੁਣੌਤੀਆਂ ਆ ਖੜ੍ਹਦੀਆਂ ਪਰ ਅਜਮੇਰ ਦੀ ਅਗਵਾਈ ਵਿਚ ਕੱਖ ਕਾਨ ਵਾਂਗ ਉਡ ਜਾਂਦੀਆਂ। ਇਕ ਵਾਰ ਸਾਰੀ ਰਾਤ ਕੰਮ ਕੀਤਾ ਕਿਉਂਕਿ ਰਾਤੋ ਰਾਤ ਰਸਤੇ ਨੂੰ ਚਾਲੂ ਕਰਨ ਬਾਰੇ ਫੈਸਲਾ ਲਿਆ ਗਿਆ ਸੀ। ਅਜਿਹੇ ਕੰਮਾਂ ਨੂੰ ਸਮੇਂ ਸਿਰ ਕਰਨ ਪਿੱਛੇ ਵੱਡੀ ਪ੍ਰੇਰਨਾ ਸੀਵਰੇਜ ਦੇ ਮੁੱਖ ਪ੍ਰਬੰਧਕ ਅਜਮੇਰ ਸਿੰਘ ਦੀ ਸ਼ਮੂਲੀਅਤ ਹੁੰਦੀ ਸੀ। ਕੋਈ ਵੀ ਕੰਮ ਹੁੰਦਾ ਉਹ ਇਸ ਵਿਚ ਹਿੱਸਾ ਲੈ ਕੇ ਖ਼ੁਸ਼ ਹੁੰਦਾ। ਇਹ ਕੰਮ ਚਾਹੇ ਇੱਟਾਂ ਢੋਣ ਦਾ ਹੁੰਦਾ, ਕਹੀਆਂ ਚਲਾਉਣ ਦਾ ਹੁੰਦਾ, ਇੱਟਾਂ ਦੀ ਚਿਣਾਈ ਦਾ ਹੁੰਦਾ ਭਾਵੇਂ ਪਲਸਤਰ ਕਰਨ ਦਾ ਹੁੰਦਾ। ਲੋਕਾਂ ਵਿਚ ਵਿਚਰ ਕੇ ਲੋਕ ਸੇਵਾ ਕਰਨ ਵਾਲਿਆਂ ਦਾ ਹੌਸਲਾ ਵਧਾਉਣ, ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਤਿਆਰ ਕਰਨ ਤੇ ਆਪਣੀਆਂ ਸਮੱਸਿਆਵਾਂ ਆਪ ਹੱਲ ਕਰਨ ਦਾ ਉਹਦਾ ਅਨੋਖਾ ਤਰੀਕਾ ਸੀ। ਉਹ ਹਾਸਾ-ਖੇਡਾ ਕਰਦਿਆਂ ਸਾਥੀਆਂ ਦਾ ਮਨੋਰੰਜਨ ਵੀ ਕਰਦਾ ਰਹਿੰਦਾ।

ਅਕਤੂਬਰ 2014 ਵਿਚ ਉਹ ਛੇ ਹਫ਼ਤਿਆਂ ਦੀ ਕਾਰ ਸੇਵਾ ਲਈ ਕੈਨੇਡਾ ਤੋਂ ਚਕਰ ਆਇਆ ਸੀ। ਦੋ ਹਫ਼ਤੇ ਬਾਅਦ ਉਹ ਸਖ਼ਤ ਬਿਮਾਰ ਹੋ ਗਿਆ ਤੇ ਡਾਕਟਰਾਂ ਦੇ ਕਹਿਣ ਉਤੇ ਵਾਪਸ ਟੋਰਾਂਟੋ ਪਰਤ ਗਿਆ। ਪਿੰਡ ਵਾਸੀਆਂ ਨੂੰ ਕਹਿ ਗਿਆ ਕਿ ਉਹ ਸਿਹਤਯਾਬ ਹੋ ਕੇ ਦੋ ਕੁ ਮਹੀਨਿਆਂ ਤਕ ਪਿੰਡ ਆਵੇਗਾ ਤੇ ਰਹਿ ਗਏ ਕੰਮ ਅਗਾਂਹ ਤੋਰਾਂਗੇ। ਪਤਾ ਲੱਗਾ ਕਿ ਉਸ ਨੂੰ ਕੈਂਸਰ ਸੀ। ਮੈਂ ਟੋਰਾਂਟੋ ਦੇ ਹਸਪਤਾਲ 'ਚ ਹਾਲ ਚਾਲ ਪੁੱਛਿਆ ਤਾਂ ਉਸ ਦਾ ਕਹਿਣਾ ਸੀ, "ਬਾਈ ਜੀ, ਮੈਂ ਫਾਈਟਰ ਹਾਂ। ਕੈਂਸਰ ਨਾਲ ਤਕੜਾ ਹੋ ਕੇ ਫਾਈਟ ਕਰਾਂਗਾ।

ਉਹ ਸੱਚਮੁੱਚ ਫਾਈਟਰ ਸੀ। ਹਨ੍ਹੇਰਿਆਂ ਵਿਰੁੱਧ ਲੜਨ ਵਾਲਾ। ਚਾਨਣਾਂ ਦਾ ਛੱਟਾ ਦੇਣ ਵਾਲਾ! ਉਹ ਮੋਇਆ ਨਹੀਂ, ਉਹ ਅਜੇ ਵੀ ਜੂਝ ਰਿਹੈ ਤੇ ਪਿੰਡਾਂ ਦਾ ਚਾਨਣ ਮੁਨਾਰਾ ਬਣਿਆ ਸਦਾ ਨੂਰ ਵੰਡਦਾ ਰਹੇਗਾ। ਨਵੀਆਂ ਪੀੜ੍ਹੀਆਂ ਉਹਦੀ ਜਗਾਈ ਜੋਤ ਨੂੰ ਅੱਗੇ ਤੋਰਦੀਆਂ ਰਹਿਣਗੀਆਂ।

# ਪ੍ਰਦੂਸ਼ਣ ਦੇ ਗੰਭੀਰ ਸੰਕਟ - ਤਬਾਹੀ ਦਾ ਰਾਹ ਖੋਲ੍ਹਦੇ ਹਕੂਮਤੀ ਫ਼ੈਸਲੇ

*[ਦਿੱਲੀ ਵਿਚ ਭਿਆਨਕ ਪ੍ਰਦੂਸ਼ਨ ਫੈਲਿਆ ਹੋਇਆ ਹੈ । ਪਰ ਪੌਣਪਾਣੀ ਅਤੇ ਵਾਤਾਵਰਣ ਦੇ ਨੁਕਸਾਨਾਂ ਤੋਂ ਬੇਪ੍ਰਵਾਹ ਕੇਂਦਰ ਅਤੇ ਰਾਜ ਸਰਕਾਰਾਂ ਕਾਰਪੋਰੇਟ ਕਾਰੋਬਾਰਾਂ ਦੀ ਸੌਖ ਲਈ ਜੋ ਕਾਨੂੰਨੀ ਫੇਰ-ਬਦਲ ਕਰ ਰਹੀਆਂ ਹਨ ਉਨ੍ਹਾਂ ਦੇ ਵਿਨਾਸ਼ਕਾਰੀ ਪ੍ਰਭਾਵ ਪੈਣ ਦੇ ਖ਼ਦਸ਼ੇ ਹਨ । ਕਥਿਤ ਵਿਕਾਸ ਵਿਚ ਲੋਕ ਅਤੇ ਵਾਤਾਵਰਣ ਦੇ ਹਿੱਤ ਦਰਕਿਨਾਰ ਕੀਤੇ ਜਾ ਰਹੇ ਹਨ । ਇਨ੍ਹਾਂ ਕੁਝ ਮਹੱਤਵਪੂਰਨ ਪੱਖਾਂ ਦੀ ਚਰਚਾ ਇਸ ਲੇਖ ਵਿਚ ਕੀਤੀ ਗਈ ਹੈ । -ਸੰਪਾਦਕ]*

**-ਬੂਟਾ ਸਿੰਘ ਮਹਿਮੂਦਪੁਰ**

ਭਗਵਾ ਹਕੂਮਤ ਦੇ 'ਵਿਕਾਸ' ਦਾ ਬੁਲਡੋਜ਼ਰ ਭਾਰਤ ਦੇ ਜੰਗਲਾਂ-ਪਹਾੜਾਂ ਵਿਚ ਕੁਦਰਤੀ ਵਸੀਲਿਆਂ ਨੂੰ ਨਿਗਲਣ ਲਈ ਦਣਦਣਾ ਰਿਹਾ ਹੈ। ਜਦੋਂ ਰਾਜਧਾਨੀ ਦਿੱਲੀ ਵਿਚ ਵੀ ਖ਼ਤਰਨਾਕ ਵਾਤਾਵਰਣ ਪ੍ਰਦੂਸ਼ਣ ਕਾਰਨ ਹਾਹਾਕਾਰ ਮਚੀ ਹੋਈ ਹੈ ਤਾਂ ਕੇਂਦਰ ਸਰਕਾਰ ਤੋਂ ਲੈ ਕੇ ਜ਼ਿਲ੍ਹਿਆਂ ਦੇ ਪ੍ਰਸ਼ਾਸਨ ਅਤੇ ਸਰਵਉੱਚ ਅਦਾਲਤ ਤੱਕ ਰਾਜ ਮਸ਼ੀਨਰੀ ਦਾ ਹਰ ਅੰਗ 'ਵਿਕਾਸ' ਦੇ ਨਾਂ ਹੇਠ ਕਾਰਪੋਰੇਟ ਕਾਰੋਬਾਰਾਂ ਦੇ ਪਸਾਰੇ ਦੇ ਰਾਹ ਦੇ ਅੜਿੱਕੇ ਦੂਰ ਕਰਨ ਲਈ ਵਾਤਾਵਰਣ ਸੁਰੱਖਿਆ ਉਪਾਵਾਂ ਦਾ ਭੋਗ ਪਾਉਣ ਲਈ ਪੱਬਾਂ ਭਾਰ ਹੈ। ਕੁਝ ਮਿਸਾਲਾਂ ਪੇਸ਼ ਹਨ।

30 ਨਵੰਬਰ ਨੂੰ ਸੁਪ੍ਰੀਮ ਕੋਰਟ ਦੇ ਇਕ ਬੈਂਚ ਨੇ ਅਰਾਵਲੀ ਪਹਾੜੀਆਂ ਅਤੇ ਅਰਾਵਲੀ ਪਰਬਤ-ਮਾਲਾ ਦੀ ਪਰਿਭਾਸ਼ਾ ਬਾਰੇ ਸਰਕਾਰੀ ਸਿਫ਼ਾਰਸ਼ਾਂ ਨੂੰ ਪ੍ਰਵਾਨਗੀ ਦੇ ਕੇ ਮਹੱਤਵਪੂਰਨ ਫ਼ੈਸਲਾ ਸੁਣਾਇਆ ਅਤੇ ਉਹ ਤਮਾਮ ਕਾਨੂੰਨੀ ਰੋਕਾਂ ਹਟਾ ਦਿੱਤੀਆਂ ਜੋ ਇਸ ਖੇਤਰ ਵਿਚ ਵਿਆਪਕ ਪੈਮਾਨੇ 'ਤੇ ਜੰਗਲਾਂ ਦੀ ਕਟਾਈ ਅਤੇ ਖਣਨ ਕਾਰਵਾਈਆਂ ਲਈ ਅੜਿੱਕਾ ਬਣ ਸਕਦੀਆਂ ਸਨ। ਇਹ ਫ਼ੈਸਲਾ ਅਰਾਵਲੀ ਪਰਬਤ-ਮਾਲਾ ਬਾਰੇ ਵਾਤਾਵਰਣ, ਵਣ ਅਤੇ ਪੌਣਪਾਣੀ ਪਰਿਵਰਤਨ ਮੰਤਰਾਲੇ ਦੀ ਅਗਵਾਈ ਵਾਲੀ ਕਮੇਟੀ ਦੀਆਂ ਸਿਫਾਰਸ਼ਾਂ ਉੱਪਰ ਮੋਹਰ ਲਾ ਕੇ ਸੁਣਾਇਆ ਗਿਆ।

ਨਵੀਂ ਪਰਿਭਾਸ਼ਾ ਅਨੁਸਾਰ, ਅਰਾਵਲੀ ਜ਼ਿਲ੍ਹਿਆਂ ਵਿਚ ਸਥਿਤ ਹਰ ਉਹ ਟੌਪੋਗ੍ਰਾਫ਼ੀਕਲ ਆਕਾਰ ਜਿਸਦੀ ਉਚਾਈ ਸਥਾਨਕ ਧਰਾਤਲੀ ਨੀਵਾਣ ਨਾਲੋਂ 100 ਮੀਟਰ ਜਾਂ ਇਸ ਤੋਂ ਵੱਧ ਹੈ, ਨੂੰ ਹੀ ਅਰਾਵਲੀ ਪਹਾੜੀ ਮੰਨਿਆ ਜਾਵੇਗਾ; ਅਤੇ ਇਕ-ਦੂਜੇ ਤੋਂ 500 ਮੀਟਰ ਦੇ ਫ਼ਾਸਲੇ ਦੇ ਅੰਦਰ ਸਥਿਤ ਦੋ ਜਾਂ ਦੋ ਤੋਂ ਵੱਧ ਅਰਾਵਲੀ ਪਹਾੜੀਆਂ, ਜਿਨ੍ਹਾਂ ਨੂੰ ਦੋਨੋਂ ਪਾਸਿਆਂ ਤੋਂ ਸਭ ਤੋਂ ਨੀਵਾਣ ਵਾਲੀ ਕੰਟੂਰ ਰੇਖਾ ਦੀ ਸੀਮਾ 'ਤੇ ਬਾਹਰਲੇ ਬਿੰਦੂ ਤੋਂ ਨਾਪਿਆ ਜਾਂਦਾ ਹੈ, ਨੂੰ ਹੀ ਅਰਾਵਲੀ ਪਰਬਤ-ਮਾਲਾ ਮੰਨਿਆ ਜਾਵੇਗਾ। ਕੇਂਦਰ ਸਰਕਾਰ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਇਹ ਪਰਿਭਾਸ਼ਾ ਉੱਘੇ ਭੂ-ਵਿਗਿਆਨੀ ਰਿਚਰਡ ਮਰਫੀ ਦੀ ਵਿਆਖਿਆ 'ਤੇ ਆਧਾਰਤ ਹੈ ਜਿਸ ਮੁਤਾਬਿਕ ਆਲੇ-ਦੁਆਲੇ ਨਾਲੋਂ 100 ਮੀਟਰ ਉੱਚੇ ਜ਼ਮੀਨੀਂ ਅਕਾਰ ਨੂੰ ਹੀ ਪਹਾੜੀ ਜਾਂ ਪਰਬਤ ਮੰਨਿਆ ਜਾਣਾ ਚਾਹੀਦਾ ਹੈ।

ਗੁਜਰਾਤ, ਰਾਜਸਥਾਨ, ਹਰਿਆਣਾ ਅਤੇ ਦਿੱਲੀ ਤੱਕ ਫੈਲੀ ਅਰਾਵਲੀ ਪਰਬਤ-ਮਾਲਾ ਮਹਿਜ਼ ਪੁਰਾਤਨ ਭੂਵਿਗਿਆਨਕ ਤਬਦੀਲੀਆਂ ਦੀ ਨਿਸ਼ਾਨੀ ਨਹੀਂ ਹੈ। ਇਹ ਪਰਬਤ-ਮਾਲਾ ਮਾਰੂਥਲ ਦੇ ਫੈਲਾਅ ਦੇ ਵਿਰੁੱਧ ਕੁਦਰਤੀ ਰੋਕ ਵਜੋਂ ਕੰਮ ਕਰਦੀ ਹੈ, ਥਾਰ ਮਾਰੂਥਲ ਦੇ ਪੂਰਬ ਵੱਲ ਵਧਣ ਦੀ ਰਫ਼ਤਾਰ ਮੱਠੀ ਕਰਦੀ ਹੈ, ਧਰਤੀ ਹੇਠਲੇ ਪਾਣੀ ਨੂੰ ਦੁਬਾਰਾ ਭਰਦੀ ਹੈ, ਅਤੇ ਮੁਲਕ ਦੇ ਰਾਜਧਾਨੀ ਖੇਤਰ ਵਿੱਚ ਹਵਾ ਦੇ ਪ੍ਰਦੂਸ਼ਣ ਨੂੰ ਕੰਟਰੋਲ ਕਰਦੀ ਹੈ। ਲਿਹਾਜ਼ਾ, ਅਰਾਵਲੀ ਜੀਵਨ-ਰੱਖਿਅਕ ਪ੍ਰਣਾਲੀ ਹੈ ਅਤੇ ਇੱਥੋਂ ਦੇ ਪੌਣਪਾਣੀ ਨੂੰ ਕਿਸੇ ਵੀ ਲਾਭ ਲਈ ਪਹੁੰਚਾਏ ਕਿਸੇ ਵੀ ਨੁਕਸਾਨ ਨੂੰ ਪੁੱਠਾ ਗੇੜਾ ਦੇਣਾ ਸੰਭਵ ਨਹੀਂ ਹੋਵੇਗਾ।

ਸੁਪ੍ਰੀਮ ਕੋਰਟ ਦੇ ਇਸ ਤਾਜ਼ਾ ਫ਼ੈਸਲੇ ਨੇ ਪਹਿਲਾਂ ਹੀ ਅਤਿ-ਸੰਵੇਦਨਸ਼ੀਲ ਅਰਾਵਲੀ ਪਰਬਤ-ਮਾਲਾ ਦੇ ਵਿਨਾਸ਼ ਦਾ ਰਾਹ ਖੋਲ੍ਹ ਦਿੱਤਾ ਹੈ, ਕਿਉਂਕਿ ਇਸ ਨਾਲ ਇਸਦੇ 90 ਪ੍ਰਤੀਸ਼ਤ ਤੋਂ ਵੱਧ ਖੇਤਰ—ਜਿਸ ਵਿਚ ਘਾਹ ਵਾਲੀਆਂ ਜ਼ਮੀਨਾਂ, ਪਹਾੜੀ ਘਾਹ ਅਤੇ ਨਿੱਕੀਆਂ ਜੜ੍ਹੀਆਂ-ਬੂਟੀਆਂ ਨਾਲ ਭਰਪੂਰ ਰਿਜ ਖੇਤਰ ਸ਼ਾਮਲ ਹਨ—ਸੁਰੱਖਿਆ ਤੋਂ ਬਾਹਰ ਹੋ ਜਾਣਗੇ ਅਤੇ ਇਹ ਜ਼ਿਆਦਾਤਰ ਖੇਤਰ ਖਣਨ ਲਈ ਖੋਲ੍ਹ ਦਿੱਤੇ ਜਾਣਗੇ। ਇਹ ਫ਼ੈਸਲਾ ਇਸ ਵਡਮੁੱਲੇ ਪੌਣਪਾਣੀ ਤੰਤਰ ਦੀ ਸੁਰੱਖਿਆ ਉੱਪਰ ਬਹੁਤ ਵਿਨਾਸ਼ਕਾਰੀ ਅਸਰ ਪਾਉਣ ਦੀ ਸੰਭਾਵਨਾ ਵਾਲਾ ਹੈ। ਹਰਿਆਣਾ ਦੇ ਸੱਤ ਅਰਾਵਲੀ ਜ਼ਿਲ੍ਹਿਆਂ ਵਿੱਚ ਲਾਇਸੈਂਸ ਪ੍ਰਾਪਤ ਖਣਨ ਕਾਰਵਾਈਆਂ ਨੇ ਪਹਿਲਾਂ ਹੀ ਚਰਖੀ-ਦਾਦਰੀ ਅਤੇ ਭਿਵਾਨੀ ਜ਼ਿਲ੍ਹਿਆਂ ਵਿੱਚ ਦੋ ਅਰਬ ਸਾਲ ਪੁਰਾਣੀ ਪੌਣਪਾਣੀ ਵਿਰਾਸਤ ਦਾ ਵੱਡਾ ਹਿੱਸਾ ਤਬਾਹ ਕਰ ਦਿੱਤਾ ਹੈ। ਸੰਨ 2009 'ਚ ਕਾਨੂੰਨੀ ਖਣਨ ਉੱਪਰ ਪਾਬੰਦੀ ਲੱਗਣ ਤੋਂ ਬਾਅਦ ਵੀ ਗ਼ੈਰ-ਕਾਨੂੰਨੀ ਖਣਨ ਬੇਰੋਕ-ਟੋਕ ਜਾਰੀ ਹੈ, ਜੋ ਲਗਾਤਾਰ ਇਸ ਖੇਤਰ ਦੇ ਕੁਦਰਤੀ ਚੌਗਿਰਦੇ ਨੂੰ ਤਬਾਹ ਕਰ ਰਿਹਾ ਹੈ। ਨਵੀਂ ਪਰਿਭਾਸ਼ਾ ਦੇ ਤਹਿਤ ਅਰਾਵਲੀ ਪਰਬਤ-ਮਾਲਾ ਦਾ ਵਿਸ਼ਾਲ ਖੇਤਰ ਕੇਂਦਰ ਸਰਕਾਰ ਵੱਲੋਂ ਖਣਨ ਕਾਰੋਬਾਰ ਲਈ ਆਪਣੇ ਚਹੇਤੇ ਕਾਰਪੋਰੇਟਾਂ ਦੇ ਹੱਥ ਦੇਣ ਦੀ ਪੂਰੀ ਤਿਆਰੀ ਹੈ। ਵਾਤਾਵਰਣ ਪ੍ਰੇਮੀ ਸਮੂਹਾਂ ਅਤੇ ਹੋਰ ਜਾਗਰੂਕ ਨਾਗਰਿਕਾਂ ਨੇ ਇਸ ਅਦਾਲਤੀ ਫ਼ੈਸਲੇ ਵਿਚ ਸਮੋਏ ਖ਼ਤਰਿਆਂ ਨੂੰ ਭਾਂਪਕੇ ਇਸਦਾ ਜ਼ੋਰਦਾਰ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਸਵਾਲਾਂ 'ਚ ਘਿਰੀ ਭਗਵਾ ਹਕੂਮਤ ਆਪਣੀ ਫਾਸ਼ੀਵਾਦੀ ਖਸਲਤ ਅਨੁਸਾਰ ਝੂਠੀਆਂ ਯਕੀਨਦਹਾਨੀਆਂ ਰਾਹੀਂ ਲੋਕਾਈ ਦੇ ਅੱਖੀਂ ਘੱਟਾ ਪਾਉਣ ਲਈ ਸਿਰਤੋੜ ਯਤਨ ਕਰ ਰਹੀ ਹੈ।

ਇਸੇ ਲੜੀ 'ਚ ਉੜੀਸਾ ਦੀ ਰਾਜ ਸਰਕਾਰ ਰਾਏਗੜ੍ਹ ਅਤੇ ਕਾਲਾਹਾਂਡੀ ਜ਼ਿਲ੍ਹਿਆਂ ਦੇ ਅਨੁਸੂਚਿਤ ਖੇਤਰਾਂ ਵਿਚ ਜੰਗਲਾਂ-ਪਹਾੜਾਂ ਦੀ ਜ਼ਮੀਨ ਵੇਦਾਂਤ ਪ੍ਰਾਈਵੇਟ ਲਿਮਟਿਡ ਨੂੰ ਬਾਕਸਾਈਟ ਖਣਨ ਲਈ ਸੌਂਪਣ ਵਾਸਤੇ ਅਸਧਾਰਨ ਤੇਜ਼ੀ ਨਾਲ ਕੰਮ ਕਰ ਰਹੀ ਹੈ ਅਤੇ ਇਸ ਪ੍ਰਕਿਰਿਆ ਵਿਚ ਸੰਵਿਧਾਨ ਦੀ ਪੰਜਵੀਂ ਅਨੁਸੂਚੀ ਦੇ ਤਹਿਤ ਆਦਿਵਾਸੀ ਸਮੂਹਾਂ ਨੂੰ ਦਿੱਤੀਆਂ ਗਈਆਂ ਸੰਵਿਧਾਨਕ ਸੁਰੱਖਿਆਵਾਂ ਨੂੰ ਸਿਲਸਿਲੇਵਾਰ ਰੂਪ 'ਚ ਤਹਿਸ-ਨਹਿਸ ਕੀਤਾ ਜਾ ਰਿਹਾ ਹੈ। ਸਿਜੀਮਾਲੀ ਵਣ ਖੇਤਰ ਵਿਚ ਜੋ ਕੁਝ ਹੋ ਰਿਹਾ ਹੈ, ਉਹ ਸਿਰਫ਼ ਜ਼ਮੀਨ ਦੀ ਵਰਤੋਂ ਬਾਰੇ ਪ੍ਰਸ਼ਾਸਨਿਕ ਫ਼ੈਸਲਾ ਨਹੀਂ ਹੈ, ਬਲਕਿ ਤਾਕਤਵਰ ਕਾਰਪੋਰੇਟ ਸਮੂਹ ਨਾਲ ਖੁੱਲ੍ਹੇ ਆਮ ਸਾਜ਼ਿਸ਼ ਦੇ ਤਹਿਤ ਆਦਿਵਾਸੀ ਅਧਿਕਾਰਾਂ, ਸੰਵਿਧਾਨਕ ਪ੍ਰਕਿਰਿਆ ਅਤੇ ਵਾਤਾਵਰਣ ਕਾਨੂੰਨ ਉੱਪਰ ਵਿਆਪਕ ਹਮਲਾ ਹੈ। ਇਹ ਪ੍ਰੋਜੈਕਟ ਸਥਾਨਕ ਆਦਿਵਾਸੀਆਂ ਦੀ ਰੋਜ਼ੀ-ਰੋਟੀ, ਸੁਰੱਖਿਆ ਅਤੇ ਜ਼ਿੰਦਗੀ ਦੇ ਨਾਲ-ਨਾਲ ਅਮੀਰ ਜੰਗਲੀ ਈਕੋਸਿਸਟਮ ਨੂੰ ਤਬਾਹ ਕਰਨ ਦਾ ਵਿਆਪਕ ਖ਼ਤਰਾ ਬਣਕੇ ਮੰਡਰਾ ਰਿਹਾ ਹੈ। ਧੜਵੈਲ ਕਾਰਪੋਰੇਟ ਸਮੂਹ ਵੇਦਾਂਤ ਲਈ ਵੱਡੇ ਮੁਨਾਫੇ ਪੈਦਾ ਕਰਨ ਤੋਂ ਸਿਵਾਏ ਇਹ ਕਿਸੇ ਦੇ ਵੀ ਹਿਤ ਵਿਚ ਨਹੀਂ ਹੈ। ਰਾਜ ਦਾ ਵਿਹਾਰ ਦਰਸਾਉਂਦਾ ਹੈ ਕਿ ਇਸ ਰਾਜ ਦਾ ਸਰਕਾਰੀ ਫਰਜ਼ ਸਿਰਫ਼ ਤੇ ਸਿਰਫ਼ ਕਾਰਪੋਰੇਟ ਸਮੂਹਾਂ ਦੀ ਸੇਵਾ ਕਰਨਾ ਹੀ ਹੈ।

ਦਸੰਬਰ ਦੇ ਪਹਿਲੇ ਹਫ਼ਤੇ, ਕੇਂਦਰੀ ਵਾਤਾਵਰਣ, ਵਣ ਅਤੇ ਜਲਵਾਯੂ ਪਰਿਵਰਤਨ ਮੰਤਰਾਲੇ ਦੇ ਤਹਿਤ ਸੰਵਿਧਾਨਕ ਸੰਸਥਾ, ਵਣ ਸਲਾਹਕਾਰ ਕਮੇਟੀ ਨੇ ਸਿਜੀਮਾਲੀ ਖੇਤਰ ਵਿਚ 708.24 ਹੈਕਟੇਅਰ ਜੰਗਲੀ ਜ਼ਮੀਨ (ਲਗਭਗ 1,700 ਏਕੜ) ਖਣਨ ਦੇ ਹਵਾਲੇ ਕਰਨ ਦੀ ਸਿਫ਼ਾਰਸ਼ ਕਰ ਦਿੱਤੀ ਜਿਸ ਨੂੰ ਰਾਜ-ਪੱਧਰੀ ਪਹਿਲੇ-ਪੜਾਅ ਦੀ ਮਨਜ਼ੂਰੀ ਦਾ ਨਾਂ ਦਿੱਤਾ ਗਿਆ ਹੈ। ਦਰਅਸਲ, ਇਹ ਸਿਫ਼ਾਰਸ਼ ਪ੍ਰੋਜੈਕਟ ਵੱਲੋਂ ਨਿਗਲੇ ਜਾਣ ਵਾਲੇ ਰਕਬੇ ਦੀ ਵਿਆਪਕਤਾ ਨੂੰ ਲੁਕੋਂਦੀ ਹੈ। ਵੇਦਾਂਤ ਨੂੰ ਦਿੱਤੀ ਗਈ ਕੁਲ ਮਾਈਨਿੰਗ ਲੀਜ਼ 1,548.76 ਹੈਕਟੇਅਰ, ਜਾਂ ਲਗਭਗ 3,800 ਏਕੜ ਵਿਚ ਫੈਲੀ ਹੋਈ ਹੈ, ਜਿਸਦਾ ਮਹੱਤਵਪੂਰਨ ਹਿੱਸਾ ਉਹ ਜੰਗਲੀ ਜ਼ਮੀਨ ਹੈ ਜੋ ਆਦਿਵਾਸੀ ਸਮੂਹਾਂ ਲਈ ਸੁਰੱਖਿਅਤ ਹੈ, ਉਹ ਹੀ ਇਸ ਉੱਪਰ ਖੇਤੀਬਾੜੀ ਕਰਦੇ ਅਤੇ ਇਸਦੀ ਦੇਖ-ਰੇਖ ਕਰਦੇ ਹਨ। ਅਸਲੀਅਤ ਇਹ ਹੈ ਕਿ ਸਰਕਾਰ ਦੇ ਇਸ਼ਾਰੇ 'ਤੇ ਪ੍ਰਸ਼ਾਸਨ ਦੀ ਮਿਲੀਭੁਗਤ ਨਾਲ ਇਹ ਧਾੜਵੀ ਖਣਨ ਪ੍ਰੋਜੈਕਟ ਲਗਭਗ ਦੋ ਸਾਲਾਂ ਤੋਂ ਚੱਲ ਰਿਹਾ ਹੈ, ਜਦੋਂ ਅਜੇ ਇਸ ਨੂੰ ਕਾਨੂੰਨੀ ਤੌਰ 'ਤੇ ਕਲੀਰੈਂਸ ਦੇਣ ਦੀ ਪ੍ਰਕਿਰਿਆ ਵੀ ਪੂਰੀ ਨਹੀਂ ਸੀ ਹੋਈ। ਸਪਸ਼ਟ ਤੌਰ 'ਤੇ ਸਰਕਾਰੀ ਪੁਸ਼ਤਪਨਾਹੀ ਹੇਠ ਪਹਿਲਾਂ ਹੀ ਖਣਨ ਦਾ ਗ਼ੈਰਕਾਨੂੰਨੀ ਓਪਰੇਸ਼ਨ ਵਿੱਢ ਲਿਆ ਗਿਆ ਜਿਸ ਨੂੰ ਬਾਅਦ ਵਿਚ ਕਾਨੂੰਨੀ ਪ੍ਰਕਿਰਿਆ ਦੇ ਢੌਂਗ ਰਾਹੀਂ ਕਾਨੂੰਨੀ ਰੂਪ ਦੇਣ ਲਈ ਹਰ ਹਰਬਾ ਵਰਤਿਆ ਗਿਆ।

ਇਹ ਖੇਤਰ ਸੰਵਿਧਾਨ ਦੀ ਪੰਜਵੀਂ ਅਨੁਸੂਚੀ ਦੇ ਅਧੀਨ ਹੈ, ਜਿੱਥੇ ਲਾਜ਼ਮੀ ਸੰਵਿਧਾਨਕ ਆਦੇਸ਼ ਇਹ ਹੈ ਕਿ ਜ਼ਮੀਨ ਦਾ ਕੋਈ ਵੀ ਤਬਾਦਲਾ ਪ੍ਰਭਾਵਿਤ ਹੋਣ ਵਾਲੇ ਆਦਿਵਾਸੀ ਸਮੂਹਾਂ ਨਾਲ ਸਲਾਹ-ਮਸ਼ਵਰੇ ਅਤੇ ਉਨ੍ਹਾਂ ਦੀ ਸਹਿਮਤੀ ਤੋਂ ਬਾਅਦ ਹੀ ਹੋ ਸਕਦਾ ਹੈ। ਇਸ ਲਾਜ਼ਮੀ ਪਾਲਣਾ ਨੂੰ ਕਈ ਕਾਨੂੰਨਾਂ ਦੁਆਰਾ ਹੋਰ ਮਜ਼ਬੂਤ ਕੀਤਾ ਗਿਆ ਹੈ, ਜਿਸ ਵਿਚ ਵਣ ਸੰਭਾਲ ਐਕਟ, ਉੜੀਸਾ ਅਨੁਸੂਚਿਤ ਖੇਤਰ ਅਚਲ ਜਾਇਦਾਦ ਤਬਾਦਲਾ ਨਿਯਮ, ਪੰਚਾਇਤ (ਅਨੁਸੂਚਿਤ ਖੇਤਰਾਂ ਦਾ ਵਿਸਤਾਰ) ਐਕਟ ਅਤੇ ਵਣ ਅਧਿਕਾਰ ਐਕਟ ਸ਼ਾਮਲ ਹਨ। ਇਨ੍ਹਾਂ ਵਿੱਚੋਂ ਹਰ ਇਕ ਕਾਨੂੰਨ ਸਪੱਸ਼ਟ ਤੌਰ 'ਤੇ ਜੰਗਲੀ ਜ਼ਮੀਨ ਦੇ ਤਬਾਦਲੇ ਤੋਂ ਪਹਿਲਾਂ ਗ੍ਰਾਮ ਸਭਾਵਾਂ ਦੀ ਕਿਸੇ ਵੀ ਤਰ੍ਹਾਂ ਦੇ ਦਬਾਅ ਤੋਂ ਪੂਰੀ ਤਰ੍ਹਾਂ ਆਜ਼ਾਦ, ਅਗਾਊਂ ਅਤੇ ਬਾਕਾਇਦਾ ਸੂਚਿਤ ਕਰਨ ਤੋਂ ਬਾਅਦ ਸਹਿਮਤੀ ਲੈਣ ਦੀ ਮੰਗ ਕਰਦਾ ਹੈ। ਇਸਦੇ ਬਾਵਜੂਦ, ਇਨ੍ਹਾਂ ਕਾਨੂੰਨੀ ਸੁਰੱਖਿਆ ਉਪਾਵਾਂ ਨੂੰ ਨਾ ਸਿਰਫ਼ ਨਜ਼ਰਅੰਦਾਜ਼ ਕੀਤਾ ਗਿਆ, ਬਲਕਿ ਉਨ੍ਹਾਂ ਨੂੰ ਟਿੱਚ ਸਮਝਕੇ ਧੱਜੀਆਂ ਉਡਾਈਆਂ ਗਈਆਂ। ਕਾਨੂੰਨ ਅਨੁਸਾਰ ਚੱਲਣ ਦਾ ਦਾਅਵਾ ਕਰਨ ਲਈ, ਉੜੀਸਾ ਸਰਕਾਰ ਅਤੇ ਵੇਦਾਂਤ ਨੇ ਦਾਅਵਾ ਕੀਤਾ ਕਿ ਦਸੰਬਰ 2023 'ਚ ਦਸ ਪਿੰਡਾਂ ਵਿਚ ਗ੍ਰਾਮ ਸਭਾ ਦੀ ਸਹਿਮਤੀ ਪ੍ਰਾਪਤ ਕਰ ਲਈ ਗਈ ਸੀ। ਹਾਲਾਂਕਿ, ਇਨ੍ਹਾਂ ਪਿੰਡਾਂ ਦੇ ਆਦਿਵਾਸੀ ਲਗਾਤਾਰ ਦੋਸ਼ ਲਾ ਰਹੇ ਹਨ ਕਿ ਕਥਿਤ ਗ੍ਰਾਮ ਸਭਾਵਾਂ ਭਾਰੀ ਹਥਿਆਰਬੰਦ ਪੁਲਿਸ ਤਾਇਨਾਤ ਕਰਕੇ, ਕੰਪਨੀ ਦੇ ਅਧਿਕਾਰੀਆਂ ਤੇ ਸਥਾਨਕ ਲੱਠਮਾਰਾਂ ਦੀ ਮੌਜੂਦਗੀ ਵਿਚ, ਅਤੇ ਪਿੰਡਾਂ ਦੇ ਲੋਕਾਂ ਨੂੰ ਡਰਾਉਣ-ਧਮਕਾਉਣ, ਨਜ਼ਰਬੰਦ ਕਰਨ ਤੇ ਉਨ੍ਹਾਂ ਕੋਲੋਂ ਜ਼ਬਰਦਸਤੀ ਸਹਿਮਤੀ ਲੈਣ ਦੇ ਮਾਹੌਲ ਵਿਚ ਆਯੋਜਿਤ ਕੀਤੀਆਂ ਗਈਆਂ ਸਨ। ਕਾਨੂੰਨ ਦੀ ਪਾਲਣਾ ਕਰਨ ਦੀ ਬਜਾਏ, ਸਰਕਾਰੀ ਅਧਿਕਾਰੀਆਂ ਨੇ ਜਾਅਲੀ ਸਰਟੀਫਿਕੇਟ ਜਾਰੀ ਕੀਤੇ ਜਿਨ੍ਹਾਂ ਵਿਚ ਐਲਾਨ ਕੀਤਾ ਗਿਆ ਸੀ ਕਿ ਪਿੰਡਾਂ ਦੀ ਗ੍ਰਾਮ ਸਭਾਵਾਂ ਨੇ ਖਣਨ ਦੇ ਹੱਕ ਵਿਚ ਮਤੇ ਪਾਸ ਕਰ ਦਿੱਤੇ ਹਨ।

ਇਨ੍ਹਾਂ ਧੱਕੇਸ਼ਾਹੀਆਂ ਦੇ ਹੋਰ ਸਬੂਤ ਵੀ ਸਾਹਮਣੇ ਆ ਚੁੱਕੇ ਹਨ। ਫਰਵਰੀ 2024 ਵਿਚ, ਕਾਲਾਹਾਂਡੀ ਜ਼ਿਲ੍ਹਾ ਕੁਲੈਕਟਰ-ਕਮ-ਮੈਜਿਸਟ੍ਰੇਟ ਤੋਂ ਸੂਚਨਾ ਦੇ ਅਧਿਕਾਰ ਐਕਟ ਦੇ ਤਹਿਤ ਪ੍ਰਾਪਤ ਜਵਾਬਾਂ ਵਿਚ ਇਸ ਗੱਲ ਦੀ ਪੁਸ਼ਟੀ ਹੋਈ ਕਿ ਜਿਨ੍ਹਾਂ ਥਾਵਾਂ 'ਤੇ ਗ੍ਰਾਮ ਸਭਾਵਾਂ ਆਯੋਜਿਤ ਕੀਤੀਆਂ ਗਈਆਂ ਸਨ ਉੱਥੇ ਵੱਡੀ ਗਿਣਤੀ ਵਿਚ ਪੁਲਿਸ ਨਫ਼ਰੀ ਤਾਇਨਾਤ ਕੀਤੀ ਗਈ ਸੀ ਅਤੇ ਕੰਪਨੀ ਦੇ ਨੁਮਾਇੰਦੇ ਮੌਜੂਦ ਸਨ। ਕੁਲੈਕਟਰ ਦੇ ਜਵਾਬਾਂ ਤੋਂ ਇਹ ਵੀ ਖ਼ੁਲਾਸਾ ਹੋਇਆ ਕਿ ਪਿੰਡਾਂ ਦੇ ਲੋਕਾਂ ਕੋਲੋਂ ਕਾਗਜ਼ਾਂ ਉੱਪਰ ਜ਼ਬਰਦਸਤੀ ਅੰਗੂਠੇ ਲਗਵਾਏ ਗਏ। ਇਸ ਤੋਂ ਵੀ ਵੱਡਾ ਸਬੂਤ ਇਹ ਮੰਨਣਾ ਸੀ ਕਿ ਦਸ ਦੀਆਂ ਦਸ ਗ੍ਰਾਮ ਸਭਾਵਾਂ ਇੱਕੋ ਦਿਨ ਅਤੇ ਇੱਕੋ ਸਮੇਂ ਰੱਖੀਆਂ ਗਈਆਂ ਸਨ, ਹਾਲਾਂਕਿ ਪਿੰਡ ਦੋ ਅਲੱਗ-ਅਲੱਗ ਗ੍ਰਾਮ ਪੰਚਾਇਤਾਂ ਦੇ ਅਧੀਨ ਆਉਂਦੇ ਹਨ। ਰਿਕਾਰਡ ਵਿਚ ਦਰਜ ਹੈ ਕਿ ਦੋਵੇਂ ਸਰਪੰਚ ਅਤੇ ਉਹੀ ਸਰਕਾਰੀ ਅਧਿਕਾਰੀ ਇੱਕੋ ਸਮੇਂ ਦਸ ਗ੍ਰਾਮ ਸਭਾਵਾਂ ਵਿਚ ਮੌਜੂਦ ਸਨ। ਇਹ ਪ੍ਰਸ਼ਾਸਨਿਕ ਤੌਰ ਸੰਭਵ ਹੀ ਨਹੀਂ ਹੈ ਜੋ ਸਪਸ਼ਟ ਤੌਰ 'ਤੇ ਇਸ ਸਚਾਈ 'ਤੇ ਮੋਹਰ ਲਾਉਂਦਾ ਹੈ ਕਿ ਗ੍ਰਾਮ ਸਭਾ ਦੇ ਰਿਕਾਰਡ ਜਾਅਲੀ ਸਨ ਅਤੇ ਦਸਖ਼ਤ ਹੇਰਾਫੇਰੀ ਤੇ ਧੱਕੇ ਨਾਲ ਕਰਵਾਏ ਗਏ ਸਨ।

ਇਨ੍ਹਾਂ ਖ਼ੁਲਾਸਿਆਂ ਤੋਂ ਬਾਅਦ, ਕੇਂਦਰੀ ਕਬੀਲਿਆਂ ਲਈ ਮੰਤਰਾਲੇ ਵਿਚ ਸ਼ਿਕਾਇਤਾਂ ਦਰਜ ਕੀਤੀਆਂ ਗਈਆਂ, ਜਿਸਨੇ ਉੜੀਸਾ ਸਰਕਾਰ ਨੂੰ ਨਕਲੀ ਗ੍ਰਾਮ ਸਭਾਵਾਂ ਦੀ ਜਾਂਚ ਕਰਨ ਦਾ ਆਦੇਸ਼ ਦਿੱਤਾ। ਇਕ ਸਾਲ ਤੋਂ ਵੱਧ ਸਮਾਂ ਬੀਤਣ ਤੋਂ ਬਾਅਦ ਵੀ ਅਜਿਹੀ ਕੋਈ ਜਾਂਚ ਨਹੀਂ ਕੀਤੀ ਗਈ। ਸਤੰਬਰ 2024 ਵਿਚ, ਆਦਿਵਾਸੀਆਂ ਨੇ ਕਾਨੂੰਨ ਦੇ ਮੁਤਾਬਿਕ ਆਪਣੇ ਤੌਰ 'ਤੇ ਆਜ਼ਾਦ ਗ੍ਰਾਮ ਸਭਾਵਾਂ ਦਾ ਆਯੋਜਨ ਕੀਤਾ ਅਤੇ ਖਣਨ ਪ੍ਰੋਜੈਕਟ ਦੇ ਵਿਰੁੱਧ ਮਤੇ ਪਾਸ ਕੀਤੇ, ਜਿਨ੍ਹਾਂ ਵਿਚ ਜਾਅਲੀ ਕਾਰਵਾਈ ਲਈ ਜ਼ਿੰਮੇਵਾਰ ਵਿਅਕਤੀਆਂ ਦੇ ਵਿਰੁੱਧ ਫ਼ੌਜਦਾਰੀ ਕੇਸ ਦਰਜ ਕਰਨ ਦੀ ਮੰਗ ਕੀਤੀ ਗਈ। ਰਾਜ ਸਰਕਾਰ ਨੇ ਇਹ ਮਤੇ ਨਜ਼ਰਅੰਦਾਜ਼ ਕਰ ਦਿੱਤੇ ਕਿਉਂਕਿ ਜੇਕਰ ਕੇਸ ਦਰਜ ਕੀਤੇ ਜਾਂਦੇ ਤਾਂ ਪ੍ਰਸ਼ਾਸਨਿਕ ਤੇ ਕੰਪਨੀ ਦੇ ਅਧਿਕਾਰੀ ਫਸਦੇ ਸਨ ਅਤੇ ਕਾਰਪੋਰੇਟ-ਸਰਕਾਰ ਗੱਠਜੋੜ ਦੀ ਸਾਜ਼ਿਸ਼ ਬੇਪਰਦ ਹੋ ਜਾਣੀ ਸੀ। ਇਸਨੇ ਸਾਬਤ ਕਰ ਦਿੱਤਾ ਕਿ ਆਦਿਵਾਸੀਆਂ ਦੀ ਸਹਿਮਤੀ ਨਾ ਕਦੇ ਮੰਗੀ ਗਈ ਅਤੇ ਨਾ ਹੀ ਕਦੇ ਲਈ ਗਈ ਸੀ। ਇਨ੍ਹਾਂ ਗ੍ਰਾਮ ਸਭਾ ਇਕੱਠਾਂ ਵਿਚ ਹਥਿਆਰਬੰਦ ਪੁਲਿਸ, ਕੰਪਨੀ ਦੇ ਅਧਿਕਾਰੀਆਂ ਅਤੇ ਸਥਾਨਕ ਲੱਠਮਾਰਾਂ ਦੀ ਮੌਜੂਦਗੀ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਦਾ ਉਦੇਸ਼ ਆਦਿਵਾਸੀਆਂ ਦੀ ਆਜ਼ਾਦਾਨਾ ਰਾਇ ਲੈਣਾ ਨਹੀਂ ਸੀ ਬਲਕਿ ਉਨ੍ਹਾਂ ਨੂੰ ਡਰਾ-ਧਮਕਾਕੇ ਸਰਕਾਰੀ ਫ਼ੈਸਲਾ ਕਬੂਲਣ ਲਈ ਮਜਬੂਰ ਕਰਨਾ ਸੀ।

ਧੋਖਾਧੜੀ ਇੱਥੇ ਹੀ ਖ਼ਤਮ ਨਹੀਂ ਹੁੰਦੀ। ਸੰਵਿਧਾਨਕ ਅਤੇ ਕਾਨੂੰਨੀ ਰੁਕਾਵਟਾਂ ਨੂੰ ਦਰਕਿਨਾਰ ਕਰਨ ਲਈ ਸਟੇਟ ਨੇ ਸਰਕਾਰੀ ਕੰਟਰੋਲ ਹੇਠ ਉਦਯੋਗਿਕ ਵਿਕਾਸ ਨਿਗਮ ਬਣਾਇਆ, ਜ਼ਮੀਨ ਇਕ ਕਥਿਤ ਜ਼ਮੀਨ ਬੈਂਕ ਨੂੰ ਤਬਦੀਲ ਕੀਤੀ ਗਈ, ਅਤੇ ਫਿਰ ਵੇਦਾਂਤਾ ਨੂੰ ਸੌਂਪ ਦਿੱਤੀ ਗਈ। ਇਸ ਤਰ੍ਹਾਂ ਕਾਰਗਰ ਤਰੀਕੇ ਨਾਲ ਗ਼ੈਰ-ਕਾਨੂੰਨੀ ਜ਼ਮੀਨ ਤਬਾਦਲੇ ਨੂੰ ਨੌਕਰਸ਼ਾਹੀ ਤਰੀਕਿਆਂ ਦੁਆਰਾ ਕਾਨੂੰਨੀ ਰੂਪ ਦਿੱਤਾ ਗਿਆ। ਇਸੇ ਤਰ੍ਹਾਂ, ਲਾਜ਼ਮੀ ਵਾਤਾਵਰਣ ਪ੍ਰਭਾਵ ਮੁਲਾਂਕਣ ਦੀ ਪ੍ਰਕਿਰਿਆ ਨੂੰ ਖੋਖਲੀ ਰਸਮੀਂ ਕਾਰਵਾਈ ਬਣਾ ਦਿੱਤਾ ਗਿਆ। ਨਾਜ਼ੁਕ ਜੰਗਲੀ ਖੇਤਰ ਵਿਚ ਖਣਨ ਦੇ ਵਾਤਾਵਰਣ ਪੱਖੋਂ, ਸਮਾਜਿਕ, ਸੱਭਿਆਚਾਰਕ ਅਤੇ ਰੋਜ਼ੀ-ਰੋਟੀ ਉੱਪਰ ਕੀ ਪ੍ਰਭਾਵ ਪੈਣਗੇ ਉਨ੍ਹਾਂ ਦਾ ਬਾਰੀਕੀ 'ਚ, ਵਿਗਿਆਨਕ ਮੁਲਾਂਕਣ ਕਰਨ ਦੀ ਬਜਾਏ, ਸਟੇਟ ਨੇ ਮਹਿਜ਼ ਦਿਖਾਵੇ ਲਈ, ਅਧੂਰੀ ਅਤੇ ਕਾਰਪੋਰੇਟ-ਅਨੁਕੂਲ ਰਿਪੋਰਟ ਤਿਆਰ ਕੀਤੀ। ਆਦਿਵਾਸੀਆਂ, ਲੋਕ ਜਥੇਬੰਦੀਆਂ ਅਤੇ ਸਿਵਲ ਸੁਸਾਇਟੀ ਸਮੂਹਾਂ ਦੁਆਰਾ ਕੀਤੇ ਗਏ ਮਜ਼ਬੂਤ ਵਿਰੋਧ ਨੂੰ ਹਕਾਰਤ ਨਾਲ ਠੁਕਰਾ ਦਿੱਤਾ ਗਿਆ।

ਇਨ੍ਹਾਂ ਪ੍ਰਕਿਰਿਆਤਮਕ ਉਲੰਘਣਾਵਾਂ ਦੇ ਸਮਾਂਤਰ ਆਦਿਵਾਸੀ ਵਿਰੋਧ ਦੇ ਖਿ?ਲਾਫ਼ ਜਬਰ ਦਾ ਲਗਾਤਾਰ ਮੁਹਿੰਮ ਚਲਾਈ ਜਾ ਰਹੀ ਹੈ। ਪਿਛਲੇ ਦੋ ਸਾਲਾਂ ਤੋਂ, ਇਸ ਖੇਤਰ ਵਿਚ ਭਾਰੀ ਪੁਲਿਸ ਅਤੇ ਅਰਧ-ਸੈਨਿਕ ਬਲ ਤਾਇਨਾਤ ਕੀਤੇ ਗਏ ਹਨ। ਪੇਸ਼ ਇਹ ਕੀਤਾ ਜਾ ਰਿਹਾ ਹੈ ਕਿ ਇਹ ਕਾਨੂੰਨ-ਵਿਵਸਥਾ ਬਣਾਈ ਰੱਖਣ ਲਈ ਲਗਾਏ ਗਏ ਹਨ ਪਰ ਇਨ੍ਹਾਂ ਦਾ ਅਸਲ ਉਦੇਸ਼ ਆਦਿਵਾਸੀ ਲੋਕਾਂ ਵਿਚ ਦਹਿਸ਼ਤ ਪਾਉਣਾ ਅਤੇ ਪ੍ਰੋਜੈਕਟ ਦੇ ਵਿਰੋਧ ਨੂੰ ਕੁਚਲਣਾ ਹੈ। ਵਿਰੋਧ ਦੀ ਅਗਵਾਈ ਕਰ ਰਹੀ ਆਦਿਵਾਸੀ ਜਥੇਬੰਦੀ, 'ਮਾਂ ਮਾਟੀ ਮਾਲੀ ਸੁਰੱਖਿਆ ਮੰਚ' ਨੂੰ ਖ਼ਾਸ ਤੌਰ 'ਤੇ ਨਿਸ਼ਾਨਾ ਬਣਾਇਆ ਗਿਆ ਹੈ। ਕੰਪਨੀ ਦੇ ਸ਼ਿਸ਼ਕੇਰੇ ਗੁੰਡਿਆਂ ਵੱਲੋਂ ਬੇਖ਼ੌਫ਼ ਹੋ ਕੇ ਪਿੰਡਾਂ ਅਤੇ ਜਥੇਬੰਦੀ ਦੇ ਆਗੂਆਂ 'ਤੇ ਹਮਲੇ ਕੀਤੇ ਗਏ। ਜੂਨ 2025 ਤੋਂ ਇਕੱਠਾਂ ਉੱਪਰ ਪਾਬੰਦੀ ਦੇ ਹੁਕਮਾਂ ਰਾਹੀਂ ਖ਼ੌਫ਼ ਦਾ ਮਾਹੌਲ ਬਣਾਇਆ ਗਿਆ ਹੈ। ਸਾਦੇ ਕੱਪੜਿਆਂ ਵਾਲੇ ਵਿਅਕਤੀਆਂ ਵੱਲੋਂ ਆਦਿਵਾਸੀਆਂ ਨੂੰ ਗੱਡੀਆਂ ਵਿਚ ਸੁੱਟਕੇ ਲੈ ਜਾਣ ਦਾ ਸਿਲਸਿਲਾ ਚੱਲ ਰਿਹਾ ਹੈ। ਪਰਿਵਾਰਾਂ ਨੂੰ ਇਹ ਵੀ ਪਤਾ ਨਹੀਂ ਲੱਗਦਾ ਕਿ ਅਗਵਾ ਕੀਤੇ ਗਏ ਲੋਕ ਪੁਲਿਸ ਹਿਰਾਸਤ ਵਿਚ ਹਨ, ਕੰਪਨੀ ਦੇ ਏਜੰਟਾਂ






ਦੇ ਕਬਜ਼ੇ ਵਿਚ ਹਨ ਜਾਂ ਮੁਜਰਿਮ ਅਨਸਰਾਂ ਨੇ ਅਗਵਾ ਕੀਤੇ ਹਨ। 7 ਦਸੰਬਰ ਨੂੰ, ਕਾਸ਼ੀਪੁਰ ਬਲਾਕ ਦੇ ਸੁੰਗੇਰ ਚੌਕ ਉੱਪਰ ਦਿਨ ਦਿਹਾੜੇ, ਨੌਂ ਆਦਿਵਾਸੀ ਮਰਦਾਂ ਅਤੇ ਔਰਤਾਂ ਨੂੰ ਅਗਵਾ ਕਰ ਲਿਆ ਗਿਆ, ਫਿਰ ਉਨ੍ਹਾਂ ਉੱਪਰ ਝੂਠੇ ਕੇਸ ਪਾ ਕੇ ਜੇਲ੍ਹ ਭੇਜ ਦਿੱਤੇ ਗਏ। ਆਦਿਵਾਸੀਆਂ ਦੀ ਤਰਫ਼ੋਂ ਅਦਾਲਤ ਵਿਚ ਪੈਰਵੀ ਕਰਨ ਵਾਲੇ ਵਕੀਲਾਂ ਨੂੰ ਵੀ ਵੇਦਾਂਤਾ ਦੀ ਤਰਫ਼ੋਂ ਧਮਕੀਆਂ ਦਾ ਸਾਹਮਣਾ ਕਰਨਾ ਪਿਆ ਹੈ। ਕਾਰਪੋਰੇਟ-ਹਕੂਮਤ ਗੱਠਜੋੜ ਦੇ ਤਹਿਤ ਰਾਜ ਮਸ਼ੀਨਰੀ ਮੂਕ ਦਰਸ਼ਕ ਬਣੀ ਹੋਈ ਹੈ। ਰੋਜ਼ਮਰਾ ਜ਼ਿੰਦਗੀ ਅਸੰਭਵ ਹੋ ਗਈ ਹੈ, ਲੋਕ ਡਾਕਟਰੀ ਸਹਾਇਤਾ ਲੈਣ, ਜ਼ਰੂਰੀ ਸਮਾਨ ਖ਼ਰੀਦਣ ਜਾਂ ਹਫ਼ਤਾਵਾਰੀ ਬਾਜ਼ਾਰਾਂ ਵਿਚ ਜਾਣ ਤੋਂ ਵੀ ਡਰਦੇ ਹਨ।

ਇਨ੍ਹਾਂ ਸਾਰੇ ਤੱਥਾਂ ਨੂੰ ਜੋੜਕੇ ਦੇਖਣ 'ਤੇ ਰਾਜ ਤੰਤਰ ਦੀ ਇਕ ਸਪੱਸ਼ਟ ਤਸਵੀਰ ਸਾਹਮਣੇ ਆਉਂਦੀ ਹੈ ਜਿਸਨੇ ਕਾਰਪੋਰੇਟ ਹਿਤਾਂ ਦੀ ਸੇਵਾ ਲਈ ਸੰਵਿਧਾਨਕ ਵਿਵਸਥਾ, ਸਥਾਪਤ ਕਾਨੂੰਨਾਂ ਅਤੇ ਪ੍ਰਸ਼ਾਸਨਿਕ ਜਵਾਬਦੇਹੀ ਨੂੰ ਬੇਸ਼ਰਮੀਂ ਨਾਲ ਤਿਲਾਂਜਲੀ ਦਿੱਤੀ ਹੋਈ ਹੈ। ਸਿਜੀਮਾਲੀ ਖਣਨ ਪ੍ਰੋਜੈਕਟ ਇਸ ਵਰਤਾਰੇ ਦੀ ਭਿਆਨਕ ਮਿਸਾਲ ਹੈ ਕਿ ਕਿਵੇਂ ਹੁਕਮਰਾਨ ਜਦੋਂ ਵੀ ਚਾਹੁਣ, ਮੁਲਕ ਦੇ ਸਭ ਤੋਂ ਨਿਤਾਣੇ ਲੋਕਾਂ ਦੀ ਰੱਖਿਆ ਲਈ ਬਣਾਏ ਗਏ ਕਾਨੂੰਨਾਂ ਨੂੰ ਖੋਖਲਾ ਕਰ ਸਕਦੇ ਹਨ, ਕਿਵੇਂ ਨਿਤਾਣੇ ਲੋਕਾਂ ਕੋਲੋਂ ਉਨ੍ਹਾਂ ਦੇ ਹਿਤਾਂ ਦੇ ਵਿਰੁੱਧ ਜ਼ਬਰਦਸਤੀ ਅਤੇ ਧੋਖੇ ਨਾਲ 'ਸਹਿਮਤੀ' ਲਈ ਜਾ ਸਕਦੀ ਹੈ, ਅਤੇ ਜਦੋਂ ਲੋਕਾਂ ਦਾ ਜਾਇਜ਼ ਵਿਰੋਧ ਕਾਰਪੋਰੇਟ-ਹੁਕਮਰਾਨ ਗੱਠਜੋੜ ਨੂੰ ਚੁਣੌਤੀ ਦਿੰਦਾ ਹੈ ਤਾਂ ਸਾਰੇ ਕਾਨੂੰਨਾਂ ਨੂੰ ਛਿੱਕੇ ਟੰਗਕੇ ਕਿਵੇਂ ਉਨ੍ਹਾਂ ਨੂੰ ਮੌਜ ਨਾਲ ਹੀ ਮੁਜਰਿਮ ਠਹਿਰਾਇਆ ਜਾ ਸਕਦਾ ਹੈ।

ਇਹ ਮਿਸਾਲਾਂ ਭਾਰਤੀ ਹੁਕਮਰਾਨ ਜਮਾਤ ਵੱਲੋਂ 1990ਵਿਆਂ 'ਚ ਅਪਨਾਏ ਨਵ-ਉਦਾਰ ਆਰਥਕ ਮਾਡਲ ਦੇ ਵਿਆਪਕ ਸਿਲਸਿਲੇ ਦਾ ਹਿੱਸਾ ਹਨ। ਕੇਂਦਰੀ ਅਤੇ ਪੂਰਬੀ ਭਾਰਤ, ਪੱਛਮੀ ਘਾਟ ਅਤੇ ਹਿਮਾਲਿਆ ਖੇਤਰਾਂ ਵਿੱਚ ਵੱਡੇ ਪੱਧਰ 'ਤੇ ਜੰਗਲਾਂ ਦੀ ਕਟਾਈ ਅਤੇ ਖਣਨ ਕਾਰਵਾਈਆਂ ਦਾ ਰਾਹ ਪੱਧਰਾ ਕੀਤਾ ਜਾ ਰਿਹਾ ਹੈ। ਆਦਿਵਾਸੀਆਂ ਦੇ ਵਿਰੋਧ ਦੇ ਬਾਵਜੂਦ ਗੜ੍ਹਚਿਰੌਲੀ (ਮਹਾਰਾਸ਼ਟਰ) ਵਿਚ ਲੋਇਡ ਸਮੂਹ ਨੂੰ ਇਕ ਲੱਖ ਤੇਈ ਹਜ਼ਾਰ ਦਰੱਖ਼ਤ ਕੱਟਣ ਨੂੰ ਮਨਜ਼ੂਰੀ ਦੇ ਦਿੱਤੀ ਗਈ। ਸਰਗੁਜਾ (ਛੱਤੀਸਗੜ੍ਹ) ਵਿਚ ਅਡਾਨੀ ਸਮੂਹ ਵੱਲੋਂ ਕੋਲੇ ਦੇ ਖਣਨ ਰਾਹੀਂ ਪਹਾੜਾਂ ਨੂੰ ਤਬਾਹ ਕਰਨ ਵਿਰੁੱਧ ਆਦਿਵਾਸੀ ਜਾਨ-ਹੂਲਵੀਂ ਲੜਾਈ ਲੜ ਰਹੇ ਹਨ। ਸਥਾਨਕ ਲੋਕਾਂ ਨੂੰ ਸੱਤਾ ਅਤੇ ਕਾਰਪੋਰੇਟ ਲੱਠਮਾਰ ਤਾਕਤ ਦੇ ਜ਼ੋਰ ਅਤੇ ਉਜਾੜਿਆ ਅਤੇ ਖਦੇੜਿਆ ਜਾ ਰਿਹਾ ਹੈ। ਭਗਵਾ ਸਰਕਾਰ ਵੱਲੋਂ ਆਪਣੇ ਚਹੇਤੇ ਕਾਰਪੋਰੇਟਾਂ ਨੂੰ ਲਾਭ ਪਹੁੰਚਾਉਣ ਲਈ ਬੇਸ਼ੁਮਾਰ ਨੀਤੀਗਤ ਰੱਦੋਬਦਲ ਕੀਤੀ ਗਈ ਹੈ ਤਾਂ ਜੋ ਵਾਤਾਵਰਣ ਦੀ ਸੁਰੱਖਿਆ ਲਈ ਕਾਨੂੰਨੀ ਵਿਵਸਥਾ ਅੜਿੱਕਾ ਨਾ ਬਣੇ ਅਤੇ ਕਾਰਪੋਰੇਟ ਸਮੂਹ ਖਣਨ ਤੇ ਹੋਰ ਪ੍ਰੋਜੈਕਟ ਲਾਉਣ ਲਈ ਜੰਗਲਾਂ-ਪਹਾੜਾਂ ਦੀ ਬੇਰੋਕ-ਟੋਕ ਤਬਾਹੀ ਕਰ ਸਕਣ। ਹੁਕਮਰਾਨ ਜਮਾਤ ਅਤੇ ਰਾਜ-ਮਸ਼ੀਨਰੀ ਇਹ ਭਲੀਭਾਂਤ ਜਾਣਦੀ ਹੈ ਕਿ ਇਸ ਨੀਤੀਗਤ ਰੱਦੋਬਦਲ ਦੇ ਵਾਤਾਵਰਣ ਅਤੇ ਕੁਦਰਤੀ ਚੌਗਿਰਦੇ ਉੱਪਰ ਅਜਿਹੇ ਵਿਨਾਸ਼ਕਾਰੀ ਪ੍ਰਭਾਵ ਪੈਣਗੇ ਕਿ ਉਹ ਮੁੜ ਕਦੇ ਵੀ ਪਹਿਲੀ ਕੁਦਰਤੀ ਹਾਲਤ ਵਿਚ ਨਹੀਂ ਆ ਸਕਣਗੇ। ਹੁਕਮਰਾਨਾਂ ਅਤੇ ਨੌਕਰਸ਼ਾਹੀ ਨੂੰ ਲੋਕਾਂ ਅਤੇ ਪੌਣਪਾਣੀ ਦੀ ਪ੍ਰਵਾਹ ਨਹੀਂ ਹੈ, ਉਹ ਤਾਂ ਕਾਰਪੋਰੇਟਾਂ ਦੀ ਸੁਪਰ-ਮੁਨਾਫ਼ਿਆਂ ਦੀ ਲਾਲਸਾ ਦੀ ਸੇਵਾ ਲਈ ਹਾਜ਼ਰ ਹਨ ਅਤੇ ਇਸ ਦੇ ਬਦਲੇ ਕਾਰਪੋਰੇਟ ਸਮੂਹ ਬੇਥਾਹ ਫੰਡਾਂ ਦੀ ਬਖ਼ਸ਼ਿਸ਼ ਕਰਕੇ ਉਨ੍ਹਾਂ ਦਾ ਸੱਤਾ ਉੱਪਰ ਬਣੇ ਰਹਿਣਾ ਯਕੀਨੀਂ ਬਣਾਉਂਦੇ ਹਨ।

ਇਨ੍ਹਾਂ ਹਾਲਾਤ ਵਿਚ ਭਾਰਤ ਦੇ ਲੋਕਾਂ ਦੇ ਸੋਚਣ ਲਈ ਸਵਾਲ ਇਹ ਹੈ ਕਿ ਇਸ ਕਥਿਤ ਲੋਕਤੰਤਰ ਵਿਚ ਚੁਣੀਆਂ ਗਈਆਂ ਸਰਕਾਰਾਂ ਦਰਅਸਲ ਕਿਸ ਦੇ ਹਿਤ ਲਈ ਕੰਮ ਕਰਦੀਆਂ ਹਨ। ਜਦੋਂ ਵਿਸ਼ਾਲ ਲੋਕਾਈ ਦੇ ਹਿਤਾਂ, ਵਾਤਾਵਰਣ ਦੇ ਸਰੋਕਾਰਾਂ ਅਤੇ ਸਥਾਪਤ ਕਾਨੂੰਨਾਂ ਨੂੰ ਪੂਰੀ ਤਰ੍ਹਾਂ ਨਜ਼ਰ-ਅੰਦਾਜ਼ ਕਰਕੇ ਮੁੱਠੀ ਭਰ ਅਜਾਰੇਦਾਰ ਕਾਰਪੋਰੇਟ ਸਮੂਹਾਂ ਦੇ ਧਾੜਵੀ ਹਿਤਾਂ ਨੂੰ ਤਰਜ਼ੀਹ ਦਿੱਤੀ ਜਾਂਦੀ ਹੈ ਤਾਂ ਉਦੋਂ ਲੋਕਾਈ ਲਈ 'ਲੋਕਤੰਤਰ', ਸੰਵਿਧਾਨ ਅਤੇ 'ਕਾਨੂੰਨ ਦਾ ਰਾਜ' ਦੇ ਕੀ ਮਾਇਨੇ ਰਹਿ ਜਾਂਦੇ ਹਨ?

# ਮੋਦੀ ਹਕੂਮਤ ਦੇ ਨਵੇਂ ਲੋਕ ਦੋਖੀ ਕਦਮਾਂ ਖ਼ਿਲਾਫ਼ ਇੱਕਜੁੱਟ ਲੋਕ ਟਾਕਰਾ ਉਸਾਰਨ ਦੀ ਲੋੜ



ਮੋਦੀ ਸਰਕਾਰ ਨੇ ਪਾਰਲੀਮੈਂਟ ਸੈਸ਼ਨ ਵਿੱਚ ਇੱਕ ਵਾਰ ਫਿਰ ਸਾਮਰਾਜੀਆਂ ਤੇ ਮੁਲਕ ਦੇ ਵੱਡੇ ਸਰਮਾਏਦਾਰਾਂ ਦੇ ਕਾਰੋਬਾਰਾਂ ਖਾਤਰ ਕਾਨੂੰਨਾਂ 'ਚ ਤਬਦੀਲੀਆਂ ਦੀ ਹਨੇਰੀ ਲਿਆ ਰੱਖੀ ਹੈ। ਬਿਜਲੀ ਸੋਧ ਬਿਲ 2025 ਤਾਂ ਅਜੇ ਪੇਸ਼ ਹੋਣਾ ਹੈ, ਉਸ ਤੋਂ ਪਹਿਲਾਂ ਮਗਨਰੇਗਾ ਵਾਲਾ ਕਾਨੂੰਨ ਤਬਦੀਲ ਕਰਕੇ ਰੁਜ਼ਗਾਰ ਦੇ ਇਸ ਘੱਟੋ ਘੱਟ ਸਰਕਾਰੀ ਜ਼ਿੰਮੇਵਾਰੀ ਨੂੰ ਖੋਰਨ ਤੇ ਸਮੇਟਣ ਦਾ ਰਾਹ ਫੜ ਲਿਆ ਹੈ। ਪਰਮਾਣੂ ਖੇਤਰ ਅੰਦਰ ਮੁਲਕ ਦੇ ਵੱਡੇ ਸਰਮਾਏਦਾਰਾਂ ਤੇ ਸਾਮਰਾਜੀ ਕੰਪਨੀਆਂ ਨੂੰ ਊਰਜਾ ਪਲਾਂਟ ਲਾਉਣ ਦੀਆਂ ਛੋਟਾਂ ਦੇਣ ਵਾਲਾ ਨਵਾਂ SHANTI ਨਾਂ ਦਾ ਕਾਨੂੰਨ ਵੀ ਲੈ ਆਂਦਾ ਹੈ। ਅਮਰੀਕਾ ਨਾਲ ਦੇਸ਼ ਧ੍ਰੋਹੀ ਵਪਾਰ ਸਮਝੌਤੇ 'ਤੇ ਸਹੀ ਪਾਉਣ ਦੀ ਤਿਆਰੀ ਹੈ ਅਤੇ ਇਹ ਬਿਨਾਂ ਪਾਰਲੀਮੈਂਟ ਦੀ ਪਰਵਾਨਗੀ ਤੋਂ ਹੀ ਸਿਰੇ ਚਾੜ੍ਹੀ ਜਾਣੀ ਹੈ। ਬੀਜ ਬਿਲ ਤੇ ਬੀਮਾ ਖੇਤਰ ਅੰਦਰ 100% ਵਿਦੇਸ਼ੀ ਨਿਵੇਸ਼ ਨੂੰ ਪ੍ਰਵਾਨਗੀ ਸਮੇਤ ਕਾਰਪੋਰੇਟ ਘਰਾਣਿਆਂ ਦੇ ਕਾਰੋਬਾਰਾਂ ਲਈ ਖੁੱਲ੍ਹਾਂ ਦੇ ਹੋਰ ਵੀ ਕਿੰਨੇ ਹੀ ਤਰ੍ਹਾਂ ਦੇ ਨਵੇਂ ਕਦਮ ਸਾਹਮਣੇ ਆ ਰਹੇ ਹਨ। ਪਾਰਲੀਮੈਂਟ ਚ ਲਿਆਂਦੇ ਜਾ ਰਹੇ ਇਹ ਨਵੇਂ ਕਾਨੂੰਨ ਵਿਰੋਧੀ ਪਾਰਲੀਮੈਂਟਰੀ ਦੇ ਰਸਮੀ ਵਿਰੋਧ ਦਰਮਿਆਨ ਧੜਾ ਧੜ ਪਾਸ ਕੀਤੇ ਜਾ ਰਹੇ ਹਨ। ਮੋਦੀ ਸਰਕਾਰ ਵੱਲੋਂ 2014 ਤੋਂ ਹੁਣ ਤੱਕ 1577 ਕਾਨੂੰਨ ਤਬਦੀਲ ਕੀਤੇ ਗਏ ਹਨ ਜਾਂ ਰੱਦ ਕੀਤੇ ਗਏ ਹਨ। ਇਹਨਾਂ ਨਵੇਂ ਕਦਮਾਂ ਤੇ ਕਾਨੂੰਨਾਂ ਦੀ ਭਰਮਾਰ ਏਨੀ ਜਿਆਦਾ ਹੈ ਕਿ ਲੋਕਾਂ ਲਈ ਤਾਂ ਇਹਨਾਂ ਦੀ ਜਾਣਕਾਰੀ ਲੈਣਾ ਔਖਾ ਕਾਰਜ ਹੈ ਹੀ, ਇਥੋਂ ਤੱਕ ਕੇ ਵਿਰੋਧੀ ਪਾਰਟੀਆਂ ਦੇ ਐਮ ਪੀਜ਼ ਨੂੰ ਵੀ ਇਹਨਾਂ ਨੂੰ ਪੜ੍ਹਨਾ ਵਾਚਣਾ ਮੁਸ਼ਕਲ ਹੋ ਰਿਹਾ ਹੈ। ਸਰਕਾਰਾਂ ਕੋਲ ਤਾਂ ਇਹਨਾਂ ਕਾਰਜਾਂ ਲਈ ਹਜ਼ਾਰਾਂ ਉੱਚ ਪੱਧਰੇ ਅਧਿਕਾਰੀਆਂ ਦੀਆਂ ਝੋਕੀਆਂ ਹੋਈਆਂ ਕਿੰਨੀਆਂ ਹੀ ਟੀਮਾਂ ਹਨ ਜਦ ਕਿ ਲੋਕਾਂ ਕੋਲ ਤਾਂ ਅਜੇ ਆਪਣੇ ਬੁੱਧੀਜੀਵੀਆਂ ਦੀ ਗਿਣਤੀ ਵੀ ਸੀਮਤ ਹੈ। ਲੋਕ ਪੱਖੀ ਸ਼ਕਤੀਆਂ ਲਈ ਤਾਂ ਤੇਜ਼ੀ ਨਾਲ ਆ ਰਹੇ ਇਹਨਾਂ ਕਦਮਾਂ ਤੇ ਕਾਨੂੰਨਾਂ ਦਾ ਅਧਿਅਨ ਵੀ ਇੱਕ ਵੱਡਾ ਕਾਰਜ ਬਣ ਜਾਂਦਾ ਹੈ। ਇਸ ਲਈ ਇਹ ਹਾਲਤ ਲੋਕਾਂ ਦੀ ਲਹਿਰ ਨਾਲ ਜੁੜੇ ਬੁੱਧੀਜੀਵੀਆਂ ਨੂੰ ਲੋਕਾਂ ਮੂਹਰੇ ਕਾਨੂੰਨਾਂ ਦੀ ਸੱਚਾਈ ਉਗਾੜਨ ਦੇ ਇਸ ਕਾਰਜ ਵਿੱਚ ਹੱਥ ਵਟਾਈ ਲਈ ਅੱਗੇ ਆਉਣ ਦਾ ਸਵਾਲ ਵੀ ਪਾਉਂਦੀ ਹੈ।

ਪੰਜਾਬ ਦੀ ਭਗਵੰਤ ਮਾਨ ਸਰਕਾਰ ਵੀ ਨਿਜੀਕਰਨ ਦੇ ਇਸੇ ਰਾਹ 'ਤੇ ਚਲਦਿਆਂ ਜਨਤਕ ਜਾਇਦਾਦਾਂ ਵੇਚਣ ਤੋਂ ਲੈ ਕੇ ਸਰਕਾਰੀ ਹਸਪਤਾਲਾਂ, ਸਰਕਾਰੀ ਟਰਾਂਸਪੋਰਟ ਤੇ ਹੋਰ ਖੇਤਰਾਂ ਅੰਦਰ ਕਾਰੋਬਾਰੀ ਕੰਪਨੀਆਂ ਦੇ ਦਾਖਲੇ ਦੇ ਕਦਮ ਲੈ ਰਹੀ ਹੈ। ਆਪਣੇ ਵਿੱਤ ਦੇ ਹਿਸਾਬ ਸਾਮਰਾਜੀਆਂ ਤੇ ਦਲਾਲ ਸਰਮਾਏਦਾਰਾਂ ਦੀ ਸੇਵਾ ਕਰਨ ਪੱਖੋਂ ਇਹ ਹਕੂਮਤ ਮੋਦੀ ਸਰਕਾਰ ਤੋਂ ਪਿੱਛੇ ਨਹੀਂ ਹੈ। ਮੋਦੀ ਸਰਕਾਰ ਇਹ ਹੱਲਾ ਹਿੰਦੂਤਵੀ ਰਾਜ ਬਣਾਉਣ ਦੇ ਨਾਂ ਹੇਠ ਕਰ ਰਹੀ ਹੈ ਤਾਂ ਪੰਜਾਬ ਸਰਕਾਰ ਦਾ ਇਨ੍ਹਾਂ ਹੀ ਨੀਤੀਆਂ ਦਾ ਹਮਲਾ ਰੰਗਲਾ ਪੰਜਾਬ ਬਣਾਉਣ ਵਰਗੇ ਨਾਅਰਿਆਂ ਹੇਠ ਲਾਗੂ ਹੋ ਰਿਹਾ ਹੈ।

ਸਾਮਰਾਜੀ ਸੰਸਾਰੀਕਰਨ ਵਾਲੀਆਂ ਨੀਤੀਆਂ ਦੇ ਇਨ੍ਹਾਂ ਤਾਜ਼ਾ ਕਦਮਾਂ ਖ਼ਿਲਾਫ਼ ਪੰਜਾਬ ਅੰਦਰ ਵੱਖ ਵੱਖ ਵਰਗਾਂ ਦੀ ਰੋਸ ਆਵਾਜ਼ ਵੀ ਉੱਠ ਰਹੀ ਹੈ। ਇਨ੍ਹਾਂ 'ਚੋਂ ਕੁਝ ਕਦਮਾਂ ਖਿਲਾਫ ਸੂਬੇ ਦੀਆਂ ਜਨਤਕ ਜਥੇਬੰਦੀਆਂ ਵੱਲੋਂ ਸਾਂਝੇ ਰੋਸ ਐਕਸ਼ਨ ਹੋ ਰਹੇ ਹਨ ਤੇ ਸਾਂਝੇ ਸੰਘਰਸ਼ ਐਕਸ਼ਨਾਂ ਦੇ ਅਗਲੇ ਐਲਾਨ ਵੀ ਹੋ ਰਹੇ ਹਨ। ਹਰ ਵਰਗ ਆਪੋ ਆਪਣੇ ਪੱਧਰ 'ਤੇ ਵੀ ਵਿਰੋਧ ਕਰ ਰਿਹਾ ਹੈ। ਇਹ ਹਮਲਾ ਸਧਾਰਨ ਰਫ਼ਤਾਰ ਵਾਲਾ ਨਹੀਂ ਹੈ। ਲੋਕਾਂ ਖਿਲਾਫ਼ ਇਸਦਾ ਹੂੰਝਾ ਤੇ ਤਿੱਖ ਬਹੁਤ ਵਿਆਪਕ ਹੈ। ਮੁਲਕ ਦੀਆਂ ਹਾਕਮ ਜਮਾਤਾਂ ਦੀ ਦਹਾਕਿਆਂ ਤੋਂ ਤੁਰੀ ਆ ਰਹੀ ਵਿਉਂਤ ਤੇ ਇਨ੍ਹਾਂ ਦੇ ਸਾਮਰਾਜੀ ਆਕਾਵਾਂ ਦੀਆਂ ਨਜ਼ਰਾਂ ਚ ਧੜੱਲੇਦਾਰ ਕਦਮ ਚੱਕਣ ਪੱਖੋਂ ਪੈ ਰਹੀ ਪਿਛੇਤ ਇਸ ਤੇਜ ਰਫ਼ਤਾਰੀ ਦੀ ਇੱਕ ਵਜ੍ਹਾ ਬਣੀ ਹੋਈ ਹੈ। ਸੰਸਾਰ ਸਾਮਰਾਜੀ ਤਾਕਤਾਂ ਦਾ ਆਪਣਾ ਦਿਨੋਂ ਦਿਨ ਡੂੰਘਾ ਹੋ ਰਿਹਾ ਸੰਕਟ ਸੰਕਟ ਪਛੜੇ ਮੁਲਕਾਂ ਦੇ ਕਿਰਤੀ ਲੋਕਾਂ 'ਤੇ ਲੱਦਣ ਦੀ ਤੱਦੀ ਵੀ ਇਕ ਹੋਰ ਵਜਾ ਬਣੀ ਹੋਈ ਹੈ। ਹਿੰਦੂਤਵੀ ਫਿਰਕੂ ਸਾਵਨਵਾਦ ਅਤੇ ਫਿਰਕੂ ਰਾਸ਼ਟਰਵਾਦ ਦੇ ਫਾਸ਼ੀ ਹੱਲੇ ਦੇ ਜ਼ੋਰ ਨਾਲ ਇਹ ਤੇਜ਼ ਰਫਤਾਰ ਕਾਇਮ ਰੱਖੀ ਜਾ ਰਹੀ ਹੈ। ਜੰਗਲੀ ਖੇਤਰਾਂ ਅੰਦਰ ਆਦਿਵਾਸੀਆਂ ਦੀ ਟਾਕਰਾ ਲਹਿਰ ਤੇ ਮਾਓਵਾਦੀ ਇਨਕਲਾਬੀਆਂ 'ਤੇ ਵੱਡੀ ਸੱਟ ਮਾਰਨ ਮਗਰੋਂ ਕੇਂਦਰੀ ਹਕੂਮਤ ਸਾਮਰਾਜੀਆਂ ਤੇ ਮੁਲਕ ਦੇ ਵੱਡੇ ਸਰਮਾਏਦਾਰਾਂ ਦੀ ਵਿਤੀ ਪੂੰਜੀ ਨੂੰ ਮਨ-ਚਾਹੀਆਂ ਖੁੱਲ੍ਹਾਂ ਖੇਡਣ ਦਾ ਰਾਹ ਜਿਆਦਾ ਭਰੋਸੇ ਨਾਲ ਪੱਧਰਾ ਕਰਨ ਦੇ ਕਦਮ ਲੈ ਰਹੀ ਹੈ। ਆਦਿਵਾਸੀ ਖੇਤਰਾਂ ਵਿੱਚ ਲੋਕ ਟਾਕਰੇ ਨੂੰ ਕੁਚਲਣ ਦੇ ਜਾਬਰ ਹੱਲੇ ਰਾਹੀਂ ਅਤੇ ਮੁਲਕ ਭਰ ਦੇ ਬੁੱਧੀਜੀਵੀਆਂ ਤੇ ਜਮਹੂਰੀ ਆਵਾਜ਼ਾਂ ਦੀ ਜ਼ੁਬਾਨਬੰਦੀ ਦੇ ਕਦਮਾਂ ਰਾਹੀਂ ਮੋਦੀ ਸਰਕਾਰ ਸੰਸਾਰ ਕਾਰਪੋਰੇਟ ਪੂੰਜੀ ਦੀ ਚਹੇਤੀ ਬਣ ਕੇ ਉਭਰ ਰਹੀ ਹੈ।

ਇਸ ਵੇਲੇ ਪੰਜਾਬ ਅੰਦਰ ਇਹਨਾਂ ਨਵੇਂ ਕਦਮਾਂ ਖਿਲਾਫ ਪ੍ਰਗਟ ਹੋ ਰਹੇ ਰੋਸ ਨੂੰ ਹੋਰ ਉਚੇਰੇ ਪੱਧਰ 'ਤੇ ਲਿਜਾਣ ਅਤੇ ਇੱਕਜੁਟ ਸੰਘਰਸ਼ ਆਵਾਜ਼ ਵਿੱਚ ਬਦਲਣ ਲਈ ਗੰਭੀਰ ਯਤਨ ਜੁਟਾਉਣ ਦੀ ਲੋੜ ਹੈ। ਇਹਨਾਂ ਕਦਮਾਂ ਪਿਛਲੀਆਂ ਨੀਤੀਆਂ ਦੀ ਸਾਂਝੀ ਤੰਦ ਨੂੰ ਲੋਕਾਂ ਸਾਹਮਣੇ ਪੇਸ਼ ਕਰਨ ਦੀ ਲੋੜ ਹੈ। ਇਸ ਸਮੁੱਚੇ ਹਮਲੇ ਨੂੰ ਇਕ ਦੂਜੇ ਨਾਲ ਜੁੜਦੀਆਂ ਤੰਦਾਂ ਵਾਲੇ ਬਹੁ-ਪਰਤੀ ਹਮਲੇ ਵਜੋਂ ਲੋਕਾਂ ਸਾਹਮਣੇ ਪੇਸ਼ ਕਰਨ ਦੀ ਲੋੜ ਹੈ। ਲੋਕਾਂ ਦੇ ਰੋਸ ਨੂੰ ਇਹਨਾਂ ਅੰਸ਼ਿਕ ਇਜਹਾਰਾਂ ਤੋਂ ਅੱਗੇ ਨਿੱਜੀਕਰਨ, ਵਪਾਰੀਕਰਨ, ਉਦਾਰੀਕਰਨ ਦੀਆਂ ਨੀਤੀਆਂ ਵੱਲ ਸੇਧਤ ਕਰਨ ਦੀ ਲੋੜ ਹੈ। ਇਹਨੂੰ ਨੀਤੀਆਂ ਨੂੰ ਲਾਗੂ ਕਰਨ ਦੀ ਵਜ੍ਹਾ ਬਣਦੇ ਤੇ ਤਾਕਤ ਦਿੰਦੇ ਸਾਮਰਾਜੀ ਦਾਬੇ ਤੇ ਚੋਰ ਗੁਲਾਮੀ ਦੀ ਅਸਲੀਅਤ ਨੂੰ ਲੋਕਾਂ ਸਾਹਮਣੇ ਉਘਾੜਨ ਦੀ ਲੋੜ ਹੈ। ਸਾਮਰਾਜੀਆਂ ਤੇ ਵੱਡੇ ਸਰਮਾਏਦਾਰਾਂ, ਜਗੀਰਦਾਰਾਂ ਦੇ ਹਿਤਾਂ ਦੀ ਪੂੱਗਤ ਵਾਲੇ ਮੌਜੂਦਾ ਲੋਕ ਦੋਖੀ ਰਾਜ ਨੂੰ ਲੋਕਾਂ 'ਤੇ ਕਹਿਰ ਵਰਸਾਉਣ ਵਾਲੇ ਰਾਜ ਵਜੋਂ ਪੇਸ਼ ਕਰਨ ਦੀ ਲੋੜ ਹੈ।

ਲੋਕਾਂ ਨੂੰ ਇਹ ਦਰਸਾਉਣ ਦੀ ਲੋੜ ਹੈ ਕਿ ਇਕੱਲੇ ਇਕੱਲੇ ਕਦਮ ਜਾਂ ਕਾਨੂੰਨ ਨੂੰ ਰੱਦ ਕਰਾਉਣ ਦੀ ਮੰਗ ਤੱਕ ਸੀਮਤ ਲਾਮਬੰਦੀ ਇਸ ਭਿਆਨਕ ਹੱਲੇ ਦਾ ਜਵਾਬ ਨਹੀਂ ਬਣ ਸਕਦੀ। ਇਹ ਬਹੁਤ ਊਣੀ ਨਿਬੜਦੀ ਹੈ। ਇਸ ਦਾ ਅਸਰਦਾਰ ਜਵਾਬ ਦੇਣ ਲਈ ਸਾਰੇ ਕਿਰਤੀ ਵਰਗਾਂ ਤੇ ਦਬਾਈਆਂ ਜਮਾਤਾਂ ਦਾ ਸਾਂਝਾ ਟਾਕਰਾ ਲੋੜੀਂਦਾ ਹੈ। ਇਹ ਸਾਂਝਾ ਟਾਕਰਾ ਲੋਕਾਂ ਦੀ ਤਾਕਤ ਚ ਸਿਰਫ ਮਿਕਦਾਰੀ ਵਾਧਾ ਹੀ ਨਹੀਂ ਬਣਦਾ ਸਗੋਂ ਇਹ ਲੋਕਾਂ ਦੇ ਵਿਰੋਧ ਦੀ ਸਿਫ਼ਤ ਵੀ ਬਦਲ ਦਿੰਦਾ ਹੈ। ਇਹ ਸਾਂਝਾ ਉੱਦਮ ਲੋਕਾਂ ਦੀ ਟਾਕਰਾ ਲਹਿਰ ਨੂੰ ਹੋਰ ਉਚੇਰੇ ਪੱਧਰਾਂ 'ਤੇ ਲੈ ਜਾਂਦਾ ਹੈ ਅਤੇ ਅਤੇ ਆਖਰ ਨੂੰ ਲੋਕ ਪੱਖੀ ਸਿਆਸੀ ਤਬਦੀਲੀ ਵੱਲ ਜਾਣ ਦਾ ਰਾਹ ਬਣਾਉਂਦਾ ਹੈ। ਇਸ ਦੇ ਨਾਲ ਹੀ ਪਿਛਲੇ ਦਹਾਕਿਆਂ ਦੌਰਾਨ ਦੇਸ਼ ਭਰ ਅੰਦਰ ਲੋਕਾਂ ਵੱਲੋਂ ਇਹਨਾਂ ਨੀਤੀਆਂ ਖਿਲਾਫ ਹੋਏ ਟਾਕਰਾ ਸੰਘਰਸ਼ਾਂ ਦਾ ਮਹੱਤਵ ਵੀ ਉਭਾਰਨ ਦੀ ਲੋੜ ਹੈ। ਲੋਕਾਂ ਦੇ ਇਹਨਾਂ ਟਾਕਰਾ ਸੰਘਰਸ਼ਾਂ ਵੱਲੋਂ ਨੀਤੀਆਂ ਲਾਗੂ ਹੋਣ ਦੇ ਅਮਲ ਵਿੱਚ ਖੜੇ ਕੀਤੇ ਖੜਿੱਕਿਆਂ ਨੂੰ ਲੋਕਾਂ ਦੇ ਸੰਘਰਸ਼ਾਂ ਦੀਆਂ ਪ੍ਰਾਪਤੀਆਂ ਵਜੋਂ ਉਭਾਰਨ ਅਤੇ ਮੁਲਕ ਦੇ ਹੁਕਮਰਾਨਾਂ ਦੀਆਂ ਲੁਟੇਰੀਆਂ ਵਿਉਂਤਾਂ 'ਚ ਵਿਘਨ ਪਾਉਣ ਵਾਲੀ ਲੋਕ ਸਰਗਰਮੀ ਵਜੋਂ ਉਭਾਰਨ ਦੀ ਲੋੜ ਹੈ। ਆਦਿਵਾਸੀ ਖੇਤਰਾਂ ਅੰਦਰ ਸਾਮਰਾਜੀ ਬਹੁਕੌਮੀ ਕੰਪਨੀਆਂ ਦੇ ਡੱਕੇ ਹੋਏ ਖਾਣਾਂ ਤੇ ਹੋਰ ਪ੍ਰੋਜੈਕਟਾਂ ਤੋਂ ਲੈ ਕੇ ਕਿੰਨੇ ਹੀ ਸਰਕਾਰੀ ਅਦਾਰਿਆਂ ਤੇ ਸਰਕਾਰੀ ਖੇਤੀ ਮੰਡੀ ਨੂੰ ਬਚਾਉਣ ਲਈ ਹੋਏ ਸੰਘਰਸ਼ਾਂ ਤੱਕ ਦੇ ਵਿਸ਼ਾਲ ਟਾਕਰਾ ਕੈਨਵਸ ਦੀਆਂ ਪ੍ਰਾਪਤੀਆਂ ਤੇ ਸੀਮਤਾਈਆਂ ਦੇ ਤਜਰਬੇ ਨੂੰ ਲੋਕਾਂ ਮੂਹਰੇ ਪੇਸ਼ ਕਰਨ ਦੀ ਲੋੜ ਹੈ।

ਸਾਮਰਾਜੀ ਸੰਸਾਰੀਕਰਨ ਦੇ ਇਸ ਹੱਲੇ ਖ਼ਿਲਾਫ਼ ਅਸਰਦਾਰ ਲੋਕ ਟਾਕਰਾ ਲਹਿਰ ਦੀ ਉਸਾਰੀ ਕਰਨ ਲਈ ਇਹਨਾਂ ਆ ਰਹੇ ਕਦਮਾਂ ਦੇ ਵਿਰੋਧ ਤੱਕ ਸੀਮਤ ਰਹਿਣ ਦਾ ਹੀ ਸਵਾਲ ਨਹੀਂ ਹੈ ਸਗੋਂ ਇਹਨਾਂ ਕਦਮਾਂ ਮੁਕਾਬਲੇ ਲੋਕਾਂ ਦੀ ਜ਼ਿੰਦਗੀ ਅੰਦਰ ਹਕੀਕੀ ਰਾਹਤ ਤੇ ਬੇਹਤਰੀ ਦਾ ਸਾਧਨ ਬਣਨ ਵਾਲੇ ਬਦਲਵੇਂ ਕਦਮਾਂ ਵਾਲਾ ਪ੍ਰੋਗਰਾਮ ਲੋੜੀਂਦਾ ਹੈ। ਜਿਸ ਅਖੌਤੀ ਵਿਕਾਸ ਮਾਡਲ ਦੇ ਤਹਿਤ ਇਹ ਕਦਮ ਚੱਕੇ ਜਾ ਰਹੇ ਹਨ, ਉਸ ਮਾਡਲ ਨੂੰ ਸਮੁੱਚੇ ਤੌਰ 'ਤੇ ਚੁਣੌਤੀ ਦੇਣ ਦਾ ਸਵਾਲ ਹੈ ਅਤੇ ਉਸ ਮਾਡਲ ਦੇ ਮੁਕਾਬਲੇ ਬਦਲਵੇਂ ਲੋਕ ਪੱਖੀ ਅਤੇ ਮੁਲਕ ਦੇ ਸੋਮਿਆਂ 'ਤੇ ਨਿਰਭਰ ਵਿਕਾਸ ਮਾਡਲ ਨੂੰ ਉਭਾਰਨ ਦਾ ਸਵਾਲ ਹੈ। ਪੰਜਾਬ ਨੂੰ ਵਿਦੇਸ਼ੀ ਪੂੰਜੀ ਨਿਵੇਸ਼ ਲਈ ਲਭਾਉਣੀ ਜਗ੍ਹਾ ਵਜੋਂ ਪੇਸ਼ ਕਰਨ ਦੇ ਸਾਰੀਆਂ ਹਾਕਮ ਜਮਾਤੀ ਪਾਰਟੀਆਂ ਦੇ ਸਾਂਝੇ ਨਾਅਰੇ 'ਤੇ ਸੱਟ ਮਾਰਨ ਦੀ ਲੋੜ ਹੈ। ਵਿਦੇਸ਼ੀ ਤੇ ਵੱਡੇ ਸਰਮਾਏਦਾਰਾਂ ਦੀ ਪੂੰਜੀ ਪੰਜਾਬ ਅੰਦਰ ਲਵਾਉਣ ਲਈ ਲਿਲਕੜੀਆਂ ਕੱਢਦੇ ਫਿਰਦੇ ਪੰਜਾਬ ਦੇ ਸਿਆਸਤਦਾਨਾਂ ਨੂੰ ਪੰਜਾਬ ਦੋਖੀ ਸਿਆਸਤਦਾਨਾਂ ਵਜੋਂ ਦਰਸਾਉਣ ਦੀ ਲੋੜ ਹੈ ਤੇ ਇਸੇ ਪੂੰਜੀ ਨਿਵੇਸ਼ ਨੂੰ ਪੰਜਾਬ ਦੇ ਉਜਾੜੇ ਤੇ ਤਬਾਹੀ ਦੇ ਕਾਰਨ ਵਜੋਂ ਦਿਖਾਉਣ ਦੀ ਲੋੜ ਹੈ। ਪੂੰਜੀ ਨਿਵੇਸ਼ ਦੀ ਇਸ ਤ੍ਰਿਸ਼ਨਾ 'ਤੇ ਲੋਕਾਂ ਵੱਲੋਂ ਸਿਆਸੀ ਹਮਲਾ ਬੋਲਣ ਦੀ ਲੋੜ ਹੈ।

ਲੋਕ ਆਪੋ ਆਪਣੇ ਪੱਧਰਾਂ 'ਤੇ ਆਪਣੀ ਹਾਸਲ ਜਥੇਬੰਦਕ ਤਾਕਤ ਅਨੁਸਾਰ ਇਹਨਾਂ ਕਦਮਾਂ ਦੇ ਖਿਲਾਫ ਵਿਰੋਧ ਵਿੱਚ ਨਿਤਰ ਰਹੇ ਹਨ ਪਰ ਇਨਕਲਾਬੀ ਸ਼ਕਤੀਆਂ ਦਾ ਕਾਰਜ ਇਹ ਬਣਦਾ ਹੈ ਕਿ ਉਹ ਇਸ ਖਿੰਡਵੇਂ ਤੇ ਟੁੱਟਵੇਂ ਰੋਸ ਹੁੰਗਾਰਿਆਂ ਨੂੰ ਇੱਕਜੁੱਟ ਵਿਰੋਧ ਲਹਿਰ ਵਿੱਚ ਬਦਲਣ ਲਈ ਯਤਨ ਜਟਾਉਣ। ਲੋਕਾਂ ਦੀਆਂ ਜਥੇਬੰਦੀਆਂ ਦੇ ਮੌਜੂਦਾ ਪੱਧਰ ਅਤੇ ਆਪਸੀ ਸਾਂਝ ਦੀ ਹਕੀਕਤ ਤੋਂ ਸ਼ੁਰੂ ਕਰਦਿਆਂ ਤਾਲਮੇਲ ਤੇ ਸਹਿਯੋਗ ਰਾਹੀਂ ਸਾਂਝੇ ਸੰਘਰਸ਼ ਉਸਾਰਨ ਵੱਲ ਅੱਗੇ ਵਧਣ ਦੀ ਪਹੁੰਚ ਉਭਾਰਨ ਦੀ ਲੋੜ ਹੈ। ਇਸ ਨਵੇਂ ਹੱਲੇ ਦੇ ਮੁਕਾਬਲੇ ਜੋਕਾਂ ਖਿਲਾਫ ਲੋਕਾਂ ਦੇ ਹਮਲੇ ਦਾ ਬਦਲਵਾਂ ਪ੍ਰੋਗਰਾਮ ਲੋਕਾਂ ਸਾਹਮਣੇ ਪੇਸ਼ ਕਰਨ ਤੇ ਇਸਦੀ ਪ੍ਰਾਪਤੀ ਲਈ ਲਮਕਵੇਂ ਜਨਤਕ ਖਾੜਕੂ ਸੰਘਰਸ਼ਾਂ ਦਾ ਰਾਹ ਬੁਲੰਦ ਕਰਨ। ਅਸਰਦਾਰ ਟਾਕਰੇ ਵਾਲੇ ਲੋਕ ਘੋਲ ਕੇਂਦਰਾਂ ਦੀ ਉਸਾਰੀ ਦਾ ਮਾਰਗ ਲੋਕਾਂ ਸਾਹਮਣੇ ਉਭਾਰਨ। ਮੌਜੂਦਾ ਲੋਕ ਸੰਘਰਸ਼ਾਂ ਨੂੰ ਉਸ ਰਾਹ 'ਤੇ ਅੱਗੇ ਵਧਾਉਣ ਲਈ ਲੋਕਾਂ ਦੀ ਚੇਤਨਾ ਤੇ ਜਥੇਬੰਦਕ ਤਾਕਤ ਦੇ ਮੌਜੂਦ ਖੱਪਿਆਂ ਨੂੰ ਭਰਨ ਲਈ ਯਤਨਸ਼ੀਲ ਹੋਣ। ਇਹਨਾਂ ਨਵੇਂ ਹਮਲੇ ਦੇ ਕਦਮਾਂ ਖਿਲਾਫ ਲੋਕ ਸੰਘਰਸ਼ ਦੀ ਸਰਗਰਮੀ 'ਤੇ ਇਸ ਬਦਲਵੇਂ ਸਿਆਸੀ ਪ੍ਰੋਗਰਾਮ ਅਤੇ ਲਮਕਵੇਂ ਖਾੜਕੂ ਸੰਘਰਸ਼ਾਂ ਦੀ ਇਨਕਲਾਬੀ ਸਿਆਸਤ ਦੀ ਮੋਹਰਛਾਪ ਜਰੂਰੀ ਹੈ। ਇਸ ਇਨਕਲਾਬੀ ਸਿਆਸਤ ਦੀ ਸੇਧ ਤੋਂ ਬਿਨਾਂ ਲੋਕਾਂ ਦੀ ਇਹ ਟਾਕਰਾ ਸਰਗਰਮੀ ਮੁੜ ਮੁੜ ਉਨ੍ਹਾਂ ਹੀ ਰੋਸ ਪ੍ਰਗਟਾਵੇ ਦੀਆਂ ਘੁੰਮਣ ਘੇਰੀਆਂ ਵਿੱਚ ਫਸੀ ਰਹਿਣ ਲਈ ਸਰਾਪੀ ਰਹੇਗੀ। ਜਿਆਦਾ ਤੋਂ ਜਿਆਦਾ ਕਿਸੇ ਨਵੇਂ ਕਦਮ ਨੇ ਰੱਦ ਕਰਵਾ ਲੈਣ ਤਕ ਸੀਮਤ ਰਹੇਗੀ। ਲੋਕਾਂ ਨੂੰ ਇਹ ਦਿਖਾਉਣ ਦੀ ਲੋੜ ਹੈ ਕਿ ਰੱਦ ਕਰਾਏ ਕਦਮ ਫਿਰ ਕਿਸੇ ਨਵੇਂ ਕਾਨੂੰਨ ਦੀ ਸ਼ਕਲ ਧਾਰ ਕੇ ਆ ਜਾਂਦੇ ਹਨ ਜਿਵੇਂ ਖੇਤੀ ਕਾਨੂੰਨਾਂ ਰਾਹੀਂ ਸਰਕਾਰੀ ਮੰਡੀ ਦੇ ਖਾਤਮੇ ਦੇ ਕਦਮ ਪਿਛਲੇ ਸਾਲ ਨਵੀਂ ਖੇਤੀ ਮਾਰਕੀਟਿੰਗ ਨੀਤੀ ਦਾ ਰੂਪ ਧਾਰ ਕੇ ਆਏ ਹੋਏ ਹਨ।

ਸਮਾਜ ਅੰਦਰ ਇਨਕਲਾਬੀ ਸਿਆਸੀ ਤਬਦੀਲੀ ਲਈ ਜੂਝਦੀਆਂ ਤਾਕਤਾਂ ਨੂੰ ਇਸ ਹੋ ਰਹੀ ਲੋਕ ਲਾਮਬੰਦੀ ਦਰਮਿਆਨ ਇਹ ਕਾਰਜ ਵੀ ਓਟਣਾ ਚਾਹੀਦਾ ਹੈ। ਇਹ ਇਨਕਲਾਬੀ ਸਿਆਸੀ ਸੇਧ ਹੀ ਇਹਨਾਂ ਫੌਰੀ ਹਮਲਾਵਰ ਕਦਮਾਂ ਖ਼ ?ਲਾਫ਼ ਹੋ ਰਹੇ ਰੋਜ਼-ਮਰਾ ਦੇ ਸੰਘਰਸ਼ਾਂ ਨੂੰ ਅਸਰਦਾਰ ਲੋਕ ਟਾਕਰੇ ਵਿੱਚ ਤੇ ਉਸ ਤੋਂ ਅੱਗੇ ਲੋਕ ਮੁਕਤੀ ਦੇ ਮਿਸ਼ਨ ਤੱਕ ਪੁੱਜਣ ਵਾਲੇ ਸੰਘਰਸ਼ਾਂ 'ਚ ਤਬਦੀਲ ਕਰ ਸਕਦੀ ਹੈ।

**- ਸੁਰਖ ਲੀਹ**

# ਦੋ ਸੂਬੇ, ਇਕ ਪਰਿਵਾਰ ਦੇ ਦੋ ਭਰਾ-ਵੱਖੋ ਵੱਖਰੇ ਰਾਹ



ਐਸ ਐਲ ਵਿਰਦੀ
ਐਡਵੋਕੇਟ
98145-17499



ਪੰਜਾਬ ਮੁੱਢ-ਕਦੀਮ ਤੋਂ ਹੀ ਅਜ਼ਾਦੀ ਲਈ ਲੜਦਾ ਰਿਹਾ ਹੈ। ਭਾਰਤ ਦੀ ਅਜ਼ਾਦੀ ਦੀ ਲੜਾਈ ਵਿੱਚ ਪੰਜਾਬੀਆਂ ਦੀ ਮਹਾਨ ਦੇਣ ਹੈ। ਪੰਜਾਬ ਦੀ ਧਰਤੀ ਦਾ ਸ਼ਾਇਦ ਹੀ ਕੋਈ ਐਸਾ ਹਿੱਸਾ ਹੋਵੇ, ਜਿਹੜਾ ਅਜ਼ਾਦੀ, ਸਮਾਨਤਾ, ਭਾਈਚਾਰਾ ਅਤੇ ਨਿਆਂ ਲਈ ਸ਼ਹੀਦ ਹੋਏ ਪੰਜਾਬੀਆਂ ਦੇ ਲਹੂ ਨਾਲ ਰੰਗਿਆ ਨਾ ਹੋਵੇ। ਪਰ ਅਫ਼ਸੋਸ ਹੈ ਕਿ ਹਜ਼ਾਰਾਂ ਯੋਧਿਆਂ, ਗੁਰੂ ਸਹਿਬਾਨਾਂ, ਗਦਰੀ ਬਾਬਿਆਂ, ਸ਼ਹੀਦ ਕਰਤਾਰ ਸਿੰਘ ਸਰਾਭਾ, ਭਗਤ ਸਿੰਘ, ਊਧਮ ਸਿੰਘ, ਕੂਕਿਆਂ ਨੇ ਜਿਸ ਰਾਜ, ਸਮਾਜ, ਧਰਮ, ਸਭਿਅਤਾ ਲਈ ਕੁਰਬਾਨੀਆਂ ਕੀਤੀਆਂ, ਉਸ ਦੀ ਸਰਕਾਰਾਂ ਸਿਰਜਨਾ ਨਹੀ ਕਰ ਸਕੀਆਂ?

15 ਅਗਸਤ 1947 ਵਿੱਚ ਭਾਰਤ ਦੀ ਵੰਡ ਹੋਈ। ਮੁਸਲਮਾਨਾਂ ਨੂੰ ਇੱਕ ਦਿਨ ਪਹਿਲਾਂ 14 ਅਗਸਤ ਨੂੰ ਹੀ ਪਾਕਿਸਤਾਨ ਮਿਲ ਗਿਆ ਸੀ। ਸਿੱਖਾਂ ਨੇ ਵੀ ਅਲੱਗ ਸਿੱਖ ਰਾਜ ਦੀ ਮੰਗ ਕੀਤੀ, ਪਰ ਲਾਮਿਸਾਲ ਮੋਰਚਿਆਂ, ਮਰਨ ਵਰਤ, ਬਾਰ ਬਾਰ ਜੇਲ੍ਹਾਂ ਕੱਟਣ ਦੇ ਬਾਵਜੂਦ ਵੀ ਸਿੱਖ ਰਾਜ ਪ੍ਰਾਪਤ ਨਾ ਹੋਇਆ ਤਾਂ ਇਨ੍ਹਾਂ ਹਲਾਤਾਂ ਵਿੱਚ ਹੀ ਸਿੱਖ ਆਗੂਆਂ ਵਲ੍ਹੋਂ ਪੰਜਾਬੀ ਸੂਬੇ ਦੀ ਮੰਗ ਉਠ ਖੜ੍ਹੀ ਹੋਈ।

ਮਾਸਟਰ ਤਾਰਾ ਸਿੰਘ ਨੇ ਦੇਸ਼ ਵਿਚ ਸਿੱਖਾਂ ਦੀ ਮੁਕੇਮਲ ਅਜ਼ਾਦੀ ਲਈ ਫ਼ਰਵਰੀ 1949 ਵਿਚ ਦਿੰਲੀ ਵਿਚ ਇਕ ਸਿੱਖ ਕਾਨਫ਼ਰੰਸ ਰੱਖੀ, ਪਰ ਉਸ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਸਿੱਖ ਆਗੂਆਂ ਨੇ ਭਾਸ਼ਾ ਦੇ ਅਧਾਰ ’ਤੇ ਪੰਜਾਬੀ ਸੂਬੇ ਲਈ ਸੰਘਰਸ਼ ਸ਼ੁਰੂ ਕਰ ਦਿੱਤਾ। ਸਿੱਖ ਆਗੂਆਂ ਨੇ ਪੰਜਾਬੀ ਸੂਬੇ ਵਿੱਚ ਗੁਰਦਾਸਪੁਰ ਜ਼ਿਲ੍ਹੇ ਦਾ ਡਲਹੌਜ਼ੀ ਤੱਕ ਦਾ ਰਕਬਾ, ਅੰਬਾਲਾ ਜ਼ਿਲ੍ਹੇ ਦਾ ਅੰਬਾਲਾ ਸਦਰ, ਕਾਲਕਾ, ਪਿੰਜੌਰ ਤੱਕ ਦਾ ਰਕਬਾ, ਸਾਲਮ ਚੰਡੀਗੜ੍ਹ, ਹੁਸ਼ਿਆਰਪੁਰ ਜ਼ਿਲ੍ਹੇ ਦੀ ਸਾਲਮ ਊਨਾ ਤਹਿਸੀਲ, ਟੋਹਾਣਾ ਤੇ ਗੂਹਲਾ ਅਤੇ ਰੱਤੀਆ ਬਲਾਕ, ਕਰਨਾਲ ਜ਼ਿਲ੍ਹੇ ਦਾ ਸ਼ਾਹਬਾਦ ਬਲਾਕ ਅਤੇ ਰਾਜਸਥਾਨ ਦਾ ਗੰਗਾਨਗਰ ਦਾ ਇਲਾਕਾ ਸ਼ਾਮਲ ਕਰਕੇ ਸਾਰੇ ਪੰਜਾਬੀ ਬੋਲਦੇ ਅਤੇ ਸਿੱਖ ਵੱਸੋਂ ਦੇ ਇੱਕ ਦੂਜੇ ਨਾਲ ਲੱਗਦੇ ਇਲਾਕੇ, ਸ਼ਾਮਲ ਕੀਤੇ ਜਾਣ ਦੀ ਮੰਗ ਕੀਤੀ। ਸਿੱਖ ਆਗੂਆਂ ਇਹ ਵੀ ਕਿਹਾ ਕਿ ਇਸ ਨਵੇਂ ਸੂਬੇ ਨੂੰ ਸੰਵਿਧਾਨ ਵਿੱਚ ‘ਸਿੱਖ ਹੋਮਲੈਂਡ’ ਤਸਲੀਮ ਕਰ ਲਿਆ ਜਾਵੇ। ਇਸ ਸਿੱਖ ਹੋਮਲੈਂਡ ਨੂੰ, ਦੇਸ਼ ਦੀ ਰੱਖਿਆ, ਗ਼ੈਰਮੁਲਕੀ ਮਾਮਲੇ ਅਤੇ ਕਰੰਸੀ ਅਥਵਾ ਸਿੱਕੇ ਦੇ ਅਧਿਕਾਰ ਦਿੱਲੀ ਦੀ ਸਰਕਾਰ ਦੇ ਅਧੀਨ ਰੱਖ ਕੇ, ਅੰਦਰੂਨੀ ਖ਼ੁਦਮੁਖ਼ਤਾਰੀ ਪ੍ਰਾਪਤ ਕਰਕੇ ਆਪਣਾ ਵਿਧਾਨ ਸਿਰਜਣ ਦੇ ਅਧਿਕਾਰ ਦਿੱਤੇ ਜਾਣ। ਸੰਵਿਧਾਨ ਸਭਾ ਦੀ ਡਰਾਫਟਿੰਗ ਕਮੇਟੀ ਦੇ ਚੇਅਰਮੈਨ ਡਾ. ਅੰਬੇਡਕਰ ਨੇ ਕਿਹਾ ਕਿ ਭਾਸ਼ਾ ਦੇ ਅਧਾਰ ’ਤੇ ਵੱਖਰਾ ਵੱਖਰਾ ਸੂਬਾ ਬਣ ਸਕਦਾ ਹੈ। ਆਂਧਰਾ ਪ੍ਰਦੇਸ਼ ਨੂੰ ਭਾਸ਼ਾ ਦੇ ਅਧਾਰ ’ਤੇ ਹੀ ਵੱਖਰਾ ਰਾਜ ਬਣਾਇਆ ਗਿਆ।

ਹਿੰਦੂ ਮਹਾਂ ਸਭਾ ਨੇ ਇਸ ਦਾ ਸਖ਼ਤ ਵਿਰੋਧ ਕੀਤਾ। ਪੰਜਾਬ ਦੇ ਇੱਕ ਮੰਤਰੀ ਨੇ ਲੁਧਿਆਣੇਇਕ ਜਲਸੇ ਵਿੱਚ ਕਿਹਾ, “ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦਾ ਪੰਜਾਬ ਪਿਸ਼ਾਵਰ ਤੋਂ ਦਿੱਲੀ ਤੱਕ ਅਤੇ ਕਸ਼ਮੀਰ ਤੋਂ ਸਿੰਧ ਤੱਕ ਫੈਲਿਆ ਹੋਇਆ ਸੀ।1947 ਵਿੱਚ ਸਾਡੇ ਪਾਸ ਅੱਧੇ ਤੋਂ ਘੱਟ ਪੰਜਾਬ ਰਹਿ ਗਿਆ ਹੈ। ਅਕਾਲੀ ਹੁਣ ਇਸ ਪੰਜਾਬ ਨੂੰ ਹੋਰ ਛੋਟਾ ਕਰਨਾ ਚਾਹੁੰਦੇ ਹਨ। ਇਹ ਨਾ ਪੰਜਾਬ ਦੇ ਖੈਰ-ਖਾਹ ਹਨ, ਨਾ ਸਿੱਖ ਪੰਥ ਦੇ। ਇਹ ਪੰਜਾਬ ਵਿੱਚ ਫਿਰਕੂ ਜ਼ਹਿਰ ਫੈਲਾ ਰਹੇ ਹਨ। ਅਸੀਂ ਮੁੜ ਕੇ ‘ਮਹਾਂ ਪੰਜਾਬ’ ਬਣਾਵਾਂਗੇ।”

1953 ਵਿਚ ਰਾਜਸੀ ਪੁਨਰਗਠਨ ਕਮਿਸ਼ਨ (ਅਯੋਗ) ਬਿਠਾਇਆ ਗਿਆ। ਕਮਿਸ਼ਨ ਨੇ ਆਪਣੀ ਰਿਪੋਰਟ ਜੋ 22 ਅਕਤੂਬਰ, 1955 ਨੂੰ ਅਖ਼ਬਾਰਾਂ ਵਿੱਚ ਪ੍ਰਕਾਸ਼ਤ ਕੀਤੀ ਉਸ ਵਿੱਚ ਸਿੱਖਾਂ ਦੀ ਪੰਜਾਬੀ ਸੂਬੇ ਦੀ ਮੰਗ ਨਾ ਮਨਜ਼ੂਰ ਕਰ ਦਿੱਤੀ। ਕਾਰਨ ਇਹ ਦੱਸਿਆ ਗਿਆ ਕਿ ਪੰਜਾਬ ਦੀ ਤੀਜਾ ਹਿੱਸਾ ਅਬਾਦੀ ਅਛੂਤ/ਦਲਿਤ ਲੋਕ ਪੰਜਾਬੀ ਸੂਬ ਬਾਰੇ ਨਿਰਪੱਖ ਹਨ, ਜਿਨ੍ਹਾਂ ਨੂੰ ਹੁਣ ਤੱਕ ਹਿੰਦੂ ਅਤੇ ਸਿੱਖ ਦੋਹਾਂ ਨੇ ਹੀ ਅੱਖੋਂ ਉਹਲੇ ਕੀਤਾ ਹੋਇਆ ਹੈ।

ਕਮਿਸ਼ਨ ਦੀ ਰਿਪੋਰਟ ਅਨੁਸਾਰ ਪੰਜਾਬ ਵਿੱਚ ਪੈਪਸੂ ਰਿਆਸਤ ਤੇ ਹਿਮਾਚਲ ਨੂੰ ਮਿਲਾ ਕੇ ਮਹਾਂ-ਪੰਜਾਬ ਦੀ ਮੰਗ ਮੰਨ ਲਈ ਗਈ। ਇਸ ਤਰ੍ਹਾਂ ਅਜ਼ਾਦੀ ਤੋਂ ਬਾਅਦ ਵੀ ਸੈਂਟਰ ਸਰਕਾਰ ਨੇ ਪੰਜਾਬੀ ਸੂਬਾ ਦੀ ਥਾਂ ਮਹਾਂ-ਪੰਜਾਬ ਬਣਾਕੇ ਸਿੱਖਾਂ ਨਾਲ ਫਿਰ ਧੋਖਾ ਕੀਤਾ ਕਿਉਂਕਿ ਮਹਾਂ-ਪੰਜਾਬ ਵਿੱਚ ਸਿੱਖ ਫਿਰ ਧਾਰਮਿਕ ਘੱਟਗਿਣਤੀ ਬਣਕੇ ਰਹਿ ਗਏ। ਜਦ ਭਾਸ਼ਾ ਦੇ ਅਧਾਰ ’ਤੇ ਦੇਸ਼ ਵਿੱਚ ਬਾਕੀ ਸੂਬੇ ਬਣਾਏ ਗਏ ਸਨ, ਫਿਰ ਪੰਜਾਬੀ ਸੂਬਾ ਕਿਉਂ ਨਹੀਂ ਬਣਾਇਆ ਗਿਆ? ਇਹ ਪੰਜਾਬੀਆਂ ਤੇ ਖਾਸਕਰ ਸਿੱਖਾਂ ਨਾਲ ਕੇਂਦਰ ਸਰਕਾਰ ਦਾ ਅਨਿਆਂ ਤੇ ਧੱਕਾ ਸੀ।

ਸਿੱਖਾਂ ਦੇ ਲਗਾਤਾਰ ਸੰਘਰਸ਼ ਤੇ ਸੰਘਰਸ਼ ਕਰਨ ਦੇ ਬਾਵਜੂਦ ਵੀ ਪੰਜਾਬੀ ਸੂਬੇ ਦੀ ਮੰਗ ਮੰਨੀ ਨਹੀਂ ਜਾ ਰਹੀ ਸੀ। ਕੇਂਦਰ ਸਰਕਾਰ ਦਾ ਕਹਿਣਾ ਸੀ ਕਿ ਪੰਜਾਬ ਦੀ ਅਬਾਦੀ ਦਾ ਤੀਜਾ ਹਿੱਸਾ ਦਲਿਤ ਪੰਜਾਬੀ ਸੂਬੇ ਦੀ ਹਮਾਇਤ ਨਹੀਂ ਕਰਦੇ। ਤਦ ਸਿੱਖ ਆਗੂਆਂ ਨੇ ਡਾ. ਅੰਬੇਡਕਰ ਦੀ ਬਣਾਈ ਰਿਪਬਲਿਕਨ ਪਾਰਟੀ ਦੇ ਆਗੂਆਂ ਨਾਲ ਸੰਪਰਕ ਕੀਤਾ ਕਿ ਤੁਸੀ ਵੀ ਪੰਜਾਬ ਵਿੱਚ ਰਹਿੰਦੇ ਹੋ, ਇਸ ਲਈ ਜੇ ਤੁਸੀਂ ਪੰਜਾਬੀ ਸੂਬੇ ਦੀ ਹਮਾਇਤ ਕਰ ਦਿਓ ਤਾਂ ਪੰਜਾਬੀ ਸੂਬਾ ਬਣ ਸਕਦਾ ਹੈ। ਰਿਪਬਲਿਕਨ ਪਾਰਟੀ ਦੇ ਆਗੂਆਂ ਨੇ ਸ਼ਰਤਾਂ ਤਹਿਤ, ‘ਡਾ. ਅੰਬੇਡਕਰ ਦੇ ਰਾਜਯ ਸਮਾਜਵਾਦ ਦੇ ਨਿਸ਼ਾਨੇ ਅਨੁਸਾਰ’ ਮੰਗ ਰੱਖ ਦਿੱਤੀ ਕਿ ਸਾਨੂੰ ਪੰਜਾਬੀ ਸੂਬੇ ਵਿੱਚ ਜ਼ਮੀਨਾਂ ਤੇ ਰਾਜ-ਭਾਗ ਵਿੱਚ ਹਿੱਸੇਦਾਰੀ ਦਿਓਗੇ? ਸਿੱਖ ਆਗੂਆਂ ਇਸ ਨੂੰ ਸਵੀਕਾਰ ਕਰ ਲਿਆ। ਰਿਪਬਲਿਕਨ ਪਾਰਟੀ ਨੇ ਡਾ. ਅੰਬੇਡਕਰ ਦੇ ਵਿਚਾਰ ਅਨੁਸਾਰ ਕਿ ‘ਭਾਸ਼ਾ ਦੇ ਅਧਾਰ ’ਤੇ ਵੱਖਰਾ ਸੂਬਾ ਬਣ ਸਕਦਾ ਹੈ’ ਪੰਜਾਬੀ ਸੂਬਾ ਬਣਾਏ ਜਾਣ ਦੀ ਸਿਰਫ਼ ਹਮਾਇਤ ਹੀ ਨਹੀਂ ਕੀਤੀ ਸਗੋਂ ਮੰਗ ਵੀ ਰੱਕ ਦਿੱਤੀ।

18 ਅਪ੍ਰੈਲ, 1966 ਨੂੰ ਪੰਜਾਬ-ਹਰਿਆਣੇ ਦੀਆਂ ਸਰਹੱਦਾਂ ਨਿਸਚਤ ਕਰਨ ਲਈ ਜਸਟਿਸ ਜੇ ਸੀ ਸ਼ਾਹ ਦੀ ਅਗਵਾਈ ਵਿੱਚ ਫਿਰ ਕਮਿਸ਼ਨ ਬਿਠਾਇਆ ਗਿਆ। ਕਮਿਸ਼ਨ ਨੇ 1951-1961 ਦੀ ਮਰਦਮਸ਼ੁਮਾਰੀ ਨੂੰ ਅਧਾਰ ਬਣਾ ਕੇ ਆਪਣੀ ਰਿਪੋਰਟ 31 ਮਈ,1966 ਨੂੰ ਕੇਂਦਰ ਸਰਕਾਰ ਨੂੰ ਦੇ ਦਿੱਤੀ। ਤਿੰਨ ਸਤੰਬਰ 1966 ਨੂੰ ਬਿੱਲ ਲੋਕ ਸਭਾ ਵਿੱਚ ਪੇਸ਼ ਹੋਇਆ। ਪਹਿਲੀ ਨਵੰਬਰ, 1966 ਨੂੰ ਨਵਾਂ ਪੰਜਾਬ, ‘ਛਾਂਗਿਆ ਹੋਇਆ ਪੰਜਾਬੀ ਸੂਬਾ’ ਹੋਂਦ ਵਿਚ ਆ ਗਿਆ।

ਪੰਜਾਬ ’ਚ 1967 ਦੀਆਂ ਦੀਆਂ ਜਨਰਲ ਅਸੰਬਲੀ ਚੋਣਾਂ ਹੋਈਆਂ। ਦੋਵੇ ਕਮਿਊਨਿਸਟ ਪਾਰਟੀਆਂ (ਸੀ ਪੀ ਆਈ ਸੀ ਪੀ ਐਮ), ਰਿਪਬਲਿਕਨ ਪਾਰਟੀ ਤੇ ਸੋਸ਼ਲਿਸਟਾਂ ਨੇ ਸਾਂਝਾ ਫ਼ਰੰਟ ਬਣਾ ਕੇ ਚੋਣਾਂ ਲੜੀਆਂ। ਸੀ ਪੀ ਆਈ, ਸੀ ਪੀ ਐਮ ਦੇ 15, ਆਰ. ਪੀ. ਆਈ. ਦੇ ਤਿੰਨ ਤੇ ਸੋਸ਼ਲਿਸਟ 2 ਉਮੀਦਵਾਰ ਸਫ਼ਲ ਹੋਏ। ਜਸਟਿਸ ਲਸ਼ਮਣ ਸਿੰਘ ਗਿੱਲ ਦੀ ਅਗਵਾਈ ’ਚ ਸਾਂਝਾ ਫਰੰਟ ਦੀ ਸਰਕਾਰ ਬਣੀ। ਸਾਂਝਾ ਫਰੰਟ ਸਰਕਾਰ ਨੇ ਬੇਜ਼ਮੀਨਿਆਂ, ਦਲਿਤ ਸ਼ੋਸਿਤ ਮਜ਼ਦੂਰ ਗ਼ਰੀਬ ਕਿਸਾਨਾਂ ਨੂੰ ਜ਼ਮੀਨਾਂ, ਆਪਣੇ ਕੰਮ ਕਾਰ ਖੋਲ੍ਹਣ ਲਈ ਕਰਜ਼ੇ ਦੇਣ ਦੇ ਪ੍ਰਬੰਧ ਕੀਤੇ ਤੇ ਪਿੰਡਾਂ ਵਿਚ ਸੜਕਾਂ ਦੇ ਜਾਲ ਵਿਛਾ ਦਿੱਤੇ। ਪੰਜਾਬ ਸਰਕਾਰ ਦੇ ਕਰਮਚਾਰੀਆਂ ਨੂੰ ਕੇਂਦਰ ਬਰਾਬਰ ਸਕੇਲ ਦਵਾਏ ਅਤੇ ਬੁਢਾਪਾ ਪੈਨਸ਼ਨ ਸਕੀਮ ਚਾਲੂ ਕੀਤੀ। ਦਲਿਤਾਂ ਦੇ ਉਥਾਨ ਲਈ ਪੰਜਾਬ ਸ਼ਡਿਊਲਡ ਕਾਸਟ ਲੈਂਡ ਡਿਵੈਲਪਮੈਂਟ ਐਂਡ ਫਾਇਨੈਂਸ ਕਾਰਪੋਰੇਸ਼ਨ ਸਥਾਪਿਤ ਹੋਈ।

ਕਾਂਗਰਸ ਵਿਰੋਧੀਆਂ ਦੀ ਲੋਕਾਂ ਵਿੱਚ ਦਿਨੋ-ਦਿਨ ਵੱਧਦੀ ਲੋਕਪ੍ਰਿਆ ਨੂੰ ਦੇਖਦਿਆਂ ਸੈਂਟਰ ਸਰਕਾਰ ਨੇ ਸਾਂਝੇ ਮੋਰਚੇ ਦੀ ਸਰਕਾਰ ਤੋੜ ਦਿੱਤੀ ਤਾਂ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਰੋਸ ਵਜੋਂ ਲੁਧਿਆਣਾ ਵਿਖੇ ਮਿਤੀ 28 ਅਕਤੂਬਰ 1978 ਨੂੰ ਆਪਣੇ ਸਲਾਨਾ ਸੰਮੇਲਨ ਸਮੇਂ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੀ ਪ੍ਰਧਾਨਗੀ ਹੇਠ ‘ਅਨੰਦਪੁਰ ਸਾਹਿਬ ਦਾ ਮਤਾ’ ਪਾਸ ਕਰ ਦਿੱਤਾ ਕਿ-

1. ਭਾਰਤ ਦੇ ਉਤਰ ਵਿੱਚ ਇੱਕ ਖ਼ੁਦਮੁਖ਼ਤਿਆਰ ਖਿੱਤਾ ਕਾਇਮ ਕੀਤਾ ਜਾਵੇ, ਜਿੱਥੇ ਸਿੱਖ ਹਿੱਤਾਂ ਦੀ ਸੰਵਿਧਾਨਕ ਤੌਰ ’ਤੇ ਪ੍ਰਮੁੱਖ ਅਤੇ ਖ਼ਾਸ ਅਹਿਮੀਅਤ (ਖ਼ੁਦਮੁਖ਼ਤਿਆਰੀ) ਤਸਲੀਮ ਕੀਤੀ ਜਾਵੇ।

2. ਇਸ ਖ਼ੁਦਮੁਖ਼ਤਿਆਰ ਖਿੱਤੇ ਵਿੱਚ ਮੌਜੂਦਾ ਪੰਜਾਬ ਅਤੇ ਹਰਿਆਣਾ ਦੇ ਕਰਨਾਲ, ਬਨੇਸਰ ਅਤੇ ਅੰਬਾਲਾ ਜ਼ਿਲ੍ਹੇ, ਚੰਡੀਗੜ੍ਹ, ਹਿਮਾਚਲ ਦੇ ਕਾਂਗੜਾ ਜ਼ਿਲ੍ਹੇ ਦੇ ਸਮੇਤ, ਹਰਿਆਣਾ ਅਤੇ ਹਿਮਾਚਲ ਦੇ ਪਿੰਜੌਰ, ਕਾਲਕਾ, ਡਲਹੌਜ਼ੀ, ਨਾਲਾਗੜ੍ਹ ਦੇ ਸਿਰਸਾ, ਗੂਹਲਾ ਤੇ ਰਤੀਆ ਇਲਾਕੇ, ਰਾਜਸਥਾਨ ਦਾ ਗੰਗਾਨਗਰ ਜ਼ਿਲ੍ਹਾ, ਸਿੱਖਾਂ ਦੀਆਂ ਨਾਲੋ-ਨਾਲ ਲੱਗਦੀਆਂ ਪ੍ਰਮੁੱਖ ਆਬਾਦੀਆਂ ਅਤੇ ਜੱਦੀ ਪੁਸ਼ਤੀ ਸਿੱਖ ਇਲਾਕੇ, ਭਾਰਤ ਦੇ ਅਟੁੱਟ ਹਿੱਸੇ ਵੱਜੋਂ ਇਹ ਖ਼ੁਦਮੁਖ਼ਤਿਆਰ ਸਿੱਖ ਖਿੱਤੇ ਵਿੱਚ ਸ਼ਾਮਲ ਕੀਤੇ ਜਾਣ।

3. ਇਸ ਖ਼ੁਦਮੁਖ਼ਤਿਆਰ ਸਿੱਖ ਖਿੱਤੇ ਨੂੰ, ਵਿਦੇਸ਼ੀ ਮਾਮਲੇ, ਸੁਰੱਖਿਆ, ਕਰੰਸੀ ਅਤੇ ਆਮ ਸੰਚਾਰ ਦੇ ਮਹਿਕਮਿਆਂ ਨੂੰ ਫ਼ੈਡਰਲ ਭਾਰਤ ਸਰਕਾਰ ਦੇ ਅਧਿਕਾਰ ਵਿੱਚ ਛੱਡ ਕੇ, ਬਾਕੀ ਸੰਪੂਰਨ ਸੱਤਾ ਨੂੰ ਆਪਣੇ ਹੱਥ ਵਿੱਚ ਰੱਖਣ ਖਾਤਰ, ਆਪਣਾ ਅੰਦਰੂਨੀ ਸੰਵਿਧਾਨ ਆਪ ਘੜਨ ਦਾ ਅਧਿਕਾਰ ਦਿੱਤਾ ਜਾਵੇ।


1980 ਵਿੱਚ ਜਨਤਾ ਪਾਰਟੀ ਦੇ ਟੁੱਟਣ ਕਾਰਨ ਸੈਂਟਰ ਵਿੱਚ ਸ਼੍ਰੀਮਤੀ ਇੰਦਰਾ ਗਾਂਧੀ ਦੀ ਫਿਰ ਸਰਕਾਰ ਬਣ ਗਈ। ਪਰ ਐਮਰਜੈਂਸੀ ਤੋਂ ਬਾਅਦ ਪੰਜਾਬ ਵਿੱਚ ਬਣੀ ਅਕਾਲੀ ਪਾਰਟੀ ਦੀ ਸਰਕਾਰ ਚਲ ਰਹੀ ਸੀ। ਅਗਸਤ, 1982 ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੰਤ ਹਰਚੰਦ ਸਿੰਘ ਲੋਂਗੋਵਾਲ ਦੀ ਪ੍ਰਧਾਨਗੀ ਹੇਠ ਜ਼ੋਰਦਾਰ ਮੋਰਚਾ ਸ਼ੁਰੂ ਕੀਤਾ ਗਿਆ ਅਤੇ ਉਸ ਨੂੰ ‘ਧਰਮ ਯੁੱਧ ਮੋਰਚੇ’ ਦਾ ਨਾਮ ਦਿੱਤਾ ਗਿਆ। ‘ਅਨੰਦਪੁਰ ਸਾਹਿਬ ਦੇ ਮਤੇ ਦੀ ਕਾਪੀ 23 ਅਕਤੂਬਰ 1982 ਨੂੰ ਕੇਂਦਰ ਸਰਕਾਰ ਨੂੰ ਫਿਰ ਭੇਜੀ ਗਈ। ਪਰ 40 ਸਾਲਾਂ ਤੋਂ ਰਾਜ ਸੱਤਾ ਦਾ ਸੁੱਖ ਭੋਗ ਰਹੀ ਕਾਂਗਰਸ ਨੂੰ ਇਹ ਮਨਜ਼ੂਰ ਨਹੀਂ ਸੀ।

ਸਿੱਟੇ ਵਜੋਂ ਪੰਜਾਬ ਵਿੱਚ ਖਾਲਿਸਤਾਨੀ ਲਹਿਰ ਸ਼ੁਰੂ ਹੋ ਗਈ। ਸ਼੍ਰੀਮਤੀ ਇੰਦਰਾ ਗਾਂਧੀ ਨੇ 5 ਜੂਨ, 1984 ਨੂੰ ਪੰਜਾਬ ਵਿਚਲੀ ਖਾਲਿਸਤਾਨੀ ਲਹਿਰ ਨੂੰ ਦਬਾਉਣ ਲਈ ‘ਬਲਿਊ ਸਟਾਰ ਉਪਰੇਸ਼ਨ’ ਕੀਤਾ। ਸ਼੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿੱਚ ਫੌਜ ਭੇਜੀ ਗਈ। ਸਿੱਟੇ ਵਜੋਂ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਦਾ ਉਨ੍ਹਾਂ ਦੇ ਹੀ ਦੋ ਸਿੱਖ ਸੁਰੱਖਿਆ ਗਾਰਡਾਂ ਵੱਲੋਂ ਕਤਲ ਕਰ ਦਿੱਤਾ। ਇਸ ਪਿੱਛੋਂ ਸਾਰੇ ਦੇਸ਼, ਖਾਸ ਕਰਕੇ ਦਿੱਲੀ, ਕਾਨਪੁਰ, ਬੁਕਾਰੋ ਵਿੱਚ ਸਿੱਖਾਂ ਖ਼ਿਲ਼ਾਫ਼ ਦੰਗੇ, ਮਾਰ-ਧਾੜ, ਅੱਗਾਂ, ਕਤਲੇਆਮ ਹੋਏ। ਇਕੱਲੇ ਦਿੱਲੀ ਸ਼ਹਿਰ ਵਿੱਚ ਹੀ ਹਜ਼ਾਰਾਂ ਬੇਗੁਨਾਹ ਸਿੱਖਾਂ ਨੂੰ ਬੜੀ ਬੇਰਹਿਮੀ ਨਾਲ ਮਾਰਿਆ ਗਿਆ। ਦੇਸ਼ ਭਰ ’ਚ ਸਿੱਖਾਂ ਵਿਰੁੱਧ ਫੈਲਾਈ ਗਈ ਇਸ ਨਫ਼ਰਤ ਪਿੱਛੇ ਫਿਰਕਾ ਪ੍ਰਸਤ ਆਗੂਆਂ ਦਾ ਵੱਡਾ ਹੱਥ ਸੀ।

ਸੈਂਟਰ ਸਰਕਾਰ ਵਲੋਂ ‘ਬਲਿਊ ਸਟਾਰ ਓਪਰੇਸ਼ਨ’ ਕਰਨ ਤੋਂ ਪਹਿਲਾਂ ਵਿਰੋਧੀ ਧਿਰਾਂ ਨਾਲ ਕੋਈ ਯੋਜਨਾਬੰਦ ਗੰਭੀਰ ਚਰਚਾ ਨਹੀਂ ਕੀਤੀ ਗਈ। ਦੇਸ਼ ਦੀ ਅਜ਼ਾਦੀ ਲਈ ਸਿੱਖਾਂ ਵਲੋਂ ਕੀਤੀਆਂ ਗਈਆਂ ਕੁਰਬਾਨੀਆਂ ਨੂੰ ਮੱਦੇ ਨਜ਼ਰ ਰੱਖਦਿਆਂ ਮਸਲੇ ਦੇ ਹਲ ਲਈ, ਗੁਰੂ ਸਹਿਬਾਨ ਦੇ ਕਥਨ ‘ਕੁਛ ਸੁਣੀਏ, ਕੁਛ ਕਹੀਏ ਅਨੁਸਾਰ ਕੋਈ ਸਾਰਥਿਕ ਪਹੁੰਚ ਨਹੀਂ ਅਪਣਾਈ ਗਈ। ਪੰਜਾਬ ਵਿਚਲੀਆਂ ਵਿਰੋਧੀ ਪਾਰਟੀਆਂ ਦੀ ਕੋਈ ਰਾਇ ਨਹੀਂ ਲਈ ਗਈ। ਇਸ ਸਮੱਸਿਆ ਦੇ ਹਲ ਲਈ ਧਰਮ ਨਿਰਪੱਖ ਖੱਬੇ ਪੱਖੀਆਂ, ਅੰਬੇਡਕਰਵਾਦੀਆਂ ਦੀ ਕੋਈ ਰਾਇ ਨਹੀਂ ਲਈ ਗਈ। ਜਮਹੂਰੀਅਤ ਪਸੰਦ ਬੁੱਧੀਜੀਵੀਆਂ ਵੀ ਦੜ ਵੱਟੀ ਰੱਖੀ, ਜਦ ਕਿ ਇਨ੍ਹਾਂ ਨੂੰ ਵਿੱਚ ਪੈ ਕੇ ਇਸ ਸਮੱਸਆ ਨੂੰ ਸੁਲਝਾਉਣ ਲਈ ਉਪਰਾਲੇ ਕਰਨੇ ਚਾਹੀਦੇ ਸੀ, ਜੋ ਉਨ੍ਹਾਂ ਨਹੀਂ ਕੀਤੇ। ਬੁੱਧੀਜੀਵੀਆਂ ਦੀ ਬੇਈਮਾਨੀ ਤੇ ਆਮ ਲੋਕਾਂ ਦਾ ਤਿਆਗ ਕਿਸੇ ਵੀ ਸਮਾਜ ਲਈ ਘਾਤਕ ਹੁੰਦਾ ਹੈ। ਸਿੱਟੇ ਵੱਜੋਂ ਸਿੱਖ ਹੀ ਨਹੀਂ ਸਮੁੱਚੇ ਪੰਜਾਬੀਆਂ ਨੂੰ ਇਸ ਤ੍ਰਾਸਦੀ ਦਾ ਸੇਕ ਝੱਲਣਾ ਪੈ ਰਿਹਾ ਹੈ। ਜਦ ਕਿ ਵਿਚਾਰ-ਵਿਟਾਂਦਰੇ ਰਾਹੀਂ ਇਸ ਸਮੱਸਿਆ ਦੇ ਸਾਰਥਿਕ ਹੱਲ ਨਿਕਲ ਸਕਦੇ ਸਨ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਸਿੱਖ ਆਗੂ ਲਗਾਤਾਰ ਮੋਰਚੇ ’ਤੇ ਮੋਰਚੇ ਲਾਉਂਦੇ ਆ ਰਹੇ ਹਨ। ਆਮ ਸਿੱਖ ਜੇਲ੍ਹਾਂ ਕੱਟਦੇ ਕੱਟਦੇ ਜੇਲ੍ਹਾਂ ਵਿਚ ਹੀ ਬੁੱਢੇ ਹੋ ਜਾਂਦੇ ਹਨ। ਸਿੱਖ ਨੌਜ਼ਵਾਨ ਸ਼ਹੀਦੀਆਂ ਦੇ ਬਾਰ ਬਾਰ ਜਾਮ ਪੀਂਦੇ ਹਨ। ਕੁੱਝ ਸਮੇਂ ਬਾਅਦ ਸਮਝੌਤਾ ਹੋ ਜਾਂਦਾ ਹੈ। ਅਕਾਲੀਆਂ ਦੀ ਸਰਕਾਰ ਬਣ ਜਾਂਦੀ ਹੈ। ਚੰਦ ਸਿੱਖ ਸੱਤਾ ਦਾ ਸੁੱਖ ਭੋਗਣ ਲੱਗ ਪੈਂਦੇ ਹਨ। ਅਨੰਦਪੁਰ ਸਾਹਿਬ ਦੇ ਮਤੇ, ਪੰਜਾਬੀ ਬੋਲਦੇ ਇਲਾਕੇ, ਵੱਧ ਅਧਿਕਾਰਾਂ ਦੇ ਮੁੱਦੇ ਧਰੇ-ਧਰਾਏ ਰਹਿ ਜਾਂਦੇ ਹਨ। ਪੰਜਾਬ ਨੂੰ ਵੱਧ ਅਧਿਕਾਰ ਤਾਂ ਮਿਲੇ ਨਹੀ, ਸਗੋਂ ਪੰਜਾਬ ਦੀ ਨਾਮਵਰ ‘ਪੰਜਾਬ ਯੂਨੀਵਰਸਿਟੀ ਨੂੰ ਵੀ ਖੋਹ ਲਿਆ ਹੈ।

ਪੰਜਾਬ, ਜੋ ਪਹਿਲਾਂ ਪਾਕਿਸਤਾਨ ਦੇ ਅਟਕ ਤੋਂ ਲੈ ਕੇ ਦਿੱਲੀ ਤੱਕ ਫੈਲਿਆ ਹੋਇਆ ਸੀ-ਪਹਿਲੀ ਵਾਰ 1947 ’ਚ, ਪੱਛਮੀ ਤੇ ਦੂਜਾ ਪੂਰਬੀ ਪੰਜਾਬ ਵਿੱਚ, ਫਿਰ 1966 ’ਚ ਤਿੰਨ ਰਾਜਾਂ ਪੰਜਾਬ, ਹਰਿਆਣਾ ਅਤੇ ਹਿਮਾਚਲ ’ਚ ਬਾਰ ਬਾਰ ਕਿਉਂ ਵੰਡਿਆ ਗਿਆ। ਪੰਜਾਬ ਕੁਬਾਨੀਆਂ ਤੇ ਸੰਘਰਸ਼ਾਂ ਦੇ ਬਾਵਜੂਦ ਵੀ ਬਾਰ ਬਾਰ ਕਿਉਂ ਸੁੰਗੜਦਾ ਜਾ ਰਿਹਾ? ਪੰਜਾਬ ਦਾ ਛੋਟਾ ਭਰਾ ਹਰਿਆਣਾ ਵਿਕਾਸ ਵਜੋਂ ਬਲੰਦੀਆਂ ਛੋਹ ਰਿਹਾ ਹੈ? ਇਸ ਬਾਰੇ ਪੰਜਾਬੀਆਂ ਤੇ ਸਿੱਖਾਂ ਨੂੰ ਗੰਭੀਰਤਾ ਨਾਲ ਚਿੰਤਨ ਕਰਨ ਦੀ ਲੋੜ ਹੈ ਕਿਉਕਿ ਇਸ ਦਾ ਚਿੰਤਨ ਹੀ ਪੰਜਾਬ ਦਾ ਭਵਿੱਖ ਤਹਿ ਕਰੇਗਾ।



# ਜੇਕਰ ਜ਼ੁਲਮ ਦੀ ਇੱਕ ਇੱਟ ਰੱਖੀ ਜਾਵੇਗੀ ਤਾਂ ਮਹਿਲਾਂ ਦੀਆਂ ਸੋ ਕੰਧਾਂ ਨੂੰ ਤਰੇੜ ਆਵੇਗੀ



**ਬਲਜਿੰਦਰ ਸਿੰਘ ਪਟਿਆਲਾ**

ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਵੱਲੋਂ ਗੁਰਸ਼ਰਨ ਕਲਾ ਭਵਨ ਵਿਖੇ ਮਹੀਨੇ ਦੇ ਅਖੀਰਲੇ ਸ਼ਨੀਵਾਰ ਦੇ ਸਮਾਗਮ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਵਰ੍ਹੇ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਵਰ੍ਹੇ ਨੂੰ ਸਮਰਪਿਤ ਨਾਟਕ 'ਚਾਂਦਨੀ ਚੋਂਕ ਤੋਂ ਸਰਹੰਦ ਤੱਕ' ਪੇਸ਼ ਕੀਤਾ ਗਿਆ। ਇਸ ਸਮਾਗਮ ਦਾ ਰਸਮੀ ਉਦਘਾਟਨ ਡਾ. ਅਮਰਪ੍ਰੀਤ ਦਿਉਲ, ਸਾਬਕਾ ਸਰਪੰਚ ਸਾਧੂ ਸਿੰਘ ਮੁੱਲਾਂਪੁਰ, ਬਲਦੇਵ ਸਿੰਘ ਗਿੱਲ ਸਾਬਕਾ ਬੀਪੀਈਓ, ਉੱਘੇ ਲੇਖਕ ਅਮਰੀਕ ਤਲਵੰਡੀ, ਕਸਤੂਰੀ ਲਾਲ ਖ਼ਜ਼ਾਨਚੀ ਪਲਸ ਮੰਚ, ਵਰਿੰਦਰ ਸਿੰਘ ਸਿੱਧੂ ਪੰਡੋਰੀ, ਹਰਕੇਸ਼ ਚੌਧਰੀ, ਪ੍ਰਗਟ ਸਿੰਘ ਨੇ ਸਾਂਝੇ ਰੂਪ ਵਿੱਚ ਕੀਤਾ। ਇਸ ਉਪਰੰਤ ਨਾਟਕ 'ਚਾਂਦਨੀ ਚੌਂਕ ਤੋਂ ਸਰਹੰਦ ਤੱਕ' ਗੁਰਸ਼ਰਨ ਭਾਅ ਜੀ ਦਾ ਲਿਖਿਆ ਨਾਟਕ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਦੇ ਕਲਾਕਾਰਾਂ ਵੱਲੋਂ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ ਹੇਠ ਪੇਸ਼ ਕੀਤਾ ਗਿਆ। ਨਾਟਕ ਨੇ ਬੜੇ ਸੁਖਮਤਾ ਨਾਲ ਕੁਰਬਾਨੀਆਂ ਦੇ ਇਤਿਹਾਸ ਨੂੰ ਪੇਸ਼ ਕਰਦਿਆਂ 1675 ਈਸਵੀਂ ਤੋਂ 1716 ਤੱਕ ਦਾ ਕਲਾਤਮਕ ਚਿਤਰਣ ਪੇਸ਼ ਕੀਤਾ। ਦਰਸ਼ਕਾਂ ਨੂੰ ਧੁਰ ਅੰਦਰ ਤੱਕ ਧੂਹ ਪਾਈ ਰੱਖੀ ਕਿ ਕਿਸ ਤਰ੍ਹਾਂ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਹਕੂਮਤਾਂ ਨਾਲ ਟੱਕਰ ਲੈਂਦਿਆਂ ਸੀਸ ਭੇਂਟ ਕੀਤਾ ਜਾ ਸਕਦਾ ਹੈ। ਸਰਬੰਸ ਵਾਰਿਆ ਜਾ ਸਕਦਾ ਹੈ। ਜੁਆਬ ਵਿੱਚ ਜ਼ੁਲਮ ਦੀ ਇੱਕ ਇੱਟ ਨਾਲ ਇੱਟ ਖੜਕਾਈ ਜਾ ਸਕਦੀ ਹੈ। ਜਿਹੜੇ ਲੋਕ ਜ਼ੁਲਮ ਨੂੰ ਤਮਾਸ਼ਬੀਨ ਬਣ ਕੇ ਦੇਖਦੇ ਹਨ। ਉਨ੍ਹਾਂ ਨੂੰ ਇਸ ਦੀ ਕੀਮਤ ਵੀ ਉਤਾਰਨੀ ਪੈਂਦੀ ਹੈ। ਨਾਟਕ 'ਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਪੁਰਾਣੇ ਸਿਰਾਂ ਦੀ ਥਾਂ ਤੇ ਵਿਚਾਰਧਾਰਕ ਚੇਤੰਨਤਾ ਵਾਲੇ ਸਿਰ ਲਗਾਏ ਗਏ, ਦੇ ਬ੍ਰਿਤਾਂਤ ਨੂੰ ਬਾਖ਼ੂਬੀ ਨਾਟਕੀ ਜੁਗਤਾਂ ਰਾਹੀਂ ਚਿਤਰਿਆ ਗਿਆ। ਗੁਰੂ ਜੀ ਮੰਚ ਤੇ ਨਾ ਹੋ ਕੇ ਵੀ ਹਾਜ਼ਰ ਪ੍ਰਤੀਤ ਹੁੰਦੇ ਰਹੇ। ਨਾਟਕ ਦੇ ਪ੍ਰਵਾਹ ਵਿੱਚ ਦਰਸ਼ਕ ਇਸ ਤਰ੍ਹਾਂ ਖੁਭੇ ਹੋਏ ਸਨ ਕਿ ਹਾਲ ਅੰਦਰ ਸੰਨਾਟਾ ਛਾਇਆ ਹੋਇਆ ਸੀ। ਦਰਵੇਸ਼ ਪਾਤਰ ਦੇ ਸੰਵਾਦ ਭਾਵੁਕ ਮਾਹੌਲ ਨੂੰ ਹੋਰ ਵੀ ਗਹਿਰਾ ਕਰ ਦਿੰਦੇ ਸਨ ਜਦੋਂ ਉਹ ਕਹਿੰਦਾ ਹੈ ਕਿ ਜੇਕਰ ਜ਼ੁਲਮ ਦੀ ਇੱਕ ਇੱਟ ਰੱਖੀ ਜਾਵੇਗੀ ਤਾਂ ਮਹਿਲਾਂ ਦੀਆਂ ਸੋ ਕੰਧਾਂ ਨੂੰ ਤਰੇੜ ਆਵੇਗੀ। ਲਾਇਟਿੰਗ ਅਤੇ ਸੰਗੀਤ ਐਨਾ ਪ੍ਰਭਾਵਸ਼ਾਲੀ ਸੀ ਕਿ ਨਾਟਕ ਦੇ ਪ੍ਰਭਾਵ ਨੂੰ ਤੀਬਰ ਬਣਾ ਦਿੱਤਾ। ਔਰੰਗਜ਼ੇਬ ਦੇ ਰੋਲ ਵਿੱਚ ਭਾਗ ਸਿੰਘ, ਵਜ਼ੀਰ ਖਾਨ ਦੀ ਭੂਮਿਕਾ ਵਿੱਚ ਦੀਪਕ ਰਾਏ, ਦਰਵੇਸ਼ ਦੀ ਭੂਮਿਕਾ ਵਿੱਚ ਹਰਕੇਸ਼ ਚੌਧਰੀ ਅਤੇ ਮਸੰਦ ਦੇ ਰੋਲ ਵਿੱਚ ਕਮਲਜੀਤ ਮੋਹੀ ਛਾਏ ਰਹੇ। ਦੀਨੇ ਦੇ ਰੋਲ ਵਿੱਚ ਰਣਵੀਰ ਸਿੰਘ, ਪੇਂਡੂ ਦੇ ਰੋਲ ਵਿੱਚ ਪਰਦੀਪ ਕੌਰ, ਕਰਮਪ੍ਰੀਤ ਕੌਰ, ਨੈਨਾ ਸ਼ਰਮਾ, ਕਿਰਨਦੀਪ ਕੌਰ ਨੇ ਕਮਾਲ ਦੀ ਅਦਾਕਾਰੀ ਕੀਤੀ। ਸਿਪਾਹੀ ਦੇ ਰੋਲ ਵਿੱਚ ਲਖਵੀਰ ਸਿੰਘ ਤੇ ਸੁਖਮਸ਼ਮਦੀਪ ਸਿੰਘ ਦੀ ਅਦਾਕਾਰੀ ਵਧੀਆ ਰਹੀ। ਦਰਸ਼ਕਾਂ ਨੇ ਨਾਟਕ ਦੇ ਅੰਤ ਵਿੱਚ ਖੜ੍ਹੇ ਹੋ ਕੇ ਤਾੜੀਆਂ ਮਾਰਕੇ ਨਾਟਕ ਦਾ ਅਭੀਨੰਦਨ ਕੀਤਾ। ਇਸ ਮੌਕੇ 'ਤੇ ਪੱਤਰਕਾਰ ਸੰਜੀਵ ਵਰਮਾ, ਚਰਨਜੀਤ ਸਿੰਘ, ਸੁਰਿੰਦਰ ਅਰੋੜਾ ਜੀ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਤੇ ਸਰਪੰਚ ਸਾਧੂ ਸਿੰਘ, ਅਜਮੇਰ ਸਿੰਘ ਮੁੱਲਾਂਪੁਰ, ਵਰਿੰਦਰ ਸਿੱਧੂ ਪੰਡੋਰੀ, ਡਾ. ਅਮਰਪ੍ਰੀਤ ਦਿਉਲ, ਬਲਦੇਵ ਢੱਟ ਦਾ ਸਨਮਾਨ ਕੀਤਾ ਗਿਆ। ਦਰਸ਼ਕਾਂ ਨਾਲ ਹਾਲ ਖਚਾਖਚ ਭਰਿਆ ਹੋਇਆ ਸੀ। ਇਸ ਮੌਕੇ 'ਤੇ ਲਖਿੰਦਰ ਸਿੰਘ, ਜਗਤਾਰ ਸਿੰਘ ਹਿੱਸੋਵਾਲ, ਪਰਮਜੀਤ ਪੰਮੀ, ਰਾਜੀਵ ਪੁਰੀ, ਰਾਜਿੰਦਰ ਸਿੰਘ, ਪ੍ਰਿੰ., ਮਾਸਟਰ ਉਜਾਗਰ ਸਿੰਘ, ਬਲਦੇਵ ਸਿੰਘ, ਲੈਕ. ਬੂਟਾ ਸਿੰਘ, ਮਾ. ਜਗਦੀਪ ਸਿੰਘ ਆਦਿ ਹਾਜ਼ਰ ਸਨ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਪ੍ਰਗਟ ਸਿੰਘ ਜੀ ਬਾਖ਼ੂਬੀ ਨਿਭਾਈ

















# ਸਕਿੱਲਡ ਵਿਦਿਆਰਥੀਆਂ ਦੀਆਂ 2600 ਫਾਈਲਾਂ ਰੱਦ

## ਰੋਸ ਮੀਟਿੰਗ ਨੇ ਧਾਰਿਆ ਰੈਲੀ ਦਾ ਰੂਪ


















ਬਰੈਂਪਟਨ/ਕੈਨੇਡਾ, (ਗੁਰਮੀਤ ਸੁਖਪੁਰ) ਇੱਥੇ 99 ਗਲਿੱਡਨ ਰੋਡ ਬਰੈਂਪਟਨ ਦੇ ਹਾਲ ਵਿੱਚ ਵਿਦਿਆਰਥੀਆਂ ਵੱਲੋਂ ਰੱਖੀ ਗਈ ਮੀਟਿੰਗ ਵਿੱਚ ਕਨੇਡਾ ਸਰਕਾਰ ਵੱਲੋਂ ਵਿਦਿਆਰਥੀਆਂ ਦੀਆਂ ਫਾਈਲਾਂ ਵਾਪਸ ਕਰਨ ਸਬੰਧੀ ਵਿਚਾਰ ਚਰਚਾ ਕੀਤੀ ਗਈ। ਸਟੇਜ ਸੈਕਟਰੀ ਨਵਜੋਤ ਕੌਰ, ਸੋਹਣ ਸਿੰਘ ਤੇ ਕੁਲਜਿੰਦਰ ਸਿੰਘ ਵੱਲੋਂ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸਾਡੀਆਂ ਫਾਈਲਾਂ ਨੂੰ ਰਿਟਰਨ ਕਰਨ ਦਾ ਕੋਈ ਵੀ ਕਾਰਨ ਪੀੜਤ ਵਿਦਿਆਰਥੀਆਂ ਨਾਲ ਸਾਂਝਾ ਕਰਨ ਦੀ ਬਜਾਏ ਇਹ ਨਿਰਆਧਾਰ ਦੋਸ ਲਗਾਇਆ ਗਿਆ ਕਿ ਤੁਸੀਂ ਫਰਾਡ ਕੀਤਾ ਹੈ। ਵਿਦਿਆਰਥੀ ਆਗੂਆਂ ਨੇ ਕਿਹਾ ਕਿ ਜਿਨ੍ਹਾਂ ਨੇ ਫਰਾਡ ਕੀਤਾ ਹੈ ਕੋਈ ਡਾਕੂਮੈਂਟ ਗਲਤ ਲਗਾਇਆ ਹੈ ਉਨ੍ਹਾਂ ਦੇ ਅਸੀਂ ਵੀ ਖਿਲਾਫ ਹਾਂ ਪ੍ਰੰਤੂ ਸਾਰੇ ਸਕਿੱਲਡ ਵਿਦਿਆਰਥੀਆਂ ਦੀਆਂ ਫਾਈਲਾਂ ਰੱਦ ਕਰਨੀਆਂ ਸਰਾਸਰ ਬੇਇਨਸਾਫ਼ੀ ਹੈ। ਉਨ੍ਹਾਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਪ੍ਰਣ ਲਿਆ ਕਿ ਅਸੀਂ ਇਸ ਧੱਕੇਸ਼ਾਹੀ ਦੇ ਵਿਰੁੱਧ ਸੰਘਰਸ਼ ਜਾਰੀ ਰੱਖਾਂਗੇ। ਵਿਦਿਆਰਥੀ ਨਿਹਾਲ ਕੌਰ, ਜਗਜੀਤ ਸਿੰਘ, ਮਿਲਨਦੀਪ ਸਿੰਘ, ਅਭਿਸ਼ੇਕ, ਅਮਰਦੀਪ ਸਿੰਘ, ਮਹਿਕਦੀਪ ਸਿੰਘ ਤੇ ਵਿਕਰਮ ਕੁਲੇਵਾਲ ਨੇ ਬੜੀ ਡਿਟੇਲ ਵਿੱਚ ਧਰਨੇ ਦੀ ਬਾਜਵੀਅਤ ਦੀ ਵਿਆਖਿਆ ਕਰਦਿਆਂ ਦੱਸਿਆ ਕਿ ਇਸ ਵਰਤਾਰੇ ਨੂੰ ਪੂਰੀ ਦੁਨੀਆ ਵਿੱਚ ਵਾਪਰ ਰਹੇ ਵਰਤਾਰਿਆਂ ਦੀ ਰੌਸ਼ਨੀ ਵਿੱਚ ਤੇ ਸਾਮਰਾਜੀ ਸੰਕਟ ਦੇ ਤੌਰ 'ਤੇ ਸਮਝਣ ਦੀ ਲੋੜ ਹੈ। ਸਟੇਜ ਸਕੱਤਰ ਨਵਜੋਤ ਕੌਰ ਤੇ ਮਹਿਕਦੀਪ ਸਿੰਘ ਨੇ ਸਾਂਝਾ ਫਰੰਟ ਬਣਾ ਕੇ ਸੰਘਰਸ਼ ਨੂੰ ਤੇਜ਼ ਕਰਨ ਦਾ ਐਲਾਨ ਕੀਤਾ। ਐਸੋਸੀਏਸ਼ਨ ਆਫ ਸੀਨੀਅਰਜ਼ ਦੇ ਪ੍ਰਧਾਨ ਜੰਗੀਰ ਸਿੰਘ ਸਹਿੰਬੀ ਨੇ ਵਿਦਿਆਰਥੀਆਂ ਦੀ ਸਹਾਇਤਾ ਲਈ ਪਹਿਲਾਂ ਕੀਤੇ ਯਤਨਾਂ ਅਤੇ ਪ੍ਰਧਾਨ ਮੰਤਰੀ ਤੇ ਹੋਰ ਮੰਤਰੀਆਂ ਨੂੰ ਕੀਤੀਆਂ ਈ ਮੇਲਾਂ ਦਾ ਜ਼ਿਕਰ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਭਵਿੱਖ ਵਿੱਚ ਵਿਦਿਆਰਥੀਆਂ ਨੂੰ ਪੀ ਆਰ ਕਰਵਾਉਣ ਤੱਕ ਸੰਘਰਸ਼ ਦੀ ਸਪੋਰਟ ਕੀਤੀ ਜਾਵੇਗੀ। ਲੋਕਲ ਕਨਸਰਨਜ਼ ਕਮੇਟੀ ਦੇ ਆਗੂ ਗੁਰਮੀਤ ਸਿੰਘ ਸੁਖਪੁਰਾ ਨੇ ਵਿਦਿਆਰਥੀਆਂ ਨਾਲ ਹੋ ਰਹੀ ਬੇਇਨਸਾਫ਼ੀ ਦੇ ਵਿਰੁੱਧ ਡਟ ਕੇ ਖੜ੍ਹਨ ਦਾ ਵਿਸ਼ਵਾਸ ਦਿਵਾਉਂਦਿਆਂ ਦੱਸਿਆ ਕਿ ਸੰਸਾਰ ਪੱਧਰ ਤੇ ਪ੍ਰਵਾਸੀਆਂ ਖ਼ਿਲਾਫ਼ ਸਿਰਜੇ ਜਾ ਰਹੇ ਨੈਰੇਟਿਵ ਨੂੰ ਸਮਝਣ ਦੀ ਲੋੜ ਹੈ। ਸੁਖਪੁਰਾ ਨੇ ਬਾਬੇ ਨਾਨਕ, ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਬੰਦਾ ਬਹਾਦਰ ਤੇ ਕਰਤਾਰ ਸਿੰਘ ਸਰਾਭਾ ਵੇਲੇ ਦੇ ਹਾਲਾਤਾਂ ਦਾ ਜ਼ਿਕਰ ਕਰਦਿਆਂ ਵਿਦਿਆਰਥੀਆਂ ਨੂੰ ਇਤਿਹਾਸ ਨਾਲ ਜੋੜਕੇ ਸੰਗਰਸ਼ ਹੀ ਇੱਕੋ ਇੱਕ ਹੱਲ ਦਾ ਨੁਕਤਾ ਸਾਂਝਾ ਕੀਤਾ। ਉਨ੍ਹਾਂ ਕਿਹਾ ਕਿ "ਲੜੋਗੇ ਤਾਂ ਜਿੱਤੋਗੇ" ਤੁਹਾਡੇ ਕੋਲ ਜਿੱਤਣ ਲਈ ਬਹੁਤ ਕੁਝ ਹੈ ਤੇ ਗਵਾਉਣ ਲਈ ਕੁੱਝ ਵੀ ਨਹੀਂ। ਵਰਲਡ ਸਿੱਖ ਯੂਥ ਆਰਗੇਨਾਈਜਨ ਦੇ ਆਗੂ ਜਸਪ੍ਰੀਤ ਸਿੰਘ ਨੇ ਸੰਘਰਸ਼ ਦੀ ਹਮਾਇਤ ਕਰਨ ਭਰੋਸਾ ਦਿਵਾਇਆ। ਗੁਰਦੁਆਰਾ ਸਾਹਿਬ ਜੋਤ ਪ੍ਰਕਾਸ਼ ਤੋਂ ਭਾਈ ਗੁਰਵਿੰਦਰ ਸਿੰਘ ਨੇ ਕਾਮਾਗਾਟਾਮਾਰੂ ਦੇ ਇਤਿਹਾਸ ਨਾਲ ਜੋੜਦਿਆਂ ਵਿਦਿਆਰਥੀਆਂ ਦੇ ਸੰਘਰਸ਼ ਦੀ ਹਮਾਇਤ ਕੀਤੀ। ਉਪਰੋਕਤ ਤੋਂ ਇਲਾਵਾ ਜਗਮੋਹਨ ਢੁਡੀਕੇ, ਪ੍ਰੀਤਮ ਸਿੰਘ ਸਰਾਂ, ਫਾਰਮ ਵਰਕਰਜ਼ ਆਗੂ ਗੈਬਰੀਆਲ, ਆਰਿਫ਼ ਅਹਿਮਦ, ਗਰਿਮਾ, ਮਾਇਆ ਤੇ ਮਾਸਟਰ ਹਰਬੰਸ ਸਿੰਘ ਸਰੋਕਾਰਾਂ ਦੀ ਆਵਾਜ਼ ਵਲੋਂ ਵਿਦਿਆਰਥੀਆਂ ਦੇ ਹੱਕ ਵਿੱਚ ਖੜ੍ਹਨ ਦਾ ਵਿਸ਼ਵਾਸ ਦਿਵਾਇਆ। ਅਖੀਰ ਵਿੱਚ ਨਵਜੋਤ ਕੌਰ ਤੇ ਮਹਿਕਦੀਪ ਵਲੋਂ ਪ੍ਰੈੱਸ ਨੂੰ ਦੱਸਿਆ ਕਿ ਜੇਕਰ ਸਾਡੀਆਂ ਫਾਈਲਾਂ ਦਾ ਨਿਬੇੜਾ ਕਰਦਿਆਂ ਪੀ ਆਰ ਨਾ ਦਿੱਤੀ ਗਈ ਤਾਂ ਭਵਿੱਖ ਵਿੱਚ ਸਾਂਝੇ ਤੌਰ 'ਤੇ ਸ਼ਾਂਤਮਈ ਤਿੱਖਾ ਸੰਘਰਸ਼ ਉਲੀਕਿਆ ਜਾਵੇਗਾ।

# ਟੀ.ਪੀ.ਏ.ਆਰ. ਕਲੱਬ ਦੇ ਸਰਪ੍ਰਸਤੀ ਦੀ ਨਵੀਂ ਨਿਯੁਕਤੀ-ਇੰਜ. ਈਸ਼ਰ ਸਿੰਘ ਚਾਹਲ





ਟੋਰਾਂਟੋ ਏਰੀਏ ਵਿੱਚ ਪਿਛਲੇ 12-13 ਸਾਲਾਂ ਤੋਂ ਸਰਗਰਮ ਟੀ.ਪੀ.ਏ.ਆਰ. ਕਲੱਬ ਵੱਲੋਂ ਲੰਘੇ ਹਫ਼ਤੇ ਇੰਜ. ਈਸ਼ਰ ਸਿੰਘ ਚਾਹਲ ਨੂੰ ਕਲੱਬ ਦਾ 'ਸਰਪ੍ਰਸਤ' ਨਿਯੁਕਤ ਕੀਤਾ ਗਿਆ ਹੈ। ਉਹ ਇਸ ਕਲੱਬ ਨਾਲ ਪਿਛਲੇ ਦਹਾਕੇ ਤੋਂ ਜੁੜੇ ਹੋਏ ਹਨ ਅਤੇ ਇਸ ਦੀਆਂ ਸਰਗਰਮੀਆਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਂਦੇ ਹਨ। ਮੱਠੀ-ਮੱਠੀ ਚਾਲੇ ਉਹ ਬੜੇ ਆਰਾਮ ਨਾਲ 'ਹਾਫ਼-ਮੈਰਾਥਨ' ਲਗਾਉਂਦੇ ਹਨ। ਪਿਛਲੇ ਕਈ ਸਾਲਾਂ ਤੋਂ ਉਹ ਇਸ ਕਲੱਬ ਦੇ ਮੈਂਬਰਾਂ ਨਾਲ ਸੀ.ਐੱਨ.ਟਾਵਰ ਦੀਆਂ 1776 ਪੌੜੀਆਂ ਚੜ੍ਹਨ ਦੇ ਈਵੈਂਟ ਵਿੱਚ ਵੀ ਭਾਗ ਲੈਂ ਰਹੇ ਹਨ। ਇਸ ਈਵੈਂਟ 'ਚ ਹੁਣ ਤੱਕ ਉਹ ਛੇ ਵਾਰ ਸਫ਼ਲਤਾ ਪੂਰਵਕ ਹਿੱਸਾ ਲੈ ਚੁੱਕੇ ਹਨ ਹਨ ਅਤੇ ਹੁਣ ਸੱਤਵੀਂ ਵਾਰ ਫਿਰ ਇਹ ਪੌੜੀਆਂ ਚੜ੍ਹਨ ਲਈ ਤਿਆਰੀ ਕਰ ਰਹੇ ਹਨ।

ਈਸ਼ਰ ਸਿੰਘ ਚਾਹਲ ਪੰਜਾਬ ਰਾਜ ਬਿਜਲੀ ਬੋਰਡ ਵਿੱਚ 36 ਸਾਲ ਦੀ ਸ਼ਾਨਦਾਰ ਸੇਵਾ ਨਿਭਾਉਣ ਤੋਂ ਬਾਅਦ ਚੀਫ਼ ਇੰਜੀਨੀਅਰ ਵਜੋਂ ਸੇਵਾ-ਮੁਕਤ ਹੋ ਕੇ ਇਸ ਸਮੇਂ ਬਰੈਂਪਟਨ ਆਪਣੇ ਬੇਟੇ ਕੋਲ ? ਰਹਿ ਰਹੇ ਹਨ। ਉਹ ਵਧੀਆ ਅੰਗਰੇਜ਼ੀ ਲਿਖਣ 'ਚ ਪੂਰੀ ਮੁਹਾਰਤ ਰੱਖਦੇ ਹਨ। ਉਹ ਵੱਡੇ-ਵੱਡੇ ਅੰਗਰੇਜ਼ੀ ਲੇਖਕਾਂ ਦੀਆਂ ਕਿਤਾਬਾਂ ਪੜ੍ਹਦੇ ਰਹਿੰਦੇ ਹਨ ਅਤੇ ਆਪਣੀਆਂ ਲਿਖ਼ਤਾਂ ਵਿੱਚ ਉਨ੍ਹਾਂ ਦੇ ਮੈਟਰ ਨੂੰ ਆਸਾਨ ਪੰਜਾਬੀ ਵਿੱਚ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ, ਜਿਸ ਵਿੱਚ ਉਹ ਪੂਰੀ ਤਰ੍ਹਾਂ ਸਫ਼ਲ ਹੁੰਦੇ ਹਨ। ਉਨ੍ਹਾਂ ਦੇ ਲੇਖ ਅਕਸਰ ਹੀ ਪੰਜਾਬੀ ਤੇ ਅੰਗਰੇਜ਼ੀ ਦੀਆਂ ਅਖ਼ਬਾਰਾਂ ਤੇ ਰਿਸਾਲਿਆਂ ਵਿੱਚ ਛਪਦੇ ਰਹਿੰਦੇ ਹਨ ਜੋ ਪਾਠਕਾਂ ਵੱਲੋਂ ਬੇਹੱਦ ਪਸੰਦ ਕੀਤੇ ਜਾਂਦੇ ਹਨ।

ਚਾਹਲ ਸਾਹਿਬ ਅੱਜਕੱਲ੍ਹ ਟੈਕਨਾਲੌਜੀ ਦੇ ਹੋਣ ਵਾਲੇ ਫ਼ਾਇਦਿਆਂ ਦੇ ਨਾਲ ਨਾਲ ਇਸ ਵੱਲੋਂ ਹੋ ਰਹੇ ਭਾਰੀ ਨੁਕਸਾਨਾਂ ਨਾਲ ਸਬੰਧਿਤ ਪੁਸਤਕ 'ਕੰਨਾਂ ਨੂੰ ਖਾ ਰਿਹਾ ਸੋਨਾ : ਤਕਨਾਲੌਜੀ' ਤਿਆਰ ਕਰ ਰਹੇ ਹਨ। ਉਨ੍ਹਾਂ ਦੀ ਸ਼ਖ਼ਸੀਅਤ ਦੇ ਇਨ੍ਹਾਂ ਪਹਿਲੂਆਂ ਨੂੰ ਮੁੱਖ ਰੱਖਦਿਆਂ ਹੋਇਆਂ ਟੀ.ਪੀ.ਏ.ਆਰ. ਕਲੱਬ ਦੀ ਕਾਰਜਕਾਰਨੀ ਕਮੇਟੀ ਵੱਲੋਂ ਉਨ੍ਹਾਂ ਨੂੰ ਕਲੱਬ ਦਾ ਸਰਪ੍ਰਸਤ ਨਿਯੁਕਤ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ, ਜੋ ਬੜਾ ਸਹੀ ਅਤੇ ਯੋਗ ਫ਼ੈਸਲਾ ਹੈ। ਉਨ੍ਹਾਂ ਦੀ ਯੋਗ ਅਗਵਾਈ ਵਿੱਚ ਕਲੱਬ ਹੋਰ ਨਵੀਆਂ ਪੁਲਾਂਘਾ ਪੁੱਟਣ ਦੀ ਆਸ ਰੱਖਦਾ ਹੈ।

**ਡਾ. ਸੁਖਦੇਵ ਸਿੰਘ ਝੰਡ**
ਫ਼ੋਨ : +1 647-567-9128

# ਪੰਜਾਬੀ ਸੱਭਿਆਚਾਰ ਦੇ ਕਈ ਪੱਖ



ਜਸਵਿੰਦਰ ਸੰਧੂ
ਬ੍ਰੈਂਪਟਨ



ਸੱਭਿਆਚਾਰ ਜਾਣੀ ਕਿ ਕਿਸੇ ਖਿੱਤੇ ਦੇ ਲੋਕਾਂ ਦੀ ਰਹਿਣੀ-ਸਹਿਣੀ। ਇਹ ਇੱਕ ਕਾਫ਼ੀ ਵੱਡਾ ਜਿਹਾ ਸੰਕਲਪ ਹੈ ਜਿਸ ਵਿੱਚ ਸਾਡੇ ਰਹਿਣ-ਸਹਿਣ ਤੇ ਵਿਚਰਨ ਦੇ ਸਭ ਪੱਖ ਆਉਂਦੇ ਹਨ। ਅਸੀਂ ਕੀ ਖਾਂਦੇ-ਪੀਂਦੇ ਹਾਂ ਜਾਂ ਕਿਸ ਤਰਾਂ ਦੇ ਕੱਪੜੇ ਪਹਿਨਦੇ ਹਾਂ (ਜਾਣੀ ਕਿ ਸਾਡਾ ਪਹਿਰਾਵਾ ਕੀ ਹੈ) ਵੀ ਸਾਡੇ ਸੱਭਿਆਚਾਰ ਦੇ ਮਹੱਵਪੂਰਨ ਅੰਗ ਹੁੰਦੇ ਹਨ। ਸਾਡੀਆਂ ਗੀਤਾਂ ਤੇ ਰਿਵਾਜ ਵੀ ਸਾਡੇ ਸੱਭਿਆਚਾਰ ਦੇ ਹੀ ਅੰਗ ਹਨ। ਧਾਰਮਿਕ ਵਿਸ਼ਵਾਸ਼, ਅੰਧ-ਵਿਸ਼ਵਾਸ਼, ਸਾਡੇ ਸਮਾਜਿਕ ਵਤੀਰੇ-ਵਰਤਾਰੇ, ਸਾਡੀ ਭਾਸ਼ਾ, ਸਾਡੀਆਂ ਪੁਰਾਣੀਆਂ ਧਾਰਣਾਵਾਂ, ਜਾਤ-ਪਾਤ ਜਾਂ ਵਰਗ-ਵੰਡ ਆਦਿ ਵੀ ਸਾਡੇ ਸੱਭਿਆਚਾਰ ਦੇ ਹੀ ਵੱਖੋ-ਵੱਖਰੇ ਪੱਖ ਹਨ। ਫੇਰ ਸਾਡੀਆਂ ਫਸਲਾਂ, ਪਾਲਤੂ ਜਾਨਵਰ, ਸਾਡੇ ਡੰਗਰ ਪਸ਼ੂ ਆਦਿ ਵੀ ਇਸੇ ਦਾਇਰੇ ਵਿੱਚ ਨੇ। ਸਾਡਾ ਆਪਸ ਵਿੱਚ ਕਿਸ ਤਰਾਂ ਦਾ ਵਿਹਾਰ ਹੁੰਦਾ ਹੈ ਜਾਂ ਖੁਸ਼ੀ ਗ਼ਮੀ ਦੇ ਮੌਕੇ ਤੇ ਅਸੀਂ ਕਿਵੇਂ ਵਿਚਰਦੇ ਹਾਂ ਵੀ ਸਾਡੇ ਸੱਭਿਆਚਾਰ ਦੇ ਹੀ ਪੱਖ ਹਨ। ਇੱਕ ਤਰਾਂ ਨਾਲ਼ ਕਿਹਾ ਜਾ ਸਕਦਾ ਹੈ ਕਿ ਸਾਡਾ ਸੱਭਿਆਚਾਰ ਸਾਡੀ ਨੀਂਹ/ਨਿਉਂ/ਧ੍ਰੋਹਰ ਹੁੰਦੀ ਹੈ ਜੋ ਸਾਨੂੰ ਵਿਰਸੇ 'ਚ ਮਿਲਦੀ ਹੈ। ਰਸੂਲ ਹਮਜ਼ਾਤੋਵ ਆਪਣੀ ਕਿਤਾਬ "ਮੇਰਾ ਦਾਗਿਸਤਾਨ" ਵਿੱਚ ਆਪਣੇ ਸੱਭਿਆਚਾਰ ਨੂੰ ਹੱਥੋ-ਹੱਥੀ ਦੀ ਲੜਾਈ ਵਿੱਚ ਪਿੱਛੇ ਇੱਕ ਮਜ਼ਬੂਤ ਅਹਿੱਲ ਪੱਥਰਾਂ ਦੀ ਕੰਧ ਦੇ ਬਰਾਬਰ ਕਹਿੰਦਾ ਹੈ ਜੋ ਸਾਨੂੰ ਇੱਕ ਪਾਸੇ ਦੇ ਖਤਰੇ ਤੋਂ ਨਿਜਾਤ ਦੁਆ ਰੱਖਦੀ ਹੈ। ਅੱਗੇ ਸਾਡੇ ਤੇ ਹੈ ਕਿ ਅਸੀਂ ਉਸ ਧ੍ਰੋਹਰ ਤੋਂ ਕਿਵੇਂ ਸਿੱਖਣਾ ਹੈ ਤੇ ਕੀ ਬਣਨਾ-ਕਰਨਾ ਹੈ ਆਪਣੇ ਜੀਵਨ 'ਚ? ਸਾਡਾ ਦੇਸ਼ ਭਾਰਤ ਇੱਕ ਬਹੁ-ਸੱਭਿਆਚਾਰੀ ਦੇਸ਼ ਹੈ। ਸਾਡੇ ਅਨੇਕਾਂ ਤਰਾਂ ਦੇ ਲੋਕ ਨਾਚ, ਲੋਕ-ਗੀਤ ਆਦਿ ਸਾਡੇ ਇਸ ਬਹੁ-ਸੱਭਿਆਚਾਰੀ ਮਾਹੌਲ ਨੂੰ ਵੱਖੋ-ਵੱਖਰੀਆਂ ਸੰਭਾਵਨਾਵਾਂ ਨਾਲ਼ ਭਰਪੂਰ ਕਰਦੇ ਨੇ। ਇਸ ਤਰਾਂ ਦੀਆਂ ਸੰਭਾਵਨਾਵਾਂ ਕਾਰਨ ਅੱਜ ਸਾਨੂੰ ਪੰਜਾਬ 'ਚ ਦੱਖਣੀ ਇਡਲੀ-ਡੋਸੇ ਤੇ ਬੰਗਾਲੀ ਅੰਦਾਜ਼ ਦੀ ਬਣੀ ਮੱਛੀ ਖਾਣ ਦੀ ਸੰਭਾਵਨਾ ਨੂੰ ਸਾਕਾਰ ਕੀਤਾ ਹੈ। ਉਹ ਸਾਡੀ ਲੱਸੀ, ਮੱਕੀ ਦੀ ਰੋਟੀ ਤੇ ਸਰ੍ਹੋਂ ਦੇ ਸਾਗ ਨੂੰ ਵੀ ਮਾਣਦੇ ਹਨ। ਜਾਣੀ ਕਿ ਹੋਰਨਾਂ ਸੱਭਿਅਚਾਰਾਂ ਤੋਂ ਵਧੀਆ ਚੀਜ਼ਾਂ ਲੈ ਕੇ ਅਸੀਂ ਆਪਣੀ ਜ਼ਿੰਦਗੀ ਹੋਰ ਸੁਹਾਵਣੀ ਬਣਾ ਰਹੇ ਹਾਂ। ਨਾਲ਼ ਹੀ ਸਾਨੂੰ ਸਭ ਨੂੰ ਆਪਣੇ ਆਪਣੇ ਸੱਭਿਆਚਾਰ ਤੇ ਮਾਣ ਵੀ ਹੁੰਦਾ ਹੈ। ਇਹ ਵਰਤਾਰਾ ਅੰਤਰਾਸ਼ਟਰੀ ਪੱਧਰ ਤੇ ਵੀ ਚੱਲ ਰਿਹਾ ਹੈ। ਚੀਨੀ ਚਾਓਮਿਨ, ਨੂਡਲਾਂ (ਸੇਵੀਆਂ), ਇਟਾਲੀਅਨ/ਇਤਾਲਵੀ ਪੀਜ਼ਾ (ਪੀਤਜ਼ਾ), ਜਪਾਨੀ ਸੁਸ਼ੀ, ਮੈਕਸੀਕਨ/ਮਹੀਕਨ ਫਹੀਤੇ ਆਦਿ ਵੀ ਅਸੀਂ ਮਾਣ ਹੀ ਰਹੇ ਹਾਂ।

ਪਰ ਕੀ ਸਾਡੇ ਜਾਂ ਹੋਰਨਾਂ ਸੱਭਿਅਚਾਰਾਂ 'ਚ ਸਭ ਕੁੱਝ ਠੀਕ ਹੀ ਹੈ ਜਾਂ ਹੁੰਦਾ ਹੈ? ਇਹ ਇੱਕ ਗੰਭੀਰ ਅਤੇ ਵਿਚਾਰਨ ਦਾ ਵਿਸ਼ਾ ਹੈ। ਕਸ਼ਮੀਰ ਦੀ ਠੰਢ ਕਾਰਨ ਕਸ਼ਮੀਰੀਆਂ ਦਾ ਵਿਕਸਤ ਕੀਤਾ ਫਿਰਨ ਹੋਵੇ ਜਾਂ ਦੱਖਣੀ ਅਮਰੀਕਾ ਦੇ ਪਹਾੜੀਆਂ ਦਾ ਪੌਂਚ ਹੋਵੇ ਜਾਂ ਫਿਰ ਆਪਣੇ ਹਿਮਾਚਲੀ ਗੱਦੀਆਂ ਦਾ ਵਿਕਸਤ ਕੀਤਾ ਲੱਤਾਂ ਤੇ ਲਪੇਟਣ ਵਾਲ਼ਾ ਊਨੀ ਪੱਟੂ ਅਤੇ ਅਜਿਹੇ ਹੋਰ ਵਸੀਲੇ ਸਾਰੇ ਠੰਢ ਰੋਕਣ ਲਈ ਕਾਰਗਰ ਨੇ। ਕਨੇਡੀਅਨ ਜਾਂ ਕਹਿ ਲਓ ਕਿ ਆਦਵਾਸੀ ਅਮਰੀਕਨ ਇਨੀਓਟ ਲੋਕਾਂ (The Inuit people) ਦੀ ਇਗਲੂ ਦੀ ਕਾਢ ਵੀ ਇਸੇ ਰਾਹ ਦਾ ਬਰਫ਼ ਦਾ ਘਰ ਬਣਾ ਕੇ ਵਿੱਚ ਰਹਿਣ ਲਈ ਇੱਕ ਮਾਹਰਕੇ ਦੀ ਖੋਜ-ਵਿਕਸਣ ਸੀ। ਕੀ ਅਸੀਂ ਇਨ੍ਹਾਂ ਤੇ ਅਜਿਹੇ ਸਭ ਵੱਖੋ-ਵੱਖਰੇ ਵਿਕਸਤ ਹੋਏ ਗੁਣਕਾਰੀ ਢੰਗਾਂ ਤਜਰਬਿਆਂ ਨੂੰ ਵਰਤ ਕੇ ਆਪਣੇ ਲਈ ਇੱਕ ਨਵੇਂ ਰੂਪ ਵਾਲ਼ਾ ਆਪਣੇ ਲਈ ਢੁਕਵਾਂ ਤੇ ਵਧੀਆ ਸੱਭਿਆਚਾਰ ਨਹੀਂ ਸਿਰਜ ਸਕਦੇ? ਆਪਣੇ ਸੱਭਿਆਚਾਰ ਤੇ ਘੁਮੰਡ (ਮਾਣ ਨਹੀਂ) ਕਰਨ ਵਾਲ਼ੇ ਪਰ ਇਹ ਨਹੀਂ ਸਮਝ ਸਕਦੇ ਕਿ ਹਰ ਖੇਤਰ (ਸਣੇ ਸੱਭਿਆਚਾਰ ਦੇ) ਤਰੱਕੀ ਕਰ ਸਕਦਾ ਹੈ ਅਤੇ ਕਦੇ ਵੀ ਇਹ ਰਾਹ ਬੰਦ ਨਹੀਂ ਹੋਣੇ ਚਾਹੀਦੇ। ਵੈਸੇ ਬਦਲਣਾ ਕਦੇ ਬੰਦ ਹੁੰਦਾ ਵੀ ਨਹੀਂ ਹੈ ਪਰ ਉਸ ਦੇ ਰਾਹ ਦੇ ਰੋੜੇ ਬਣ ਕੇ ਕੁੱਝ ਲੋਕ ਆਪਣੇ ਮਤਲਬਾਂ ਕਾਰਨ ਉਸ ਬਦਲਾਅ ਦੀ ਰਫ਼ਤਾਰ ਘੱਟ ਕਰ ਦਿੰਦੇ ਨੇ। ਭਾਵੇਂ ਕੁੱਝ ਗੱਲਾਂ ਜਿਵੇਂ ਨਵੀਂ ਤਕਨਾਲੋਜੀ/ਟੈਕਨੋਲੋਜੀ ਤਾਂ ਤਕਰੀਬਨ ਸਭ ਅਪਣਾ ਹੀ ਲੈਂਦੇ ਹਨ, ਪਰ ਕੁੱਝ ਚੀਜ਼ਾਂ ਜਿਵੇਂ ਕਿ ਆਪਣਾ ਜਾਤ-ਪਾਤ ਵਖਰੇਵਾਂ ਜਾਂ ਵੱਡੇ ਦੀ ਕਹੀ ਗੱਲ ਨੂੰ ਬਗੈਰ ਸਵਾਲ ਕਰਿਆਂ ਮੰਨੀ ਜਾਣਾ ਵਰਗੀਆਂ ਰੀਤਾਂ ਘਾਤਕ ਹੁੰਦੀਆਂ ਹੋਈਆਂ ਵੀ ਅਜੇ ਓਵੇਂ ਹੀ ਚੱਲੀ ਜਾਂਦੀਆਂ ਨੇ। ਕੀ ਸਾਨੂੰ ਆਪਣੇ ਸੱਭਿਆਚਾਰਾਂ ਦੇ ਅਜਿਹੇ ਪਿਛਾਂਹ-ਖਿੱਚੂ ਅੰਗਾਂ ਨੂੰ ਵਿਚਾਰ ਕੇ ਠੀਕ ਕਰਨ ਦੀ ਲੋੜ ਨਹੀਂ ਹੈ? ਹਾਂ, ਬਹੁਤ ਜ਼ਰੂਰੀ ਹੈ ਇਹ ਕੁੱਝ ਕਰਨਾ ਜੇ ਅਸੀਂ ਇੱਕੀਵੀਂ ਸਦੀ ਦੇ ਅਗਾਂਹਵਧੂ ਲੋਕਾਂ ਦੇ ਨਾਲ਼ ਚੱਲਣਾ ਹੈ। ਐਵੇਂ ਆਪਣੇ ਸੱਭਿਆਚਾਰ ਦੇ ਮਹਾਨ ਹੋਣ ਦਾ ਰੌਲ਼ਾ ਪਾਉਣ ਵਾਲ਼ਿਆਂ ਦਾ ਮਕਸਦ ਕੋਈ ਹੋਰ ਹੁੰਦਾ ਹੈ। ਮੈਨੂੰ ਜਿਨ੍ਹਾਂ ਸੱਭਿਆਚਾਰੀ ਅੱਕੜਾਂ ਦਾ ਗਿਆਨ ਹੈ, ਮੈਂ ਉਨ੍ਹਾਂ ਦੀ ਹੀ ਗੱਲ ਕਰਾਂਗਾ।

**ਸਾਡਾ ਜਾਤ-ਪਾਤ ਵਖਰੇਵਾਂ**

ਬਾਹਮਣ, ਜੱਟ, ਵੈਸ਼ ਖੱਤਰੀ, ਚੂੜ੍ਹਾ, ਚਮਾਰ, ਨਾਈ, ਛੀਂਬਾ ਜਾਂ ਝਿਉਰ ਆਦਿ ਅਨੇਕਾਂ ਹੀ ਵਰਗ ਵੰਡਾਂ ਹਨ ਜੋ ਸਾਡੇ ਪੰਜਾਬੀ ਸਮਾਜ (ਭਾਰਤੀ ਸਮਾਜ) ਨੂੰ ਘੁਣ ਵਾਂਙ ਖਾ ਰਹੀਆਂ ਹਨ, ਪਰ ਇਨ੍ਹਾਂ 'ਚੋਂ ਫਾਇਦਾ ਲੈਣ ਵਾਲ਼ੇ ਲੋਕ (ਅਖਾਉਤੀ ਵੱਡੀਆਂ/ਉੱਪਰਲੀਆਂ ਜਾਤਾਂ) ਵਾਲ਼ੇ ਲੋਕ ਇਨ੍ਹਾਂ ਨੂੰ ਅਖਾਉਤੀ ਰੱਬ ਵੱਲੋਂ ਪੈਦਾ ਕੀਤੀਆਂ ਗਰਦਾਨ ਕੇ ਇਸ ਸਿਸਟਮ/ਪਰਣਾਲ਼ੀ ਨੂੰ ਜਿਉਂ ਦਾ ਤਿਉਂ ਚਲਦਾ ਰੱਖਣ 'ਚ ਦਿਲਚਸਪੀ ਰੱਖਦੇ ਹਨ। ਅੱਜ-ਕੱਲ੍ਹ ਤਾਂ ਸਾਡੇ ਜ਼ਿਆਦਾਤਰ ਗੀਤਕਾਰ ਤੇ ਗੀਤ ਗਾਉਣ ਵਾਲ਼ਿਆਂ ਨੇ ਜੱਟਾਂ ਨੂੰ ਹੀ ਧੁਰ ਬਣਾ ਕੇ ਅਸਮਾਨੀ ਚਾੜ੍ਹ ਰੱਖਿਆ ਹੈ ਭਾਵੇਂ ਉਹ ਇਸ ਸਮੇਂ ਜ਼ਿਆਦਾਤਰ ਨਸ਼ਿਆਂ 'ਚ ਗ੍ਰਸੇ ਹੋਏ ਆਪਣੇ ਪੁਰਖਿਆਂ ਦੀ ਕਮਾਈ ਜਾਇਦਾਦ ਦੀਆਂ ਧੱਜੀਆਂ ਉਡਾ



ਰਹੇ ਨੇ। ਨਖਿੱਧ (ਸਾਡੇ ਸਮਾਜ ਵੱਲੋਂ ਨਖਿੱਧ ਗਰਦਾਨੇ ਗਏ ਕੰਮ ਜਿਵੇਂ ਕਿ ਗੋਹਾ-ਕੂੜਾ ਚੱਕਣਾ, ਗਲ਼ੀਆਂ ਦੀ ਸਫ਼ਾਈ ਕਰਨਾ ਆਦਿ) ਕੰਮਾਂ ਵਾਲ਼ਿਆਂ ਦੀ ਸਿਫ਼ਤ ਕਰਦਾ ਤਾਂ ਕੋਈ ਗਾਣਾ ਅਜੇ ਤੱਕ ਕੰਨੀ ਨਹੀਂ ਪਿਆ ਹਾਲਾਂਕਿ ਸਭ ਤੋਂ ਜ਼ਰੂਰੀ ਇਹੀ ਬਣਦਾ ਹੈ ਜੇ ਕੁੱਝ ਸੁਧਾਰ ਕਰਨਾ ਹੈ। ਪੱਛਮੀ ਸੱਭਿਆਚਾਰਾਂ ਵਿੱਚ ਨਾ ਤਾਂ ਅਜਿਹੀ ਕੋਈ ਜਾਤ-ਵੰਡ ਹੈ ਅਤੇ ਨਾਲ਼ ਹੀ ਨਖਿੱਧ ਕੰਮ ਕਰਨ ਵਾਲ਼ਿਆਂ ਲਈ ਸਹੂਲਤਾਂ ਤੇ ਮਜ਼ਦੂਰੀ ਦੀ ਵੀ ਉਪਲਬਧੀ ਬਹੁਤ ਵਧੀਆ ਪੱਧਰ ਦੀ ਹੈ। ਕੀ ਅਸੀਂ ਅਜਿਹੇ ਕੁੱਝ ਦੇ ਹੱਕਦਾਰ ਨਹੀਂ ਹਾਂ? ਸਭ ਕੁੱਝ ਜਾਣਦੇ ਹੋਏ ਵੀ ਅਸੀਂ ਉਨ੍ਹਾਂ ਪੁਰਾਣੀਆਂ ਧਾਰਣਾਵਾਂ ਦੇ ਅਨੁਸਾਰ ਹੀ ਆਪਣਾ ਕੰਮਕਾਰ ਚਲਾਈ ਜਾ ਰਹੇ ਹਾਂ। ਕਿਉਂ? ਕਿਉਂਕਿ ਰਾਜ ਕਰਦੀਆਂ ਅਤੇ ਸਮਾਜ ਦੀਆਂ ਮੋਹਰੀ ਧਿਰਾਂ (ਖਾਸ ਕਰਕੇ ਧਰਮ-ਵਪਾਰੀ ਸੰਸਥਾਵਾਂ) ਨੂੰ ਨਾ ਤਾਂ ਇਨ੍ਹਾਂ ਚੀਜ਼ਾਂ ਦਾ ਕੋਈ ਫਿਕਰ ਹੈ ਅਤੇ ਨਾਲ਼ ਹੀ ਉਨ੍ਹਾਂ ਨੂੰ ਅਜਿਹੀ ਹਾਲਤ ਦਾ ਆਪਣੇ ਮਤਲਬ ਲਈ ਵਰਤਿਆ ਜਾਣਾ ਜ਼ਿਆਦਾ ਲਾਹੇਵੰਦ ਹੁੰਦਾ ਹੈ। ਸੋ ਸਾਨੂੰ ਅਜਿਹੇ ਸਿਆਸੀ ਅਤੇ ਧਾਰਮਿਕ ਕਹੇ ਜਾਂਦੇ ਲੀਡਰਾਂ/ਮੋਹਰੀਆਂ ਤੋਂ ਕੋਈ ਸੁਧਾਰ ਦੀ ਉਮੀਦ ਨਹੀਂ ਰੱਖਣੀ ਚਾਹੀਦੀ ਕਿਉਂਕਿ ਅਜਿਹੇ ਸੁਧਾਰਾਂ ਦਾ ਮਤਲਬ ਉਨ੍ਹਾਂ ਦੀ ਅਜਾਰੇਦਾਰੀ ਦਾ ਖਤਰੇ 'ਚ ਪੈਣਾ ਹੈ।

ਫੇਰ ਕੀ ਸੰਭਵ ਹੈ ਅਜਿਹਾ ਕੋਈ ਸੁਧਾਰ? ਹਾਂ ਕਿਉਂ ਨਹੀਂ; ਜੇ ਪਿੰਡ ਪੱਧਰ ਦੇ ਸੂਝਵਾਨ ਨੌਜਵਾਨ ਅਜਿਹੀ ਸੋਚ ਦੇ ਧਾਰਣੀ ਬਣ ਕੇ ਅਗਵਾਈ ਕਰਨ ਤਾਂ ਕਿਉਂ ਨਹੀਂ ਹੋ ਸਕਦਾ? ਪਰ ਇਸ ਦੀ ਸੰਭਾਵਨਾ ਨੂੰ ਵਧਾਉਣ ਲਈ ਸਾਨੂੰ ਇਨ੍ਹਾਂ ਸਮਾਜੀ ਨੁਕਸਾਂ ਬਾਰੇ ਗਿਆਨ ਹੋਣਾ ਬਹੁਤ ਜ਼ਰੂਰੀ ਹੈ ਤਾਂ ਜੋ ਅਜਿਹੇ ਕੰਮ ਦੇ ਵਿਰੋਧੀਆਂ ਨੂੰ ਪਿੰਡ ਦੀ ਪੰਚਾਇਤ ਵਿੱਚ ਜਵਾਬ ਦਿੱਤੇ ਜਾ ਸਕਣ। ਇਸ ਸੋਚ ਦਾ ਧਾਰਣੀ ਹਰ ਕੋਈ ਆਪਣੇ ਪਿੰਡ ਤੋਂ ਸ਼ੁਰੂ ਕਰ ਸਕਦਾ ਹੈ। ਮੇਰਾ ਖਿਆਲ ਹੈ ਕਿ ਨਖਿੱਧ ਗਰਦਾਨੇ ਹੋਏ ਕੰਮਾਂ ਵਾਲ਼ਿਆਂ ਤੋਂ ਲੰਗਰ ਬਣਵਾ ਕੇ ਅਤੇ ਵਰਤਾ ਕੇ ਸਾਰੇ ਪਿੰਡ ਨੂੰ ਜਾਤ-ਪਾਤ ਦੀ ਨਖਿੱਧ ਖੇਢ ਨੂੰ ਖਤਮ ਕਰਨ ਲਈ ਸ਼ੁਰੂਆਤ ਕਰਨੀ ਪਏਗੀ।

**ਨਾਰੀਜਾਤ ਦਾ ਦੁਰਕਾਰ**

ਮੇਰੀ ਸਮਝ ਮੁਤਾਬਿਕ ਸਾਡੇ ਸਮਾਜ ਦਾ ਦੂਜਾ ਸਭ ਤੋਂ ਘਟੀਆ ਪੱਖ ਹੈ ਸਾਡੀਆਂ ਔਰਤਾਂ ਨੂੰ ਮਰਦਾਂ ਤੋਂ ਘੱਟ, ਕਮਜ਼ੋਰ, ਨਾਸਮਝ ਆਦਿ ਸਮਝਣਾ ਭਾਵੇਂ ਉਹ ਸਾਡੇ ਅਰਥਚਾਰੇ/ਇਕੌਨਮੀ ਵਿੱਚ ਮਰਦਾਂ ਦੇ ਮੁਕਾਬਲੇ ਜ਼ਿਆਦਾ ਹਿੱਸਾ ਪਾ ਰਹੀਆਂ ਹਨ (ਪੰਜਾਬ ਖੇਤੀਬਾੜੀ ਲੁਧਿਆਣਾ ਦੀ ਇੱਕ ਪੁਰਾਣੀ ਖੋਜ ਅਨੁਸਾਰ)। ਪੱਛਮੀ ਸੱਭਿਆਚਾਰਾਂ ਵਿੱਚ ਵੀ ਅਜਿਹਾ ਕੁੱਝ ਹੀ ਚਲਦਾ ਰਿਹਾ ਹੈ; ਇੱਥੋਂ ਤੱਕ ਕਿ ਔਰਤਾਂ ਨੂੰ ਵੋਟ ਪਾਉਣ ਦਾ ਹੱਕ ਵੀ ਕਾਫ਼ੀ ਦੇਰ ਨਾਲ਼ ਨਸੀਬ ਹੋਇਆ ਸੀ। ਵੀਹਵੀਂ ਸਦੀ ਦੇ ਸ਼ੁਰੂ ਤੱਕ ਦੁਨੀਆਂ ਦੇ ਕੁੱਝ ਹੀ ਦੇਸ਼ਾਂ ਵਿੱਚ ਕੁੱਝ ਕੁ ਅਮੀਰਜ਼ਾਦੀਆਂ ਨੂੰ ਹੀ ਵੋਟ ਪਾਉਣ ਦਾ ਅਧਿਕਾਰ ਸੀ। ਫੇਰ ਹੌਲ਼ੀ ਹੌਲ਼ੀ ਇਹ ਹੱਕ ਵੱਖੋ-ਵੱਖਰੇ ਦੇਸ਼ਾਂ ਵਿੱਚ ਔਰਤਾਂ ਨੂੰ ਮਿਲਿਆ। ਪਰ ਜਿਉਂ ਹੀ ਇਹ ਸਭ ਕੁੱਝ ਹੋਣ ਲੱਗਿਆ ਤਿਉਂ ਹੀ ਉਨ੍ਹਾਂ ਦੇਸ਼ਾਂ 'ਚ ਤਰੱਕੀ ਦੀ ਚੰਗਿਆੜੀ ਇੱਕ ਮਿਸ਼ਾਲ ਦੀ ਤਰਾਂ ਸਮਾਜ ਦੇ ਬਦਲਾਅ ਨੂੰ ਸਾਹਮਣੇ ਲਿਆਉਂਦੀ ਗਈ। ਓਦਾਂ ਇੱਕ ਤਾਜ਼ਾ ਸਰਵੇ ਦੀ ਖ਼ਬਰ ਤਾਂ ਇਹ ਦਰਸਾਉਂਦੀ ਹੈ ਕਿ ਅਮਰੀਕਨਾਂ 'ਚ ਅਜੇ ਇੱਕ ਔਰਤ ਨੂੰ ਰਾਸ਼ਟਰਪਤੀ ਬਣਾਉਣ ਵਿੱਚ (ਸਣੇ ਔਰਤਾਂ ਦੇ) ਜ਼ਿਆਦਾਤਰ ਅਮਰੀਕਨ ਖਿਲਾਫ਼ ਹਨ। ਸਾਡੇ ਧਾਰਮਿਕ ਗ੍ਰੰਥਾਂ 'ਚ ਔਰਤ ਨੂੰ ਮਰਦਾਂ ਤੋਂ ਥੱਲੇ ਹੀ ਦਰਸਾਇਆ ਹੋਇਆ ਹੈ ਭਾਵੇਂ ਬਾਬੇ ਨਾਨਕ ਦੇ ਇੱਕ ਸ਼ਬਦ ਨੂੰ ਮੋੜ-ਘੇੜ ਕੇ ਸਾਡੇ ਸਾਹਮਣੇ ਲਿਆ ਕੇ ਕਿਹਾ ਜਾਂਦਾ ਹੈ ਕਿ ਸਿੱਖ ਧਰਮ 'ਚ ਔਰਤ ਨੂੰ ਬਹੁਤ ਸਤਿਕਾਰਿਆ ਗਿਆ ਹੈ। ਪਰ ਗ੍ਰੰਥ ਸਾਹਿਬ ਦੀ ਸਚਾਈ ਕੁੱਝ ਹੋਰ ਵੀ ਬਿਆਨ ਕਰਦੀ ਹੈ ਜੋ ਚੌਥੇ ਗੁਰੂ ਦੀ ਲਿਖਤ 'ਚੋਂ ਦਿਸਦਾ ਹੈ। ਪੰਨਾ 1197 "ਜਿਹੜਾ ਮਨੁੱਖ ਔਰਤ ਨੂੰ ਪੁੱਛ-ਪੁੱਛ ਕੇ ਚੱਲਦਾ ਹੈ, ਉਹ ਚੰਗਾ ਨਹੀਂ, ਬਾਣੀ ਅਨੁਸਾਰ। 'ਮਨਮੁਖਾ ਦੇ ਸਿਰਿ ਜੋਰਾ ਅਮਰੁ ਹੈ ਨਿਤ ਦੇਵਹਿ ਭਲਾ॥' (ਇਹੋ ਜਿਹੇ) ਮਨਮੁਖਾਂ ਦੇ ਸਿਰ ਤੇ ਇਸਤ੍ਰੀਆਂ ਦਾ ਹੁਕਮ ਹੁੰਦਾ ਹੈ, ਤੇ ਉਹ ਉਹਨਾਂ ਨੂੰ (ਹੀ) ਸਦਾ ਚੰਗੇ ਚੰਗੇ ਪਦਾਰਥ ਲਿਆ ਕੇ ਦੇਂਦੇ ਹਨ। 'ਜੋਰਾ ਦਾ ਆਖਿਆ ਪੁਰਖ ਕਮਾਵਦੇ ਸੇ ਅਪਵਿਤ ਅਮੇਧ ਖਲਾ॥' ਜੋ ਮਨੁੱਖ ਇਸਤ੍ਰੀਆਂ ਦੇ ਕਹੇ ਵਿਚ ਟੁਰਦੇ ਹਨ (ਭਾਵ, ਆਪਣਾ ਵਜ਼ੀਰ ਜਾਣ ਕੇ ਸਲਾਹ ਨਹੀ ਲੈਂਦੇ, ਸਗੋਂ ਨਿਰੋਲ ਜੋ ਇਸਤ੍ਰੀਆਂ ਆਖਣ ਉਹੀ ਕਰਦੇ ਹਨ), ਉਹ (ਆਮ ਤੌਰ 'ਤੇ) ਮਲੀਨ-ਮਤਿ ਬੁਧ-ਹੀਨ ਤੇ ਮੂਰਖ ਹੁੰਦੇ ਹਨ।"ਰਾਮ ਚ੍ਰਿਤਮਾਨਸ ਦਾ ਲਿਖਾਰੀ ਤੁਲਸੀਦਾਸ ਤਾਂ ਗਵਾਰ, ਛੋਟੀਆਂ ਜਾਤਾਂ ਵਾਲ਼ੇ ਅਤੇ ਨਾਰੀਆਂ ਸਭ ਨੂੰ ਕੁੱਟ ਖਾਣ ਦੇ ਹੱਕਦਾਰ ਦੱਸਦਾ ਹੈ।

ਸਾਡੀ ਆਮ ਜ਼ਿੰਦਗੀ ਵਿੱਚ ਔਰਤਾਂ ਦਾ ਨਿਰਾਦਰ/ਦੁਰਕਾਰ ਆਮ ਹੀ ਚਲਦਾ ਰਹਿੰਦਾ ਹੈ। ਖੇਤਾਂ 'ਚ ਕੰਮ ਕਰਦੇ ਮਰਦਾਂ ਦੀ ਗੱਲ-ਬਾਤ 'ਚ ਕਿਸ ਮਰਦ ਨੇ ਔਰਤ ਕੰਟਰੋਲ 'ਚ ਰੱਖੀ ਹੋਈ ਹੈ ਤੇ ਕਿਹੜੀ ਔਰਤ ਨੇ ਆਪਣਾ ਮਰਦ ਥੱਲੇ ਲਾਇਆ ਹੋਇਆ ਹੈ ਵਰਗੀਆਂ ਆਮ ਗੱਲਾਂ ਨੇ ਜੋ ਮਜ਼ਾਕ ਵਿੱਚ ਤੇ ਗੰਭੀਰਤਾ ਨਾਲ਼ ਵੀ ਕਹੀਆਂ ਜਾਂਦੀਆਂ ਹਨ। ਪੜ੍ਹੇ ਲਿਖੇ ਯੂਨੀਵਰਸਿਟੀਆਂ ਦੇ ਪ੍ਰੋਫੈੱਸਰਾਂ ਦੇ ਰੁਤਬਿਆਂ ਵਾਲ਼ੇ ਵੀ ਇਸ ਗੱਲ ਤੋਂ ਜ਼ਿਆਦਾ ਬਾਹਰ ਨਹੀਂ ਹਨ। ਔਰਤਾਂ ਨੂੰ ਬਰਾਬਰ ਸਮਝਣ ਤੇ ਬਰਾਬਰ ਦੇ ਹੱਕ ਦੇਣ ਦੀਆਂ ਗੱਲਾਂ ਬਹੁਤ ਹੁੰਦੀਆਂ ਹਨ, ਪਰ ਅਸਲ ਜ਼ਿੰਦਗੀ ਵਿੱਚ ਇਹ ਹੁੰਦਾ ਬਹੁਤ ਘੱਟ ਦਿਸਦਾ ਹੈ। ਜਿੱਥੇ ਔਰਤ ਅਜਿਹਾ ਕੁੱਝ ਹਾਸਲ ਕਰਦੀ ਵੀ ਹੈ ਉਹ ਜ਼ਿਆਦਾਤਰ ਉਸ ਦੀ ਆਪਣੀ ਹਿੰਮਤ ਸਦਕਾ ਹੀ ਹਾਸਲ ਕੀਤਾ ਹੋਇਆ ਹੁੰਦਾ ਹੈ।

ਮੇਰੇ ਹਿਸਾਬ ਨਾਲ਼ ਸਾਡੇ ਸੱਭਿਆਚਾਰ ਦੇ ਇਹ ਦੋ ਵੱਡੇ ਨੁਕਸਾਂ ਨੇ ਸਾਡੇ ਸਮਾਜ ਨੂੰ ਇੰਨਾ ਕਮਜ਼ੋਰ ਤੇ ਤਿੜਕਣਹਾਰ ਬਣਾਇਆ ਹੋਇਆ ਹੈ ਕਿ ਅਸੀਂ ਬਾਹਰ ਦੇ ਧਾੜਵੀਆਂ ਦੇ ਹਮਲਿਆਂ ਦਾ ਸਹੀ ਠੋਕਵਾਂ ਜਵਾਬ ਦੇਣ ਦੀ ਥਾਂ ਉਨ੍ਹਾਂ ਦੇ ਗੁਲਾਮ ਬਣ ਕੇ ਰਹੇ ਹਾਂ।

**ਬਾਬਾ ਬੋਹੜ ਗਲਬਾ**

ਕਹਿੰਦੇ ਹਨ ਵੱਡੇ ਬੋਹੜ ਦੀ ਛਾਂ ਵਿੱਚ ਕੁੱਝ ਨਹੀਂ ਪੈਦਾ ਹੁੰਦਾ ਜਾਂ ਪ੍ਰਫੁੱਲਤ ਹੁੰਦਾ, ਇਸੇ ਤਰਾਂ ਸਾਡੇ ਸਮਾਜ ਦੀ ਵੱਡਿਆਂ ਦੀ ਗੱਲ ਬਗੈਰ ਸਵਾਲੋਂ ਮੰਨੀ ਜਾਣ ਵਾਲ਼ੀ ਰੀਤ ਵੀ ਘਾਤਕ ਹੈ। ਵਿਗਿਆਨ ਦੀ ਨਵੀਂ ਖੋਜ ਲਈ ਉਤਸ਼ਾਹਤ ਕਰਨ ਲਈ ਉਭਰਦੇ ਖੋਜੀਆਂ ਨੂੰ ਸਵਾਲ ਕਰਨ ਲਈ ਉਕਸਾਇਆ ਜਾਂਦਾ ਹੈ ਤਾਂ ਜੋ ਉਹ ਪਹਿਲਾਂ ਖੋਜੇ ਗਿਆਨ ਦੀ ਪੁਸ਼ਟੀ ਕਰ ਸਕਣ ਅਤੇ ਕਿਸੇ ਵੀ ਸਹੀ ਜਾਂ ਸਾਫ਼ ਨਾ ਲਗਦੇ ਵਿਸ਼ੇ ਤੇ ਸਵਾਲ ਪੁੱਛ ਸਕਣ। ਇਸ ਤਰਾਂ ਉਨ੍ਹਾਂ ਨੂੰ ਨਵੀਂ ਖੋਜ ਲਈ ਵੀ ਰਾਹ ਮਿਲਦੇ ਨੇ। ਸਾਡੇ ਸੱਭਿਆਚਾਰ ਦੀ ਇਹ ਕੁਰੀਤੀ ਕਿ ਜੋ ਵੱਡ-ਵਡੇਰਿਆਂ ਲਿਖ ਜਾਂ ਕਹਿ ਦਿੱਤਾ ਉਹ ਪੱਥਰ ਤੇ ਲਕੀਰ ਸਮਝ ਕੇ ਮੰਨਣਾ ਹੀ ਹੈ; ਕੋਈ ਸਵਾਲ ਜਾਂ ਕਿੰਤੂ ਨਹੀਂ ਕਰਨਾ। ਗੁਰੂਆਂ, ਭਗਤਾਂ, ਰਿਸ਼ੀਆਂ-ਮੁਨੀਆਂ ਜਾਂ ਆਮ ਬਾਬਿਆਂ ਦੀ ਗੱਲਾਂ ਨੂੰ ਤਾਂ ਸਿਰ-ਮੱਥੇ ਰੱਖਣ ਦੀ ਰੀਤ ਪਰਚਾਰੀ ਜਾਂਦੀ ਹੈ। ਜਦੋਂ ਅਸੀਂ ਆਪਣੇ ਹੀ ਵਡੇਰਿਆਂ ਦੀ ਗੱਲ ਤੇ ਸਵਾਲ ਨੀ ਉਠਾ ਸਕਦੇ ਤਾਂ ਵੱਡੇ ਵੱਡੇ ਸਾਇੰਸਦਾਨਾਂ ਦੀ ਕੀਤੀ ਖੋਜ ਤੇ ਕਿਵੇਂ ਕਰ ਸਕਾਂਗੇ? ਸਵਾਲ ਤਾਂ ਕੀ ਇਹੋ ਜਿਹੀ ਆਦਤ ਤਾਂ ਸਾਨੂੰ ਉਨ੍ਹਾਂ ਦੀ ਕੀਤੀ ਖੋਜ ਨੂੰ ਸਮਝ ਲੈਣ 'ਚ ਵੀ ਮੁਸ਼ਕਲਾਂ ਪੈਦਾ ਕਰੂਗੀ/ਕਰਦੀ ਹੈ।

ਇਹ ਬਹੁਤ ਗਲਤ ਵਰਤਾਰਾ ਹੈ। ਜੇ ਦੁਨੀਆਂ 'ਚ ਸਭ ਥਾਂ ਇੱਦਾਂ ਹੁੰਦਾ ਤਾਂ ਅਰੱਸਤੂ, ਨਿਊਟਨ, ਡਾਰਵਿਨ ਜਾਂ ਆਈਂਸਟਾਈਨ ਵਰਗਿਆਂ ਦੀਆਂ ਖੋਜਾਂ ਤੋਂ ਬਾਅਦ ਕਿਸੇ ਨੇ ਕੁੱਝ ਵੀ ਨਾ ਖੋਜਿਆ ਹੁੰਦਾ ਅਤੇ ਅਸੀਂ ਇੱਕੀਵੀਂ ਸਦੀ 'ਚ ਪੁਰਾਣੇ ਢੰਗ-ਤਰੀਕਿਆਂ ਨਾਲ਼ ਹੀ ਖਰ੍ਹਜਲਦੇ ਰਹਿੰਦੇ। ਪਰ ਅੱਜ ਤਾਂ ਰੰਗਦਾਰ ਟੀਵੀ, ਸੈੱਲ-ਫੋਨ, ਤੇਜ਼-ਤਰਾਰ ਜੈੱਟ/ਰੌਕਟ, ਸੋਸ਼ਲ ਮੀਡੀਆ ਆਦਿ ਨੇ 19ਵੀਂ-20ਵੀਂ ਸਦੀਆਂ ਦੀਆਂ ਗੱਲਾਂ ਭੁਲਾ ਦਿੱਤੀਆਂ ਨੇ। ਕੀ ਇਹ ਵੱਡਿਆਂ ਦੀ ਕੀਤੀਆਂ ਖੋਜਾਂ ਤੇ ਰੁਕ ਜਾਣ ਨਾਲ਼ ਸੰਭਵ ਹੋ ਸਕਣਾ ਸੀ? ਕਦੇ ਵੀ ਨਹੀਂ! ਇਹ ਸਾਡੇ ਨਵੇਂ ਜ਼ਮਾਨੇ ਦੇ ਖੋਜੀਆਂ ਦੇ ਕੰਮਾਂ ਦੇ ਨਾਲ਼ ਸੰਭਵ ਹੋਇਆ ਹੈ। ਇਸ ਲਈ ਸਾਨੂੰ ਆਪਣੀ ਇਸ ਰੀਤ ਨੂੰ ਨਕਾਰ ਕੇ ਸਗੋਂ ਆਪਣੇ ਬੱਚਿਆਂ ਨੂੰ ਸਭ ਗ੍ਰੰਥਾਂ, ਬਾਬਿਆਂ, ਵਡੇਰਿਆਂ ਆਦਿ ਦੇ ਕੰਮਾਂ ਦੇ ਮੁਲੰਕਣ, ਅਲੋਚਨਾ ਅਤੇ ਪੜਚੋਲਣ ਵੱਲ ਤਿਆਰ ਕਰਨਾ ਚਾਹੀਦਾ ਹੈ ਨਵੇਂ ਉਭਰਦੇ ਖੋਜੀਆਂ ਨੂੰ। ਇਹ ਹੀ ਇੱਕ ਰਾਹ ਹੈ ਜੋ ਸਾਡੇ ਲਈ ਤਰੱਕੀ ਦੇ ਨਵੇਂ ਰਾਹ ਖੋਲ੍ਹ ਸਕਦਾ ਹੈ।



# ਹਿੰਦੂ ਧਰਮ ਦੇ 'ਰਖਵਾਲਿਆਂ' ਦੀ ਦਹਿਸ਼ਤ ਦੇ ਸਾਏ ਹੇਠ ਕ੍ਰਿਸਮਿਸ

*ਭਾਰਤ ਵਿਚ ਇਕੱਲੇ ਮੁਸਲਮਾਨ ਹੀ ਨਹੀਂ ਸਗੋਂ ਈਸਾਈ ਭਾਈਚਾਰਾ ਵੀ ਬਹੁਗਿਣਤੀਵਾਦੀ ਹਮਲਿਆਂ ਦੀ ਮਾਰ ਝੱਲ ਰਿਹਾ ਹੈ। ਹਾਲ ਹੀ ਵਿਚ ਕ੍ਰਿਸਮਿਸ ਦੇ ਤਿਓਹਾਰ ਦੇ ਮੌਕੇ ਵੱਖ-ਵੱਖ ਥਾਵਾਂ 'ਤੇ ਈਸਾਈ ਵਿਰੋਧੀ ਹਿੰਸਾ ਦੀਆਂ ਬੇਹੱਦ ਚਿੰਤਾਜਨਕ ਘਟਨਾਵਾਂ ਵਾਪਰੀਆਂ ਹਨ। ਅਜਿਹੀਆਂ ਘਟਨਾਵਾਂ 'ਚ ਤੇਜ਼ੀ ਨਾਲ ਵਾਧਾ ਸਿਵਲ ਸੁਸਾਇਟੀ ਦੇ ਗੰਭੀਰ ਦਖ਼ਲ ਦੀ ਮੰਗ ਕਰਦਾ ਹੈ। ਇਸ ਵਰਤਾਰੇ ਦੇ ਕੁਝ ਮੁੱਖ ਰੂਪਾਂ ਦੀ ਚਰਚਾ ਇਸ ਲੇਖ ਵਿਚ ਕੀਤੀ ਗਈ ਹੈ। – ਸੰਪਾਦਕ*




**-ਬੂਟਾ ਸਿੰਘ ਮਹਿਮੂਦਪੁਰ**

ਪਿਛਲੇ ਦਿਨੀਂ ਮੁਲਕ ਦੇ ਵੱਖ-ਵੱਖ ਹਿੱਸਿਆਂ ਤੋਂ ਹਿੰਦੂਤਵੀ ਗਰੁੱਪਾਂ ਵੱਲੋਂ ਕ੍ਰਿਸਮਸ ਤੋਂ ਪਹਿਲਾਂ ਹੀ ਦਹਿਸ਼ਤ ਦਾ ਮਾਹੌਲ ਬਣਾ ਕੇ ਈਸਾਈ ਅਕੀਦੇ ਵਾਲੇ ਲੋਕਾਂ ਨੂੰ ਆਪਣਾ ਪ੍ਰਮੁੱਖ ਧਾਰਮਿਕ ਤਿਓਹਾਰ ਮਨਾਉਣ ਤੋਂ ਰੋਕਣ, ਕ੍ਰਿਸਮਸ ਦੀਆਂ ਪ੍ਰਾਰਥਨਾਵਾਂ ਵਿੱਚ ਹੜਦੂੰਗ ਮਚਾਉਣ, ਗਿਰਜਾਘਰਾਂ ਵਿੱਚ ਭੰਨਤੋੜ ਕਰਨ, ਸ਼ਰਧਾਲੂਆਂ ਨੂੰ ਡਰਾਉਣ-ਧਮਕਾਉਣ ਅਤੇ "ਜ਼ਬਰਦਸਤੀ ਧਰਮ-ਬਦਲੀ" ਰੋਕਣ ਦੇ ਨਾਂ 'ਤੇ ਧਮਕੀਆਂ ਦੇਣ ਦੀਆਂ ਕਈ ਘਟਨਾਵਾਂ ਸਾਹਮਣੇ ਆਈਆਂ ਹਨ। ਇਸੇ ਤਰ੍ਹਾਂ ਕ੍ਰਿਸਮਸ ਦੇ ਦਿਨ ਵੀ ਕਈ ਕੁਝ ਵਾਪਰਿਆ ਹੈ। ਜਿਸ ਮੁਲਕ ਵਿਚ ਆਦਿਵਾਸੀ ਇਲਾਕਿਆਂ ਅੰਦਰ ਨਿਰਸਵਾਰਥ ਇਲਾਜ ਸੇਵਾਵਾਂ ਦੇਣ ਵਾਲੇ ਈਸਾਈ ਪਾਦਰੀ ਗ੍ਰਾਹਮ ਸਟੇਨਜ਼ ਨੂੰ ਉਸਦੇ ਦੋ ਬੱਚਿਆਂ ਸਮੇਤ ਹਿੰਦੂਤਵੀ ਮੁਜਰਿਮਾਂ

HOMELIFE
HIGHER STANDARDS
HomeLife SilverCity Realty Inc.
Brokerage Independently Owned & Operated
Harbans Singh
Sales Representative & Insurance Advisor
Mob. 416-817-7142
905-913-8500
Fax: 415-213-9010
dharbans@hotmail.com
Commitment to Excellent Service
- Life Insurance
- Disability Insurance
- Critical Illness Insurance
- Super Visa Insurance
- Health & Dental Plans
- Mortgage Insurance
- Visitor Insurance
- Segregated Funds
- RRSP & TFSA
- RESP
Punjab Insurance Inc.
10 - 7003 Steeles Avenue, West, Toronto, ON M9W 0A2
11775 Bramalea Rd., Unit #201, Brampton L7R3S7



EXPERIOR
FINANCIAL GROUP INC
Representing Many financial institutions
SuperVisa, Life Insurance
Disability, Critical Illness, Health
SPECIAL DISCOUNT
FOR VISITORS, TRUCKERS,
WORK PERMIT, REFUGE &
INTERNATIONAL STUDENTS
LOWEST RATES FREE QUOTE Call Protect your family
Call: 416.209.6363
Hardeep Atwal
Sr. Insurance Advisor



MAROK LAW OFFICE
Always Taking You Forward
• Corporate Law • Real Estate
Wills • Affidavits • Power of Attorney
VIPANDEEP SINGH MAROK
Barrister, Solicitor & Notary Public M.A., LLB
80 Maritime Ontario Blvd, Unit# 60,
Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com




SimpleX
MECHANICAL LTD
We make customers not sales
HVAC • REFRIGERATION
SERVICES
- AC
- HEAT PUMP
- FURNACE
- HRV - CRV
- SHEET METAL
- WALK IN COOLER & FREEZER
Townhouse Project Residential Commercial
10 Year Labor Warranty
We Finance Too
WE DO INSTALL & SERVICE
ALL MAJOR BRANDS
Ritesh Vashisht
604.657.9420
York Authorized Dealer
YORK
Email: simplexmechanical@hotmail.com
www.hvacsurreybc.ca



WEST COAST
HOME & TRUSS LTD.
Manufacturers of Quality Pre-Engineered Metal Plate Connected Wood Trusses
Custom Products and Services Offered :
• Pre-Engineered Roof and Floor Trusses
• Metal Web Floor Trusses
• Custom Heavy Timber Trusses and Timber Framing Kits
• Curved Roof and Ceiling Trusses
• Curved Timber and Laminated Joists
• Curved Fascias and Trims
• Pre-Fab Barreled and Double Barreled Vaulted Ceilings
• Pre-Fab Dome and Elliptical Ceilings
• Structural Engineering and Inspection Services (BC, Alberta & Saskatchewan)
10230-120 Street Surrey, BC, V3V 4G1
www.westcoasttruss.ca | info@westcoasttruss.ca
(604) 580-3275
(778) 896-7194



A Class Granite Ltd.
A CLASS GRANITE
PRICED RIGHT AND DONE RIGHT
WWW.ACLASSGRANITE.ORG
CALL FOR A FREE ESTIMATE
MALKIT
778 889 9526
#48,49 13315 115 Ave Surrey
Office: 604.496.6746
m.swaich@aclassgranite.org
www.aclassgraniteltd.com
• KITCHEN COUNTERS • STAIRCASES
• VANITIES • INSTALLATIONS
• FIRE PLACES • REPAIRS



ਵੱਲੋਂ ਬੇਹੱਦ ਕਰੂਰਤਾ ਨਾਲ ਜਿਉਂਦੇ ਸਾੜ ਦਿੱਤਾ ਗਿਆ ਅਤੇ ਉਨ੍ਹਾਂ ਇਲਾਕਿਆਂ ਨੂੰ ਧਰਮ-ਬਦਲੀ ਰੋਕਣ ਦੇ ਨਾਂ ਹੇਠ ਫਿਰਕੂ ਅੱਗ ਵਿਚ ਝੋਕ ਦਿੱਤਾ ਗਿਆ, ਉੱਥੇ ਮੁਸਲਮਾਨ, ਈਸਾਈ ਤੇ ਹੋਰ ਘੱਟਗਿਣਤੀਆਂ ਵਿਰੁੱਧ ਬਹੁਗਿਣਤੀਵਾਦੀ ਫਿਰਕੂ ਧੌਂਸ ਨਵੀਂ ਗੱਲ ਨਹੀਂ ਹੈ। ਪਰ ਗੰਭੀਰਤਾ ਨਾਲ ਧਿਆਨ ਦੇਣ ਵਾਲਾ ਪੱਖ ਇਹ ਹੈ ਕਿ ਪਿਛਲੇ ਇਕ ਦਹਾਕੇ ਤੋਂ ਭਗਵਾ ਹਕੂਮਤ ਦੀ ਰਾਜਕੀ ਤੇ ਰਾਜਨੀਤਕ ਪੁਸ਼ਤ-ਪਨਾਹੀ ਨਾਲ ਅਜਿਹੀਆਂ ਦਹਿਸ਼ਤਪਾਊ ਕਾਰਵਾਈਆਂ ਹੌਲੀ-ਹੌਲੀ ਆਮ ਬਣਾ ਦਿੱਤੀਆਂ ਗਈਆਂ ਹਨ। ਹਰ ਸਾਲ ਹੀ ਕ੍ਰਿਸਮਸ ਦੇ ਦਿਨੀਂ ਈਸਾਈਆਂ ਉੱਪਰ ਹਮਲਿਆਂ ਵਿਚ ਖ਼ਾਸ ਤੇਜ਼ੀ ਆਉਂਦੀ ਹੈ ਅਤੇ ਇਨ੍ਹਾਂ ਘਟਨਾਵਾਂ ਵਿਚ ਇਕ ਸਾਂਝਾ ਪੈਟਰਨ ਦੇਖਿਆ ਜਾ ਸਕਦਾ ਹੈ।

ਮੱਧ ਪ੍ਰਦੇਸ਼ ਅਤੇ ਉੜੀਸਾ ਤੋਂ ਕ੍ਰਿਸਮਸ ਦੀਆਂ ਟੋਪੀਆਂ ਵੇਚਣ ਵਾਲਿਆਂ ਨੂੰ ਟੋਪੀਆਂ ਵੇਚਣ ਤੋਂ ਰੋਕਣ ਦੀਆਂ ਰਿਪੋਰਟਾਂ ਹਨ। ਨਿਊਜ਼ਐਕਸ ਵਰਲਡ, ਦੇਸ਼ਅਭਿਮਾਨੀ, ਇੰਡੀਅਨ ਐਕਸਪ੍ਰੈੱਸ ਅਤੇ ਇੰਡੀਆ ਟੁਡੇ ਆਦਿ ਨੇ ਬਹੁਤ ਸਾਰੀਆਂ ਰਿਪੋਰਟਾਂ ਛਾਪੀਆਂ ਹਨ। ਇਕ ਵੀਡੀਓ ਵੀ ਸੋਸ਼ਲ ਮੀਡੀਆ ਉੱਪਰ ਕਾਫ਼ੀ ਵਾਇਰਲ ਹੋਈ ਹੈ ਜਿਸ ਵਿਚ ਫਿਰਕੂ ਧੌਂਸਬਾਜ਼ਾਂ ਦਾ ਇਕ ਗਰੁੱਪ ਟੋਪੀਆਂ ਵੇਚਣ ਵਾਲਿਆਂ ਨੂੰ ਸੜਕ ਉੱਪਰ ਤੰਗ-ਪ੍ਰੇਸ਼ਾਨ ਕਰ ਰਿਹਾ ਹੈ ਕਿ ਉਹ 'ਹਿੰਦੂ ਹੋ ਕੇ' ਕ੍ਰਿਸਮਸ ਦੀਆਂ ਟੋਪੀਆਂ ਕਿਉਂ ਵੇਚ ਰਹੇ ਹਨ। ਦਿੱਲੀ ਦੇ ਲਾਜਪਤ ਨਗਰ ਵਿਚ ਔਰਤਾਂ ਨਾਲ ਅਤੇ ਇਸੇ ਤਰ੍ਹਾਂ ਰਾਜਸਥਾਨ ਵਿਚ ਬਜਰੰਗ ਦਲ ਦੇ ਕਾਰਕੁਨਾਂ ਵੱਲੋਂ ਉਨ੍ਹਾਂ ਲੋਕਾਂ ਨਾਲ ਬਦਤਮੀਜ਼ੀ ਦੀਆਂ ਰਿਪੋਰਟਾਂ ਹਨ ਜਿਨ੍ਹਾਂ ਨੇ ਕ੍ਰਿਸਮਸ ਦਾ ਵਿਸ਼ੇਸ਼ ਪਹਿਰਾਵਾ ਪਹਿਨਿਆ ਹੋਇਆ ਸੀ। ਛੱਤੀਸਗੜ੍ਹ ਦੀ ਰਾਜਧਾਨੀ ਰਾਇਪੁਰ ਵਿੱਚ ਕ੍ਰਿਸਮਸ ਦੇ ਦਿਨ ਫਿਰਕੂ ਕੱਟੜਪੰਥੀ ਕਾਰਕੁਨ ਮੈਗਨੈਟੋ ਮਾਲ ਵਿੱਚ ਜਾ ਵੜੇ, ਜਿੱਥੇ ਉਨ੍ਹਾਂ ਨੇ ਕ੍ਰਿਸਮਸ ਦੀ ਸਜਾਵਟ ਤੋੜੀ ਅਤੇ ਲੋਕਾਂ ਤੋਂ ਉਨ੍ਹਾਂ ਦਾ ਧਰਮ ਤੇ ਜਾਤ ਪੁੱਛੀ—ਹਾਲਾਂਕਿ ਇਹ ਮਾਲ ਕਾਂਕੇਰ ਜ਼ਿਲ੍ਹੇ ਵਿੱਚ ਹੋਈ ਅਜਿਹੀ ਹਿੰਸਾ ਦੇ ਵਿਰੋਧ ਵਿੱਚ ਦਿੱਤੇ ਗਏ ਬੰਦ ਦੀ ਹਮਾਇਤ ਵਿੱਚ ਪਹਿਲਾਂ ਹੀ ਬੰਦ ਸੀ। ਵੀਡੀਓ ਅਤੇ ਚਸ਼ਮਦੀਦ ਗਵਾਹਾਂ ਦੇ ਬਿਆਨਾਂ ਤੋਂ ਪਤਾ ਲੱਗਦਾ ਹੈ ਕਿ ਭੀੜ ਨੇ ਲੋਹੇ ਦੀਆਂ ਰਾਡਾਂ ਅਤੇ ਡੰਡਿਆਂ ਦੀ ਵਰਤੋਂ ਕੀਤੀ, ਜਿਸ ਨਾਲ ਲੱਖਾਂ ਰੁਪਏ ਦੀ ਜਾਇਦਾਦ ਦਾ ਨੁਕਸਾਨ ਹੋਇਆ ਅਤੇ ਦੁਕਾਨਦਾਰਾਂ ਤੇ ਉੱਥੇ ਮੌਜੂਦ ਲੋਕਾਂ ਨੂੰ ਦਹਿਸ਼ਤਜ਼ਦਾ ਕੀਤਾ ਗਿਆ।

ਇਕਨਾਮਿਕ ਟਾਈਮਜ਼ ਅਤੇ ਹਿੰਦੂਤਵ ਵਾਚ ਦੀ ਰਿਪੋਰਟ ਦੱਸਦੀ ਹੈ ਕਿ ਅਸਾਮ ਦੇ ਨਲਬਾੜੀ ਜ਼ਿਲ੍ਹੇ ਵਿਚ ਵਿਸ਼ਵ ਹਿੰਦੂ ਪਰਿਸ਼ਦ-ਬਜਰੰਗ ਦਲ ਦੇ ਮੈਂਬਰਾਂ ਨੇ ਕ੍ਰਿਸਮਸ ਦਾ ਸਮਾਨ ਵੇਚਣ ਵਾਲੀਆਂ ਦੁਕਾਨਾਂ ਉੱਪਰ ਛਾਪੇ ਮਾਰੇ, ਸਜਾਵਟ ਦਾ ਸਮਾਨ ਜ਼ਬਤ ਕਰ ਲਿਆ ਗਿਆ, ਆਰਜ਼ੀ ਸਟਾਲਾਂ ਦੀ ਭੰਨ-ਤੋੜ ਕੀਤੀ ਅਤੇ ਸੇਂਟ ਮੇਰੀਜ਼ ਸਕੂਲ ਵਿਚ ਕ੍ਰਿਸਮਸ ਦੀ ਸਜਾਵਟ ਨਸ਼ਟ ਕਰ ਦਿੱਤੀ ਅਤੇ "ਹਿੰਦੂ ਰਾਸ਼ਟਰ" ਦਾ ਗੁਣਗਾਣ ਕਰਦੇ ਨਾਅਰੇ ਵੀ ਲਗਾਏ ਗਏ।

ਰਾਜਸਥਾਨ ਦੇ ਨਗੌਰ ਵਿੱਚ, ਫਿਰਕੂ ਕੱਟੜਪੰਥੀ ਕਾਰਕੁਨ ਇੱਕ ਸਕੂਲ ਦੇ ਕ੍ਰਿਸਮਸ ਸਮਾਰੋਹ ਵਿੱਚ ਜਾ ਘੁਸੇ, ਫਰਨੀਚਰ ਖਿਲਾਰ ਦਿੱਤਾ, ਸਜਾਵਟ ਤਬਾਹ ਕੀਤੀ ਅਤੇ ਕਥਿਤ ਧਾਰਮਿਕ ਧਰਮ-ਬਦਲੀ ਦੇ ਬਹਾਨੇ ਸਟਾਫ਼ ਦੀ ਕੁੱਟਮਾਰ ਕੀਤੀ। ਉੱਤਰ ਪ੍ਰਦੇਸ਼ ਦੇ ਬਰੇਲੀ ਵਿੱਚ, ਬਜਰੰਗ ਦਲ ਦੇ ਮੈਂਬਰਾਂ ਨੇ ਕ੍ਰਿਸਮਸ ਦੇ ਆਰੰਭ ਤੋਂ ਪਹਿਲਾਂ ਇੱਕ ਕੈਥੇਡਰਲ ਦੇ ਬਾਹਰ ਪ੍ਰਦਰਸ਼ਨ ਦੇ ਨਾਂ ਹੇਠ ਹੜਦੁੰਗ ਮਚਾਇਆ ਅਤੇ "ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ" ਦਾ ਦੋਸ਼ ਲਗਾਉਂਦੇ ਹੋਏ ਆਯੋਜਕਾਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ। ਉੱਥੇ ਉਸੇ ਤਰ੍ਹਾਂ ਹਨੂਮਾਨ ਚਾਲੀਸਾ ਦਾ ਪਾਠ ਕੀਤਾ ਗਿਆ ਜਿਵੇਂ ਉਹ ਮੁਸਲਮਾਨਾਂ ਨੂੰ ਸਮੂਹਿਕ ਤੌਰ 'ਤੇ ਨਮਾਜ਼ ਪੜ੍ਹਨ ਤੋਂ ਰੋਕਣ ਲਈ ਕਰਦੇ ਹਨ। ਹਰਿਆਣਾ ਦੇ ਹਿਸਾਰ ਵਿੱਚ, ਬਜਰੰਗ ਦਲ ਨਾਲ ਜੁੜੇ ਵਿਅਕਤੀਆਂ ਵੱਲੋਂ ਇੱਕ ਸਮਾਗਮ ਦੌਰਾਨ ਗਿਰਜਾਘਰ ਦੇ ਬਿਲਕੁਲ ਸਾਹਮਣੇ ਹਿੰਦੂ ਰਸਮਾਂ ਅਤੇ ਨਾਅਰੇਬਾਜ਼ੀ ਕੀਤੀ ਗਈ। ਇਸ ਨਾਲ ਡਰ ਦਾ ਮਾਹੌਲ ਬਣਿਆ, ਗਿਰਜਾਘਰ ਵਿੱਚ ਹਾਜ਼ਰੀ ਘਟ ਗਈ ਅਤੇ ਪ੍ਰਾਰਥਨਾ ਵਿੱਚ ਰੁਕਾਵਟ ਪਈ।

ਮੱਧ ਪ੍ਰਦੇਸ਼ ਦੇ ਜਬਲਪੁਰ ਤੋਂ ਇੱਕ ਵੀਡੀਓ ਸਾਹਮਣੇ ਆਈ, ਜਿਸ ਵਿੱਚ ਭਾਜਪਾ ਦੀ ਜ਼ਿਲ੍ਹਾ ਉੱਪ ਪ੍ਰਧਾਨ ਅੰਜੂ ਭਾਰਗਵ 'ਹਿੰਦੂ ਰਕਸ਼ਾ ਦਲ' ਦੇ ਮੈਂਬਰਾਂ ਸਮੇਤ ਹਵਾਬਾਗ਼ ਚਰਚ ਵਿਚ ਜਾ ਵੜੀ ਅਤੇ ਉੱਥੇ ਇਕ ਨੇਤਰਹੀਣ ਲੜਕੀ ਨਾਲ ਧੱਕਾ-ਮੁੱਕੀ ਤੇ ਧੌਂਸਬਾਜ਼ੀ ਕਰਦੀ ਦੇਖੀ ਗਈ ਕਿ ਉਹ ਲੜਕੀ ਕ੍ਰਿਸਮਸ ਸਮਾਗਮ ਵਿਚ ਕਿਉਂ ਆਈ ਹੈ। ਜਦਕਿ ਈਸਾਈ ਭਾਈਚਾਰੇ ਦੇ ਮੈਂਬਰਾਂ ਵੱਲੋਂ ਸਰਕਾਰੀ ਹੋਸਟਲ ਦੇ ਇਨ੍ਹਾਂ ਨੇਤਰਹੀਣ ਬੱਚਿਆਂ ਨੂੰ ਕ੍ਰਿਸਮਸ ਸੰਬੰਧੀ ਕਾਰਜਾਂ ਦੇ ਹਿੱਸੇ ਵਜੋਂ ਦੁਪਹਿਰ ਦੇ ਖਾਣੇ ਅਤੇ ਪ੍ਰਾਰਥਨਾ ਲਈ ਸੱਦਿਆ ਗਿਆ ਸੀ। ਉੱਥੇ ਧਰਮ-ਬਦਲੀ ਦਾ ਕੋਈ ਸਵਾਲ ਹੀ ਨਹੀਂ ਸੀ, ਇਸਦੀ ਪੁਸ਼ਟੀ ਉਨ੍ਹਾਂ ਬੱਚਿਆਂ ਨੇ ਵੀ ਕੀਤੀ ਹੈ।

ਯੂਪੀ ਸਰਕਾਰ ਨੇ ਈਸਾਈ ਅਕੀਦੇ ਵਾਲੇ ਲੋਕਾਂ ਨੂੰ ਕ੍ਰਿਸਮਸ ਮਨਾਉਣ ਤੋਂ ਰੋਕਣ ਲਈ ਪ੍ਰਸ਼ਾਸਨਿਕ ਤਰੀਕਾ ਅਪਣਾਇਆ। ਰਿਪੋਰਟਾਂ ਦੱਸਦੀਆਂ ਹਨ ਕਿ ਪ੍ਰਸ਼ਾਸਨ ਵੱਲੋਂ ਉਸ ਦਿਨ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦਾ ਜਨਮ-ਦਿਨ ਮਨਾਏ ਜਾਣ ਦਾ ਹਵਾਲਾ ਦਿੰਦੇ ਹੋਏ ਵਿਦਿਅਕ ਸੰਸਥਾਵਾਂ ਵਿਚ ਵਿਦਿਆਰਥੀਆਂ ਦੀ ਹਾਜ਼ਰੀ ਲਾਜ਼ਮੀ ਕਰ ਦਿੱਤੀ ਗਈ। ਵਿਦਿਆਰਥੀਆਂ ਨੂੰ ਕ੍ਰਿਸਮਸ ਦੀ ਛੁੱਟੀ ਨਾ ਦੇਣ ਦੇ ਫ਼ੈਸਲੇ ਵਿਰੁੱਧ ਉੱਤਰ ਪ੍ਰਦੇਸ਼ ਵਿਚ ਵਿਆਪਕ ਵਿਰੋਧ-ਪ੍ਰਦਰਸ਼ਨ ਹੋਏ ਹਨ।

ਕੇਰਲਾ ਦੇ ਪਲਕਡ ਵਿਚ ਕ੍ਰਿਸਮਸ ਦੇ ਗੀਤ ਗਾ ਰਹੇ 10-15 ਸਾਲ ਦੇ ਬੱਚਿਆਂ ਦੀ ਟੋਲੀ ਉੱਪਰ ਹਮਲਾ ਕਰਕੇ ਉਨ੍ਹਾਂ ਦੇ ਸਾਜ਼ ਤੋੜ ਦਿੱਤੇ ਗਏ। ਅਖ਼ਬਾਰੀ ਰਿਪੋਰਟ ਅਨੁਸਾਰ ਇਸ ਸੰਬੰਧੀ ਆਰਐੱਸਐੱਸ ਦੇ ਇਕ ਵਰਕਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪਰ ਬੇਸ਼ਰਮੀਂ ਦੀ ਹੱਦ ਇਹ ਹੈ ਕਿ ਹਿੰਦੂਤਵ ਪੱਖੀ ਤਾਕਤਾਂ ਵੱਲੋਂ ਗੀਤ ਗਾਉਣ ਵਾਲਿਆਂ ਨੂੰ ਨਵਾਜਬ ਦੱਸਣ ਦੀ ਬਿਆਨਬਾਜ਼ੀ ਕਰਕੇ ਹਮਲੇ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕੀਤੀ ਗਈ। ਕੇਰਲਾ ਦੇ ਲੋਕਾਂ ਨੇ ਇਸਦਾ ਵਿਆਪਕ ਵਿਰੋਧ ਕੀਤਾ ਹੈ।

ਕੇਰਲਾ ਵਿਚ ਇਕ ਹੋਰ ਵਿਵਾਦ ਵੀ ਖੜ੍ਹਾ ਕੀਤਾ ਗਿਆ। ਉੱਥੋਂ ਦੇ ਡਾਕਖ਼ਾਨਿਆਂ ਵਿਚ 18 ਦਸੰਬਰ ਨੂੰ ਕ੍ਰਿਸਮਸ ਦੇ ਸਮਾਗਮ ਕੀਤੇ ਜਾਣੇ ਸਨ। ਆਰਐੱਸਐੱਸ ਦੀ ਟਰੇਡ ਯੂਨੀਅਨ 'ਭਾਰਤੀਆ ਮਜ਼ਦੂਰ ਸੰਘ' ਨਾਲ ਜੁੜੀ ਭਾਰਤੀਆ ਪੋਸਟਲ ਐਡਮਿਨਿਸਟ ?ਰੇਟਿਵ ਆਫ਼ਿਸਿਜ਼ ਇੰਪਲਾਈਜ਼ ਯੂਨੀਅਨ ਵੱਲੋਂ ਉਸ ਦਿਨ ਆਰਐੱਸਐੱਸ ਦੇ 'ਸੋਇਮ ਸੇਵਕਾਂ' ਵੱਲੋਂ ਗਾਇਆ ਜਾਣ ਵਾਲਾ "ਆਰਐੱਸਐੱਸ ਗਣਗੀਤਮ" ਗਾਏ ਜਾਣ ਦੀ ਮੰਗ ਕੀਤੀ ਗਈ। ਮੁਲਾਜ਼ਮ ਇਹ ਗੀਤ ਗਾਉਣਾ ਨਹੀਂ ਚਾਹੁੰਦੇ ਸਨ। ਸੀਪੀਐੱਮ ਦੇ ਰਾਜ ਸਭਾ ਮੈਂਬਰ ਵੱਲੋਂ ਕੇਂਦਰੀ ਸੰਚਾਰ ਮੰਤਰੀ ਨੂੰ ਬਾਕਾਇਦਾ ਚਿੱਠੀ ਲਿਖਕੇ ਇਸ ਬਾਰੇ ਵਿਰੋਧ ਵੀ ਦਰਜ ਕਰਾਇਆ ਗਿਆ। ਆਖਿ ?ਰਕਾਰ ਡਾਕ ਮਹਿਕਮੇ ਵੱਲੋਂ ਸਮਾਗਮ ਹੀ ਰੱਦ ਕਰ ਦਿੱਤੇ ਗਏ। ਸੰਘੀਆਂ ਦਾ ਆਦੇਸ਼ ਨਾ ਮੰਨਣ ਦਾ ਸਜ਼ਾ!

ਇਹ ਗ਼ੌਰਤਲਬ ਹੈ ਕਿ ਜਿੱਥੇ-ਜਿੱਥੇ ਇਹ ਵਾਪਰ ਰਿਹਾ ਹੈ ਉੱਥੇ ਭਾਜਪਾ ਦਾ ਰਾਜ ਹੈ। ਪਰ ਜਿਵੇਂ ਕੇਰਲਾ ਦੀ ਉਪਰੋਕਤ ਰਿਪੋਰਟ ਦੱਸਦੀ ਹੈ ਕਿ ਖੱਬੇਪੱਖੀ ਸਰਕਾਰ ਵੀ ਹਿੰਦੂਤਵੀ ਗਰੁੱਪਾਂ ਦੀ ਫਿਰਕੂ ਧੌਂਸ ਨੂੰ ਰੋਕਣ ਤੋਂ ਅਸਮਰੱਥ ਹੈ। ਬਹੁਤ ਸਾਰੇ ਭਾਜਪਾ ਦੀ ਸਰਕਾਰ ਵਾਲੇ ਰਾਜਾਂ ਨੇ ਧਰਮ-ਬਦਲੀ ਵਿਰੋਧੀ ਵਿਸ਼ੇਸ਼ ਕਾਨੂੰਨ ਵੀ ਬਣਾਏ ਹੋਏ ਹਨ। ਕਹਿਣ ਦੀ ਜ਼ਰੂਰਤ ਨਹੀਂ ਕਿ ਇਹ ਕਾਨੂੰਨ ਪੂਰੀ ਤਰ੍ਹਾਂ ਬੇਤੁਕੇ ਹਨ। ਇਹ ਬਹੁਗਿਣਤੀਵਾਦੀ ਅਨਸਰਾਂ ਅਤੇ ਉਨ੍ਹਾਂ ਦੇ ਇਸ਼ਾਰਿਆਂ ਮੁਤਾਬਿਕ ਕੰਮ ਕਰ ਰਹੀ ਪੁਲਿਸ ਦੇ ਹੱਥ ਵਿਚ ਧਾਰਮਿਕ ਘੱਟਗਿਣਤੀਆਂ ਨਾਲ ਸੰਬੰਧਤ ਲੋਕਾਂ ਦੀ ਨਿੱਜੀ ਜ਼ਿੰਦਗੀ ਵਿਚ ਦਖ਼ਲ ਦੇਣ ਤੇ ਉਨ੍ਹਾਂ ਨੂੰ ਤੰਗ-ਪ੍ਰੇਸ਼ਾਨ ਦਾ ਸੰਦ ਹਨ। ਗੱਲ ਹਿੰਦੂਤਵ ਗਰੁੱਪਾਂ ਦੇ ਕਥਿਤ ਲਵ-ਜਹਾਦ ਦੇ ਬਹਾਨੇ ਮੁਸਲਮਾਨਾਂ ਵਿਰੁੱਧ ਹਮਲਿਆਂ ਤੱਕ ਸੀਮਤ ਨਹੀਂ ਹੈ। ਉਨ੍ਹਾਂ ਨੇ ਈਸਾਈ ਫਿਰਕੇ ਵਿਰੁੱਧ ਵੀ ਇਹ ਦੋਸ਼ ਖੋਜ ਲਿਆ ਹੈ ਕਿ ਧਾਰਮਿਕ ਤਿਓਹਾਰ ਮਨਾਉਣ ਦੇ ਪਰਦੇ ਹੇਠ "ਜ਼ਬਰਦਸਤੀ ਧਰਮ ਬਦਲੀ" ਕੀਤੀ ਜਾਂਦੀ ਹੈ। ਹਮੇਸ਼ਾ ਹੀ ਇਹ ਝੂਠਾ ਦੋਸ਼ ਲਾ ਕੇ ਈਸਾਈ ਸਮਾਗਮਾਂ ਤੇ ਪ੍ਰਾਰਥਨਾ ਇਕੱਠਾਂ ਵਿਚ ਖ਼ਲਲ ਪਾਏ ਜਾਂਦੇ ਹਨ ਕਿ ਹਿੰਦੂਆਂ ਨੂੰ ਵਰਗਲਾ ਕੇ ਉਨ੍ਹਾਂ ਦਾ ਧਰਮ ਬਦਲਿਆ ਜਾ ਰਿਹਾ ਹੈ। ਅਜਿਹੀਆਂ ਘਟਨਾਵਾਂ ਦੀ ਆਜ਼ਾਦਾਨਾ ਛਾਣਬੀਣ ਦੀਆਂ ਅਣਗਿਣਤ ਮਿਸਾਲਾਂ ਸਾਬਤ ਕਰਦੀਆਂ ਹਨ ਕਿ ਇਨ੍ਹਾਂ ਦੋਸ਼ਾਂ ਵਿਚ ਕੋਈ ਸਚਾਈ ਨਹੀਂ ਹੈ ਅਤੇ ਇਹ ਤਾਂ ਮਹਿਜ਼ ਬਹੁਗਿਣਤੀਵਾਦੀ ਧੌਂਸ ਨੂੰ ਸਹੀ ਠਹਿਰਾਉਣ ਦਾ ਬਹਾਨਾ ਹੁੰਦਾ ਹੈ।

ਆਦਿਵਾਸੀ ਇਲਾਕਿਆਂ ਵਿਚ ਵੀ ਹਿੰਦੂਤਵ ਜਥੇਬੰਦੀਆਂ ਨੇ ਅਜਿਹੀ ਫਿਰਕੂ ਜ਼ਹਿਰ ਫੈਲਾ ਦਿੱਤੀ ਹੈ ਕਿ ਈਸਾਈ ਧਰਮ ਅਪਣਾਉਣ ਵਾਲੇ ਜਾਂ ਉਸਦੇ ਪਰਿਵਾਰ ਦੇ ਜੀਅ ਦੀ ਮੌਤ ਵੀ ਭਾਈਚਾਰਿਆਂ ਦਰਮਿਆਨ ਵੱਡਾ ਟਕਰਾਅ ਬਣ ਜਾਂਦੀ ਹੈ। 2024 'ਚ ਵੱਖ-ਵੱਖ ਰਾਜਾਂ ਵਿਚ ਅਜਿਹੀਆਂ 40 ਘਟਨਾਵਾਂ (30 ਛੱਤੀਸਗੜ੍ਹ ਵਿਚ) ਵਾਪਰੀਆਂ ਸਨ। 2025 'ਚ ਵੀ ਅਜਿਹੀਆਂ 23 ਘਟਨਾਵਾਂ ਵਾਪਰ ਚੁੱਕੀਆਂ ਹਨ। ਇਸ ਵਾਰ 15 ਦਸੰਬਰ ਨੂੰ ਛੱਤੀਸਗੜ੍ਹ ਦੇ ਕਾਂਕੇਰ ਜ਼ਿਲ੍ਹੇ ਦੇ ਇਕ ਪਿੰਡ ਦੇ ਬਾਸ਼ਿੰਦੇ ਚਮਰਾ ਰਾਮ ਸਲਮ ਦੇ ਪਿਤਾ ਦੇ ਅੰਤਮ ਸੰਸਕਾਰ ਨੂੰ ਲੈ ਕੇ ਝਗੜਾ ਖੜ੍ਹਾ ਹੋ ਗਿਆ। ਚਮਰਾ ਰਾਮ ਸਾਬਕਾ ਸਰਪੰਚ ਰਿਹਾ ਹੈ ਅਤੇ ਬਹੁਤ ਸਾਲ ਪਹਿਲਾਂ ਉਸਨੇ ਈਸਾਈ ਧਰਮ ਅਪਣਾ ਲਿਆ ਸੀ। ਪਹਿਲਾਂ ਉਹ ਆਪਣੇ ਪਿਤਾ ਦਾ ਹਿੰਦੂ ਰਸਮਾਂ ਅਨੁਸਾਰ ਅੰਤਮ ਸੰਸਕਾਰ ਕਰਨਾ ਚਾਹੁੰਦਾ ਸੀ ਪਰ ਗ਼ੈਰ ਈਸਾਈ ਲੋਕਾਂ ਨੇ ਉਸ ਨੂੰ ਰੋਕ ਦਿੱਤਾ ਕਿ ਈਸਾਈ ਹੋਣ ਕਾਰਨ ਉਹ ਇਹ ਰਸਮਾਂ ਨਹੀਂ ਕਰ ਸਕਦਾ। ਝਗੜੇ ਤੋਂ ਬਚਣ ਲਈ ਉਸਨੇ ਅਗਲੇ ਦਿਨ ਆਪਣੇ ਪਿਤਾ ਦੀ ਲਾਸ਼ ਨੂੰ ਈਸਾਈ ਰਸਮਾਂ ਅਨੁਸਾਰ ਆਪਣੀ ਨਿੱਜੀ ਜ਼ਮੀਨ ਵਿਚ ਸਪੁਰਦੇ-ਖ਼ਾਕ ਕਰ ਦਿੱਤਾ। ਫਿਰ ਵੀ ਉਹ ਪ੍ਰੇਸ਼ਾਨੀ ਤੋਂ ਬਚ ਨਹੀਂ ਸਕਿਆ। ਉਸਦਾ ਕਹਿਣਾ ਹੈ ਕਿ ਆਰਐੱਸਐੱਸ ਅਤੇ ਬਜਰੰਗ ਦਲ ਵਾਲਿਆਂ ਨੇ ਇਸ ਮਾਮਲੇ ਨੂੰ ਤੂਲ ਦੇ ਕੇ ਮਾਹੌਲ ਭੜਕਾ ਦਿੱਤਾ ਅਤੇ ਸਥਾਨਕ ਨਿਵਾਸੀਆਂ ਨੇ ਮੁੱਦਾ ਬਣਾ ਲਿਆ ਕਿ ਜਿੱਥੇ ਮ੍ਰਿਤਕ ਨੂੰ ਦਫ਼ਨਾਇਆ ਗਿਆ ਹੈ ਉਹ ਤਾਂ ਸਥਾਨਕ ਦੇਵਤੇ ਨਾਲ ਸੰਬੰਧਤ ਜ਼ਮੀਨ ਹੈ ਅਤੇ ਉੱਥੇ ਈਸਾਈ ਮੁਰਦੇ ਦਫ਼ਨਾਉਣ ਦੀ ਇਜਾਜ਼ਤ ਨਹੀਂ ਹੈ। ਹਜੂਮ ਨੇ ਕਬਰ ਪੱਟਕੇ ਲਾਸ਼ ਕੱਢਣ ਦੀ ਕੋਸ਼ਿਸ਼ ਕੀਤੀ। ਫਿਰ ਪੁਲਿਸ ਨੇ ਖ਼ੁਦ ਹੀ ਲਾਸ਼ ਉੱਥੋਂ ਕੱਢਕੇ ਅੰਟਾਗੜ੍ਹ ਦੇ ਈਸਾਈ ਕਬਰਸਤਾਨ ਵਿਚ ਲਿਜਾ ਕੇ ਦਫ਼ਨਾ ਦਿੱਤੀ। ਮਾਹੌਲ ਐਨਾ ਭੜਕ ਗਿਆ ਕਿ ਭੀੜ ਇਸ ਨਾਲ ਵੀ ਸੰਤੁਸ਼ਟ ਨਾ ਹੋਈ। ਉਨ੍ਹਾਂ ਨੇ ਈਸਾਈ ਅਕੀਦੇ ਵਾਲੇ ਘਰਾਂ ਉੱਪਰ ਹਮਲੇ ਕਰਨੇ ਸ਼ੁਰੂ ਕਰ ਦਿੱਤੇ, ਇਕ ਪਾਦਰੀ ਦੇ ਘਰ ਨੂੰ ਅੱਗ ਲਾ ਦਿੱਤੀ, ਚਰਚਾਂ ਦੀ ਭੰਨਤੋੜ ਕੀਤੀ ਅਤੇ ਇਕ ਪ੍ਰਾਰਥਨਾ ਹਾਲ ਨੂੰ ਵੀ ਅੱਗ ਲਾ ਦਿੱਤੀ। ਬਹੁਤ ਸਾਰੇ ਈਸਾਈ ਆਦਿਵਾਸੀ ਉਜਾੜ ਦਿੱਤੇ ਗਏ। ਪੱਥਰਬਾਜ਼ੀ ਵਿਚ 20 ਪੁਲਸੀਏ ਵੀ ਜ਼ਖ਼ਮੀ ਹੋਏ ਦੱਸੇ ਜਾ ਰਹੇ ਹਨ।

ਈਸਾਈ ਹੱਕਾਂ ਲਈ ਕੰਮ ਕਰਨ ਵਾਲੇ ਗਰੁੱਪਾਂ ਅਤੇ ਨਾਗਰਿਕ ਆਜ਼ਾਦੀ ਲਈ ਕੰਮ ਕਰਦੀਆਂ ਸੰਸਥਾਵਾਂ ਦੀਆਂ ਰਿਪੋਰਟਾਂ ਦੱਸਦੀਆਂ ਹਨ ਕਿ ਪਿਛਲੇ ਇਕ ਦਹਾਕੇ ਵਿਚ ਈਸਾਈਆਂ ਵਿਰੁੱਧ ਹਿੰਸਾ ਵਿਚ 500% ਵਾਧਾ ਹੋਇਆ ਹੈ। ਇਸ ਸਾਲ ਵੀ ਜਨਵਰੀ ਤੋਂ ਜੁਲਾਈ 2025 ਦਰਮਿਆਨ 22 ਰਾਜਾਂ ਵਿੱਚ ਈਸਾਈਆਂ ਵਿਰੁੱਧ ਗਿਣ-ਮਿੱਥਕੇ ਹਮਲਿਆਂ ਦੇ 334 ਮਾਮਲੇ ਦਰਜ ਕੀਤੇ ਗਏ ਜਿਨ੍ਹਾਂ ਦੀ ਪੁਸ਼ਟੀ ਹੋ ਚੁੱਕੀ ਹੈ, ਜਿਨ੍ਹਾਂ ਵਿੱਚੋਂ ਅੱਧੇ ਤੋਂ ਵੱਧ ਸਿਰਫ਼ ਉੱਤਰ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿੱਚ ਹੀ ਹੋਏ। ਇਨ੍ਹਾਂ ਵਿੱਚੋਂ ਬਹੁਤ ਸਾਰੇ ਮਾਮਲਿਆਂ ਵਿੱਚ ਧਮਕੀਆਂ, ਕਾਨੂੰਨੀ ਪਰੇਸ਼ਾਨੀ ਅਤੇ ਭੀੜ ਵੱਲੋਂ ਹਿੰਸਾ ਸ਼ਾਮਲ ਸੀ, ਜੋ ਇੱਕ ਦਰਜਨ ਰਾਜਾਂ ਵਿੱਚ ਲਾਗੂ ਧਰਮ-ਬਦਲੀ ਵਿਰੋਧੀ ਕਾਨੂੰਨਾਂ ਦੀ ਆੜ ਹੇਠ ਕੀਤੀ ਗਈ। ਇਹ ਹਿੰਸਾ ਆਪਮੁਹਾਰਾ ਪ੍ਰਤੀਕਰਮ ਨਹੀਂ ਹੈ ਸਗੋਂ ਗਿਣੇ-ਮਿੱਥੇ ਨਫ਼ਰਤੀ ਪ੍ਰੋਜੈਕਟ ਦਾ ਲਾਜ਼ਮੀ ਸਿੱਟਾ ਹੈ।

ਮਿਸਟਰ ਮੋਦੀ ਦਾ ਦਿੱਲੀ ਦੇ ਕੈਥੇਡਰਲ ਚਰਚ ਵਿਚ ਕ੍ਰਿਸਮਸ ਦੇ ਜਸ਼ਨਾਂ ਵਿਚ ਸ਼ਾਮਲ ਹੋਣਾ ਪਰ ਕ੍ਰਿਸਮਸ ਤੋਂ ਪਹਿਲਾਂ ਤੇ ਕ੍ਰਿਸਮਸ ਦੇ ਦਿਨ ਮੁਲਕ ਦੇ ਵੱਖ-ਵੱਖ ਹਿੱਸਿਆਂ ਵਿਚ ਹੋਈ ਈਸਾਈ ਵਿਰੋਧੀ ਹਿੰਸਾ ਦੀਆਂ ਪ੍ਰੇਸ਼ਾਨ ਕਰਨ ਦੀਆਂ ਵਾਰਦਾਤਾਂ ਬਾਰੇ ਚੁੱਪ ਰਹਿਣਾ ਦਰਸਾਉਂਦਾ ਹੈ ਕਿ ਹੁਕਮਰਾਨ ਭਾਜਪਾ ਵੱਲੋਂ ਘੱਟਗਿਣਤੀਆਂ ਵਿਰੋਧੀ ਹਿੰਸਾ ਨੂੰ ਪ੍ਰਸ਼ਾਸਨਿਕ ਤੌਰ 'ਤੇ ਪ੍ਰਵਾਨਤ ਵਰਤਾਰਾ ਬਣਾਏ ਜਾਣ ਨੂੰ ਸਿਲਸਿਲੇਵਾਰ ਤਰੀਕੇ ਨਾਲ ਅੰਜਾਮ ਦਿੱਤਾ ਜਾ ਰਿਹਾ ਹੈ। ਪੁਲਿਸ ਅਤੇ ਰਾਜ-ਮਸ਼ੀਨਰੀ ਦੇ ਜ਼ਿਆਦਾਤਰ ਹਿੱਸੇ ਦਾ ਰਾਜਨੀਤੀਕਰਨ ਤੋਂ ਵੀ ਅੱਗੇ ਡੂੰਘੇ ਰੂਪ 'ਚ ਫਿਰਕੂਕਰਨ ਹੋ ਚੁੱਕਾ ਹੈ। ਇਸੇ ਲਈ, ਪੁਲਿਸ ਇਨ੍ਹਾਂ ਮਾਮਲਿਆਂ ਵਿੱਚ ਜਾਂ ਤਾਂ ਮੂਕ-ਦਰਸ਼ਕ ਬਣੀ ਰਹਿੰਦੀ ਹੈ ਜਾਂ ਹਿੰਦੂਤਵ ਜਥੇਬੰਦੀਆਂ ਦੇ ਇਸ਼ਾਰੇ 'ਤੇ ਕੰਮ ਕਰਦਿਆਂ ਮਜ਼ਲੂਮ ਧਿਰ ਨੂੰ ਝੂਠੇ ਕੇਸਾਂ ਵਿਚ ਉਲਝਾ ਕੇ ਤੰਗ-ਪ੍ਰੇਸ਼ਾਨ ਕਰਦੀ ਹੈ।

ਇਹ ਬੇਹੱਦ ਚਿੰਤਾਜਨਕ ਹੈ ਕਿ ਆਰਐੱਸਐੱਸ-ਭਾਜਪਾ ਵੱਲੋਂ ਬਹੁਗਿਣਤੀ ਹਿੰਦੂ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਦਾ ਸ਼ੋਸ਼ਣ ਕਰਕੇ ਸੱਤਾ ਦੀ ਤਾਕਤ ਤੇ ਧੌਂਸ ਨਾਲ ਧਾਰਮਿਕ ਘੱਟਗਿਣਤੀਆਂ ਦੀ ਆਪਣੇ ਅਕੀਦੇ ਅਨੁਸਾਰ ਤਿਓਹਾਰ ਮਨਾਉਣ ਅਤੇ ਧਰਮ ਨੂੰ ਮੰਨਣ ਦੀ ਆਜ਼ਾਦੀ ਖੋਹੀ ਜਾ ਰਹੀ ਹੈ। ਧਾਰਮਿਕ ਆਜ਼ਾਦੀ ਹਰ ਨਾਗਰਿਕ ਦਾ ਸੰਵਿਧਾਨ ਦੇ ਤਹਿਤ ਸੁਰੱਖਿਅਤ ਉਹ ਬੁਨਿਆਦੀ ਅਧਿਕਾਰ ਹੈ ਜੋ ਸਟੇਟ ਵੱਲੋਂ ਬਖ਼ਸ਼ੀ ਕੋਈ ਰਿਆਇਤ ਨਹੀਂ ਹੈ ਸਗੋਂ ਇਹ ਅਧਿਕਾਰ ਕੱਟੜ-ਮੂਲਵਾਦੀ ਤਾਕਤਾਂ ਵਿਰੁੱਧ ਮਾਨਵਤਾ ਦੇ ਸਦੀਆਂ ਲੰਮੇ ਸੰਘਰਸ਼ ਦਾ ਹਾਸਲ ਹੈ। ਮਨੁੱਖ ਨੇ ਕਿਹੜੇ ਧਰਮ ਨੂੰ ਮੰਨਣਾ ਹੈ, ਇਸਦਾ ਫ਼ੈਸਲਾ ਕਿਸੇ ਧਰਮ ਦੇ ਆਪੇ ਬਣੇ ਠੇਕੇਦਾਰਾਂ ਨੂੰ ਕਰਨ ਦਾ ਕੋਈ ਅਧਿਕਾਰ ਨਹੀਂ ਹੈ।

ਜੇਕਰ ਨਾਗਰਿਕ ਆਜ਼ਾਦੀ ਨਾਲ ਆਪਣੇ ਤਿਓਹਾਰ ਵੀ ਨਹੀਂ ਮਨਾ ਸਕਦੇ ਅਤੇ ਜੇਕਰ ਉਹ ਆਪਣੇ ਧਰਮ ਨੂੰ ਮੰਨਣ ਵਿਚ ਹੀ ਪ੍ਰੇਸ਼ਾਨੀ ਜਾਂ ਡਰ ਮਹਿਸੂਸ ਕਰਨ ਲੱਗ ਜਾਣ ਤਾਂ ਸਮਝ ਲੈਣਾ ਚਾਹੀਦਾ ਹੈ ਕਿ 11 ਸਾਲ ਦੇ ਭਾਜਪਾ ਰਾਜ ਵਿਚ ਹਾਲਤ ਕਿੰਨੇ ਗੰਭੀਰ ਹੋ ਚੁੱਕੇ ਹਨ। ਜਿਸ ਸਟੇਟ ਦੀ ਹੁਕਮਰਾਨ ਜਮਾਤ ਹੁੱਬ-ਹੁੱਬਕੇ ਦਾਅਵੇ ਕਰਦੀ ਹੈ ਕਿ ਭਾਰਤ 'ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ' ਹੈ ਉੱਥੇ ਮੁਸਲਮਾਨਾਂ ਦੇ ਨਾਲ ਹੁਣ ਇਕ ਹੋਰ ਘੱਟਗਿਣਤੀ ਈਸਾਈ ਭਾਈਚਾਰੇ ਨੂੰ ਆਪਣੇ ਧਾਰਮਿਕ ਅਕੀਦੇ ਨੂੰ ਮੰਨਣ ਤੋਂ ਬਹੁਗਿਣਤੀਵਾਦੀ ਧੌਂਸ ਨਾਲ ਰੋਕਿਆ ਜਾ ਰਿਹਾ ਹੈ। ਵਿਸ਼ਵ ਹਿੰਦੂ ਪਰਿਸ਼ਦ-ਬਜਰੰਗ ਦਲ ਵਰਗੇ ਆਪੇ ਬਣੇ ਹਿੰਦੂ ਧਰਮ ਦੇ ਰਖਵਾਲਿਆਂ ਨੂੰ ਬਹੁਗਿਣਤੀਵਾਦੀ ਹਿੰਸਾ ਢਾਹੁਣ ਵਾਲੇ ਗਰੋਹ ਰਾਜਕੀ ਤੇ ਰਾਜਨੀਤਕ ਥਾਪੜੇ ਦੇ ਤਹਿਤ ਕੰਮ ਕਰ ਰਹੇ ਹਨ। ਜਦੋਂ ਰਾਜ-ਮਸ਼ੀਨਰੀ ਖ਼ਾਮੋਸ਼ ਰਹਿਕੇ ਇਸ ਨੂੰ ਸ਼ਹਿ ਦੇ ਰਹੀ ਹੈ ਤਾਂ ਇਸਦਾ ਮਤਲਬ ਇਹ ਹੈ ਕਿ ਸਟੇਟ ਬਹੁਗਿਣਤੀਵਾਦ ਦਾ ਹਮਾਇਤੀ ਹੈ ਅਤੇ ਇਸਦੀ ਧਰਮਨਿਰਪੱਖਤਾ ਨਿਰਾ ਪਾਖੰਡ ਹੈ।

ਸਾਰੀਆਂ ਹੀ ਨਿਆਂਪਸੰਦ ਅਤੇ ਧਰਮਨਿਰਪੱਖ ਤਾਕਤਾਂ ਨੂੰ ਇਸ ਸਥਿਤੀ ਨੂੰ ਬਹੁਤ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਆਮ ਹਿੰਦੂ ਲੋਕਾਈ ਨੂੰ ਵੀ ਇਸ ਬਾਰੇ ਜ਼ਰੂਰ ਸੋਚਣਾ ਚਾਹੀਦਾ ਹੈ ਕਿ ਆਰਐੱਸਐੱਸ-ਭਾਜਪਾ ਵੱਲੋਂ ਜੋ ਕੀਤਾ ਜਾ ਰਿਹਾ ਹੈ ਕੀ ਇਹ ਹਿੰਦੂ ਧਰਮ ਦੇ ਹਿਤ ਵਿਚ ਹੈ? ਕੀ ਇਹ ਉਨ੍ਹਾਂ ਦੇ ਧਰਮ ਦੀਆਂ ਕਦਰਾਂ-ਕੀਮਤਾਂ ਦੇ ਖਿਲਾਫ਼ ਨਹੀਂ ਹੈ? ਜੇਕਰ ਆਦਿਵਾਸੀ, ਦਲਿਤ ਜਾਂ ਹੋਰ ਮਜ਼ਲੂਮ ਹਿੱਸੇ ਹਿੰਦੂ ਜਾਂ ਕਿਸੇ ਹੋਰ ਧਰਮ ਨੂੰ ਤਿਲਾਂਜਲੀ ਦੇ ਰਹੇ ਹਨ ਤਾਂ ਹਿੰਦੂ ਧਰਮ ਦੇ ਆਲੰਬਰਦਾਰਾਂ ਨੂੰ ਆਪਣੇ ਅੰਦਰ ਝਾਤ ਮਾਰਨੀ ਚਾਹੀਦੀ ਹੈ ਕਿ ਇਹ ਹਿੱਸੇ ਉਨ੍ਹਾਂ ਦੇ ਧਰਮ ਤੋਂ ਦੂਰ ਕਿਉਂ ਹੋ ਰਹੇ ਹਨ। ਜੋ ਹਿੰਦੂ ਲੋਕ ਹਿੰਦੂਤਵ ਗਰੁੱਪਾਂ ਨੂੰ ਹਿੰਦੂ ਧਰਮ ਦੇ ਰਖਵਾਲੇ ਮੰਨਣ ਦਾ ਭਰਮ ਪਾਲ਼ੀ ਬੈਠੇ ਹਨ ਉਨ੍ਹਾਂ ਨੂੰ ਇਹ ਹਕੀਕਤ ਸਮਝ ਲੈਣੀ ਚਾਹੀਦੀ ਹੈ ਆਰਐੱਸਐੱਸ ਅਤੇ ਇਸਦੀਆਂ ਸੰਘ ਪਰਿਵਾਰ ਜਥੇਬੰਦੀਆਂ ਦਾ ਹਿੰਦੂ ਧਰਮ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਉਨ੍ਹਾਂ ਦਾ ਮਕਸਦ ਨਿਰੋਲ ਰਾਜਨੀਤਕ ਹੈ ਯਾਨੀ ਹਿੰਦੂ ਧਰਮ ਦੇ ਨਾਂ 'ਤੇ ਫਿਰਕੂ ਪਾਲਾਬੰਦੀ ਕਰਕੇ ਸੱਤਾ 'ਚ ਬਣੇ ਰਹਿਣਾ ਅਤੇ ਬਹੁਗਿਣਤੀਵਾਦੀ ਧੌਂਸ ਜਮਾਉਣਾ। ਮਜ਼ਲੂਮਾਂ ਨੂੰ ਬਹੁਗਿਣਤੀ ਅਤੇ ਸੱਤਾ ਦੀ ਤਾਕਤ ਦੇ ਜ਼ੋਰ ਕਿਸੇ ਧਰਮ ਨਾਲ ਨੂੜਕੇ ਨਹੀਂ ਰੱਖਿਆ ਜਾ ਸਕਦਾ। ਚਾਹੇ ਕੋਈ ਧਰਮ ਨੂੰ ਮੰਨਦਾ ਹੈ ਜਾਂ ਧਰਮਨਿਰਪੱਖ ਸੋਚ ਵਾਲਾ ਹੈ, ਸਾਰਿਆਂ ਨੂੰ ਆਪਣੀ ਪਸੰਦ ਦੇ ਵਿਚਾਰਾਂ, ਧਾਰਮਿਕ ਅਕੀਦੇ ਨੂੰ ਮੰਨਣ ਦੀ ਆਜ਼ਾਦੀ ਦੇ ਹੱਕ ਦੀ ਰਾਖੀ ਲਈ ਡੱਟਣਾ ਹੋਵੇਗਾ।

## ਭਾਰਤੀ ਰਾਜ ਦੇ ਦੋਹਰੇ ਮਿਆਰ: ਸੱਤਾ ਪੱਖੀ ਮੁਜਰਮਾਂ ਨੂੰ ਖੁੱਲ੍ਹ ਖੇਡ

ਅਦਾਲਤ ਵੱਲੋਂ ਉੱਤਰ ਪ੍ਰਦੇਸ਼ ਦੇ ਉਨਾਓਂ ਬਲਾਤਕਾਰ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਭਾਜਪਾ ਦੇ ਦੋਸ਼ੀ ਵਿਧਾਇਕ ਕੁਲਦੀਪ ਸੇਂਗਰ ਦੀ ਉਮਰ ਕੈਦ ਦੀ ਸਜ਼ਾ ਸਸਪੈਂਡ ਕਰ ਦਿੱਤੀ ਅਤੇ ਉਸਨੂੰ 15 ਲੱਖ ਦੇ ਬਾਂਡ ਦੇ ਤਹਿਤ ਅਦਾਲਤ ਵੱਲੋਂ ਜ਼ਮਾਨਤ ਦੇ ਦਿੱਤੀ ਗਈ ਹੈ। ਇਹ ਭਾਰਤੀ 'ਨਿਆਂ ਪ੍ਰਣਾਲੀ' ਦਾ ਖੁੱਲ੍ਹੇਆਮ ਪੱਖਪਾਤ ਹੈ। ਇਸ ਜ਼ਮਾਨਤ ਦੇ ਵਿਰੁੱਧ ਇੰਡੀਆ ਗੇਟ ਉੱਪਰ ਧਰਨਾ ਦੇ ਰਹੀ ਪੀੜਤ ਬੱਚੀ ਨੂੰ ਇਨਸਾਫ਼ ਦੇਣ ਦੀ ਥਾਂ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ ਅਤੇ ਥਾਣੇ ਬੰਦ ਕਰ ਦਿੱਤੀ ਗਈ।

ਜੇਕਰ ਮੁਜਰਿਮ ਹਾਕਮ ਜਮਾਤ ਦੇ ਆਪਣੇ ਕੋੜਮੇ ਦੇ ਹਨ ਤਾਂ ਡਾਹਢੇ ਦੋਸ਼ੀਆਂ ਲਈ ਕਾਨੂੰਨ ਮੋਮ ਦੀ ਤਰ੍ਹਾਂ ਪਿਘਲ ਜਾਂਦਾ ਹੈ। ਝੂਠੇ ਦੋਸ਼ਾਂ ਦੇ ਤਹਿਤ ਜੇਲ੍ਹੀਂ ਡੱਕੇ ਲੋਕਪੱਖੀ ਬੁੱਧੀਜੀਵੀਆਂ, ਦਲਿਤਾਂ, ਆਦਿਵਾਸੀਆਂ, ਮੁਸਲਮਾਨਾਂ, ਸਿੱਖਾਂ ਸਮੇਤ ਮਜ਼ਲੂਮ ਘੱਟਗਿਣਤੀਆਂ ਦੀ ਜ਼ਮਾਨਤ, ਪੈਰੋਲ ਬਾਰੇ ਵਿਚਾਰ ਕਰਨ ਸਮੇਂ ਇਹੀ ਕਾਨੂੰਨ ਪੂਰੀ ਕਠੋਰਤਾ ਦਿਖਾਉਂਦਾ ਹੈ।

**ਜ਼ਰਾ ਤੁਲਨਾ ਕਰੋ:**

- ਬਲਾਤਕਾਰ ਦੇ ਘਿਣਾਉਣੇ ਜੁਰਮ ਦੇ ਸੰਘੀ ਦੋਸ਼ੀਆਂ ਨੂੰ ਸਰਕਾਰ ਮਰਜ਼ੀ ਨਾਲ ਜ਼ਮਾਨਤਾਂ ਅਤੇ ਸਜ਼ਾ ਮਾਫ਼ੀ ਨਾਲ ਨਿਵਾਜ਼ਦੀ ਹੈ। ਸਰਸੇ ਵਾਲੇ ਬਲਾਤਕਾਰੀ ਸਾਧ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਦਿੱਤੀ ਜਾ ਰਹੀ ਹੈ।
- ਭੀਮਾ-ਕੋਰੇਗਾਓਂ ਕੇਸ, ਦਿੱਲੀ ਕਤਲੇਆਮ ਕੇਸ (2020) ਵਿਚ ਝੂਠੇ ਦੋਸ਼ ਲਗਾ ਕੇ ਫਸਾਏ ਲੇਖਕਾਂ, ਕਵੀਆਂ, ਹੱਕਾਂ ਦੇ ਕਾਰਕੁਨਾਂ, ਲੋਕਪੱਖੀ ਵਕੀਲਾਂ, ਕਲਾਕਾਰਾਂ, ਵਿਦਿਆਰਥੀਆਂ ਨੂੰ ਜ਼ਮਾਨਤ ਨਹੀਂ ਦਿੱਤੀ ਜਾ ਰਹੀ।
- ਖ਼ਾਲਸਤਾਨ ਪੱਖੀਆਂ ਅਤੇ ਦੇਸ਼ ਦੀਆਂ ਜੇਲ੍ਹਾਂ ਵਿਚ ਬੰਦ ਹੋਰ ਬਹੁਤ ਸਾਰੇ ਕੈਦੀਆਂ ਨੂੰ, ਜੋ ਭਾਰਤ ਦੇ 'ਕਾਨੂੰਨ' ਅਨੁਸਾਰ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ, ਕਈ-ਕਈ ਸਾਲ ਬਾਅਦ ਵੀ ਜੇਲ੍ਹਾਂ ਵਿਚ ਸਾੜਿਆ ਜਾ ਰਿਹਾ ਹੈ। ਉਨ੍ਹਾਂ ਨੂੰ ਪੈਰੋਲ ਵੀ ਨਹੀਂ ਦਿੱਤੀ ਜਾ ਰਹੀ।

ਭਾਰਤੀ ਅਦਾਲਤੀ ਪ੍ਰਣਾਲੀ ਦਾ 'ਨਿਆਂ' ਸਥਾਪਤ ਨਿਆਂ-ਸ਼ਾਸਤਰ ਦੀ ਬਜਾਏ ਇਸ ਉੱਪਰ ਨਿਰਭਰ ਕਰਦਾ ਹੈ ਕਿ ਜੇਲ੍ਹ ਵਿਚ ਬੰਦ ਵਿਅਕਤੀ ਸੱਤਾ ਪੱਖੀ ਹੈ ਜਾਂ ਇਸਦਾ ਆਲੋਚਕ ਹੈ?

ਇਹ ਲੋਕਤੰਤਰ ਨਹੀਂ - ਲੋਕਤੰਤਰ ਦਾ ਢੌਂਗ ਹੈ।

ਜਥੇਬੰਦਕ ਧਰਮਾਂ ਦਾ ਮਾਇਆ ਜਾਲ

ਲੜੀ ਨੰ. 25

# ਧਰਮ ਦੀ ਸਮੱਸਿਆ : ਮਰਿਯਾਦਾ ਅਧਾਰਿਤ ਨਕਲੀ ਧਰਮ

**ਨੋਟ: ਅੱਜ ਦੇ ਪ੍ਰਚਲਤ 10-15 ਜਥੇਬੰਦਕ ਧਰਮਾਂ (ਧਾਰਮਿਕ ਫਿਰਕਿਆਂ) ਵਿੱਚ ਅਨੇਕਾਂ ਤਰ੍ਹਾਂ ਦੇ ਨਕਲੀ ਧਰਮ ਪ੍ਰਚਲਤ ਹੋ ਚੁੱਕੇ ਹਨ। ਜਿਨ੍ਹਾਂ ਤੇ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਦੀ ਤਿੱਕੜੀ ਦਾ ਪੂਰਾ ਕਬਜ਼ਾ ਹੋ ਚੁੱਕਾ ਹੈ। ਧਰਮਾਂ ਦਾ ਤਕਰੀਬਨ 5 ਹਜ਼ਾਰ ਸਾਲ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਹ ਤਿੱਕੜੀ ਰਲ਼ ਕੇ ਮਨੁੱਖਤਾ ਨੂੰ ਧਰਮ ਦੇ ਨਾਮ ਤੇ ਲੁੱਟਦੀ ਆ ਰਹੀ ਹੈ। ਧਰਮ ਇਨ੍ਹਾਂ ਲਈ ਪੈਸਾ ਕਮਾਉਣ ਦਾ ਧੰਦਾ ਤੇ ਸ਼ਰਧਾਲੂਆਂ ਦੀ ਤਾਕਤ ਨੂੰ ਆਪਣੇ ਸਿਆਸੀ ਮੁਫਾਦਾਂ ਲਈ ਵਰਤਣ ਦਾ ਜ਼ਰੀਆ ਹੈ। ਇਨ੍ਹਾਂ ਦਾ ਇਹ ਧੰਦਾ ਸਦੀਆਂ ਤੋਂ ਅਗਿਆਨਤਾ, ਅੰਧ-ਵਿਸ਼ਵਾਸ਼ ਤੇ ਕਰਮਕਾਂਡਾਂ ਦੇ ਅਧਾਰ ਤੇ ਚੱਲ ਰਿਹਾ ਹੈ। ਇਤਿਹਾਸ ਵਿੱਚ ਸਮੇਂ-ਸਮੇਂ ਅਨੇਕਾਂ ਸੱਚੇ ਮਨੁੱਖਤਾਵਾਦੀ ਧਰਮ ਗੁਰੂ, ਰਹਿਬਰ, ਪੀਰ-ਪੈਗੰਬਰ, ਮਹਾਂਪੁਰਸ਼ ਪੈਦਾ ਹੁੰਦੇ ਰਹੇ, ਜੋ ਮਨੁੱਖ ਨੂੰ ਅਸਲੀ ਧਰਮ ਨਾਲ ਜੋੜਦੇ ਰਹੇ, ਅਗਿਆਨਤਾ ਤੇ ਅੰਧ ਵਿਸ਼ਵਾਸ਼ ਦੀ ਬੇਹੋਸ਼ੀ ਵਿਚੋਂ ਜਗਾ ਕੇ ਸੱਚ ਦੇ ਰਾਹ ਪਾਉਂਦੇ ਰਹੇ। ਪਰ ਇਸ ਤਿਕੜੀ ਨੇ ਅਜਿਹੇ ਮਹਾਨ ਪੁਰਸ਼ਾਂ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ। ਉਨ੍ਹਾਂ ਨੂੰ ਸੂਲ਼ੀਆਂ, ਫਾਂਸੀਆਂ ਤੇ ਚੜ੍ਹਾਉਣ ਦੇ ਨਾਲ-ਨਾਲ ਉਨ੍ਹਾਂ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਰਚਦੇ ਰਹੇ ਤੇ ਅਨੇਕਾਂ ਤਰ੍ਹਾਂ ਦੀਆਂ ਮੁਸੀਬਤਾਂ ਉਨ੍ਹਾਂ ਦੇ ਰਾਹਾਂ ਵਿੱਚ ਖੜ੍ਹੀਆਂ ਕਰਦੇ ਰਹੇ। ਪਰ ਫਿਰ ਵੀ ਜਦੋਂ ਅਜਿਹੇ ਮਹਾਂਪੁਰਸ਼ ਆਪਣੀ ਨਵੀਂ ਤੇ ਵੱਖਰੀ ਵਿਚਾਰਧਾਰਾ ਮਨੁੱਖਤਾ ਨੂੰ ਦੇਣ ਵਿੱਚ ਸਫਲ ਹੋ ਜਾਂਦੇ ਤਾਂ ਉਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਸਮਾਂ ਪਾ ਕੇ ਇਹ ਤਿਕੜੀ ਨਵੇਂ ਰੂਪ ਵਿੱਚ ਉਸੇ ਮਹਾਂਪੁਰਸ਼ ਦੇ ਨਾਮ ਤੇ ਨਵੀਆਂ ਮਰਿਯਾਦਾਵਾਂ, ਕਰਮਕਾਂਡਾਂ ਤੇ ਚਿੰਨ੍ਹਾਂ ਨਾਲ ਲੈਸ ਹੋ ਕੇ ਨਵਾਂ ਧਾਰਮਿਕ ਫਿਰਕਾ ਖੜ੍ਹਾ ਕਰਕੇ ਉਨ੍ਹਾਂ ਦੇ ਅਨੁਆਈਆਂ ਨੂੰ ਆਪਣੇ ਨਕਲੀ ਧਰਮ ਦੇ ਮਾਇਆ ਜਾਲ ਵਿੱਚ ਫਸਾ ਲੈਂਦੇ। ਅੱਜ ਦੇ ਪ੍ਰਚਲਤ ਹਰ ਜਥੇਬੰਦਕ ਛੋਟੇ ਵੱਡੇ ਧਾਰਮਿਕ ਫਿਰਕੇ ਵਿੱਚ ਨਕਲੀ ਧਰਮਾਂ ਦਾ ਪੂਰਾ ਬੋਲਬਾਲਾ ਹੈ ਤੇ ਅਸਲੀ ਧਰਮ ਇਨ੍ਹਾਂ ਵਿਚੋਂ ਪੂਰੀ ਤਰ੍ਹਾਂ ਅਲੋਪ ਹੋ ਚੁੱਕਾ ਹੈ। ਹਰ ਧਾਰਮਿਕ ਫਿਰਕਾ ਝੂਠੀਆਂ, ਅੰਧ ਵਿਸ਼ਵਾਸ਼ੀ, ਅਗਿਆਨਤਾ ਭਰਪੂਰ ਰੀਤਾਂ-ਰਸਮਾਂ, ਕਰਾਮਾਤਾਂ, ਕਰਮਕਾਂਡਾਂ, ਮਰਿਯਾਦਾਵਾਂ, ਪ੍ਰੰਪਰਾਵਾਂ, ਧਾਰਮਿਕ ਚਿੰਨ੍ਹਾਂ ਦਾ ਮਿਲਗੋਭਾ ਜਿਹਾ ਨਕਲੀ ਧਰਮ ਬਣ ਚੁੱਕਾ ਹੈ। ਇਸ ਲੇਖ ਲੜੀ ਦਾ ਮਕਸਦ ਆਮ ਵਿਅਕਤੀ ਨੂੰ ਜਿਥੇ ਧਰਮ ਦੇ ਨਾਮ ਤੇ ਬਣੇ ਹੋਏ ਇਨ੍ਹਾਂ ਧਾਰਮਿਕ ਫਿਰਕਿਆਂ ਵਿਚਲੇ ਨਕਲੀ ਧਰਮਾਂ ਤੋਂ ਜਾਣੂ ਕਰਾਉਣਾ ਹੈ, ਉਥੇ ਅਸਲੀ ਧਰਮ ਦੀ ਜਾਣ ਪਛਾਣ ਕਰਾਉਣਾ ਵੀ ਹੈ ਤਾਂ ਕਿ ਲੋਕ ਸੱਚੇ ਤੇ ਅਸਲੀ ਧਰਮ ਨਾਲ ਜੁੜ ਸਕਣ। ਕੋਸ਼ਿਸ਼ ਇਹੀ ਹੈ ਕਿ ਲੋਕ ਬੇਹੋਸ਼ੀ ਤੋਂ ਜਾਗ ਪੈਣ ਤੇ ਪਛਾਣ ਕਰਨ ਦੇ ਸਮਰੱਥ ਹੋ ਸਕਣ ਕਿ ਜਿਸਨੂੰ ਉਹ ਤਨੋ, ਮਨੋ, ਧਨੋ ਧਰਮ ਸਮਝ ਕੇ ਆਪਾ ਨਿਛਾਵਰ ਕਰ ਰਹੇ ਹਨ, ਕੀ ਉਸ ਵਿੱਚ ਕੁੱਝ ਧਰਮ ਦਾ ਅੰਸ਼ ਹੈ ਵੀ ਜਾਂ ਉਹ ਸਿਰਫ ਪੁਜਾਰੀਆਂ ਦੀਆਂ ਬਣਾਈਆਂ ਅਗਿਆਨਤਾ ਤੇ ਅੰਧ ਵਿਸ਼ਵਾਸ਼ ਅਧਾਰਿਤ ਮਰਿਯਾਦਾਵਾਂ, ਰੀਤਾਂ-ਰਸਮਾਂ, ਕਰਮਕਾਂਡਾਂ ਦਾ ਭਾਰ ਹੀ ਢੋਹ ਰਹੇ ਹਨ। ਇਹ ਤਿਕੜੀ ਧਰਮ ਨੂੰ ਵਧਾਉਣ, ਧਰਮ ਦਾ ਰਾਜ ਸਥਾਪਿਤ ਕਰਨ ਅਤੇ ਧਰਮ ਨੂੰ ਖਤਰੇ ਦੇ ਨਾਂ ਤੇ ਪਿਛਲੇ 5 ਹਜ਼ਾਰ ਸਾਲਾਂ ਵਿੱਚ 15 ਹਜ਼ਾਰ ਤੋਂ ਵੱਧ ਯੁੱਧਾਂ ਰਾਹੀਂ ਮਨੁੱਖਤਾ ਦਾ ਵੱਡੇ ਪੱਧਰ ਤੇ ਘਾਣ ਕਰ ਚੁੱਕੀ ਹੈ। ਅੱਜ ਵੀ ਦੁਨੀਆਂ ਦੇ ਵੱਖ-ਵੱਖ ਖਿੱਤਿਆਂ ਵਿੱਚ ਧਰਮ ਅਧਾਰਿਤ ਹਥਿਆਰਬੰਦ ਸੰਗਠਨ ਧਰਮ ਨੂੰ ਖਤਰਾ, ਧਰਮ ਦਾ ਰਾਜ ਜਾਂ ਧਰਮ ਦਾ ਪ੍ਰਸਾਰ ਦੇ ਨਾਮ ਹੇਠ ਮਾਨਵਤਾ ਦਾ ਖ਼ੂਨ ਵਹਾ ਰਹੇ ਹਨ। ਅੱਜ ਕਿਸੇ ਵੀ ਅਖੌਤੀ ਧਰਮ ਨੂੰ ਖਤਰਾ ਨਾਸਤਿਕਾਂ, ਸਾਇੰਸਦਾਨਾਂ, ਆਧੁਨਿਕਵਾਦੀਆਂ ਜਾਂ ਧਰਮ ਵਿਰੋਧੀਆਂ ਤੋਂ ਨਹੀਂ, ਇਨ੍ਹਾਂ ਨਕਲੀ ਧਰਮਾਂ ਤੇ ਕਾਬਿਜ਼ ਇਸ ਤਿੱਕੜੀ ਤੋਂ ਹੈ। ਇਨ੍ਹਾਂ ਤੇ ਕਾਬਿਜ਼ ਕੱਟੜਪੰਥੀ ਤਾਕਤਾਂ ਤੋਂ ਹੈ, ਜੋ ਆਪਣੇ ਫਿਰਕੇ ਦੀਆਂ ਧਾਰਮਿਕ ਰਸਮਾਂ ਜਾਂ ਧਾਰਮਿਕ ਚਿੰਨ੍ਹਾਂ ਨੂੰ ਹੀ ਧਰਮ ਸਮਝਦੀਆਂ ਹਨ ਹੈ ਤੇ ਇਨ੍ਹਾਂ ਨੂੰ ਲੋਕਾਂ ਤੇ ਤਾਕਤ ਦੇ ਜ਼ੋਰ ਨਾਲ ਥੋਪਣਾ ਚਾਹੁੰਦੀਆਂ ਹਨ। ਤੁਸੀਂ ਇਸ ਲੇਖ ਲੜੀ ਬਾਰੇ ਆਪਣੇ ਵਿਚਾਰ ਭੇਜ ਸਕਦੇ ਹੋ ਤਾਂ ਕਿ ਗੱਲ ਅੱਗੇ ਤੁਰ ਸਕੇ। ਤੁਹਾਡੇ ਸੁਝਾਵਾਂ ਤੇ ਵਿਚਾਰਾਂ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇਗੀ।**



ਹਰਚਰਨ ਸਿੰਘ ਪਰਹਾਰ
403-681-8689
hp8689@gmail.com

ਨਕਲੀ ਧਰਮਾਂ ਦੀ ਚੱਲ ਰਹੀ ਲੜੀਵਾਰ ਵਿਚਾਰ ਚਰਚਾ ਵਿੱਚ ਅੱਜ ਅਸੀਂ ਮਰਿਯਾਦਾ ਅਧਾਰਿਤ ਨਕਲੀ ਧਰਮ ਤੇ ਵਿਚਾਰ ਕਰਾਂਗੇ। ਅਸਲ ਵਿੱਚ ਜੇ ਧਿਆਨ ਨਾਲ ਦੇਖਿਆ ਜਾਵੇ ਤਾਂ ਨਕਲੀ ਧਰਮਾਂ ਦਾ ਬਹੁਤਾ ਦਾਰੋ-ਮਦਾਰ ਨਕਲੀ ਮਰਿਯਾਦਾਵਾਂ ਅਧਾਰਿਤ ਹੀ ਚੱਲ ਰਿਹਾ ਹੈ। ਸ਼ਰਧਾਲੂ ਲੋਕ, ਪੁਜਾਰੀਆਂ ਵਲੋਂ ਆਪਣਾ ਧਰਮ ਅਧਾਰਿਤ ਧੰਦਾ ਪੀੜ੍ਹੀ-ਦਰ-ਪੀੜ੍ਹੀ ਚਲਦਾ ਰੱਖਣ ਲਈ ਬਣਾਈਆਂ ਨਕਲੀ ਮਰਿਯਾਦਾਵਾਂ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਨੇਮ ਨਾਲ ਨਿਭਾਉਣ ਨੂੰ ਹੀ ਧਰਮ ਸਮਝਦੇ ਹਨ। ਪੁਜਾਰੀ ਆਪਣਾ ਧਰਮ ਪ੍ਰਚਾਰ ਅਜਿਹੇ ਢੰਗ ਨਾਲ ਕਰਦੇ ਹਨ ਕਿ ਆਮ ਮਨੁੱਖ ਨੂੰ ਅਸਲੀ ਧਰਮ ਤੇ ਨਕਲੀ ਧਰਮ ਦੀ ਮਰਿਯਾਦਾ ਦੀ ਪਛਾਣ ਹੀ ਭੁੱਲ ਜਾਂਦੀ ਹੈ। ਉਸਨੂੰ ਬਚਪਨ ਤੋਂ ਹੀ ਅਜਿਹੀ ਗੁੜ੍ਹਤੀ ਦੇ ਦਿੱਤੀ ਜਾਂਦੀ ਹੈ ਕਿ ਉਹ ਸਾਰੀ ਉਮਰ ਨਕਲੀ ਮਰਿਯਾਦਾਵਾਂ ਦੇ ਕਰਮਕਾਂਡੀ ਜਾਲ ਵਿੱਚ ਹੀ ਉਲਝਿਆ, ਇਸ ਸੰਸਾਰ ਨੂੰ ਅਲਵਿਦਾ ਆਖ ਜਾਂਦਾ ਹੈ ਤੇ ਉਸਨੂੰ ਅਸਲੀ ਧਰਮ ਦੇ ਦਰਸ਼ਨ ਹੀ ਨਹੀਂ ਹੁੰਦੇ।

ਵਿਚਾਰ ਚਰਚਾ ਨੂੰ ਅੱਗੇ ਤੋਰਨ ਤੋਂ ਪਹਿਲਾਂ ਇਹ ਜਾਣ ਲੈਣਾ ਬੜਾ ਜ਼ਰੂਰੀ ਹੈ ਕਿ ਮਰਿਯਾਦਾ ਕਹਿੰਦੇ ਕਿਸਨੂੰ ਹਨ? ਵੈਸੇ ਅੱਖਰੀ ਅਰਥ ਦੇਖੇ ਜਾਣ ਤਾਂ ਮਰਿਯਾਦਾ ਦਾ ਭਾਵ ਹੈ ਕਿਸੇ ਅਨੁਸ਼ਾਸਨ (ਡਿਸਿਪਲਨ) ਵਿੱਚ ਰਹਿਣਾ, ਕਿਸੇ ਕਾਇਦੇ ਕਨੂੰਨ ਦੇ ਦਾਇਰੇ ਵਿੱਚ ਰਹਿਣਾ, ਕਿਸੇ ਕੰਮ ਨੂੰ ਨੇਮ ਦੇ ਨਾਲ ਬਿਨਾਂ ਕਿਸੇ ਹੀਲ-ਹੁੱਜਤ ਜਾਂ ਕਿੰਤੂ ਪ੍ਰੰਤੂ ਦੇ ਸਿਰ ਸੁੱਟ ਕੇ ਜਾਂ ਅੱਖਾਂ ਮੀਟ ਕੇ ਨਿਭਾਉਂਦੇ ਜਾਣਾ। ਕਈ ਵਾਰ ਪੁਜਾਰੀਆਂ ਦੀਆਂ ਬਣਾਈਆਂ ਧਾਰਮਿਕ ਮਰਿਯਾਦਾਵਾਂ ਦੀ ਦੇਸ਼ਾਂ ਦੇ ਕਨੂੰਨਾਂ ਜਾਂ ਸੰਵਿਧਾਨਾਂ ਨਾਲ ਵੀ ਤੁਲਨਾ ਕੀਤੀ ਜਾਂਦੀ ਹੈ। ਜਦੋਂ ਕੋਈ ਤਰਕਵਾਦੀ ਜਾਂ ਪੜ੍ਹਿਆ ਲਿਖਿਆ ਇਨਸਾਨ ਜਾਂ ਕੋਈ ਵਿਦਵਾਨ, ਪੁਜਾਰੀਆਂ ਦੀਆਂ ਫੋਕਟ ਮਰਿਯਾਦਾਵਾਂ ਜਾਂ ਮਾਨਤਾਵਾਂ ਦਾ ਵਿਰੋਧ ਕਰਦਾ ਹੈ ਤਾਂ ਕਿਹਾ ਜਾਂਦਾ ਹੈ ਕਿ ਜਿਸ ਤਰ੍ਹਾਂ ਦੇਸ਼ ਜਾਂ ਸਮਾਜ ਨੂੰ ਚਲਾਉਣ ਲਈ ਸੰਵਿਧਾਨ ਜਾਂ ਕਨੂੰਨ ਦੀ ਲੋੜ ਹੈ, ਇਸੇ ਤਰ੍ਹਾਂ ਧਰਮ ਨੂੰ ਚਲਾਉਣ ਲਈ ਮਰਿਯਾਦਾ ਦਾ ਹੋਣਾ ਬੜਾ ਜ਼ਰੂਰੀ ਹੈ, ਇਸ ਲਈ ਧਰਮ ਦੀ ਮਰਿਯਾਦਾ 'ਤੇ ਨੁਕਤਾਚੀਨੀ ਕਰਨ ਦਾ ਕਿਸੇ ਨੂੰ ਕੋਈ ਹੱਕ ਨਹੀਂ, ਜਿਸ ਤਰ੍ਹਾਂ ਕਿ ਦੇਸ਼ ਦੇ ਕਨੂੰਨ ਤੇ ਕਿੰਤੂ ਕਰਨ ਦਾ ਆਮ ਵਿਅਕਤੀ ਨੂੰ ਹੱਕ ਨਹੀਂ ਹੁੰਦਾ, ਉਸਦਾ ਕੰਮ ਕਨੂੰਨ ਦੀ ਪਾਲਣਾ ਕਰਨਾ ਹੀ ਹੁੰਦਾ ਹੈ। ਧਰਮ ਦੀਆਂ ਫੋਕਟ ਮਰਿਯਾਦਾਵਾਂ ਦਾ ਵਿਰੋਧ ਕਰਨ ਨੂੰ ਧਰਮ ਦਾ ਵਿਰੋਧ ਕਰਨਾ ਕਿਹਾ ਜਾਂਦਾ ਹੈ। ਇਸ ਵਿਰੋਧ ਕਾਰਨ ਸ਼ਰਧਾਲੂਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਣ ਦਾ ਦੋਸ਼ ਲਗਾ ਕੇ ਵਿਦਵਾਨਾਂ ਨੂੰ ਧਰਮ ਵਿਚੋਂ ਛੇਕਿਆ ਜਾਂਦਾ ਹੈ, ਉਨ੍ਹਾਂ ਤੇ ਨਾਸਤਿਕ ਤੇ ਧਰਮ ਵਿਰੋਧੀ ਹੋਣ ਦੇ ਇਲਜ਼ਾਮ ਲਗਾ ਕੇ ਬਦਨਾਮ ਕੀਤਾ ਜਾਂਦਾ ਹੈ। ਕਈ ਵਾਰ ਵਿਦਵਾਨਾਂ ਨੂੰ ਸਰੀਰਕ ਨੁਕਸਾਨ ਪਹੁੰਚਾਣ ਦੇ ਯਤਨ ਵੀ ਕੀਤੇ ਜਾਂਦੇ ਹਨ। ਦੂਜਿਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਣ ਦੇ ਨਾਮ ਤੇ ਕਨੂੰਨੀ ਕਾਰਵਾਈ ਕੀਤੀ ਜਾਂਦੀ ਹੈ। ਧਰਮ ਅਸਥਾਨਾਂ ਵਿੱਚ ਸਹਿਣਸ਼ੀਲਤਾ ਦਾ ਪ੍ਰਚਾਰ ਕਰਨ ਜਾਂ ਸੁਣਨ ਵਾਲੇ ਧਰਮੀ ਅਸਹਿਣਸ਼ੀਲ ਹੋਣ ਲੱਗੇ ਮਿੰਟ ਨਹੀਂ ਲਗਾਉਂਦੇ ਹਨ।

ਕਿਹਾ ਤੇ ਇਹ ਜਾਂਦਾ ਹੈ ਕਿ 'ਮਜ਼੍ਹਬ ਨਹੀਂ ਸਿਖਾਤਾ, ਆਪਸ ਮੇਂ ਵੈਰ ਰੱਖਨਾ' ਪਰ ਤੁਸੀਂ ਪੁਜਾਰੀਆਂ ਦੀਆਂ ਫੋਕਟ ਤੇ ਕਰਮਕਾਂਡੀ ਮਰਿਯਾਦਾਵਾਂ ਦਾ ਵਿਰੋਧ ਕਰਕੇ ਦੇਖੋ ਕਿ ਕਿਵੇਂ ਤੁਹਾਨੂੰ ਉਨ੍ਹਾਂ ਦੀ ਨਫਰਤ ਦਾ ਸ਼ਿਕਾਰ ਹੋਣਾ ਪੈਂਦਾ ਹੈ, ਕਿਵੇਂ ਉਹ ਵੈਰ ਭਾਵਨਾ ਤਹਿਤ ਤੁਹਾਡੇ ਤੇ ਸਿੱਧੇ ਤੇ ਅਸਿੱਧੇ ਹਮਲੇ ਕਰਨਗੇ, ਤੁਹਾਨੂੰ ਬਦਨਾਮ ਕਰਨ, ਤੁਹਾਨੂੰ ਧਰਮ ਵਿਰੋਧੀ ਸਾਬਿਤ ਕਰਨ ਲਈ ਕੋਈ ਪਲੈਟਫਾਰਮ ਨਹੀਂ ਛੱਡਣਗੇ। ਜੇ ਉਨ੍ਹਾਂ ਨੂੰ ਦੇਸ਼ਾਂ ਦੇ ਕਨੂੰਨ, ਪੁਲਿਸ ਜਾਂ ਅਦਾਲਤਾਂ ਦਾ ਡਰ ਨਾ ਹੋਵੇ ਤਾਂ ਉਹ ਵੈਰ ਭਾਵਨਾ ਤੇ ਨਫਰਤ ਵਿੱਚ ਆਪਣੇ ਵਿਰੋਧੀ ਦਾ ਕਤਲ ਕਰਨ ਜਾਂ ਸਰੀਰਕ ਨੁਕਸਾਨ ਪਹੁੰਚਾਣ ਨੂੰ ਮਿੰਟ ਨਾ ਲਾਉਣ। ਇਸ ਵਿੱਚ ਬਹੁਤਾ ਕਸੂਰ ਸ਼ਰਧਾਲੂਆਂ ਦਾ ਨਹੀਂ ਹੁੰਦਾ, ਪੁਜਾਰੀਆਂ ਨੇ ਉਨ੍ਹਾਂ ਦੀ ਬਚਪਨ ਤੋਂ ਕੰਡੀਸ਼ਨਿੰਗ ਹੀ ਅਜਿਹੀ ਕੀਤੀ ਹੁੰਦੀ ਹੈ ਕਿ ਉਨ੍ਹਾਂ ਦੇ ਦਿਮਾਗ ਦਾ ਤਰਕ (ਲੌਜਿਕ) ਨਾਲ ਸੋਚਣ ਵਾਲਾ ਹਿੱਸਾ ਕੰਮ ਕਰਨੋਂ ਬੰਦ ਹੋ ਚੁੱਕਾ ਹੁੰਦਾ ਹੈ। ਬਹੁਤ ਵਾਰ ਪੁਜਾਰੀ ਵੱਖ-ਵੱਖ ਫਿਰਕਿਆਂ ਵਿੱਚ ਛੋਟੇ ਛੋਟੇ ਮੱਤਭੇਦਾਂ ਕਾਰਨ ਦੰਗੇ ਵੀ ਕਰਵਾ ਦਿੰਦੇ ਹਨ। ਇਸ ਲਈ ਸਾਨੂੰ ਮਰਿਯਾਦਾ ਦੇ ਨਾਲ-ਨਾਲ ਦੇਸ਼ਾਂ ਦੇ ਸੰਵਿਧਾਨਾਂ ਤੇ ਕਨੂੰਨਾਂ ਬਾਰੇ ਜਾਣ ਲੈਣਾ ਚਾਹੀਦਾ ਹੈ।

ਅਸਲ ਵਿੱਚ ਕਨੂੰਨ ਜਾਂ ਸੰਵਿਧਾਨ ਅਤੇ ਧਾਰਮਿਕ ਮਰਿਯਾਦਾ ਵਿੱਚ ਫਰਕ ਇਹ ਹੈ ਕਿ ਕਨੂੰਨ ਉਸ ਵੇਲੇ ਸ਼ੁਰੂ ਹੁੰਦਾ ਹੈ, ਜਦੋਂ ਤੁਸੀਂ ਆਪਣੇ ਦਾਇਰੇ ਤੋਂ ਬਾਹਰ ਨਿਕਲ ਕੇ ਦੂਜੇ ਦਾ ਨੁਕਸਾਨ ਕਰਨ ਤੁਰਦੇ ਹੋ ਜਾਂ ਨੁਕਸਾਨ ਕਰਨ ਦਾ ਇਰਾਦਾ ਰੱਖਦੇ ਹੋ। ਦੂਜੇ ਦਾ ਨੁਕਸਾਨ ਸਰੀਰਕ ਵੀ ਹੋ ਸਕਦਾ ਹੈ, ਮਾਨਸਿਕ ਵੀ ਹੋ ਸਕਦਾ ਹੈ, ਜਾਇਦਾਦ (ਪ੍ਰੌਪਰਟੀ) ਜਾਂ ਪੈਸੇ ਦਾ ਵੀ ਹੋ ਸਕਦਾ ਹੈ। ਤੁਸੀਂ ਆਪਣਾ ਸਰੀਰਕ ਜਾਂ ਮਾਨਸਿਕ, ਕੋਈ ਵੀ ਨੁਕਸਾਨ ਕਰ ਲਵੋ ਜਾਂ ਆਪਣੀ ਜਾਇਦਾਦ ਜਾਂ ਪੈਸੇ ਦਾ ਨੁਕਸਾਨ ਕਰ ਲਵੋ, ਆਮ ਤੌਰ ਤੇ ਕਨੂੰਨ ਕੋਈ ਦਖਲ ਨਹੀਂ ਦਿੰਦਾ, ਉਤਨਾ ਚਿਰ ਜਦ ਤੱਕ ਤੁਹਾਡੇ ਆਪਣੇ ਨੁਕਸਾਨ ਦੇ ਨਾਲ ਦੂਜੇ ਦਾ ਨੁਕਸਾਨ ਨਾ ਜੁੜਿਆ ਹੋਵੇ। ਤੁਸੀਂ ਆਪਣਾ ਨੁਕਸਾਨ ਜਾਣ ਬੁੱਝ ਕੇ ਕੀਤਾ ਹੈ ਜਾਂ ਅਨਜਾਣੇ ਵਿੱਚ ਹੋਇਆ ਹੈ, ਕਨੂੰਨ ਉਤਨਾ ਚਿਰ ਦਖਲ ਨਹੀਂ ਦਿੰਦਾ, ਜਿਤਨਾ ਚਿਰ ਤੁਹਾਡੇ ਨੁਕਸਾਨ ਦਾ ਅਸਰ ਦੂਜੇ ਤੇ ਨਹੀਂ ਹੁੰਦਾ ਜਾਂ ਦੂਜੇ ਦਾ ਹਿੱਤ ਨ ਜੁੜਿਆ ਹੋਵੇ।

ਦੂਜੇ ਪਾਸੇ ਧਰਮ ਦੀ ਮਰਿਯਾਦਾ ਦਾ ਸਿੱਧਾ ਸਬੰਧ ਤੁਹਾਡੇ ਨਿੱਜ ਨਾਲ ਜੁੜਿਆ ਹੁੰਦਾ ਹੈ। ਧਰਮ ਦੀ ਮਰਿਯਾਦਾ ਨੂੰ ਜੇ ਗਹੁ ਨਾਲ ਵਿਚਾਰਿਆ ਜਾਵੇ ਤਾਂ ਪਤਾ ਚੱਲੇਗਾ ਕਿ ਧਰਮ ਦੀ ਕੋਈ ਮਰਿਯਾਦਾ ਅਜਿਹੀ ਨਹੀਂ ਹੁੰਦੀ, ਜਿਸਦੇ ਕਰਨ ਨਾਲ ਜਾਂ ਨਾ ਕਰਨ ਨਾਲ ਤੁਹਾਡਾ ਆਪਣਾ ਕੋਈ ਫਾਇਦਾ ਜਾਂ ਨੁਕਸਾਨ ਹੋਵੇ। ਇਸੇ ਤਰ੍ਹਾਂ ਪੁਜਾਰੀਆਂ ਦੀ ਮਰਿਯਾਦਾ ਦਾ ਵਿਰੋਧ ਕਰਨ ਨਾਲ ਵੀ ਕਿਸੇ ਦਾ ਕੋਈ ਨੁਕਸਾਨ ਨਹੀਂ ਹੁੰਦਾ, ਸਗੋਂ ਜੇ ਮਨੁੱਖ ਸੁਚੇਤ ਹੋ ਜਾਵੇ ਤਾਂ ਪੁਜਾਰੀ ਦੀ ਲੁੱਟ ਤੋਂ ਬਚ ਸਕਦਾ ਹੈ। ਇਸ ਲਈ ਪੁਜਾਰੀਆਂ ਦੀ ਧਾਰਮਿਕ ਮਰਿਯਾਦਾ ਦੀ ਦੇਸ਼ ਦੇ ਕਨੂੰਨ ਜਾਂ ਸੰਵਿਧਾਨ ਨਾਲ ਤੁਲਨਾ ਨਹੀਂ ਹੋ ਸਕਦੀ। ਪਰ ਸ਼ਰਧਾਲੂ ਪੁਜਾਰੀਆਂ ਦੀਆਂ ਮਰਿਯਾਦਾਵਾਂ ਅਗਿਆਨਤਾ ਵਸ ਜਾਂ ਦੂਜਿਆਂ ਦੇ ਦੇਖੋ-ਦੇਖੀ ਨਿਭਾਉਂਦੇ ਹਨ ਜਾਂ ਇਸ ਲਈ ਨਿਭਾਉਂਦੇ ਹਨ ਕਿ ਉਨ੍ਹਾਂ ਨੂੰ ਨਾਸਤਿਕ ਜਾਂ ਧਰਮ ਵਿਰੋਧੀ ਨਾ ਸਮਝ ਲਿਆ ਜਾਵੇ ਜਾਂ ਉਹ ਪਰਿਵਾਰ ਤੇ ਸਮਾਜ ਦੇ ਪ੍ਰਭਾਵ ਜਾਂ ਦਬਾਅ ਅਧੀਨ ਨਿਭਾਉਂਦੇ ਹਨ, ਜਾਂ ਉਹ ਇਨ੍ਹਾਂ ਨੂੰ ਥੋੜਾ ਬਹੁਤ ਗਲਤ ਤੇ ਸਮਝਦੇ ਹਨ, ਪਰ ਉਨ੍ਹਾਂ ਵਿੱਚ ਇਨ੍ਹਾਂ ਦੇ ਖਿਲਾਫ ਲੜਨ ਜਾਂ ਖੜਨ ਦੀ ਜ਼ੁਰਅਤ ਨਹੀਂ ਹੁੰਦੀ, ਇਸ ਲਈ ਇਹ ਮਰਿਯਾਦਾਵਾਂ ਨਿਭਾਉਂਦੇ ਰਹਿੰਦੇ ਹਨ। ਪੁਜਾਰੀਆਂ ਵਲੋਂ ਬਣਾਈਆਂ ਧਾਰਮਿਕ ਮਰਿਯਾਦਾਵਾਂ ਨੂੰ ਸੂਝਵਾਨਾਂ ਵਲੋਂ ਅਕਸਰ ਵੇਲਾ ਵਿਹਾ ਚੁੱਕੀਆਂ ਫੋਕਟ ਰੀਤਾਂ-ਰਸਮਾਂ ਵੀ ਕਿਹਾ ਜਾਂਦਾ ਹੈ। ਬੇਸ਼ਕ ਇਨ੍ਹਾਂ ਮਰਿਯਾਦਾਵਾਂ ਜਾਂ ਰੀਤਾਂ-ਰਸਮਾਂ ਨੂੰ ਵੇਲਾ ਵਿਹਾ ਚੁੱਕੀਆਂ ਕਹਿ ਕਿ ਨਿਕਾਰਿਆ ਜਾਂਦਾ ਹੈ, ਪਰ ਅਸਲ ਵਿੱਚ ਇਹ ਕਿਸੇ ਵੇਲੇ ਵੀ ਸਾਰਥਿਕ ਨਹੀਂ ਹੁੰਦੀਆਂ, ਇਸ ਲਈ ਇਨ੍ਹਾਂ ਨੂੰ ਵੇਲਾ ਵਿਹਾ ਚੁੱਕੀਆਂ ਕਹਿਣਾ ਵੀ ਗਲਤ ਹੈ। ਇਨ੍ਹਾਂ ਦਾ ਕਦੇ ਕਿਸੇ ਨੂੰ ਕੋਈ ਲਾਭ ਨਹੀਂ ਹੋਇਆ, ਸਿਵਾਏ ਪੁਜਾਰੀਆਂ ਜਾਂ ਧਰਮ ਦਾ ਪਹਿਰਾਵਾ ਪਾਈ ਫਿਰਦੇ ਸਾਧਾਂ-ਸੰਤਾਂ ਦੇ। ਇਹ ਸਿਰਫ ਨਿਭਾਉਣ ਮਾਤਰ ਹੀ ਨਿਭਾਈਆਂ ਜਾਦੀਆਂ ਹਨ ਜਾਂ ਇਨ੍ਹਾਂ ਰੀਤਾਂ-ਰਸਮਾਂ ਨੂੰ ਸਮਾਜ ਵਿੱਚ ਆਪਣਾ ਨੱਕ ਰੱਖਣ ਲਈ ਖਾਨਾ ਪੂਰਤੀ ਲਈ ਕੀਤਾ ਜਾਦਾ ਹੈ। ਇਸੇ ਤਰ੍ਹਾਂ ਧਰਮ ਵਿਚਲੀਆਂ ਮਰਿਯਾਦਾਵਾਂ ਨੂੰ ਅਕਸਰ ਸਿਰਫ ਦਿਖਾਵੇ ਦੇ ਧਰਮੀ ਬਣੇ ਰਹਿਣ ਜਾਂ ਦੂਜਿਆਂ ਤੇ ਧਰਮੀ ਹੋਣ ਦਾ ਪ੍ਰਭਾਵ ਪਾਉਣ ਲਈ ਹੀ ਕੀਤਾ ਜਾਂਦਾ ਹੈ। ਜਦੋਂ ਅੰਧ-ਵਿਸ਼ਵਾਸ਼ੀ ਸ਼ਰਧਾਲੂਆਂ ਵਲੋਂ ਧਾਰਮਿਕ ਮਰਿਯਾਦਾਵਾਂ ਨੂੰ ਅਗਿਆਨਤਾ ਵਸ ਨਿਭਾਇਆ ਜਾਂਦਾ ਹੈ। ਇਸ ਨਾਲ ਉਹ ਅਕਸਰ ਕੱਟੜਵਾਦ ਦਾ ਸ਼ਿਕਾਰ ਹੋ ਜਾਂਦੇ ਹਨ। ਤੁਸੀਂ ਦੁਨੀਆਂ ਦੇ ਇਤਿਹਾਸ ਵਿੱਚ ਧਰਮ ਦੇ ਨਾਮ ਤੇ ਲੜੇ ਗਏ ਯੁੱਧਾਂ ਜਾਂ ਧਰਮ ਦੇ ਨਾਮ ਤੇ ਹੋਏ ਫਿਰਕੂ ਦੰਗਿਆਂ ਦਾ ਇਤਿਹਾਸ ਪੜ੍ਹ ਕੇ ਦੇਖ ਲਵੋ, ਕਦੇ ਵੀ ਧਰਮ ਯੁੱਧ ਜਾਂ ਦੰਗੇ, ਅਸਲੀ ਧਰਮ ਦੇ ਅਸੂਲਾਂ ਲਈ ਨਹੀਂ ਹੁੰਦੇ, ਸਗੋਂ ਪੁਜਾਰੀਆਂ ਦੀਆਂ ਨਕਲੀ ਮਰਿਯਾਦਾਵਾਂ ਤੇ ਨਕਲੀ ਧਰਮਾਂ ਦੇ ਪ੍ਰਚਾਰ ਪ੍ਰਸਾਰ ਜਾਂ ਨਕਲੀ ਮਰਿਯਾਦਾਵਾਂ ਦੇ ਨਾਮ ਤੇ ਬਣੀ ਝੂਠੀ ਸ਼ਰਧਾ ਨੂੰ ਪਹੁੰਚੀ ਠੇਸ ਜਾਂ ਧਾਰਮਿਕ ਭਾਵਨਾਵਾਂ ਭੜਕਣ ਕਾਰਨ ਹੀ ਵਾਪਰਦੇ ਹਨ।

ਇਹ ਜਾਣ ਲੈਣਾ ਵੀ ਬੜਾ ਜਰੂਰੀ ਹੈ ਕਿ ਪੁਜਾਰੀ ਇਹ ਮਰਿਯਾਦਾਵਾਂ ਕਿਉਂ ਬਣਾਉਂਦੇ ਹਨ? ਸਾਰੇ ਧਾਰਮਿਕ ਫਿਰਕਿਆਂ (ਯਹੂਦੀ, ਇਸਾਈ, ਇਸਲਾਮ, ਬੁੱਧ, ਜੈਨ, ਸਿੱਖ ਆਦਿ) ਦਾ ਇਤਿਹਾਸ ਪੜ੍ਹ ਕੇ ਦੇਖੋ, ਪਤਾ ਲੱਗੇਗਾ ਕਿ ਇਨ੍ਹਾਂ ਸਾਰੇ ਧਾਰਮਿਕ ਫਿਰਕਿਆਂ ਦੇ ਧਰਮ ਗੁਰੂ ਆਪਣੇ ਤੋਂ ਪਹਿਲੇ ਧਾਰਮਿਕ ਫਿਰਕਿਆਂ ਦੇ ਪੁਜਾਰੀਆਂ ਦੀਆਂ ਮਰਿਯਾਦਾਵਾਂ ਦੇ ਵਿਰੋਧ ਵਿੱਚ ਖੜੇ ਹਨ, ਕਿਸੇ ਧਰਮ ਗੁਰੂ ਨੇ ਕਦੇ ਕੋਈ ਧਰਮ ਨਹੀਂ ਸ਼ੁਰੂ ਕੀਤਾ ਹੁੰਦਾ, ਪਰ ਜਦੋਂ ਉਨ੍ਹਾਂ ਦੀ ਵਿਚਾਰਧਾਰਾ ਨੂੰ ਪਿਆਰ ਕਰਨ ਵਾਲੇ ਜਾਂ ਦਿਲੋਂ ਅਪਨਾਉਣ ਵਾਲੇ ਲੋਕ ਆਪਣਾ ਇੱਕ ਨਵਾਂ ਧਰਮ (ਫਿਰਕਾ) ਬਣਾ ਲੈਂਦੇ ਹਨ ਤਾਂ ਸ਼ੁਰੂ ਵਿੱਚ ਪੁਰਾਣੇ ਧਰਮ ਵਿਚੋਂ (ਜਿਸ ਵਿਚੋਂ ਨਿਕਲ ਕੇ ਨਵਾਂ ਫਿਰਕਾ ਬਣਿਆ ਹੁੰਦਾ ਹੈ) ਪੁਜਾਰੀ ਨਵੇਂ ਧਰਮ ਦੇ ਉਪਾਸ਼ਕ ਬਣ ਕੇ ਘੁਸਪੈਠ ਕਰ ਲੈਂਦੇ ਹਨ ਤੇ ਫਿਰ ਹੌਲੀ-ਹੌਲੀ ਉਸ ਨਵੇਂ ਫਿਰਕੇ ਵਿੱਚ ਨਵੇਂ ਢੰਗ ਦੀਆਂ ਧਾਰਮਿਕ ਮਰਿਯਾਦਾਵਾਂ, ਧਾਰਮਿਕ ਚਿੰਨ੍ਹ, ਧਾਰਮਿਕ ਪਹਿਰਾਵੇ ਜਾਂ ਹੋਰ ਕਈ ਕੁੱਝ ਅਜਿਹਾ ਸ਼ੁਰੂ ਕਰ ਦਿੰਦੇ ਹਨ, ਜਿਸ ਨਾਲ ਨਵਾਂ ਫਿਰਕਾ ਆਪਣੇ ਆਪ ਨੂੰ ਦੂਜਿਆਂ ਤੋਂ ਵੱਖਰਾ ਮਹਿਸੂਸ ਕਰੇ। ਪਾਠਕਾਂ ਨੇ ਜੇ ਨੋਟ ਕੀਤਾ ਹੋਵੇ, ਉਪਰ ਦਿੱਤੇ ਧਾਰਮਿਕ ਫਿਰਕਿਆਂ ਦੀ ਲਿਸਟ ਵਿੱਚ ਅਸੀਂ ਹਿੰਦੂ ਧਾਰਮਿਕ ਫਿਰਕੇ ਦਾ ਨਾਮ ਨਹੀਂ ਲਿਖਿਆ ਸੀ ਕਿਉਂਕਿ ਹਿੰਦੂ ਧਰਮ, ਦੁਨੀਆਂ ਦਾ ਇਕੋ ਇੱਕ ਅਜਿਹਾ ਧਾਰਮਿਕ ਫਿਰਕਾ ਹੈ, ਜਿਸਨੂੰ ਪੁਜਾਰੀਆਂ ਨੇ ਹੀ ਸ਼ੁਰੂ ਕੀਤਾ ਸੀ ਤੇ ਅੱਜ ਤੱਕ ਪੁਜਾਰੀਆਂ ਦੇ ਹੀ ਕੰਟਰੋਲ ਵਿੱਚ ਹੈ। ਇਨ੍ਹਾਂ ਦਾ ਹੋਰ ਧਾਰਮਿਕ ਫਿਰਕਿਆਂ ਵਾਂਗ ਕੋਈ ਸਾਂਝਾ ਪੈਗੰਬਰ ਜਾਂ ਧਰਮ ਗ੍ਰੰਥ ਨਹੀਂ ਹੈ। ਪੁਜਾਰੀਆਂ ਨੇ ਵੱਖ-ਵੱਖ ਨਾਵਾਂ ਹੇਠ ਹਿੰਦੂ ਧਰਮ ਦੇ ਸਾਰੇ ਧਰਮ ਗ੍ਰੰਥ ਆਪਣੇ ਹਿੱਤਾਂ ਨੂੰ ਨਸਲ-ਦਰ-ਨਸਲ ਸੁਰੱਖਿਅਤ ਰੱਖਣ ਦੇ ਮਕਸਦ ਨਾਲ ਲਿਖੇ ਹੋਏ ਹਨ। ਧਰਮਾਂ ਦੇ ਪੁਜਾਰੀ ਆਪਣੀ ਖੇਡ ਇਤਨੀ ਸ਼ੈਤਾਨੀਅਤ ਨਾਲ ਖੇਡਦੇ ਹਨ ਕਿ ਹੌਲੀ-ਹੌਲੀ ਨਵੇਂ ਧਰਮ ਦੇ ਅਨੁਆਈ ਸਮਾਂ ਪਾ ਕੇ ਇਹ ਭੁੱਲ ਹੀ ਜਾਂਦੇ ਹਨ ਕਿ ਉਨ੍ਹਾਂ ਦੇ ਰਹਿਬਰ ਦੀ ਅਸਲੀ ਵਿਚਾਰਧਾਰਾ ਕੀ ਸੀ?

ਉਹ ਪੁਜਾਰੀਆਂ ਵਲੋਂ ਬਣਾਈਆਂ ਨਵੀਆਂ ਰੀਤਾਂ-ਰਸਮਾਂ, ਕਰਮਕਾਂਡਾਂ, ਪੂਜਾ-ਪਾਠਾਂ, ਮਰਿਯਾਦਾਵਾਂ ਨੂੰ ਹੀ ਧਰਮ ਸਮਝਣ ਲਗਦੇ ਹਨ। ਸਿੱਖਾਂ ਨੂੰ ਛੱਡ ਕੇ ਬਾਕੀ ਸਾਰੇ ਧਾਰਮਿਕ ਫਿਰਕਿਆਂ ਦੇ ਧਰਮ ਗ੍ਰੰਥ ਉਨ੍ਹਾਂ ਦੇ ਪੈਗੰਬਰਾਂ ਜਾਂ ਗੁਰੂਆਂ ਨੇ ਨਹੀਂ ਲਿਖੇ ਸਨ, ਬਹੁਤ ਸਮਾਂ ਬਾਅਦ ਵਿੱਚ ਇਨ੍ਹਾਂ ਦੇ ਪੁਜਾਰੀਆਂ, ਸਰਮਾਏਦਾਰਾਂ ਤੇ ਸਿਆਸਤਦਾਨਾਂ ਨੇ ਆਪਣੇ ਸਾਂਝੇ ਹਿੱਤਾਂ ਨੂੰ ਮੁੱਖ ਰੱਖ ਕੇ ਨਵੇਂ ਬਣੇ ਧਾਰਮਿਕ ਫਿਰਕੇ ਤੇ ਆਪਣੀ ਪਕੜ ਮਜਬੂਤ ਕਰਨ ਤੇ ਉਨ੍ਹਾਂ ਤੇ ਆਪਣਾ ਸਦੀਵੀ ਗਲਬਾ ਪਾਈ ਰੱਖਣ ਦੇ ਮਕਸਦ ਨਾਲ ਲਿਖੇ ਹੋਏ ਹਨ। ਉਨ੍ਹਾਂ ਗ੍ਰੰਥਾਂ ਵਿੱਚ ਪੈਗੰਬਰਾਂ ਜਾਂ ਰਹਿਬਰਾਂ ਦੀ ਕ੍ਰਾਂਤੀਕਾਰੀ ਅਸਲੀ ਫਿਲਾਸਫੀ ਅਤੇ ਧਰਮ ਦੇ ਅੰਸ਼ ਬਹੁਤ ਘੱਟ ਮਿਲਦੇ ਹਨ। ਸਿਰਫ ਸਿੱਖ ਗੁਰੂਆਂ ਨੇ ਧਰਮਾਂ ਦੇ ਪਿਛਲੇ ਤਜ਼ਰਬਿਆਂ ਤੇ ਪੁਜਾਰੀਆਂ ਦੀ ਸ਼ੈਤਾਨੀਅਤ ਨੂੰ ਮੁੱਖ ਰੱਖ ਆਪਣੀ ਵਿਚਾਰਧਾਰਾ ਨੂੰ ਆਪਣੇ ਹੱਥੀਂ ਕਲਮਬੱਧ ਕਰਕੇ, ਗ੍ਰੰਥ ਰੂਪ ਵਿੱਚ ਸੰਪਾਦਿਤ ਕਰਕੇ, ਮਨੁੱਖਤਾ ਨੂੰ ਅਰਪਿਤ ਕਰ ਦਿੱਤਾ। ਇਸੇ ਲਈ ਗੁਰੂ ਗ੍ਰੰਥ ਸਾਹਿਬ ਤੋਂ ਪੁਜਾਰੀ ਡਰਦੇ ਹਨ। ਪਰ ਉਨ੍ਹਾਂ ਨੇ ਇਸਦਾ ਹੱਲ ਵੀ ਲੱਭ ਲਿਆ ਹੋਇਆ ਹੈ, ਇੱਕ ਪਾਸੇ ਉਨ੍ਹਾਂ ਇਸ ਗ੍ਰੰਥ ਦੇ ਮੁਕਾਬਲੇ ਕਈ ਹੋਰ ਗ੍ਰੰਥ ਖੜ੍ਹੇ ਕਰ ਲਏ ਹਨ, ਦੂਜੇ ਪਾਸੇ ਇਸ ਗ੍ਰੰਥ ਤੋਂ ਤੋੜਨ ਲਈ, ਇਸਨੂੰ ਪੜ੍ਹਨ, ਵਿਚਾਰਨ ਤੇ ਅਪਨਾਉਣ ਤੋਂ ਰੋਕਣ ਲਈ ਇਸਦੇ ਮੰਤਰ ਪਾਠ, ਮੂਰਤੀਆਂ ਵਾਂਗ ਪੂਜਾ ਆਦਿ ਸ਼ੁਰੂ ਕਰ ਦਿੱਤੇ ਹਨ। ਇਸ ਨਾਲ ਉਨ੍ਹਾਂ ਨੂੰ ਦੂਹਰਾ ਲਾਭ ਹੈ, ਇੱਕ ਪਾਸੇ ਇਸ ਨਾਲ ਲੋਕ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਤੋਂ ਟੁੱਟ ਗਏ ਹਨ, ਦੂਜੇ ਪਾਸੇ ਬਾਣੀ ਦੇ ਪੂਜਾ ਪਾਠ ਦੇ ਨਾਮ ਤੇ ਇਨਕਮ ਦਾ ਸਾਧਨ ਬਣਾ ਲਿਆ ਗਿਆ।

ਜੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸਹੀ ਸੰਦਰਭ ਵਿੱਚ ਵਿਚਾਰਿਆ ਜਾਵੇ ਅਤੇ ਅੱਜ ਦੇ ਸਿੱਖ ਸਮਾਜ, ਸਿੱਖ ਸੰਸਥਾਵਾਂ, ਸਿੱਖ ਗੁਰਦੁਆਰਿਆਂ ਨੂੰ ਦੇਖਿਆ ਜਾਵੇ ਤਾਂ ਤੁਹਾਨੂੰ ਦੋਨੋ ਇੱਕ ਦੂਜੇ ਦੇ ਐਨ ਉਲਟ ਖੜੇ ਦਿਖਾਈ ਦੇਣਗੇ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਥਾਂ-ਥਾਂ ਹਿੰਦੂਆਂ, ਬੋਧੀਆਂ, ਜੈਨੀਆਂ, ਯੋਗੀਆਂ, ਸੰਨਿਆਸੀਆਂ, ਮੁਸਲਾਮਾਨਾਂ ਦੇ ਪੁਜਾਰੀਆਂ ਦੇ ਕਰਮਕਾਂਡਾਂ, ਧਾਰਮਿਕ ਪਹਿਰਾਵਿਆਂ, ਧਾਰਮਿਕ ਚਿੰਨ੍ਹਾਂ ਦਾ ਖੰਡਨ ਕੀਤਾ ਗਿਆ ਹੈ, ਪਰ ਅੱਜ ਦੇ ਪ੍ਰਚਲਤ ਜਥੇਬੰਦਕ ਸਿੱਖ ਧਰਮ ਵਿੱਚ ਉਨ੍ਹਾਂ ਧਰਮਾਂ ਨਾਲੋਂ ਵੀ ਵੱਧ ਕਰਮਕਾਂਡ ਕੀਤੇ ਜਾਂਦੇ ਹਨ, ਫੋਕਟ ਰੀਤਾਂ ਰਸਮਾਂ ਨੂੰ ਕੱਟੜਤਾ ਨਾਲ ਪਾਲਿਆ ਜਾਂਦਾ ਹੈ, ਧਾਰਮਿਕ ਪਹਿਰਾਵੇ ਤੇ ਚਿੰਨ੍ਹਾਂ ਤੇ ਸਭ ਤੋਂ ਵੱਧ ਜ਼ੋਰ ਹੀ ਨਹੀਂ ਦਿੱਤਾ ਜਾਂਦਾ, ਸਗੋਂ ਹੁਣ ਤੇ ਪੁਜਾਰੀਆਂ ਨੇ ਸਿੱਖ ਧਰਮ ਨੂੰ ਇਥੇ ਲਿਆ ਖੜਾ ਕੀਤਾ ਹੈ ਕਿ ਕੋਈ ਵਿਅਕਤੀ ਜਿਤਨਾ ਮਰਜੀ ਗੁਰਬਾਣੀ ਨੂੰ ਪੜ੍ਹਦਾ ਵਿਚਾਰਦਾ ਹੋਵੇ, ਉਸ ਅਨੁਸਾਰ ਜੀਵਨ ਬਤੀਤ ਕਰਦਾ ਹੋਵੇ, ਉਸਨੂੰ ਸਿੱਖ ਮੰਨਣ ਤੋਂ ਹੀ ਇਨਕਾਰ ਕਰ ਦਿੱਤਾ ਗਿਆ ਹੈ, ਉਹ ਕਿਸੇ ਸਿੱਖ ਸੰਸਥਾ ਵਿੱਚ ਕੋਈ ਸੇਵਾਦਾਰ ਨਹੀਂ ਬਣ ਸਕਦਾ, ਜਿਤਨਾ ਚਿਰ ਉਹ ਵਿਅਕਤੀ ਧਰਮ ਦੇ ਫੋਕਟ ਕਰਮਾਕਾਂਡਾਂ, ਪੂਜਾਂ-ਪਾਠਾਂ, ਧਾਰਮਿਕ ਪਹਿਰਾਵਿਆਂ ਤੇ ਚਿੰਨ੍ਹਾਂ ਨੂੰ ਧਾਰਨ ਨਹੀਂ ਕਰਦਾ, ਅਜਿਹੇ ਦਿਖਾਵੇ ਵਾਲੇ ਕਰਮਕਾਂਡ ਤੇ ਪਹਿਰਾਵੇ ਵਾਲੇ ਵਿਅਕਤੀਆਂ ਨੂੰ ਅਸਲੀ ਬਾਣੀ-ਬਾਣੇ ਵਾਲੇ ਗੁਰਮੁੱਖ (ਗੁਰਸਿੱਖ) ਬਣਾ ਕੇ ਪੇਸ਼ ਕੀਤਾ ਜਾਂਦਾ ਹੈ, ਭਾਵੇਂ ਉਨ੍ਹਾਂ ਦਾ ਜੀਵਨ ਗੁਰਬਾਣੀ ਤੋਂ ਕਿਤਨਾ ਵੀ ਉਲਟ ਕਿਉਂ ਨਾ ਹੋਵੇ? ਪੁਜਾਰੀ (ਸਰਮਾਏਦਾਰਾਂ ਤੇ ਸਿਆਸਤਦਾਨਾਂ ਨਾਲ ਰਲ ਕੇ) ਧਰਮ ਵਿੱਚ ਮਰਿਯਾਦਾ (ਫੋਕਟ ਧਾਰਮਿਕ ਕਰਮਕਾਂਡ, ਦਿਖਾਵੇ ਦੇ ਪੂਜਾ ਪਾਠ, ਬਾਹਰੀ ਧਾਰਮਿਕ ਪਹਿਰਾਵੇ ਤੇ ਚਿੰਨ੍ਹ ਆਦਿ) ਇਸ ਲਈ ਬਣਾਉਂਦੇ ਹਨ ਤਾਂ ਕਿ ਲੋਕ ਰਹਿਬਰਾਂ, ਪੈਗੰਬਰਾਂ, ਗੁਰੂਆਂ (ਜਿਨ੍ਹਾਂ ਦੇ ਨਾਮ ਤੇ ਫਿਰਕਾ ਸ਼ੁਰੂ ਕੀਤਾ ਹੁੰਦਾ ਹੈ) ਦੀ ਇਨਕਲਾਬੀ ਵਿਚਾਰਧਾਰਾ (ਜੋ ਕਿ ਹਮੇਸ਼ਾਂ ਪੁਜਾਰੀ, ਸਰਮਾਏਦਾਰ ਤੇ ਹਾਕਮ ਦੇ ਖਿਲਾਫ ਹੁੰਦੀ ਹੈ) ਤੋਂ ਸੇਧ ਲੈ ਕੇ ਇਸ ਤਿੱਕੜੀ ਵਲੋਂ ਪੈਦਾਵਾਰ ਦੇ ਸਾਧਨਾਂ ਤੇ ਕਬਜ਼ਾ ਕਰਕੇ, ਲੋਕਾਂ ਦੇ ਕੀਤੇ ਜਾ ਰਹੇ ਸੋਸ਼ਣ ਖਿਲਾਫ ਖੜੇ ਨਾ ਹੋ ਸਕਣ। ਪੁਜਾਰੀਆਂ ਨੂੰ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਪੈਗੰਬਰਾਂ ਦੀ ਇਨਕਲਾਬੀ ਵਿਚਾਰਧਾਰਾ ਸਭ ਤੋਂ ਵੱਧ ਪੁਜਾਰੀਵਾਦ ਖਿਲਾਫ ਹੀ ਭੁਗਤਦੀ ਹੈ, ਇਸ ਲਈ ਉਹ ਹਰ ਯਤਨ ਨਾਲ ਇਸਨੂੰ ਲੋਕਾਂ ਤੱਕ ਪਹੁੰਚਣ ਤੋਂ ਰੋਕਣ ਲਈ ਮਰਿਯਾਦਾ

ਘੜਦੇ ਹਨ ਤੇ ਧਰਮ ਦੇ ਬਾਹਰੀ ਫੋਕਟ ਕਰਮਕਾਂਡਾਂ ਤੇ ਚਿੰਨ੍ਹਾਂ ਤੇ ਜ਼ੋਰ ਦੇ ਕੇ ਇਸਨੂੰ ਹੀ ਧਰਮ ਬਣਾ ਕੇ ਪੇਸ਼ ਕਰਦੇ ਹਨ।


ਜਿਸ ਤਰ੍ਹਾਂ ਕਿ ਅਸੀਂ ਇਸ ਲੜੀ ਵਿੱਚ ਹਰੇਕ ਵਾਰੀ ਵਿਚਾਰਦੇ ਹਾਂ ਕਿ ਜੇ ਪੁਜਾਰੀ ਹੀ ਅਸਲੀ ਸ਼ੈਤਾਨ ਹੈ ਤੇ ਇਸਦੀ ਬਣਾਈ ਮਰਿਯਾਦਾ, ਸ਼ਰਧਾਲੂ ਦਾ ਸਰੀਰਕ, ਮਾਨਸਿਕ ਤੇ ਆਰਥਿਕ ਸੋਸ਼ਣ ਕਰਨ ਦਾ ਸੰਦ ਹੁੰਦੀ ਹੈ, ਫਿਰ ਵੀ ਲੋਕ ਗੁਰੂਆਂ ਪੈਗੰਬਰਾਂ ਦੀ ਅਸਲੀ ਧਰਮ ਦੀ ਵਿਚਾਰਧਾਰਾ ਨਾਲ ਜੁੜਨ ਦੀ ਥਾਂ ਪੁਜਾਰੀਆਂ ਦੇ ਮਾਇਆ ਜਾਲ ਵਿੱਚ ਕਿਉਂ ਫਸਦੇ ਹਨ? ਜਿਸ ਤਰ੍ਹਾਂ ਪਹਿਲਾਂ ਵੀ ਵਿਚਾਰਿਆ ਗਿਆ ਸੀ ਕਿ ਡਰ ਤੇ ਲਾਲਚ, ਮਨੁੱਖ ਦੀਆਂ ਬੁਨਿਆਦੀ ਕਮਜ਼ੋਰੀਆਂ ਹਨ, ਪੁਜਾਰੀ ਇਨ੍ਹਾਂ ਨੂੰ ਵਰਤਣਾ ਖੂਬ ਜਾਣਦਾ ਹੈ। ਮਨੁੱਖ ਕੁਦਰਤੀ ਤੌਰ 'ਤੇ ਸੁਭਾਅ ਪੱਖੋਂ ਲਾਲਚੀ ਹੋਣ ਕਾਰਨ ਸਬਰ, ਸੰਤੋਖ, ਸੰਜਮ ਆਦਿ ਸਦਗੁਣ ਗੁਆ ਬੈਠਦਾ ਹੈ ਤੇ ਹੋਰ ਵੱਧ ਇਕੱਠਾ ਕਰਨ ਦੇ ਲਾਲਚ ਜਾਂ ਜੋ ਕੁੱਝ ਹੈ ਉਸਦੇ ਖੁਸ ਜਾਣ ਦੇ ਡਰ ਕਰਕੇ ਪੁਜਾਰੀ ਕੋਲ ਜਾਂਦਾ ਹੈ। ਪੁਜਾਰੀ ਵਲੋਂ ਬਚਪਨ ਤੋਂ ਸ਼ਰਧਾਲੂ ਦੀ ਅਜਿਹੀ ਬਰੇਨ ਵਾਸ਼ਿੰਗ ਕੀਤੀ ਹੁੰਦੀ ਹੈ ਕਿ ਉਹ ਸੋਚਦਾ ਹੈ ਕਿ ਪੁਜਾਰੀ ਰੂਪੀ ਵਿਚੋਲੇ ਰਾਹੀਂ ਪੂਜਾ-ਪਾਠ ਤੇ ਦਾਨ-ਦੱਸ਼ਣਾ ਦੀ ਰਿਸ਼ਵਤ ਦੇ ਕੇ ਰੱਬ ਜਾਂ ਦੇਵੀ-ਦੇਵਤੇ ਜਾਂ ਪੀਰ-ਗੁਰੂ ਆਦਿ ਨੂੰ ਖੁਸ਼ ਕੀਤਾ ਜਾ ਸਕਦਾ ਹੈ? ਉਸ ਤੋਂ ਮੂੰਹੋਂ ਮੰਗੀਆਂ ਮੁਰਾਦਾਂ ਮਿਲ ਸਕਦੀਆਂ ਹਨ? ਉਸਦੇ ਸਾਰੇ ਦੁੱਖ ਕਲੇਸ਼ ਕੱਟੇ ਜਾਣਗੇ? ਅਜਿਹੀ ਕਰਾਮਾਤ ਵਾਪਰੇਗੀ ਕਿ ਸਭ ਪਾਸੇ ਖੁਸ਼ੀਆਂ ਖੇੜੇ ਹੋ ਜਾਣਗੇ? ਇਥੋਂ ਤੱਕ ਕਿ ਅਗਲੇ ਕਲਪਿਤ ਜਨਮਾਂ ਜਾਂ ਕਲਪਿਤ ਸਵਰਗਾਂ ਵਿੱਚ ਵੀ ਸਭ ਸੁੱਖ ਸਹੂਲਤਾਂ ਮਿਲ ਜਾਣਗੀਆਂ? ਨਰਕਾਂ ਦੇ ਕਸ਼ਟ ਕੱਟੇ ਜਾਣਗੇ? ਵਸ ਇਸ ਲਾਲਚ ਵੱਸ ਹੀ ਉਹ ਸਾਰੀ ਉਮਰ ਜਿਥੇ ਪੁਜਾਰੀ ਦੀ ਚਾਕਰੀ ਕਰਦਾ ਹੈ, ਉਥੇ ਸਰਮਾਏਦਾਰਾਂ ਤੇ ਹਾਕਮਾਂ ਦੇ ਸੋਸ਼ਣ ਦਾ ਸ਼ਿਕਾਰ ਹੁੰਦਾ, ਇਸ ਸੰਸਾਰ ਤੋਂ ਚਲਦਾ ਬਣਦਾ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਫਿਰ ਇਸਦਾ ਹੱਲ ਕੀ ਹੈ? ਸਭ ਤੋਂ ਪਹਿਲਾਂ ਇਹ ਸਮਝਣ ਦੀ ਲੋੜ ਹੈ ਕਿ ਧਰਮ ਸਾਡੇ ਅੰਦਰ ਦੀ ਗੱਲ ਹੈ, ਕਿਉਂਕਿ ਡਰ, ਲਾਲਚ ਸਮੇਤ ਹੋਰ ਸਾਰੇ ਵਿਕਾਰ ਕਾਮ, ਕ੍ਰੋਧ, ਮੋਹ, ਈਰਖਾ, ਨਫਰਤ, ਸਾੜਾ ਆਦਿ ਸਾਡੇ ਅੰਦਰੋਂ ਪੈਦਾ ਹੁੰਦੇ ਹਨ ਤੇ ਇਨ੍ਹਾਂ ਦਾ ਇਲਾਜ ਵੀ ਅੰਦਰੋਂ ਹੀ ਹੋਵੇਗਾ। ਜਦੋਂ ਤੱਕ ਅਸੀਂ ਆਪਣੇ ਆਪੇ ਨੂੰ ਸੰਬੋਧਿਤ ਨਹੀਂ ਹੁੰਦੇ, ਆਪਾ ਚੀਨਣ ਨਹੀਂ ਕਰਦੇ, ਆਪਣੇ ਅੰਦਰ ਝਾਤੀ ਨਹੀਂ ਮਾਰਦੇ, ਇਨ੍ਹਾਂ ਦਾ ਹੱਲ ਨਹੀਂ ਲੱਭੇਗਾ? ਤੁਸੀਂ ਭਰਮਾਂ ਤੋਂ ਮੁਕਤ ਨਹੀਂ ਹੋ ਸਕਦੇ? ਇਹ ਖੋਜ ਤੁਹਾਨੂੰ ਨਿਰੰਤਰ ਹਰ ਰੋਜ਼ ਕਰਨੀ ਪਵੇਗੀ। ਇਸ ਵਿੱਚ ਸਾਰੇ ਧਰਮ ਗੁਰੂਆਂ ਦਾ ਅਸਲੀ ਇਨਕਲਾਬੀ ਗਿਆਨ ਤੁਹਾਡੀ ਮੱਦਦ ਕਰ ਸਕਦਾ ਹੈ। ਉਸ ਗਿਆਨ ਦਾ ਚਿੰਤਨ ਕਰਨਾ ਪਵੇਗਾ। ਉਸਨੂੰ ਖੁੱਲੇ ਮਨ ਨਾਲ ਵਿਚਾਰਨਾ ਪਵੇਗਾ। ਧਾਰਮਿਕ ਫਿਰਕਿਆਂ ਦੀ ਫਿਰਕੂ ਤੇ ਤੰਗ ਨਜ਼ਰੀ ਵਾਲੀ ਸੋਚ ਤੋਂ ਆਜ਼ਾਦ ਹੋ ਕੇ ਧਰਮਾਂ ਦੇ ਸਰਬ ਸਾਂਝੇ ਗਿਆਨ ਦਾ ਆਤਮ ਚੀਨਣ ਕਰਨਾ ਪਵੇਗਾ। ਫਿਰ ਅਸਲੀ ਧਰਮ ਦੀ ਸਮਝ ਆਵੇਗੀ। ਫਿਰ ਤੁਸੀਂ ਸੱਚੇ ਧਰਮ ਨਾਲ ਜੁੜ ਸਕੋਗੇ। ਇਸ ਲਈ ਸਭ ਤੋਂ ਪਹਿਲਾਂ ਪੁਜਾਰੀਆਂ ਦੇ ਫੋਕਟ ਕਰਮਕਾਂਡਾਂ ਨੂੰ ਛੱਡਣ ਦਾ ਹੌਸਲਾ ਕਰਨਾ ਪਵੇਗਾ? ਬਾਹਰੀ ਦਿਖਾਵੇ ਵਾਲੇ ਧਾਰਮਿਕ ਪਹਿਰਾਵਿਆਂ ਤੇ ਚਿੰਨ੍ਹਾਂ ਤੇ ਪ੍ਰਸ਼ਨ ਚਿੰਨ੍ਹ ਲਾਉਣੇ ਪੈਣਗੇ? ਨਕਲੀ ਪੂਜਾ ਪਾਠਾਂ ਖਿਲਾਫ ਖੜਨਾ ਪਵੇਗਾ?

ਸਾਰੇ ਧਾਰਮਿਕ ਗੁਰੂਆਂ ਦਾ ਜੀਵਨ ਪੜ੍ਹ ਕੇ ਦੇਖ ਲਵੋ, ਉਨ੍ਹਾਂ ਨੇ ਸਮੇਂ ਦੇ ਪ੍ਰਚਲਤ ਸਾਰੇ ਫੋਕਟ ਕਰਮਕਾਂਡਾਂ, ਰੀਤਾਂ ਰਸਮਾਂ, ਮਰਿਯਾਦਾਵਾਂ ਦਾ ਵਿਰੋਧ ਕਰਕੇ ਆਪਣਾ ਰਸਤਾ ਚੁਣਿਆ। ਸਾਨੂੰ ਵੀ ਆਪਣਾ ਰਸਤਾ ਆਪ ਚੁਣਨ ਦਾ ਸਾਹਸ ਕਰਨਾ ਪਵੇਗਾ? ਜੇ ਅਸੀਂ ਆਪਣਾ ਰਸਤਾ ਆਪ ਚੁਣਨ ਦੇ ਸਮਰੱਥ ਨਹੀਂ ਤਾਂ ਅਸਲੀ ਧਰਮ ਗੁਰੂਆਂ ਦੇ ਅਸਲੀ ਗਿਆਨ ਨੂੰ ਪਹਿਚਾਨਣ ਦੇ ਯਤਨ ਜ਼ਰੂਰ ਆਰੰਭੀਏ। ਅਸਲੀ ਧਰਮ ਦਾ ਬਾਹਰੀ ਮਰਿਯਾਦਾਵਾਂ ਜਾਂ ਪੂਜਾ ਪਾਠਾਂ ਨਾਲ ਕੋਈ ਸਬੰਧ ਨਹੀਂ, ਅਸਲੀ ਧਰਮ ਦਾ ਤੁਹਾਡੇ ਆਪਣੇ ਮਨ ਨਾਲ ਸਿੱਧਾ ਸਬੰਧ ਹੈ, ਉਸ ਆਤਮਾ ਨਾਲ ਹੈ, ਜੋ ਤੁਹਾਡੇ ਅੰਦਰ ਵਸਦੀ ਹੈ, ਉਹ ਰੱਬੀ ਜੋਤ ਜੋ ਤੁਹਾਡੇ ਅੰਦਰ ਜਗਦੀ ਹੈ, ਉਹ ਮਨ ਜੋ ਸਾਰੀ ਖੇਲ ਰਚਾ ਕੇ ਬੈਠਾ ਹੈ, ਧਰਮ ਦਾ ਉਸ ਨਾਲ ਸਬੰਧ ਹੈ, ਇਸ ਲਈ ਧਰਮ ਦਾ ਰਸਤਾ ਸਾਰਿਆਂ ਦਾ ਇੱਕ ਨਹੀਂ ਹੋ ਸਕਦਾ ਕਿਉਂਕਿ ਸਾਰਿਆਂ ਦਾ ਮਨ ਇੱਕ ਨਹੀਂ? ਇਸ ਲਈ ਧਰਮ ਗੁਰੂਆਂ ਦੇ ਗਿਆਨ ਤੋਂ ਅਸੀਂ ਸਿਰਫ ਸੇਧ ਹੀ ਲੈ ਸਕਦੇ ਹਾਂ, ਉਸਨੂੰ ਉਸੇ ਤਰ੍ਹਾਂ ਅੱਖਾਂ ਮੀਟ ਕੇ ਨਹੀਂ ਮੰਨ ਸਕਦੇ, ਜਿਸ ਤਰ੍ਹਾਂ ਪੁਜਾਰੀ ਸਾਨੂੰ ਮੰਨਣ ਲਈ ਕਹਿੰਦੇ ਹਨ। ਜਿਹੜਾ ਮਨ ਜਾਂ ਆਤਮਾ ਦੇ ਅੰਦਰਲੇ ਭੇਦਾਂ ਦਾ ਸੱਚ ਗੁਰੂਆਂ ਨੇ ਸਾਡੇ ਨਾਲ ਸਾਂਝਾ ਕੀਤਾ ਹੈ, ਇਹ ਉਨ੍ਹਾਂ ਦਾ ਸੱਚ ਹੈ, ਸਾਡੇ ਨਾਲ ਉਸਦਾ ਕੋਈ ਸਬੰਧ ਨਹੀਂ, ਇਹ ਸਿਰਫ ਇੱਕ ਗਵਾਹੀ ਹੈ, ਜਿਹੜੀ ਸਾਡਾ ਮਾਰਗ ਦਰਸ਼ਨ ਕਰ ਸਕਦੀ ਹੈ, ਪਰ ਸਾਨੂੰ ਆਪਣੀ ਖੋਜ ਆਪ ਕਰਨੀ ਪੈਣੀ ਹੈ। ਆਪਣਾ ਮਾਰਗ ਆਪ ਬਣਾਉਣਾ ਪੈਣਾ ਹੈ। ਉਨ੍ਹਾਂ ਵਲੋਂ ਦਿੱਤਾ ਗਿਆਨ ਸਾਡੇ ਸਿਰਫ ਪੜ੍ਹਨ, ਵਿਚਾਰਨ ਜਾਂ ਪੂਜਾ ਪਾਠ ਲਈ ਨਹੀਂ ਹੈ। ਜੇ ਸਿਰਫ ਪੜ੍ਹਨ, ਵਿਚਾਰਨ ਤੇ ਪੂਜਾ ਪਾਠ ਤੱਕ ਸੀਮਤ ਰਹਾਂਗੇ ਤਾਂ ਕਦੇ ਸੱਚ ਦੀ ਥਾਹ ਨਹੀਂ ਪਾ ਸਕਾਂਗੇ। ਦੂਜਿਆਂ ਦੇ ਗਿਆਨ ਨੂੰ ਪੜ੍ਹਨ ਵਿਚਾਰਨ ਨਾਲ ਤੁਹਾਡੇ ਅੰਦਰ ਆਪਣੇ ਗਿਆਨ ਦਾ ਦੀਵਾ ਕਦੇ ਨਹੀਂ ਜਗੇਗਾ, ਜੇ ਕਿਸੇ ਨੂੰ ਲਗਦਾ ਹੋਵੇ ਤਾਂ ਉਹ ਗਲਤ ਸੋਚ ਰਿਹਾ ਹੈ। ਦੂਜਿਆਂ ਦਾ ਉਧਾਰਾ ਗਿਆਨ ਤੁਹਾਨੂੰ ਤਰਕਵਾਦੀ ਵਿਦਵਾਨ ਤਾਂ ਜਰੂਰ ਬਣਾ ਸਕਦਾ ਹੈ, ਪਰ ਸੱਚਾ ਧਰਮੀ ਨਹੀਂ ਬਣਾ ਸਕਦਾ। ਗੁਰੂਆਂ ਜਾਂ ਪੈਗੰਬਰਾਂ ਵਲੋਂ ਦਿੱਤੇ ਧਰਮ ਦੇ ਸੱਚੇ ਗਿਆਨ ਵਿਚੋਂ ਆਪਣਾ ਰਸਤਾ ਖੋਜਣ ਦਾ ਭੇਦ ਅਸੀਂ ਆਪ ਲੱਭਣਾ ਹੈ, ਉਹ ਤਾਂ ਹੀ ਮਿਲੇਗਾ ਜੇ ਅਸੀਂ ਉਸ ਰਸਤੇ ਤੁਰਾਂਗੇ, ਪਰ ਜੇ ਪੜ੍ਹਨ, ਵਿਚਾਰਨ, ਸਮਝਣ ਤੇ ਪੂਜਾ ਪਾਠ ਵਿੱਚ ਉਲਝੇ ਰਹਾਂਗੇ ਤਾਂ ਪੁਜਾਰੀਆਂ ਮਗਰ ਹੀ ਭਟਕਦੇ ਰਹਾਂਗੇ। ਇਸ ਨਾਲੋਂ ਤਾਂ ਚੰਗਾ ਹੈ ਕਿ ਅਸੀਂ ਆਪਣਾ ਸਮਾਂ ਦੁਨਿਆਵੀ ਕੰਮ ਧੰਦੇ ਵਿੱਚ ਲਗਾ ਕੇ ਪੈਸਾ ਬਣਾਈਏ ਤੇ ਇਸ ਨਾਲ ਘੱਟ ਤੋਂ ਘੱਟ ਦੁਨਿਆਵੀ ਸਹੂਲਤਾਂ ਤਾਂ ਮਾਣ ਸਕਦੇ ਹਾਂ। ਬਹੁਤੀ ਵਾਰੀ ਪੁਜਾਰੀਆਂ ਮਗਰ ਲੱਗ ਕੇ ਦੀਨ ਤਾਂ ਗਵਾਉਂਦੇ ਹੀ ਹਾਂ, ਸਗੋਂ ਭਰਮਾਂ ਵਿੱਚ ਪੈ ਕੇ ਦੁਨੀਆਂ ਦੀਆਂ ਸੁੱਖ ਸਹੂਲਤਾਂ ਦਾ ਆਨੰਦ ਵੀ ਨਹੀਂ ਮਾਣਦੇ। ਜਿਸ ਤਰ੍ਹਾਂ ਜੇ ਕੋਈ ਵਿਅਕਤੀ ਸਾਇੰਸਦਾਨਾਂ ਵਲੋਂ ਮੈਟਰ ਤੇ ਕੀਤੀਆਂ ਖੋਜਾਂ ਨੂੰ ਸਿਰਫ ਪੜ੍ਹਦਾ, ਵਿਚਾਰਦਾ ਜਾਂ ਪੂਜਾ ਪਾਠ ਕਰਦਾ ਰਹੇ ਤਾਂ ਕੁੱਝ ਪ੍ਰਾਪਤ ਨਹੀਂ ਕਰ ਸਕੇਗਾ, ਪਰ ਜੇ ਉਨ੍ਹਾਂ ਖੋਜਾਂ ਤੋਂ ਸੇਧ ਲੈ ਕੇ ਜਾਂ ਉਨ੍ਹਾਂ ਖੋਜਾਂ ਨੂੰ ਆਪਣੇ ਲਈ ਨਵੀਂ ਖੋਜ ਵਾਸਤੇ ਇਸ਼ਾਰਾ ਸਮਝ ਕੇ ਆਪਣੀ ਖੋਜ ਕਰਨ ਤੁਰੇਗਾ ਤਾਂ ਜਰੂਰ ਕੁੱਝ ਨਵਾਂ ਖੋਜ ਲਵੇਗਾ। ਅਸੀਂ ਦੇਖਦੇ ਹਾਂ ਕਿ ਦੁਨੀਆਂ ਵਿੱਚ ਲੱਖਾਂ-ਕ੍ਰੋੜਾਂ ਲੋਕ ਸਾਇੰਸਦਾਨਾਂ ਦੀਆਂ ਕਿਤਾਬਾਂ ਜਾਂ ਖੋਜਾਂ ਨੂੰ ਪੜ੍ਹ ਵਿਚਾਰ ਕੇ ਸਾਇੰਸ ਦੀਆਂ ਬੀ ਐਸ ਸੀ, ਐਮ ਐਸ ਸੀ, ਐਮ ਫਿਲ, ਪੀ ਐਚ ਡੀ, ਡਾਕਟਰ ਆਦਿ ਦੀਆਂ ਡਿਗਰੀਆਂ ਲਈ ਫਿਰਦੇ ਹਨ, ਪਰ ਉਨ੍ਹਾਂ ਵਿਚੋਂ ਕੋਈ ਵਿਰਲਾ ਹੀ ਸਾਇੰਦਾਨ ਬਣਦਾ ਹੈ, ਬਣਦਾ ਉਹੀ ਹੈ, ਜਿਹੜਾ ਆਪਣੀ ਖੋਜ ਆਪ ਕਰਦਾ ਹੈ।

ਕੁਦਰਤ ਵਲੋਂ ਇਹ ਸੰਸਾਰ ਦੋ ਤਰ੍ਹਾਂ ਦਾ ਬਣਾਇਆ ਹੋਇਆ ਹੈ, ਇੱਕ ਉਹ ਸੰਸਾਰ (ਮਾਦਾ, ਮੈਟਰ) ਜੋ ਸਾਨੂੰ ਅੱਖਾਂ ਨਾਲ ਦਿਸਦਾ ਹੈ ਤੇ ਦੂਸਰਾ ਉਹ ਸੰਸਾਰ (ਮਾਦੇ ਵਿਚਲੀ ਚੇਤੰਨਤਾ, ਊਰਜਾ ਜੋ ਉਸਨੂੰ ਗਤੀ ਦਿੰਦੀ ਹੈ, ਆਤਮਾ, ਮਨ ਆਦਿ) ਜੋ ਸਾਨੂੰ ਦਿਸਦਾ ਨਹੀਂ। ਸਾਇੰਸਦਾਨ ਦਿਸਦੇ ਸੰਸਾਰ (ਮੈਟਰ) ਦੀ ਖੋਜ ਕਰਕੇ ਨਿੱਤ ਕੁੱਝ ਨਾ ਕੁੱਝ ਨਵਾਂ ਲੱਭ ਰਹੇ ਹਨ, ਕੁਦਰਤ ਨੇ ਮੈਟਰ ਦੇ ਨਿਯਮਾਂ ਦਾ ਭੇਦ ਕਦੇ ਕਿਸੇ ਨੂੰ ਨਹੀਂ ਦਿੱਤਾ ਸੀ, ਇਹ ਭੇਦ ਉਨ੍ਹਾਂ ਨੂੰ ਹੀ ਲੱਭਾ, ਜਿਨ੍ਹਾਂ ਸਾਇੰਸਦਾਨਾਂ ਨੇ ਸਾਲਾਂ ਬੱਧੀ ਇਨ੍ਹਾਂ ਨੂੰ ਲੱਭਣ ਦੀ ਕੋਸ਼ਿਸ਼ ਕੀਤੀ। ਹੁਣ ਨਵੇਂ ਸਾਇੰਸਦਾਨ ਪੁਰਾਣੀਆਂ ਖੋਜਾਂ ਤੋਂ ਸੇਧ ਲੈ ਕੇ ਅੱਗੇ ਤੋਂ ਅੱਗੇ ਮੈਟਰ ਦੀ ਖੋਜ ਕਰਦੇ ਜਾ ਰਹੇ ਹਨ ਤੇ ਕੁਦਰਤ ਦੇ ਨਵੇਂ ਨਵੇਂ ਗੁਝੇ ਭੇਦ ਲੱਭ ਰਹੇ ਹਨ। ਧਰਮ ਦਾ ਖੇਤਰ ਬਾਹਰੀ ਮੈਟਰ ਨਹੀਂ, ਉਸ ਮੈਟਰ ਵਿੱਚ ਛੁਪੀ ਚੇਤੰਨਤਾ ਨਾਲ ਹੈ, ਉਸ ਮਨ (ਆਤਮਾ, ਦਿਮਾਗ, ਚੇਤੰਨਤਾ ਆਦਿ) ਨਾਲ ਹੈ, ਜੋ ਇਸ ਮੈਟਰ ਰੂਪੀ ਸਰੀਰ ਨੂੰ ਚਲਾਉਂਦਾ ਹੈ, ਇਸ ਲਈ ਧਰਮ ਦਾ ਖੇਤਰ ਉਸ ਮਨ ਦੀ ਖੋਜ ਨਾਲ ਹੈ, ਜਿਸਨੂੰ ਅਸੀਂ ਰੋਜ਼ ਖੋਜਣਾ ਹੈ। ਜਿਸ ਤਰ੍ਹਾਂ ਮੈਟਰ ਦੇ ਕੁੱਝ ਲਾਅ ਹਨ, ਜੋ ਸਭ ਜਗ੍ਹਾ ਇਕੋ ਜਿਹੇ ਲਾਗੂ ਹੁੰਦੇ ਹਨ, ਪਰ ਮਨ ਤੇ ਇਸ ਤਰ੍ਹਾਂ ਸਾਰੇ ਲਾਅ ਇਕੋ ਜਿਹੇ ਲਾਗੂ ਨਹੀਂ ਹੋ ਸਕਦੇ ਕਿਉਂਕਿ ਹਰ ਇੱਕ ਦਾ ਮਨ ਵੱਖਰਾ ਹੈ ਤੇ ਜੀਵਤ ਹੈ (ਜੋ ਸੋਚਣ ਸਮਝਣ ਦੀ ਸਮਰਥਾ ਰੱਖਦਾ ਹੈ, ਮੈਟਰ ਵਿੱਚ ਇਹ ਸਮਰਥਾ ਨਹੀਂ ਹੈ, ਇਸ ਲਈ ਮਨ ਜਾਂ ਚੇਤੰਨਤਾ ਦੀ ਖੋਜ ਦੂਜੇ ਬੰਦੇ ਤੇ ਮੈਟਰ ਵਾਂਗ ਲਾਗੂ ਨਹੀਂ ਹੋ ਸਕਦੀ। ਧਰਮ ਦੇ ਖੇਤਰ ਵਿੱਚ ਹਰ ਇੱਕ ਨੂੰ ਆਪਣੀ ਖੋਜ ਆਪ ਕਰਨੀ ਪੈਂਦੀ ਹੈ। ਤੁਸੀਂ ਦੂਜੇ ਦੀ ਖੋਜ ਤੋਂ ਅੱਗੇ ਵਧਣ ਲਈ ਸੇਧ ਤਾਂ ਲੈ ਸਕਦੇ ਹੋ, ਪਰ ਉਸਨੂੰ ਸਿਰਫ ਪੜ੍ਹ, ਵਿਚਾਰ ਜਾਂ ਪੂਜਾ ਪਾਠ ਨਾਲ ਲਾਭ ਨਹੀਂ ਉਠਾ ਸਕਦੇ। ਅਸਲੀ ਧਰਮ ਅਤੇ ਪੁਜਾਰੀਆਂ ਦੇ ਨਕਲੀ ਧਰਮ ਵਿੱਚ ਇਹੀ ਫਰਕ ਹੈ ਕਿ ਉਹ ਸ਼ਰਧਾਲੂਆਂ ਨੂੰ ਗੁੰਮਰਾਹ ਕਰਦੇ ਹਨ ਕਿ ਤੁਸੀਂ ਮੂਰਤੀ, ਵਿਅਕਤੀ, ਗੁਰੂ, ਪੀਰ, ਰਹਿਬਰ, ਰੱਬ (ਜਿਹੜਾ ਉਨ੍ਹਾਂ ਨੇ ਆਪ ਹੀ ਬਣਾਇਆ ਹੁੰਦਾ ਹੈ), ਦੇਵੀ-ਦੇਵਤੇ, ਗ੍ਰੰਥ, ਕਿਸੇ ਸਥਾਨ ਆਦਿ ਤੇ ਨਿਸ਼ਚਾ ਰੱਖੋ, ਤੁਹਾਨੂੰ ਸਭ ਕੁੱਝ ਮਿਲ ਜਾਵੇਗਾ, ਸੱਚ ਜਾਣ ਲਉ ਇਸ ਤਰ੍ਹਾਂ ਕਦੇ ਕਿਸੇ ਨੂੰ ਕੁੱਝ ਨਹੀਂ ਮਿਲਿਆ ਤੇ ਨਾ ਹੀ ਮਿਲੇਗਾ। ਇਥੋਂ ਤੱਕ ਕਿ ਜਿਹੜੇ ਦੁਨਿਆਵੀ ਲਾਭ ਪੂਜਾ ਪਾਠ ਰਾਹੀਂ ਦੇਣ ਦੇ ਪੁਜਾਰੀ ਦਾਅਵੇ ਕਰਦੇ ਹਨ, ਉਹ ਵੀ ਝੂਠੇ ਹੁੰਦੇ ਹਨ। ਇੱਕ ਸਾਇੰਸਦਾਨ ਦੀ ਖੋਜ ਦਾ ਦੁਨਿਆਵੀ ਲਾਭ ਤੇ ਤੁਹਾਨੂੰ ਜ਼ਰੂਰ ਮਿਲ ਸਕਦਾ ਹੈ, ਪਰ ਮਨ ਦੇ ਖੋਜੀ ਜਾਂ ਸੱਚੇ ਧਰਮੀ ਦੀ ਅੰਦਰਲੀ ਖੋਜ ਦਾ ਤੁਹਾਨੂੰ ਕੋਈ ਲਾਭ ਕਦੇ ਨਹੀਂ ਮਿਲ ਸਕਦਾ। ਹਾਂ ਉਸ ਤੋਂ ਕੋਈ ਸੇਧ ਤਾਂ ਜਰੂਰ ਮਿਲ ਸਕਦੀ ਹੈ ਜਾਂ ਉਸ ਰਸਤੇ ਤੇ ਤੁਰਨ ਲਈ ਕੋਈ ਇਸ਼ਾਰਾ ਮਿਲ ਸਕਦਾ ਹੈ, ਪਰ ਪ੍ਰਾਪਤੀ ਕੋਈ ਨਹੀਂ ਹੋ ਸਕਦੀ, ਜਿਤਨਾ ਮਰਜ਼ੀ ਪੁਜਾਰੀਆਂ ਮਗਰ ਲੱਗ ਕੇ ਪੂਜਾ ਪਾਠ ਕਰੀ ਜਾਉ, ਪੁਜਾਰੀਆਂ ਵਲੋਂ ਬਣਾਈ ਮਰਿਯਾਦਾ ਨੂੰ ਪੂਰੀ ਸ਼ਰਧਾ ਨਾਲ ਨਿਭਾਈ ਜਾਉ, ਪੁਜਾਰੀਆਂ ਵਲੋਂ ਦੱਸੇ ਧਰਮ ਦੇ ਕਰਮ ਕਰੀ ਜਾਉ, ਪਹਿਰਾਵੇ ਪਾਈ ਜਾਉ, ਧਰਮ ਦੇ ਚਿੰਨ੍ਹ ਧਾਰਨ ਕਰੀ ਜਾਉ, ਇਸ ਵਿਚੋਂ ਕੁੱਝ ਨਹੀਂ ਮਿਲੇਗਾ। ਸਿਵਾਏ ਇਸਦੇ ਕਿ ਤੁਸੀਂ ਦਿਖਾਵੇ ਲਈ ਬਾਹਰੋਂ ਧਰਮੀ ਬਣ ਜਾਵੋਗੇ, ਅੰਦਰ ਖਾਲੀ ਦਾ ਖਾਲੀ ਰਹੇਗਾ, ਕਿਉਂਕਿ ਧਰਮ, ਸਰੀਰ (ਮੈਟਰ) ਦਾ ਵਿਸ਼ਾ ਹੀ ਨਹੀਂ ਹੈ, ਸਰੀਰ (ਮਾਦਾ) ਸਾਇੰਸ ਦਾ ਵਿਸ਼ਾ ਹੈ।

ਪਰ ਤੁਸੀਂ ਪੁਜਾਰੀ ਦੇ ਪੂਜਾ-ਪਾਠਾਂ, ਰੀਤਾਂ ਰਸਮਾਂ, ਧਾਰਮਿਕ ਚਿੰਨ੍ਹਾਂ, ਧਾਰਮਿਕ ਪਹਿਰਾਵਿਆਂ ਨੂੰ ਧਿਆਨ ਨਾਲ ਵਿਚਾਰੋ ਤਾਂ ਪਤਾ ਚਲਦਾ ਹੈ ਕਿ ਇਨ੍ਹਾਂ ਸਭ ਦਾ ਸਬੰਧ ਸਰੀਰ ਨਾਲ ਹੈ। ਮਨ ਨਾਲ ਇਨ੍ਹਾਂ ਬਾਹਰੀ ਕਰਮਕਾਂਡਾਂ ਦਾ ਸਬੰਧ ਕੋਈ ਨਹੀਂ। ਜਦਕਿ ਧਰਮ ਸੰਬੋਧਨ ਹੀ ਮਨ (ਆਤਮਾ, ਦਿਮਾਗ, ਚੇਤੰਨਤਾ ਆਦਿ) ਨੂੰ ਹੁੰਦਾ ਹੈ, ਸਰੀਰ ਕਿਹੋ ਜਿਹਾ ਹੈ ਜਾਂ ਕਿਸ ਤਰ੍ਹਾਂ ਦਾ ਦਿਸਦਾ ਹੈ, ਧਰਮ ਦਾ ਇਸ ਨਾਲ ਕੋਈ ਸਬੰਧ ਨਹੀਂ। ਇਸੇ ਲਈ ਪੁਜਾਰੀਆਂ ਦੇ ਨਕਲੀ ਧਰਮਾਂ ਵਿੱਚ ਫਸੇ ਲੋਕ ਸਾਰੀ ਉਮਰ ਪੂਜਾ ਪਾਠ ਰੂਪੀ ਪਾਣੀ ਹੀ ਰਿੜਕਦੇ ਹਨ, ਜਿਸ ਵਿਚੋਂ ਧਰਮ ਰੂਪੀ ਮੱਖਣ ਕਦੇ ਨਹੀਂ ਨਿਕਲਦਾ ਤੇ ਪੁਜਾਰੀਆਂ ਹੱਥੋਂ ਸਰੀਰਕ, ਮਾਨਸਿਕ, ਆਰਥਿਕ ਸੋਸ਼ਣ ਕਰਵਾਉਂਦੇ ਜੁਆਰੀਆਂ ਵਾਂਗ ਜੀਵਨ ਦੀ ਬਾਜੀ ਹਾਰ ਕੇ ਸੰਸਾਰ ਤੋਂ ਤੁਰਦੇ ਬਣਦੇ ਹਨ। ਅਖੀਰ ਦੇ ਵਿੱਚ ਇਸ ਚਰਚਾ ਤੋਂ ਇਹੀ ਸਿੱਟਾ ਕੱਢ ਸਕਦੇ ਹਾਂ ਕਿ ਧਰਮ ਦੇ ਮਾਰਗ ਤੇ ਤੁਰਨ ਦਾ ਪਹਿਲਾ ਕਦਮ ਪੁਜਾਰੀਆਂ ਵਲੋਂ ਬਣਾਈਆਂ ਬਾਹਰੀ ਰੀਤਾਂ-ਰਸਮਾਂ, ਕਰਮਕਾਂਡਾਂ, ਪੂਜਾ-ਪਾਠਾਂ, ਮਰਿਯਾਦਾਵਾਂ, ਬਾਹਰੀ ਪਹਿਰਾਵਿਆਂ, ਧਾਰਮਿਕ ਚਿੰਨ੍ਹਾਂ ਆਦਿ ਨੂੰ ਤਿਆਗਣਾ ਹੈ। ਸਰੀਰ ਵਿੱਚ ਸਾਰੀ ਖੇਡ ਮਨ (ਦਿਮਾਗ) ਖੇਡ ਰਿਹਾ ਹੈ, ਪਰ ਜਦੋਂ ਤੁਸੀਂ ਪੁਜਾਰੀ ਦੇ ਪੂਜਾ ਪਾਠ, ਪਹਿਰਾਵੇ ਤੇ ਚਿੰਨ੍ਹ ਦੇਖੋਗੇ ਤਾਂ ਇਨ੍ਹਾਂ ਦਾ ਸਬੰਧ ਸਿਰਫ ਸਰੀਰ ਨਾਲ ਮਿਲੇਗਾ। ਇਸ ਲਈ ਜਦ ਤੱਕ ਅਸੀਂ ਬਾਹਰਲੇ ਧਰਮ ਕਰਮਾਂ ਨੂੰ ਛੱਡ ਕੇ ਆਪਣੇ ਅੰਦਰਲੇ ਨੂੰ ਸੰਬੋਧਨ ਨਹੀਂ ਹੁੰਦੇ, ਉਤਨਾ ਚਿਰ ਕੁੱਝ ਨਹੀਂ ਵਾਪਰੇਗਾ। ਧਰਮ ਜਿਨ੍ਹਾਂ ਵਿਕਾਰਾਂ ਦੀ ਵਾਰ-ਵਾਰ ਗੱਲ ਕਰਦਾ ਹੈ, ਉਹ ਅੰਦਰ ਹਨ, ਬਾਹਰੋਂ ਨਿਭਾਈਆਂ ਜਾਂਦੀਆਂ ਰੀਤਾਂ-ਰਸਮਾਂ ਨਾਲ ਜਾਂ ਦਿਖਾਵੇ ਦੇ ਧਾਰਮਿਕ ਕਰਮਕਾਂਡਾਂ ਨਾਲ ਉਨ੍ਹਾਂ ਨੂੰ ਸੰਬੋਧਨ ਨਹੀਂ ਹੋਇਆ ਜਾ ਸਕਦਾ। ਇਸ ਲਈ ਪੁਜਾਰੀ ਸਾਨੂੰ ਜੋ ਵੀ ਦੱਸਦੇ ਹਨ, ਜੋ ਵੀ ਰਸਤਾ ਦਿਖਾਉਂਦੇ ਹਨ, ਉਸਨੂੰ ਛੱਡਣਾ ਹੀ ਅਸਲੀ ਧਰਮ ਹੈ। ਫਿਰ ਉਸ ਤੋਂ ਅੱਗੇ ਧਰਮ ਰਸਤੇ ਤੇ ਤੁਰਨ ਬਾਰੇ ਆਉ ਧਰਮ ਗੁਰੂਆਂ ਦੀ ਵਿਚਾਰਧਾਰਾ ਵਿੱਚ ਦਿੱਤੇ ਇਸ਼ਾਰਿਆਂ ਨੂੰ ਸਮਝੀਏ ਤੇ ਆਪਣਾ ਰਸਤਾ ਆਪ ਚੁਣੀਏ ਤੇ ਪੁਜਾਰੀਆਂ ਦੀ ਮਰਿਯਾਦਾ ਦੇ ਬੰਧਨਾਂ ਤੋਂ ਆਜ਼ਾਦ ਹੋ ਕੇ ਫਿਰਕਿਆਂ ਦੀ ਸੋਚ ਵਿਚੋਂ ਨਿਕਲੀਏ ਤੇ ਸਾਰੀ ਕਾਇਨਾਤ ਵਿੱਚ ਵਸਦੀ ਉਸ ਰੱਬੀ ਜੋਤ ਨੂੰ ਪਛਾਣੀਏ। (ਚਲਦਾ)

# ਵੱਧਦੇ ਆਰਥਿਕ ਪਾੜੇ ਦੇ ਵਿਚਕਾਰ 'ਜੀ ਰਾਮ ਜੀ'



ਗੁਰਮੀਤ ਸਿੰਘ ਪਲਾਹੀ
9815802070

ਦੇਸ ਭਾਰਤ ਦੀ ਕੁੱਲ ਜਾਇਦਾਦ ਦਾ 40 ਫੀਸਦੀ ਹਿੱਸਾ ਦੇਸ ਦੇ ਸਿਰਫ ਇੱਕ ਫੀਸਦੀ ਲੋਕਾਂ ਦੇ ਹੱਥ ਹੈ, ਜਦਕਿ 65 ਫੀਸਦੀ ਜਾਇਦਾਦ 10 ਫੀਸਦੀ ਲੋਕਾਂ ਦੇ ਕੋਲ ਹੈ। ਦੇਸ ਵਿੱਚ ਆਮਦਨੀ ਦੇ ਪੱਧਰ 'ਤੇ ਹਾਲਾਤ ਵੀ ਚਿੰਤਾਜਨਕ ਹਨ। ਕੁੱਲ ਰਾਸਟਰੀ ਆਮਦਨ ਦੀ 58 ਫੀਸਦੀ ਹਿੱਸੇਦਾਰੀ 8 ਫੀਸਦੀ ਲੋਕਾਂ ਕੋਲ ਹੈ, ਜਦਕਿ 50 ਫੀਸਦੀ ਦੀ ਹਿੱਸੇਦਾਰੀ ਦੇ ਮਾਲਕ 15 ਫੀਸਦੀ ਲੋਕ ਹਨ। ਇਹ ਅੰਕੜੇ ਵਿਸਵ ਅਸਮਾਨਤਾ ਰਿਪੋਰਟ 2025 ਦੇ ਹਨ।

ਹੈਰਾਨੀ ਵਾਲੀ ਗੱਲ ਬਿਲਕੁਲ ਵੀ ਨਹੀਂ ਹੈ ਕਿ ਦੇਸ ਵਿੱਚ ਅਰਬਪਤੀਆਂਖਰਬਪਤੀਆਂ ਦੀ ਗਿਣਤੀ ਨਿਰੰਤਰ ਵਧ ਰਹੀ ਹੈ ਅਤੇ ਆਮ ਲੋਕ ਸੁਵਿਧਾਵਾਂ ਤੋਂ ਊਣੇ ਨਿੱਤ ਸਾਧਨ ਵਿਹੂਣੇ ਹੋ ਰਹੇ ਹਨ। ਆਮ ਲੋਕਾਂ ਦੀਆਂ ਲੋਕ-ਹਿਤੈਸੀ ਯੋਜਨਾਵਾਂ ਨੂੰ ਮੌਜੂਦਾ ਸਰਕਾਰ ਕਿਸੇ ਨਾ ਕਿਸੇ ਬਹਾਨੇ ਖੋਹ ਰਹੀ ਹੈ ਤੇ ਉਹਨਾਂ ਦੇ ਮੁਢਲੇ ਅਧਿਕਾਰਾਂ ਨੂੰ ਸੱਟ ਮਾਰਨ ਤੋਂ ਰਤਾ ਵੀ ਗੁਰੇਜ ਨਹੀਂ ਕਰ ਰਹੀ। ਲੋਕਾਂ ਨੂੰ ਪਰੇਸਾਨ ਕਰਨ ਲਈ ਕਦੇ ਨਾਗਰਿਕਤਾ ਬਿੱਲ, ਕਦੇ ਸਨਾਖਤੀ ਮੁਹਿੰਮ, ਕਦੇ ਕੋਈ ਨਾ ਕੋਈ ਇਹੋ ਜਿਹੀ ਹੋਰ ਕਾਰਵਾਈ ਹੁੰਦੀ ਹੀ ਰਹਿੰਦੀ ਹੈ, ਜਿਸ ਨਾਲ ਆਮ ਆਦਮੀ ਦੇ ਪਰ ਕੱਟੇ ਜਾ ਰਹੇ ਹਨ, ਤਾਂ ਕਿ ਉਹ ਸਿਰਫ ਸਿਆਸੀ ਲੋਕਾਂ ਦਾ ਦੁਮਛੱਲਾ ਬਣ ਕੇ ਰਹੇ। ਚੰਗਾ ਨਾਗਰਿਕ ਨਹੀਂ, ਸਗੋਂ ਵੋਟਰ ਬਣਾ ਦਿੱਤਾ ਜਾਵੇ, ਤਾਂ ਜੋ ਹਾਕਮ ਉਹਨਾਂ 'ਤੇ ਬਿਨਾਂ ਰੋਕ-ਟੋਕ ਰਾਜ ਕਰਦੇ ਰਹਿਣ।

ਪਿਛਲੇ ਦਿਨੀਂ ਮੌਜੂਦਾ ਸਰਕਾਰ ਨੇ ਮਗਨਰੇਗਾਮਹਾਤਮਾ ਗਾਂਧੀ ਰਾਸਟਰੀ ਪੇਂਡੂ ਰੋਜਗਾਰ ਗਰੰਟੀ ਯੋਜਨਾਜੋ ਇਕ ਸਮਾਜਿਕਆਰਥਿਕ ਯੋਜਨਾ ਸੀ, ਜਿਸ ਦਾ ਮੂਲ ਹਰੇਕ ਪੇਂਡੂ ਪਰਿਵਾਰ ਵਿੱਚ ਇੱਕ ਵਿਅਕਤੀ ਨੂੰ ਇੱਕ ਸਾਲ ਵਿੱਚ ਸੌ ਦਿਨ ਦਾ ਰੋਜਗਾਰ ਗਰੰਟੀ ਦੇਣਾ ਸੀਦੀ ਹੱਤਿਆ ਕਰ ਦਿੱਤੀ ਅਤੇ ਇੱਕ ਨਵਾਂ ਬਿੱਲ ਲੋਕ ਸਭਾ, ਰਾਜ ਸਭਾ ਵਿੱਚ ਪਾਸ ਕਰਵਾ ਲਿਆ। ਇਸ ਨਵੇਂ ਬਿੱਲ ਅਤੇ ਯੋਜਨਾ ਨੇ ਮਗਨਰੇਗਾ ਦੀਆਂ ਸਾਰੀਆਂ ਵਿਸੇਸਤਾਵਾਂ ਖਤਮ ਕਰ ਦਿੱਤੀਆਂ।

ਇਹ ਯੋਜਨਾ ਹੁਣ ਸੂਬਿਆਂ ਨਾਲ ਸਾਂਝੀ ਯੋਜਨਾ ਹੋਵੇਗੀ ਅਤੇ ਇਸ 'ਤੇ ਹੋਣ ਵਾਲੀ ਲਾਗਤ ਕੇਂਦਰ ਅਤੇ ਸੂਬਾ ਸਰਕਾਰ ਵਿੱਚ 60 : 40 ਦੇ ਨਾਲ ਸਾਂਝੀ ਹੋਵੇਗੀ, ਜਦਕਿ ਮਗਨਰੇਗਾ ਵਿੱਚ ਇਹ ਅਨੁਪਾਤ 90 :10 ਦਾ ਸੀ। ਇਸ ਐਕਟ ਅਧੀਨ ਰਾਜਾਂ ਨੂੰ ਕਿਹਾ ਗਿਆ ਹੈ ਕਿ ਇਸ ਯੋਜਨਾ ਵਿੱਚ ਸਾਰਿਆਂ ਨੂੰ 125 ਦਿਨਾਂ ਦੇ ਰੁਜਗਾਰ ਦੀ ਗਰੰਟੀ ਦੇਵੇ।

ਇਸ ਐਕਟ ਦੀ ਧਾਰਾ 8 ਦੇ ਤਹਿਤ ਸਾਰੇ ਸੂਬਿਆਂ ਵੱਲੋਂ ਅਧਿਸੂਚਿਤ ਯੋਜਨਾ ਦਾ ਨਾਮ "ਵਿਕਸਿਤ ਭਾਰਤ ਗਰੰਟੀ ਫਾਰ ਰੋਜਗਾਰ ਐਂਡ ਅਜੀਵਿਕਾ ਮਿਸਨ (ਗ੍ਰਾਮੀਣ) ਵੀ ਸੀ ਜੀ ਰਾਮ ਜੀ ਯੋਜਨਾ" ਰੱਖਿਆ ਗਿਆ ਹੈ। ਇਹ ਨਾਮ ਹੀ ਆਪਣੇ ਆਪ ਵਿੱਚ ਭਾਰਾ ਹੈ, ਬੋਲਣ ਲਈ ਵੀ ਔਖਾ ਹੈ ਤੇ ਗੈਰ-ਹਿੰਦੀ ਭਾਸਾਈ ਨਾਗਰਿਕਾਂ ਲਈ ਇਸ ਦਾ ਕੋਈ ਅਰਥ ਹੀ ਨਹੀਂ ਹੈ।





ਮਗਨਰੇਗਾ ਯੋਜਨਾ, ਜੋ ਮਹਾਤਮਾ ਗਾਂਧੀ ਦੇ ਨਾਮ 'ਤੇ ਸੀ, ਉਸ 'ਤੇ ਕੈਂਚੀ ਚਲਾ ਦਿੱਤੀ ਗਈ ਹੈ ਅਤੇ ਇੱਕ ਧਾਰਮਿਕ ਨਾਮ ਨੂੰ ਪਹਿਲ ਦਿੰਦਿਆਂ ਇਸ ਨੂੰ ਸੰਖੇਪ ਤੌਰ 'ਤੇ ਜੀ ਰਾਮ ਜੀ ਦਾ ਨਾਮਕਰਨ ਕਰ ਦਿੱਤਾ ਗਿਆ ਹੈ। ਇਹ ਸਪਸਟ ਹੀ ਇਸ ਦਾ ਅਰਥ ਧਰਮ ਸਬਦ ਨਾਲ ਜੁੜਿਆ ਹੋਇਆ ਹੈ ਅਤੇ ਮਜਬੂਰਨ ਉਹ ਸਬਦ ਉਸ ਨਾਗਰਿਕ ਦੇ ਮੂੰਹ ਵਿੱਚ ਪਾਉਣ ਦਾ ਯਤਨ ਹੈ, ਜੋ ਧਾਰਮਿਕ ਨਹੀਂ ਹੈ, ਜੋ ਕਿਸੇ ਹੋਰ ਧਰਮ ਨੂੰ ਮੰਨਦਾ ਹੈ। ਕੀ ਇਹ ਸਰਕਾਰ ਦਾ ਧਾਰਮਿਕ ਕੱਟੜਪੁਣਾ ਨਹੀਂ ਹੈ?

ਮਗਨਰੇਗਾ ਰਾਹੀਂ ਕੇਂਦਰ ਸਰਕਾਰ 100 ਦਿਨ ਰੁਜਗਾਰ ਗਰੰਟੀ ਦਿੰਦੀ ਸੀ। ਇਹ ਯੋਜਨਾ ਪੂਰੇ ਸਾਲ ਲਈ ਮੰਗ-ਅਧਾਰਿਤ ਯੋਜਨਾ ਸੀ। ਇਹ ਕੇਂਦਰ ਦੀ ਯੋਜਨਾ ਸੀ। ਸੂਬਾ ਸਰਕਾਰ ਦਾ ਹਿੱਸਾ ਕੇਵਲ ਸਮੱਗਰੀ ਲਾਗਤ ਦਾ 25 ਫੀਸਦੀ ਸੀ। ਜੇਕਰ ਕਿਸੇ ਨਾਗਰਿਕ ਨੂੰ ਰੁਜਗਾਰ ਨਾ ਦਿੱਤਾ ਜਾਂਦਾ ਸੀ ਤਾਂ ਉਹ ਬੇਰੁਜਗਾਰੀ ਭੱਤੇ ਦਾ ਹੱਕਦਾਰ ਬਣਦਾ ਸੀ। ਇਸ ਯੋਜਨਾ ਨੇ ਔਰਤ ਮਜਦੂਰਾਂ ਨੂੰ ਵੱਡੀ ਪੱਧਰ

(ਬਾਕੀ ਸਫ਼ਾ 37 'ਤੇ)

# Community Groups Came Together in Brampton to Discuss Immigration Issues






















Brampton : A general meeting on immigration was held on December 21 in Brampton and saw strong participation from the local community. The meeting was jointly organized by the PGWP Committee, ISSA, and OINP applicants, with support from several community and migrant organizations.

Around 300 people attended, including members of community groups, unions, migrant-led organizations, and senior members of the community. Organizations and groups that participated in the meeting included Pro-People Arts Project Medium Group O/A Sarokaran Di Awaz Magazine's chief Editor Harbans Singh, Jagmoan singh dudike , charanjit Brar Radio Host Toronto, DTMF (Association of the Rights of Household and Farm Workers), Workers Alliance, Encampment Support Network (Migrant Support Network), members of CUPE, OTD, Migrante, OINP candidates, ISSA, PGWP, NSN, and members of local seniors' clubs.

The goal of the meeting was to bring different groups together on one platform to talk openly about the challenges immigrants are currently facing and to discuss how to move forward collectively.

During the program, speakers from the organizing committees and partner groups shared their experiences, reflections, and concerns about the current immigration situation. Many emphasized the stress, uncertainty, and systemic barriers faced by applicants, as well as the urgent need for organized and united action.

Nahal, speaking on behalf of the OINP applicants' group, raised serious concerns about the "bulk return" of applications. She explained that many applicants were rejected not due to missing documents or mistakes, but because their files were never reviewed. She called for transparency, individual explanations for returned files, and fair treatment for every applicant.

Milandeep Singh and Abhishek, also representing OINP applicants, spoke about the financial, emotional, and professional impacts of long processing delays and sudden policy decisions. They highlighted how families are being placed under extreme stress and called for accountability from decision-makers.

From the PGWP Committee, Bikram Kullewalia and Mehakdeep Singh discussed the broader systemic nature of the immigration crisis impacting workers, students, and applicants across different programs. They stressed the importance of building strong coalitions and collective power to push for meaningful reforms. Mehakdeep also appealed to all partner organizations to come together, collaborate more closely, and work toward coordinated solutions and future organizing efforts.

Representing DTMF, Gabriel spoke about the disconnect between Canada's welcoming narrative and the harsh realities faced by migrant, household, and farm workers. He highlighted widespread exploitation and called on the community to organize, speak out, and support workers who are often left without protection or representation. Among other speakers were Jaspreet Singh from ISSA, members of Migrante Ontario, Garima and comrades from OTD, and Katherine from CUPE. All of them shared strong messages of solidarity and reaffirmed the importance of organising.

Members of seniors' clubs also addressed the gathering. Gurmeet Singh shared a sobering perspective on the current crisis, urging the community to look past sensational narratives and reject racism and harmful generalizations fueled by a few "bad eggs." He emphasized the need for empathy, unity, and mutual respect during this difficult time.

An open discussion followed the speakers' remarks, during which participants shared their ideas, observations, and proposals. Many practical suggestions were raised, contributing to a clearer shared direction for future actions.

By the end of the meeting, there was a strong collective agreement to continue working together by forming a common alliance on immigration issues. One of the key next steps discussed was organizing a march to Premier Doug Ford, along with the submission of a demand letter. While the final date and details are still being developed, participants expressed determination to move forward together.

Organizers said the meeting marked an important step toward coordinated, collective action and expressed hope that broader mobilization and future initiatives will continue to strengthen this growing alliance.

**Bikram Kullewal**
**16476125161**

## 2025 was Canada's year of Mark Carney

# What have we learned about his economic policy agenda?

**Marc Lee**

A year ago, Mark Carney was just a glimmer in the eye of a Liberal party that was inevitably headed for a horrendous defeat at the hands of Pierre Poilievre's Conservative machine. We know how the election went: Carney played the Trump card and won, albeit only a minority government. As of now, however, a majority is but one seat away after a couple Conservatives crossed the floor.

Personally, I've enjoyed Mark Carney's speeches and interviews this year. He's an excellent communicator who represents Canada to the world with a steady grace and calm. In contrast to the bombast of President Trump, Carney's demeanor is forged out of a central banker's desire to cultivate confidence among domestic and foreign investors, and the financial markets. He's clearly a smart man with an impressive resume and global network of contacts. In the current moment, we could do a lot worse.

Like many, I tried to give Carney the benefit of the doubt, and I enjoyed the term "elbows up" as an election rallying cry for the nation. Yet, in practice, the Carney government is implementing a fairly conservative agenda of deregulation, public sector downsizing, tax cuts, boosting defence and championing resource megaprojects. Carney's resurrected Liberals have set out an economic agenda with a big push on fossil fuels and mining, while rolling back nearly a decade of modest progress on climate action along the way.

**What happened to "elbows up"?**

Under Carney's stewardship, the Liberals promised a new trade accord with Trump shortly after the election, but a couple deadlines came and passed without a deal. In hindsight, the deal we got was to sacrifice the implementation of the Digital Sales Tax in exchange for Trump confirming that Canadian exports that qualify under the Canada U.S. Mexico Agreement (CUSMA) would maintain duty free status. In October, Trump pulled the plug on the negotiations, ostensibly due to Ontario Premier Doug Ford's viral ad featuring Ronald Reagan expounding the alleged virtues of free trade.

The CUSMA is up for review in 2026 and all three countries have begun various internal consultations. The United States will likely seek major concessions from Canada, and it's hard to know what the federal government would be prepared to give up in order to achieve a deal with the United States that could be broken at any moment. However much corporate Canada wants to turn the page back to 2024, no deal is better than a bad deal.

In lieu of "elbows up," the federal government has switched its emphasis towards deregulation and accelerated resource megaprojects. The first salvos of this came about when PM Carney invoked the misleading rhetoric of "one Canadian economy, not thirteen" to make big claims about so-called inter-provincial trade barriers. We've heard this story before: from time to time, Canadian politicians will raise allegedly massive barriers to internal trade as an issue, so that they can paint themselves as the ones slaying the dragon.

In fact, the vast majority of goods, services, investments and people move seamlessly across provincial borders; only a few areas like alcohol and some food processing have bona fide restrictions. Stuart Trew and I have probed this issue and we find the potential gains from removal of the few remaining barriers to be vastly overstated. The notion that removing barriers would lead to more than $200 billion in economic benefits is, quite simply, preposterous. In practice, "removing barriers" typically means reducing capacity to pursue legitimate public interest objectives, such as environmental regulation, consumer protection and workplace health and safety.


The One Canadian Economy Act, passed at the end of June, merely removes most federal exceptions to the Canadian Free Trade Agreement, the 2017 deal that reaffirmed that Canada is already one economy (this is also in the Constitution). At the federal level, there were no restrictions that undermined interprovincial trade in any event. But eliminating federal exceptions could prove to be problematic in the future in areas such as coastal fisheries management (see our full analysis here).

The Act then shifts to the real issue at hand: fast-tracking federal approvals of fossil fuel megaprojects, now elevated to "major projects" in the "national interest." Using the trade threat from the U.S. as cover, the federal government conferred upon itself sweeping new executive powers to exempt environmentally destructive projects from public processes and regulatory oversight through its new Major Projects Office.

**Resource megaprojects**

The first tranche of major projects, announced in September, focused mostly on old-school resource projects rather than bold infrastructure investments, like an east-west clean electricity grid, that would tie the country closer together. A second round of major projects announced in November reinforced this pattern. As of December 2025, the major projects list includes:

- Two liquefied natural gas (LNG) projects in BC
- Five mining projects across the country
- A major new transmission line in northern BC (to support LNG and mining)
- Nuclear power in Ontario
- Hydro power in Nunavut
- Port expansion in Montreal



The big action is in BC and focuses primarily on a foundation of LNG and mining supported by new electric power from BC Hydro. At this point, federal and BC priorities diverge. This was made clear with the announcement of plans for a new bitumen pipeline as part of the Canada-Alberta Memorandum of Understanding (MOU), announced in late November.

The BC government and most First Nations have opposed the construction of a new bitumen pipeline from Alberta to the North Coast of BC. Such a pipeline through BC (Enbridge's Northern Gateway) was strongly opposed in the early 2010s, and was taken off the table by the Trudeau government in order to pursue the Trans Mountain Pipeline Expansion. The resulting nationalization of the expansion went notoriously over-budget at $34 billion.

The MOU links federal support of the bitumen pipeline to commitments to the Pathways carbon capture project—a pipe dream of the oil and gas industry (see detailed analysis here). As such, it's not obvious that these two megaprojects will happen at all. There is no private sector proponent for the pipeline, but it's possible that the Alberta government steps in to build the pipeline itself. It is also not clear how much public support the federal and Alberta governments are willing to provide to make this all happen.

The economics of such projects is sketchy at best in light of the ongoing renewable energy transition happening worldwide. What global demand looks like a decade from now is highly uncertain but many observers feel that oil demand will be in decline around the mid-2030s. Pipeline projects could also move in the other direction: a revival of the Energy East pipeline from Alberta to Ontario or Quebec, and/or the upgraded Keystone XL pipeline to the United States.

In the short term, the real effect of the MOU is to gut federal climate and energy regulations developed over the past few years. Should a pipeline be built to BC, the feds would end a tanker ban on the North Coast. The newly developed federal Clean Electricity Regulations will be dropped for Alberta—and presumably other provinces too, given the precedent. Alberta gets a five-year delay in implementing federal regulations on the greenhouse gas methane. And corporate advertising from the oil and gas industry will no longer need to be limited to making factual claims due to the scrapping of federal anti-greenwashing legislation.

**Federal budget**

The gap between the rhetoric and reality of theMark Carney government was also evident in the federal budget, tabled in early November. Well before the actual budget, Carney had already rolled back the modest tax increase planned for capital gains (which would only have affected a handful of wealthy households) as well as scrapped the federal consumer carbon pricing framework (which was the central plank in the government's climate action plan).

Heading into the November budget, the big talk was about "generational investments" in housing and infrastructure, but on closer inspection there was fairly little new money for such investments. Carney's government has been pushing Build Canada Homes, a promising initiative, but its budget allocation is fairly small. BCH is, at best, a pilot program that will start on only 4,000 new homes some time in 2026. Meanwhile, the Parliamentary Budget Officer revealed that "federal planned spending on housing programs is set to decline 56 per cent, from $9.8 billion in 2025-26 to $4.3 billion in 2028-29. This decline is driven by the expiry of funding for existing programs and cuts set out in Budget 2025, offset in part by the launch of Build Canada Homes."

While defence receivedgets a big boost from the budget, and federal transfers to the provinces and individuals have been maintained, other federal departmental spending will face austerity in the short term. A number of other neoliberal reforms were repackaged as inducements to investment to "boost productivity and competitiveness."

The federal budget's cuts include a target of 40,000 fewer federal civil service jobs by year three of the fiscal plan. Exactly how department-level cuts will be implemented was not clearly stated, but as a CCPA analysis notes, these cuts will likely entail the winding down over the next few years of existing programs that would otherwise be renewed. Both the nature of programs cut and reduction in the number of civil servants that back them will have a disproportionate impact on women, racialized groups and Indigenous people.

This human sacrifice appears to have appeased Bay Street, perhaps not surprising given the prime minister's central banking CV. A lot of eyes were on the bottom line of the federal deficit but ultimately a higher nominal deficit that merely maintains the federal debt relative to GDP was not something that financial markets seemed to care a whole lot about.

The federal government still has substantial fiscal capacity to make big generational investments that might inspire and unite the country. Instead, the budget reinforced the same strategy discussed above, emphasizing oil and gas and mining and resource projects, while shedding green industrial strategies associated with an energy transition off of fossil fuels.

**What's next in 2026?**

All things considered, Canada has weathered the Trump trade storm reasonably well, with acute tariff challenges in forestry, steel and automobiles met by modest federal support for affected companies and workers. But stresses are accumulating and 2026 is likely to include new attacks on Canadian manufacturing sectors from the Trump administration. How the federal government addresses the ongoing negative impact in key manufacturing sectors will be a key determinant of its success in 2026.


This means living up to the rhetoric of "elbows up." Canada is going to need to bolster its sectoral and industrial strategies and pivot to policies aimed at domestic strength and sovereignty. But it also means investing in and strengthening the care economy and other public services and infrastructure that bind Canadians together and improve ordinary people's standard of living. The end of the era of free trade with the U.S. is not necessarily a negative, but the moment must be met with a much more deliberate and strategic approach on the part of Carney and the federal government.

**Canadian Centre for Policy Alternatives**

# ਘੜੇ ਜਾ ਰਹੇ ਝੂਠੇ ਇਤਿਹਾਸ ਤੋਂ ਖ਼ਬਰਦਾਰ ਕਰਦੀ ਪੁਸਤਕ

- ਵਰਿੰਦਰ ਦੀਵਾਨਾ

'ਘੜੇ ਜਾ ਰਹੇ ਝੂਠੇ ਇਤਿਹਾਸ ਤੋਂ ਖ਼ਬਰਦਾਰ ਕਰਦੀ ਪੁਸਤਕ' ਚੋਟੀ ਦੀ ਇਤਿਹਾਸਕਾਰ ਰੋਮਿਲਾ ਥਾਪਰ ਦੀ ਪੁਸਤਕ 'Our History, Their History, Whose History' ਦਾ ਅਨੁਵਾਦ Balbir Chand (ਬਲਬੀਰ ਲੌਂਗੋਵਾਲ) ਹੁਰਾਂ ਨੇ 'ਸਾਡਾ ਇਤਿਹਾਸ, ਉਹਨਾਂ ਦਾ ਇਤਿਹਾਸ, ਕਿੰਨ੍ਹਾਂ ਦਾ ਇਤਿਹਾਸ' ਸਿਰਲੇਖ ਹੇਠ ਪੰਜਾਬੀ ਵਿੱਚ ਬਾਖ਼ੂਬੀ ਕੀਤਾ ਹੈ। ਇਹ ਕੋਈ ਇਤਿਹਾਸ ਦੀ ਪੁਸਤਕ ਨਹੀਂ। ਖੋਜੀ, ਪੇਸ਼ਾਵਰ ਇਤਿਹਾਸਕਾਰਾਂ ਅਤੇ ਇਤਿਹਾਸ ਦੀ ਪੱਟੀ ਮੇਸ ਕਰ ਰਹੇ ਅਖ਼ੌਤੀ ਇਤਿਹਾਸਕਾਰਾਂ ਵਿੱਚ ਚੱਲ ਰਹੇ ਸ਼ੀਤ ਯੁੱਧ ਦਾ ਵਿਖਿਆਨ ਹੈ। ਕਿਵੇਂ ਤੰਗ ਨਜ਼ਰੀ ਭਰੇ ਰਾਸ਼ਟਰਵਾਦ ਦੀ ਉਸਾਰੀ ਲਈ ਲੱਗੇ ਲੋਕ ਇਤਿਹਾਸ ਦੇ ਖ਼ਾਸ ਭਾਗ ਨੂੰ ਲੁਕਾ ਰਹੇ ਹਨ, ਖ਼ਾਸ ਭਾਗ ਨੂੰ ਪੇਸ਼ ਕਰ ਰਹੇ ਹਨ। ਇਹ ਸਾਰਾ ਸਰਕਾਰੀ ਅਦਾਰਿਆਂ ਵਿੱਚ, NCERT ਵਿੱਚ ਭਾਰਤੀ ਇਤਿਹਾਸ ਨੂੰ 'ਤਰਕਸੰਗਤ' ਅਤੇ ਵਿਦਿਆਰਥੀਆਂ 'ਤੇ 'ਵਿਦਿਅਕ ਬੋਝ' ਨੂੰ ਘੱਟ ਕਰਨ ਦੇ ਬਹਾਨੇ ਕੀਤਾ ਜਾ ਰਿਹਾ ਹੈ। ਰੋਮਿਲਾ ਥਾਪਰ, ਅਰਜਨ ਦੇਵ, ਆਰ.ਐੱਸ. ਸ਼ਰਮਾ, ਸਤੀਸ਼ ਚੰਦਰ, ਬਿਪਨ ਚੰਦਰ ਵਰਗੇ ਇਤਿਹਾਸਕਾਰਾਂ ਉੱਪਰ ਭਾਜਪਾ ਸਰਕਾਰ ਮਾਰਕਸਵਾਦੀ, ਖੱਬੇ ਪੱਖੀ, ਅਕਾਦਮਿਕ ਬੌਧਿਕ ਅੱਤਵਾਦੀ ਅਤੇ ਤੋੜਿਆ-ਮਰੋੜਿਆ ਇਤਿਹਾਸ ਲਿਖਣ ਦਾ ਦੋਸ਼ ਲਾ ਰਹੀ ਹੈ। ਸੰਘ ਵੱਲੋਂ ਇਹਨਾਂ ਨੂੰ ਦਹਾਕਿਆਂ ਤੋਂ ਗਾਲ੍ਹਾਂ ਕੱਢੀਆਂ ਜਾ ਰਹੀਆਂ ਹਨ। ਰੋਮਿਲਾ ਥਾਪਰ ਭਾਰਤ ਵਿੱਚ ਭਖ ਰਹੇ ਮੁੱਦੇ ਰਾਸ਼ਟਰਵਾਦ ਨੂੰ ਖੋਲ੍ਹ ਕੇ ਰੱਖਦੇ ਹਨ। ਉਹ 'ਇਕਜੁੱਟ ਰਾਸ਼ਟਰਵਾਦ' ਅਤੇ 'ਵੰਡ ਪਾਊ ਰਾਸ਼ਟਰਵਾਦ' ਵਿੱਚ ਨਿਖੇੜਾ ਕਰਦੇ ਹਨ, ਇਹ ਨਿਖੇੜਾ ਐਨੇ ਵਧੀਆ ਢੰਗ ਨਾਲ ਕੀਤਾ ਹੈ ਕਿ ਤੁਸੀਂ ਅਸ਼-ਅਸ਼ ਕਰ ਉਠੋਗੇ। ਇਕਜੁੱਟ ਰਾਸ਼ਟਰਵਾਦ ਵੱਖ-ਵੱਖ ਫ਼ਿਰਕਿਆਂ ਨੂੰ ਇੱਕ ਸਾਂਝੇ ਉਦੇਸ਼ ਲਈ ਇਕਜੁੱਟ ਕਰਦਾ ਹੈ, ਸਰਕਾਰੀ ਸੰਸਥਾਵਾਂ ਨੂੰ ਧਰਮ ਨਿਰਪੱਖ, ਜਮਹੂਰੀ, ਲੋਕਤੰਤਰਿਕ ਬਣਾਉਂਦਾ ਹੈ। ਇਹ ਸਾਰੇ ਨਾਗਰਿਕਾਂ ਵਿੱਚ ਬਿਨਾਂ ਕਿਸੇ ਭੇਦ ਭਾਵ ਦੇ ਸੱਤਾ ਦੀ ਵੰਡ, ਪ੍ਰਗਟਾਵੇਂ ਦੀ ਅਜ਼ਾਦੀ ਨੂੰ ਦਰਸਾਉਂਦਾ ਹੈ। ਇਕਜੁੱਟਤਾ ਵਾਲਾ ਭਾਰਤੀ ਰਾਸ਼ਟਰਵਾਦ ਸਭ ਨੂੰ ਨਾਲ ਲੈ ਕੇ ਚੱਲਣ ਵਾਲਾ ਸੀ, ਜਿਸਨੇ ਭਾਰਤੀ ਲੋਕਾਂ ਵਿੱਚ ਏਕਤਾ ਬਣਾ ਕੇ ਰੱਖੀ ਅਤੇ ਬਸਤੀਵਾਦੀ ਹਕੂਮਤ ਦੀਆਂ ਜੜ੍ਹਾਂ ਪੱਟੀਆਂ। ਲੋਕਤੰਤਰੀ ਪ੍ਰਬੰਧ ਵਿੱਚ ਕਿਸੇ ਫ਼ਿਰਕੇ ਨੂੰ ਵਿਸ਼ੇਸ਼ ਦਰਜਾ ਨਹੀਂ, ਪਹਿਲ ਨਹੀਂ ਦਿੱਤੀ ਜਾਂਦੀ। ਵੰਡ ਪਾਊ ਰਾਸ਼ਟਰਵਾਦ ਦਾ ਅਧਾਰ ਹੀ ਸਭ ਤੋਂ ਵੱਧ ਗਿਣਤੀ ਵਾਲੇ ਫਿਰਕੇ ਦਾ ਦਬਦਬਾ ਹੈ। ਇਸਨੂੰ ਅੱਗੇ ਨਸਲ, ਰੰਗ, ਧਰਮ, ਭਾਸ਼ਾ ਦੀ ਪਛਾਣ ਨਾਲ ਜੋੜ ਪ੍ਰਭਾਸ਼ਿਤ ਕੀਤਾ ਜਾਂਦਾ ਹੈ। ਬਾਕੀ ਫ਼ਿਰਕਿਆਂ ਨੂੰ ਦੂਜੇ ਦਰਜੇ ਦੇ ਸ਼ਹਿਰੀਆਂ ਵਾਂਗ ਹੀ ਵੇਖਿਆ, ਵਰਤਾਓ ਕੀਤਾ ਜਾਂਦਾ ਹੈ। ਬਣਾਏ, ਪਰਚਾਰੇ ਜਾ ਰਹੇ ਹਿੰਦੂ ਰਾਸ਼ਟਰਵਾਦ ਦੀ ਉਸਾਰੀ ਦੀਆਂ ਕੋਸ਼ਿਸ਼ਾਂ ਇਸ ਦੀ ਮਿਸਾਲ ਹੈ। ਇਸਦੇ ਬੀਜ ਭਾਰਤ ਵਿੱਚ 1920 ਵਿਚ ਬੀਜੇ ਗਏ ਸਨ। ਵੰਡ ਪਾਊ ਰਾਸ਼ਟਰਵਾਦ ਦਾ ਮਤਲਬ ਬਹੁਗਿਣਤੀ ਫ਼ ?ਰਕੇ ਨੂੰ ਵਿਸ਼ੇਸ਼ ਰਿਆਇਤ, ਪਹਿਲਾਂ ਦਰਜਾ ਦੇਣ ਦਾ ਹੈ। ਪਛਾਣਾ ਦੇ ਰੌਲੇ ਖੜ੍ਹੇ ਕੀਤੇ ਜਾਂਦੇ ਹਨ। ਲੇਖਿਕਾ ਨੇ ਲਿਖਿਆ ਹੈ ਕਿ ਧਾਰਮਿਕ ਪਛਾਣ ਵਾਲੇ ਰਾਸ਼ਟਰਵਾਦੀਆਂ ਨੇ ਬਸਤੀਵਾਦੀਆਂ ਦਾ ਬਿਲਕੁਲ ਵੀ ਵਿਰੋਧ ਨਹੀਂ ਕੀਤਾ ਜਾਂ ਇਹ ਵਿਰੋਧ ਬਿਲਕੁਲ ਨਿਗੂਣਾ ਸੀ। ਇਹ ਗੱਲ ਇਤਿਹਾਸਕਾਰ ਇਸ਼ਤਿਆਕ ਅਹਿਮਦ ਅਤੇ ਸ਼ਮਸ਼ੁਲ ਇਸਲਾਮ RSS ਅਤੇ ਮੁਸਲਿਮ ਲੀਗ ਬਾਰੇ ਬਹੁਤ ਸਪੱਸ਼ਟ ਸ਼ਬਦਾਂ ਵਿੱਚ ਕਹਿੰਦੇ ਹਨ। ਬਸਤੀਵਾਦੀ ਲੇਖਕਾਂ ਨੇ ਸਾਡੇ ਇਤਿਹਾਸ ਨੂੰ ਤੋੜਿਆ-ਮਰੋੜਿਆ। ਭਾਰਤੀ ਇਤਿਹਾਸ ਦੀ ਕਾਲ ਵੰਡ ਹੀ ਫ਼ਿਰਕੂ – ਹਿੰਦੂ ਕਾਲ, ਮੁਸਲਮਾਨ ਕਾਲ ਕਹਿ ਕੇ ਕੀਤੀ, ਆਧੁਨਿਕ ਪੇਸ਼ਾਵਰ




ਇਤਿਹਾਸਕਾਰਾਂ ਨੇ ਇਸ ਨੂੰ ਰੱਦ ਕੀਤਾ। 1817 ਵਿੱਚ ਜੇਮਸ ਮਿਲ ਨੇ ਦੋ-ਕੌਮੀ ਸਿਧਾਂਤ ਦੇ ਠੀਕ ਹੋਣ 'ਤੇ ਜ਼ੋਰ ਦਿੱਤਾ। ਧਾਰਮਿਕ ਰਾਸ਼ਟਰਵਾਦੀ ਮੁਸਲਿਮ ਅਤੇ ਹਿੰਦੂ ਦੋਹੇਂ ਹੀ ਬਸਤੀਵਾਦੀ ਦੋ-ਕੌਮੀ ਸਿਧਾਂਤ ਦੀ ਹਮਾਇਤ ਕਰਦੇ ਹਨ, ਜੋ ਸਿੱਧੇ ਤੌਰ ਤੇ ਬਸਤੀਵਾਦੀ ਸੱਤਾਧਾਰੀਆਂ ਤੋਂ ਵਿਰਾਸਤ ਵਿੱਚ ਹਾਸਿਲ ਕੀਤਾ ਗਿਆ ਹੈ। ਦੋ-ਕੌਮੀ ਸਿਧਾਂਤ ਭਾਰਤ ਦੇ ਕਿਸੇ ਪੁਰਾਤਨ ਸਮਝ ਤੋਂ ਪੈਦਾ ਹੋਇਆ ਸਿਧਾਂਤ ਨਹੀਂ ਹੈ। ਜਿਵੇਂ ਕਿ ਫਿਰਕਾਪ੍ਰਸਤ ਆਪਣੇ ਫਿਰਕੇ ਦੀਆਂ ਕਹਾਣੀਆਂ ਨਾਲ ਆਪਣੇ ਆਪ ਨੂੰ ਜਸਟੀਫਾਈ ਕਰਦੇ ਹਨ, ਲੇਖਿਕਾ ਨੇ ਪ੍ਰਾਚੀਨ ਗਣਰਾਜਾਂ ਦੇ ਲੋਕਤੰਤਰਿਕ ਹੋਣ ਨੂੰ ਤੱਥਾਂ ਨਾਲ ਨਕਾਰਿਆ ਹੈ। ਮੁਸਲਿਮ ਜ਼ੁਲਮਾਂ ਦੀ Stereotype ਧਾਰਨਾ ਨੂੰ ਰੱਦ ਕਰਨ ਲਈ ਬਹੁਤ ਸਾਰੇ ਹਵਾਲੇ ਦਿੱਤੇ ਹਨ, ਜੋ ਪੁਸਤਕ ਨੂੰ ਹੋਰ ਰੌਚਿਕ ਬਣਾ ਦਿੰਦੇ ਹਨ। ਹੁਣ ਮੁਸਲਿਮ ਅਤੇ ਹਿੰਦੂ ਸ਼ਬਦ ਥੋਕ ਵਿੱਚ ਵਰਤੇ ਜਾਂਦੇ ਹਨ, ਪਰ ਇਹ ਇਸ ਤਰ੍ਹਾਂ ਨਹੀਂ ਸੀ। ਇਹਨਾਂ ਵਿੱਚ ਛੋਟੇ-ਛੋਟੇ ਪੰਥ ਸਨ, ਹੁਣ ਵੀ ਬਹੁਤ ਸਾਰੇ ਪੰਥ ਹਨ। ਮੇਲ ਜੋਲ ਨਾਲ ਇੱਕ ਮਿਸ਼ਰਿਤ ਸੱਭਿਆਚਰ ਵੀ ਪੈਦਾ ਹੁੰਦਾ ਹੈ। ਪਛਾਣ ਧਾਰਮਿਕ ਨਹੀਂ, ਭੂਗੋਲਿਕ ਸੀ। ਜਾਤੀ ਵਿਵਸਥਾ ਬਾਰੇ ਵਧੀਆ ਲਿਖਿਆ ਹੈ। ਕਿਵੇਂ ਅਵਰਣਾਂ ਉੱਪਰ ਬਹੁਤ ਜ਼ੁਲਮ ਹੁੰਦਾ ਸੀ। ਉਹ ਕਿਸੇ ਵੀ ਧਰਮ ਵਿੱਚ ਚਲੇ ਜਾਣ, ਉਹਨਾਂ ਦੇ ਹਾਲਤ ਬਹੁਤੇ ਬਦਲਦੇ ਨਹੀਂ ਸਨ। ਬਣਾਇਆ, ਪਰਚਾਰਿਆ ਜਾਂਦਾ ਕਿ ਮੁਸਲਿਮ ਦੇ ਆਉਣ ਤੋਂ ਪਹਿਲਾਂ ਸਭ ਸ਼ਾਂਤੀ ਸੀ। ਅਜਿਹਾ ਨਹੀਂ ਸੀ। ਬੋਧੀਆਂ, ਜੈਨੀਆਂ, ਚਾਰਵਾਕਾਂ ਨੂੰ ਨਾਸਤਿਕ ਕਿਹਾ ਜਾਂਦਾ ਸੀ, ਇਹਨਾਂ ਨੂੰ 'ਸ਼ਰਮਣ' ਵੀ ਕਿਹਾ ਜਾਂਦਾ ਸੀ। ਜੋ ਵੇਦਾਂ ਦੀ ਪਵਿੱਤਰਤਾ 'ਤੇ ਸਵਾਲ ਕਰਦੇ ਸਨ। ਅਸ਼ੋਕ ਨੇ ਕਿਹਾ ਸੀ ਕਿ ਨਾ ਸਿਰਫ਼ ਬ੍ਰਾਹਮਣਾਂ ਤੇ ਸ਼ਰਮਣਾਂ ਵਿੱਚ, ਸਗੋਂ ਸਾਰੇ ਫਿਰਕਿਆਂ ਵਿੱਚ ਸ਼ਹਿਣਸ਼ੀਲਤਾ ਹੋਣੀ ਚਾਹੀਦੀ ਹੈ। ਪਤਾ ਲਗਦਾ ਹੈ ਮਤਭੇਦ ਬੌਧਿਕ ਤੋਂ ਅੱਗੇ ਹਿੰਸਾ ਦੇ ਪੱਧਰ 'ਤੇ ਪਹੁੰਚੇ ਹੋਏ ਸਨ। ਪੁਸ਼ਯਮਿੱਤਰ ਨੇ ਬੋਧ ਮੱਠ, ਸਤੂਪ ਤੋੜੇ, ਲਾਇਬ੍ਰੇਰੀਆਂ ਸਾੜੀਆਂ, ਭਿਕਸ਼ੂਆਂ ਦੇ ਕਤਲ ਕੀਤੇ। ਭਗਤੀ ਲਹਿਰ, ਸੂਫ਼ੀ ਮੱਤ ਬਾਰੇ ਚਰਚਾ ਕਰਦਿਆਂ ਸਾਂਝੇ ਸੱਭਿਆਚਾਰ, ਰਚਨਾਤਮਿਕ ਸੰਵਾਦ ਦੇ ਕਾਰਜਾਂ ਦੀ ਗੱਲ ਕੀਤੀ ਹੈ। ਕਬੀਰ ਮੁਸਲਿਮ ਜੁਲਾਹਾ, ਵੈਸ਼ਨਵ ਗੁਰੂ ਰਾਮਾਨੰਦ ਦਾ ਚੇਲਾ ਸੀ, ਰਸਖਾਨ ਮੁਸਲਿਮ ਜ਼ਿੰਮੀਦਾਰ ਪਰਿਵਾਰ ਚੋਂ ਪੱਕਾ ਕ੍ਰਿਸ਼ਨ ਭਗਤ ਤੇ ਉਪਾਸਕ ਵੀ ਸੀ। ਬਲੀ ਸਤੀ ਪ੍ਰਥਾ ਨੂੰ ਮੁਸਲਿਮ ਦੀ ਦੇਣ ਦੀ ਧਾਰਨਾ ਨੂੰ ਬੇਪਰਦ ਕੀਤਾ ਹੈ। ਮੁਸਲਿਮ ਰਾਜਿਆਂ ਦੇ ਵੱਡੇ ਅਧਿਕਾਰੀ ਹਿੰਦੂ ਸਨ ਤੇ ਹਿੰਦੂ ਰਾਜਿਆਂ ਦੇ ਵੱਡੇ ਅਧਿਕਾਰੀ ਮੁਸਲਿਮ ਸਨ। ਜਜੀਆਂ ਕਰ ਬਾਰੇ ਸਵਾਲ ਕੀਤੇ ਹਨ। ਔਰੰਗਜੇਬ ਦੇ ਦਰਬਾਰ ਵਿੱਚ ਸਭ ਤੋਂ ਸਿਖ਼ਰਲੇ ਅਹੁਦਿਆਂ 'ਤੇ ਰਿਹਾ, ਪੂਜਾ ਪਾਠ ਕਰਨ ਵਾਲਾ ਬ੍ਰਾਹਮਣ ਚੰਦਰਭਾਨ ਆਪਣੇ ਬਿਆਨਾਂ ਵਿੱਚ ਦੱਸਦਾ ਉਸਦੀ ਪ੍ਰਸ਼ੰਸ਼ਾ ਕੀਤੀ ਜਾਂਦੀ ਸੀ। ਸਾਡੇ ਮਨਾਂ ਵਿੱਚ ਸਵਾਂ ਮਣ ਜਿਨਾਊ ਲਹਾਉਣ ਦੇ ਕਿੱਸੇ ਭਰੇ ਪਏ ਨੇ। ਮੰਦਰ ਜ਼ਮੀਨ ਦੇ ਮਾਲਕ, ਬੈਂਕਰ ਅਤੇ ਵਪਾਰ ਤੇ ਪੈਸਾ ਲਾਉਂਦੇ ਸਨ। ਮੰਦਰਾਂ ਨੂੰ ਹਿੰਦੂ ਰਾਜਿਆਂ ਨੇ ਵੀ ਲੁੱਟਿਆਂ, ਤੋੜਿਆ ਸੀ। ਲੇਖਿਕਾ ਨੇ ਸੋਮਨਾਥ ਦੇ ਮੰਦਰ ਅਤੇ ਦਰਵਾਜਿਆਂ ਦੇ ਕਿੱਸੇ ਬਾਰੇ ਸਵਾਲ ਖੜ੍ਹੇ ਕੀਤੇ ਹਨ। ਮਹਾਂਭਾਰਤ, ਰਮਾਇਣ ਵਰਗੇ ਗ੍ਰੰਥਾਂ ਦਾ ਅਨੁਵਾਦ ਫ਼ਾਰਸੀ ਵਿੱਚ ਅਨੁਵਾਦ ਸ਼ਾਹੀ ਸਰਪਰਸਤਾਂ ਵਲੋਂ ਕਰਵਾਇਆ ਗਿਆ। ਔਰੰਗਜੇਬ ਦੇ ਭਰਾ ਦਾਰਾ ਸ਼ਿਕੋਹ ਨੇ ਉਪਨਿਸ਼ਦਾਂ ਨੂੰ ਮਹੱਤਵਪੂਰਨ ਧਾਰਮਿਕ ਸਾਹਿਤ ਦੇ ਰੂਪ ਵਿੱਚ ਪੇਸ਼ ਕੀਤਾ ਅਤੇ ਇਹ ਕੋਈ ਕੱਲੀ-ਕਾਰੀ ਆਵਾਜ਼ ਨਹੀਂ ਸੀ। ਇਹ ਸਭ ਨੂੰ ਪੇਸ਼ ਕਰਨ ਦਾ ਮਤਲਬ ਇਹ ਨਹੀਂ ਕਿ ਹਿੰਦੂ ਮੁਸਲਿਮ ਟਕਰਾਅ ਨਹੀਂ ਸਨ। ਸਨ, ਪਰ ਇਹ ਟਕਰਾਅ ਮੁਸਲਿਮ ਦੇ ਆਉਣ ਤੋਂ ਪਹਿਲਾਂ ਵੀ ਸਨ। ਪਰ ਧਾਰਮਿਕ ਰਾਸ਼ਟਰਵਾਦ ਲਈ ਅੰਦਰੂਨੀ ਦੁਸ਼ਮਣ ਦੀ ਲੋੜ ਮੁਸਲਿਮ ਨੂੰ ਸ਼ਿਕਾਰ ਬਣਾਉਣ ਲਈ, ਮੁਸਲਿਮ ਖ਼ ?ਲਾਫ਼ ਮਨਭਾਉਂਦਾ ਇਤਿਹਾਸ ਪੇਸ਼ ਕੀਤਾ ਜਾ ਰਿਹਾ ਹੈ। ਇਹ ਸਿਰਫ਼ ਸਾਡੇ ਸਮਾਜ ਲਈ ਹੀ ਖ਼ਤਰਨਾਕ ਨਹੀਂ ਹੈ। ਸਾਡੇ ਪੜ੍ਹਾਈ ਪ੍ਰਬੰਧ ਲਈ ਬਹੁਤ ਖ਼ਤਰਨਾਕ ਹੈ, ਇਸ ਤੋਂ ਸਿੱਖ ਕੇ ਕਿਸ ਤਰ੍ਹਾਂ ਦੇ ਵਿਦਵਾਨ ਬਣਨਗੇ ਪਤਾ ਹੀ ਲੱਗਦਾ ਹੈ। ਰੋਮਿਲਾ ਥਾਪਰ ਹੁਰਾਂ ਨੇ ਘੜੇ ਜਾ ਰਹੇ ਝੂਠੇ ਇਤਿਹਾਸ ਤੋਂ ਖ਼ਬਰਦਾਰ ਕਰਨ ਲਈ ਵਧੀਆ ਕਾਰਜ ਕੀਤਾ ਹੈ। 164 ਪੰਨਿਆਂ ਦੀ ਪੁਸਤਕ ਤੁਹਾਡੀਆਂ ਇਤਿਹਾਸ ਬਾਰੇ ਧਾਰਨਾਵਾਂ, ਅਟਕਲਪੱਚੂ ਪਹੁੰਚਾ ਨੂੰ ਬਦਲਗੀ ਅਤੇ ਹੌਲੇ ਮਹਿਸੂਸ ਕਰੋਗੇ। ਜਗਿਆਸੂ ਪਾਠਕਾਂ ਨੂੰ ਇਹ ਪੁਸਤਕ ਜ਼ਰੂਰ ਪੜ੍ਹਨੀ ਚਾਹੀਦੀ ਹੈ।

# What, Why, How; do people need to adopt scientific qualities



Master Param Ved
+91 9417422349



Many years ago , a person was roaming around in the Sangrur area with a bull, there was a lot of discussion about this in Sangrur city and surrounding area that this bull tells the future of people, identifies a person from a crowd by their name or occupation, tells about having children or not, about recovery from illness, tells about buried treasure in the house. There were various rumours circulating about the miraculous power of this bull. After the news of the bull being miraculous was published in a news paper , people started asking the rational/Tarksheel people about it.when I came to know about this rumour, my rational/Tarksheel friends Krishan Singh and Chamkaur Singh went to Ajitnagar basti across the railway station in Sangrur, Where the owner of the bull used to stay at night and they got complete information. It was found out that the owner of the bull drinks alcohol to his heart's content at night. We collected many more things about this and also found out through what signal this bull's owner sends the bull to a special person because we knew that the bull owner sends the bull to a special person only through a stick, a rope or signal of some other of this companions. After that we held a meeting of the local unit and in the meeting I , Krishan Singh, Chamkaur Singh and Jasvir Singh were given the responsibility to expose this so called miraculous bull in the presence of the people. The next day we went to the owner of the bull, who was asking questions near Dr. REKHI's hospital on railway road and asked him what this bull tells us. He said whatever you want, it tells.When I asked the owner of the bull to identify a Patwari from the crowd he ordered his bull to identify the patwari from the crowd , since we had not allowed the owner of the bull to identify us and so bull was standing with a teacher instead of the patwari. We didn't let him suspect he had made a wrong identification. After this I asked him to identify Krishan Singh present in the gathering, then the owner of the bull made the bull stand next to the Chamkaur Singh instead of Krishan Singh. With this the people started clapping because they thought bull had identified correctly. The owner of the bull said ""from now on , you will not be able to give me anything".

I said ," wait a little longer." Why then , the journalists had also reached there and the owner of the bull took the bull with him and reached Ajitnagar Basti across the station. The journalists and our team of logicians /Tarksheel joined the crowd of the people trying to know the future through the bull in front of the Palledaar's office . A journalist asked him to identify a policeman, the bull bit a teacher. After that an asked him to identify a pres photographer present in the gathering, but instead of the press photographer the bull bit a doctor.

After this I had addressed the people and said," The bull works on the instructions of its owner. It does all this work from the rope. In fact it is not the bull but the owner of the bull who identifies the person. It or its people did not know about any of us. Therefore it could not cleverly get any of us identified by the bull. To bring the truth of this to the people, our team of the rationalists had decided to expose it. The truth is before you, all the four identities asked by us were wrong. Instead of patwari master, instead of Krishan , Chamkaur, instead of policeman teacher , instead of press photographer doctor has been touched . Since the outlook of the people is not scientific. They immediately fall for the so called miraculous things spread by clever people.

If the people are told that the miraculous milk is coming out of the Neem tree they run away. If it is said that such and such baba cures diseases by putting wings or that the water from such and such a tap is miraculous then our superstitious people run away in that direction. If some so- called wise person says by sacrificing a child , buried treasure will be found, the childeless will have children , businessman will increase business then it is surprising that many of our people are even ready to sacrifice their neighbour's or relative's child. If it is said that by sacrificing a child, one can attain Ridhis and Sidhis then our superstitious people are also ready to do so.

People instead of using their brains , logics , thoughts and arguments use superstition and ignorance. This is the reason why our poor people are being robbed.Governments or administrations should investigate such rumours, and bring truth to the people. It is the duty of the science related institutions , colleges and universities to investigate such things and bring the truth to the people so that the people's perspective can become scientific and people should spend their hard earned money on their families instead of being robbed by idle people. People should adopt scientific quality such as what, why and how etc. so that they can know the bottom line of the events."

The owner of the bull in the presence of the people admitted that he or his bull did not have any miraculous powers. Everything was being done under a ruse.

We returned after exposing the miraculous bull and giving the message to the people to adopt scientific attitude.we emphasize that people should adopt scientific qualities like reasoning and logic instead of superstition,to use intellect to understand events rather than relying on miracles or false beliefs.

**Zone organizational head**
**Tarakshheel society Punjab**
**Officer colony Sangrur**

# ਵਿਕਾਸ ਦੇ ਨਾਂ 'ਤੇ ਪ੍ਰਦੂਸ਼ਣ ਸਨਅਤਾਂ ਸਥਾਪਤ ਕਰਨ ਵਿਰੁੱਧ ਰਾਜਸਥਾਨ ਦੇ ਲੋਕਾਂ ਦਾ ਸ਼ਾਨਦਾਰ ਸੰਘਰਸ਼

**ਨਰਭਿੰਦਰ**
**93544-30211**

ਰਾਜਸਥਾਨ 'ਚ ਤਿੰਨ ਅੰਦੋਲਨ ਇਕੋ ਵੇਲੇ ਚਲ ਰਹੇ ਹਨ। ਇਕ ਅੰਦੋਲਨ ਰੁੱਖਾਂ ਦੀ ਕਟਾਈ ਨੂੰ ਲੈ ਕੇ, ਦੂਸਰਾ ਅਰਾਵਲੀ ਪਰਬਤ ਦੇ ਖਣਨ ਨੂੰ ਲੈ ਕੇ ਅਤੇ ਤੀਸਰਾ ਹਨੂਮਾਨਗੜ੍ਹ ਜ਼ਿਲ੍ਹੇ ਦੇ ਟਿੱਬੀ ਨੇੜੇ ਪਿੰਡ ਰਾਠੀ ਖੇੜਾ ਪਿੰਡ ਵਿਚ ਲਗਣ ਜਾ ਰਹੀ ਸ਼ਰਾਬ ਫੈਕਟਰੀ ਨੂੰ ਲੈ ਕੇ। ਤਿੰਨਾਂ ਅੰਦੋਲਨਾਂ ਦਾ ਸਬੰਧ ਮਨੁੱਖੀ ਵਾਤਾਵਰਣ ਨਾਲ ਸਬੰਧਤ ਹੈ ਅਤੇ ਮਹੱਤਵਪੂਰਨ ਹਨ। ਰੁੱਖਾਂ ਦੀ ਕਟਾਈ ਨੂੰ ਲੈ ਕੇ ਜੋ ਲੋਕ ਰੁੱਖਾਂ ਦੇ ਦੁਆਲੇ ਡਰਮੁੱਟ (ਗੋਲ ਦਾਇਰਾ) ਬਣਾ ਕੇ ਵਿਰੋਧ ਕਰ ਰਹੇ ਹਨ, ਉਨ੍ਹਾਂ ਦਾ ਮਤ ਹੈ ਕਿ ਰਾਜਸਥਾਨ ਪਹਿਲਾਂ ਹੀ ਮਾਰੂਥਲ ਹੈ ਅਤੇ ਜਿਹੜੀ ਜ਼ਮੀਨ ਕਾਰਪੋਰੇਟਾਂ ਨੇ ਧੋਖੇ ਨਾਲ ਕਿਸਾਨਾਂ ਤੋਂ ਹਾਸਲ ਕਰ ਲਈ, ਇਸ ਵਿਚਾਲੇ ਰੁੱਖਾਂ ਨੂੰ ਵੱਢ ਕੇ ਉਹ ਇਸ ਖੇਤਰ ਲਈ ਇਕ ਨਵੀਂ ਮੁਸੀਬਤ ਖੜ੍ਹੀ ਕਰ ਰਹੇ ਹਨ। ਦੂਸਰੀ ਅਰਾਵਲੀ ਪਰਬਤ ਮਾਲਾ ਜੋ ਗੁਜਰਾਤ ਤੋਂ ਲੈ ਕੇ ਦਿੱਲੀ ਦੀ ਪਾਰਲੀਮੈਂਟ ਤੇ ਰਾਸ਼ਟਰਪਤੀ ਭਵਨ ਤੱਕ ਦੀ ਪਹਾੜੀਆਂ ਦੀ ਲੜੀ ਜੋ 800 ਕਿਲੋਮੀਟਰ ਲੰਬੀ ਹੈ ਅਤੇ ਜਿਸ 'ਚੋਂ ਨਜਾਇਜ਼ ਮਾਈਨਿੰਗ ਕਈ ਸਾਲਾਂ ਤੋਂ ਚਲ ਰਹੀ ਸੀ ਅਤੇ ਜਿਸ ਬਾਰੇ ਅਦਾਨੀ ਦਾਅਵਾ ਕਰਦਾ ਹੈ ਕਿ ਉਹਨੇ 14 ਸਾਲ ਪਹਿਲਾਂ ਇਹ ਖ੍ਰੀਦ ਲਈਆਂ ਸਨ ਅਤੇ ਇਸ ਸਬੰਧੀ ਸੁਪਰੀਮ ਕੋਰਟ ਨੇ ਇਹ ਆਦੇਸ਼ ਜਾਰੀ ਕਰਕੇ, "ਕਿ ਜੋ ਪਹਾੜੀ 100 ਮੀਟਰ ਤੋਂ ਉਪਰ ਹੈ ਉਹਨੂੰ ਹੀ ਪਹਾੜ ਮੰਨਿਆ ਜਾਵੇ। ਬਾਕੀ ਨੂੰ ਨਹੀਂ, ਨਾਲ ਨਾ ਸਿਰਫ਼ ਨਵੀਂ ਚਰਚਾ ਛੇੜ ਦਿੱਤੀ ਹੈ ਸਗੋਂ ਕੁਦਰਤ ਦੀ ਤਬਾਹੀ ਦਾ ਦਸਤਾਵੇਜ਼ ਵੀ ਲਿਖ ਦਿੱਤਾ ਹੈ। ਯਾਦ ਰਹੇ ਅਰਾਵਲੀ ਪਹਾੜੀਆਂ ਹੇਠ ਮਾਰਬਲ, ਗਰੇਨਾਈਟ, ਸਟੋਨ, ਲਾਈਮ ਸਟੋਨ, ਮੀਕਮੂ ਜਿਪਸਮ, ਰਾਕ ਫਾਸਟੇਡ, ਮਿਨਰਲ, ਜ਼ਿੰਕ ਲੇਡ, ਭਾਪਰ, ਸਿਲਵਰ, ਗੋਲਡ ਆਦਿ ਹਨ, ਜਿਸ 'ਤੇ ਅਦਾਨੀ ਤੇ ਕਾਰਪੋਰੇਟਾਂ ਦੀ ਅੱਖ ਹੈ ਅਤੇ ਲੋਕਾਂ ਦਾ ਤਰਕ ਹੈ ਕਿ ਅਰਾਵਲੀ ਪਰਬਤ ਮਾਲਾ ਜੋ 20 ਹਜ਼ਾਰ ਕਰੋੜ ਸਾਲ ਪੁਰਾਣੀ ਹੈ ਭਾਵ ਹਿਮਾਲੀਆ ਜਿਸਦੀ ਉਮਰ 5000 ਹਜ਼ਾਰ ਕਰੋੜ ਸਾਲ ਗਿਣੀ ਜਾਂਦੀ ਹੈ ਉਸ ਤੋਂ ਵੀ ਪੁਰਾਣੀ ਹੈ ਅਤੇ ਇਹ ਰਾਜਸਥਾਨ ਦੇ ਰੇਗਿਸਤਾਨ ਤੇ ਹੇਠਲੇ ਉਪਜਾਊ ਖੇਤਰ ਵਿਚ ਇਕ ਮਜ਼ਬੂਤ ਦੀਵਾਰ ਹੈ ਅਤੇ ਜਾਂਗਲੀ ਜਾਨਵਰਾਂ ਤੇ ਜੰਗਲਾਂ ਦਾ ਰੈਣ ਬਸੇਰਾ ਵੀ ਹੈ, ਇਸ ਦੇ ਖਣਨ ਨਾਲ ਭਾਰਤ ਦੇ ਇਸ ਖੇਤਰ ਵਿਚ ਮਾਰੂਥਲ ਦਾ ਵਿਸਥਾਰ ਹੀ ਨਹੀਂ ਹੋਣਾ ਸਗੋਂ ਮਨੁੱਖਤਾ ਦੀ ਤਬਾਹੀ ਅਕਾਲ ਅਤੇ ਕੁਦਰਤੀ ਆਫ਼ਤਾਂ ਲਈ ਵੀ ਜ਼ਮੀਨ ਤਿਆਰ ਹੋਣੀ ਹੈ। ਇਸ ਦੇ ਵਿਰੋਧ 'ਚ ਹਜ਼ਾਰਾਂ ਲੋਕਾਂ ਸੜਕਾਂ, ਪਹਾੜਾਂ 'ਤੇ ਨਿਕਲ ਆਏ ਹਨ ਕਿ ਇਨ੍ਹਾਂ ਪਹਾੜੀਆਂ ਨੂੰ ਬਚਾਉਣਾ ਮਾਰੂਥਲ ਦੇ ਫੈਲਣ ਤੋਂ ਬਚਾਉਣਾ ਹੈ।

ਤੀਸਰਾ ਹੈ ਟਿੱਬੀ ਦੇ ਪਿੰਡ ਰਾਠੀ ਖੇੜਾ ਦੇ ਪਿੰਡ ਵਿਚ ਸ਼ਰਾਬ ਫੈਕਟਰੀ ਲੱਗਣ ਦਾ ਮਾਮਲਾ ਜਿਥੇ ਇਸ ਖੇਤਰ ਦੇ ਲੋਕ ਪਿਛਲੇ 18 ਮਹੀਨਿਆਂ ਤੋਂ ਸੰਘਰਸ਼ ਕਰ ਰਹੇ ਹਨ। ਟਿੱਬੀ ਦੇ ਇਹ ਪਿੰਡ ਰਾਜਸਥਾਨ ਕੈਨਾਲ ਫੀਡਰ (ਜੋ ਪੰਜਾਬ ਦੇ ਹਰੀਕੇ ਪੱਤਨ ਤੋਂ ਨਿਕਲਦੀਆਂ ਨਹਿਰਾਂ ਹਨ) ਦੇ ਨਾਲ ਲਗਦਾ ਇਲਾਕਾ ਹੈ, ਰਾਜਸਥਾਨ ਵਿਚ ਗੰਗਾਨਗਰ, ਹਨੂਮਾਨਗੜ੍ਹ, ਸੰਗਰੀਆ ਆਦਿ ਖੇਤਰ ਹੀ ਹਨ ਜਿਥੇ ਨਹਿਰੀ ਪਾਣੀ ਕਰਕੇ ਵਧੇਰੇ ਜਰਖੇਜ ਅਤੇ ਉਪਜਾਊ ਭੂਮੀ ਮਿਲਦੀ ਹੈ, ਇਸ ਖੇਤਰ ਵਿਚ ਇਸੇ ਨਹਿਰੀ ਪਾਣੀ ਕਰਕੇ ਧਰਤੀ ਹੇਠਲਾ ਪਾਣੀ ਸ਼ੁੱਧ ਹੈ। ਕੁਝ ਆਗਿਆਤ ਲੋਕਾਂ ਨੇ ਕਿਸਾਨਾਂ ਨੂੰ ਵੱਧ ਪੈਸੇ ਦੇ ਲਾਲਚ ਦੇ ਕੇ ਇਥੇ ਜ਼ਮੀਨ ਹਾਸਲ ਕਰ ਲਈ ਅਤੇ ਫਿਰ ਇਹ ਜ਼ਮੀਨ ਅੱਗੇ ਚੰਡੀਗੜ੍ਹ ਆਧਾਰਤ ਇਕ ਕੰਪਨੀ ਡੋਨ ਇਨਥਾਲ ਪ੍ਰਾਈਵੇਟ ਲਿਮਟਿਡ ਨੂੰ ਵੇਚ ਦਿੱਤੀ। ਜਦੋਂ ਸਬੰਧਤ ਡੋਨ ਇਨਥਾਲ ਕੰਪਨੀ ਨੇ ਆਪਣਾ ਬੋਰਡ ਲਾਇਆ ਅਤੇ ਦਾਅਵਾ ਕੀਤਾ ਕਿ ਉਹ ਇਸ ਖੇਤਰ ਵਿਚ 40 ਮੈਗਾਵਾਟ, ਕਣਕ ਆਧਾਰਤ ਇਨਥਾਲ ਪਲਾਂਟ ਲਾ ਰਹੇ ਹਨ ਤਾਂ ਕਿਸਾਨਾਂ ਦੇ ਜਾਗਰੂਕ ਹਿੱਸਿਆਂ ਨੇ ਇਸ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ।

ਹਨੂਮਾਨਗੜ੍ਹ ਜ਼ਿਲ੍ਹੇ ਦੇ ਕਸਬੇ (ਤਹਿਸੀਲ) ਟਿੱਬਾ ਤੋਂ ਮਹਿਜ ਤਿੰਨ ਕਿਲੋਮੀਟਰ ਦੂਰ ਰਾਠੀ ਖੇੜਾ ਪਿੰਡ ਦੀ ਇਹ ਜ਼ਮੀਨ ਜਿਥੇ ਫੈਕਟਰੀ ਲੱਗਣ ਜਾ ਰਹੀ ਹੈ, ਨੂੰ ਲੈ ਕੇ ਪਹਿਲੇ ਗੇੜ ਵਿਚ ਮਸੀਂ 10-15 ਲੋਕ ਹੀ ਸਰਗਰਮ ਹੋਏ। ਜਿਨ੍ਹਾਂ ਨੇ ਫੈਕਟਰੀ ਸਬੰਧੀ ਘੋਲ ਪੜਤਾਲ ਕਰਕੇ ਸੰਘਰਸ਼ ਦਾ ਬੀੜਾ ਚੁੱਕਿਆ। ਇਹ ਜਾਣਕਾਰੀ ਇਥੇ ਇਕੱਠੀ ਕਰਨ ਪਿਛੋਂ ਪਤਾ ਲੱਗਾ ਕਿ ਫੈਕਟਰੀ ਰਾਜਸਥਾਨ ਕੈਨਾਲ ਤੋਂ ਨਹਿਰੀ ਪਾਣੀ ਲਵੇਗੀ ਅਤੇ ਫੈਕਟਰੀ ਦਾ ਵੇਸਟ ਪਾਣੀ ਧਰਤੀ ਹੇਠ ਸੁੱਟੇਗੀ। ਇਸੇ ਸਮੇਂ ਦੌਰਾਨ ਕੰਪਨੀ ਦੇ ਇਸ ਪ੍ਰੋਜੈਕਟ ਨੂੰ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਹਰੀ ਝੰਡੀ ਮਿਲ ਗਈ। ਹਾਲਾਂਕਿ ਫੈਕਟਰੀ ਦੀ ਖਾਕਾ ਰਿਪੋਰਟ ਵਿਚ ਦਰਜ ਸੀ ਕਿ 18 ਇੰਚ ਦੇ ਇਕ ਬੋਰ ਵਿਚ ਪ੍ਰਤੀ ਸਕਿੰਟ ਚਾਰ ਲੀਟਰ ਤੇਜ਼ਾਬੀ ਪਾਣੀ ਧਰਤੀ ਵਿਚ ਸੁੱਟਿਆ ਜਾਵੇਗਾ। 80 ਵਿਘੇ ਇਸ ਜ਼ਮੀਨ ਵਿਚ 4-4 ਇੰਚ ਦੀਆਂ ਲਗਭਗ 12 ਮੋਟਰਾਂ ਦੇ ਕੁਨੈਕਸ਼ਨ ਪਹਿਲਾਂ ਹੀ ਮੌਜੂਦ ਸਨ। ਇਹ ਉਨ੍ਹਾਂ ਛੋਟੇ 12 ਕਿਸਾਨ ਪਰਿਵਾਰਾਂ ਵਲੋਂ ਲਾਏ ਗਏ ਸਨ, ਜਿਹੜੇ ਖੇਤੀ ਕਰਦੇ ਸਨ। ਇਹ ਜ਼ਮੀਨ ਕਣਕ, ਝੋਨਾ, ਮੱਕੀ ਅਤੇ ਹੋਰ ਫਸਲਾਂ ਤੇ ਸਬਜ਼ੀਆਂ ਲਈ ਉਪਜਾਊ ਜ਼ਮੀਨ ਨੂੰ ਕੈਮੀਕਲ ਯੁਕਤ ਅਖਾੜੇ 'ਚ ਬਦਲਿਆ ਜਾ ਰਿਹਾ ਸੀ। ਪਹਿਲੇ ਗੇੜ 'ਚ ਇਨ੍ਹਾਂ ਜਾਗਰੂਕ ਕਿਸਾਨਾਂ ਨੇ ਲੋਕਾਂ ਨੂੰ ਇਹ ਜਾਣਕਾਰੀ ਹੀ ਦਿੱਤੀ ਕਿ ਇਸ ਨਾਲ ਟਿੱਬੀ ਸ਼ਹਿਰ ਸਮੇਤ ਇਸ ਇਲਾਕੇ ਦਾ ਪਾਣੀ ਤੇ ਆਬੋ ਹਵਾ ਸ਼ਰਾਬ ਫੈਕਟਰੀ ਦੇ ਬਾਲਣ ਦੀ ਕੈਮੀਕਲ ਧੜ ਨਾਲ ਵੱਡੇ ਨੁਕਸਾਨ ਲਈ ਰਾਹ ਖੋਲ੍ਹੇ ਜਾ ਰਹੇ ਹਨ। ਇਸ ਸਬੰਧੀ 2024 ਵਿਚ ਤੇ ਜਨਵਰੀ 25 ਵਿਚ ਪੋਸਟਰ ਤੇ ਹੱਥ ਪਰਚੇ ਵੰਡੇ ਗਏ ਅਤੇ ਜਾਗਰੂਕ ਮੁਹਿਮ ਚਲਾਈ ਗਈ।

ਲੋਕਾਂ ਨੂੰ ਇਸ 'ਤੇ ਵੀ ਜਾਗਰੂਕ ਕੀਤਾ ਕਿ ਇਸ ਖੇਤਰ ਦੇ ਵਿਕਾਸ ਲਈ ਕੱਚੇ ਮਾਲ (ਅਨਾਜ) ਦੇ ਆਧਾਰਤ ਹੋਰ ਸਨਅਤਾਂ ਕਿਉਂ ਨਹੀਂ ਲਾਈਆਂ ਜਾ ਰਹੀਆਂ ਜਿਸ ਨਾਲ ਲੋਕਾਂ ਲਈ ਰੁਜ਼ਗਾਰ ਅਤੇ ਆਮ ਦਿਨ ਦੇ ਸਰੋਤ ਪੈਦਾ ਹੋਣ। ਸ਼ਰਾਬ ਫੈਕਟਰੀ ਹੀ ਕਿਉਂ ਲਾਈ ਜਾ ਰਹੀ ਹੈ। ਉਧਰ ਫੈਕਟਰੀ ਪ੍ਰਬੰਧਕਾਂ ਨੇ ਵੀ ਇਸ ਖੇਤਰ ਵਿਚ ਪੋਸਟਰ ਲਾਏ ਕਿ ਇਹ ਫੈਕਟਰੀ ਇਸ ਖੇਤਰ ਦੇ ਵਿਕਾਸ ਲਈ ਲਾਈ ਜਾ ਰਹੀ ਹੈ। ਇਨ੍ਹਾਂ ਸੰਘਰਸ਼ਸ਼ੀਲ ਕਿਸਾਨਾਂ ਨੇ ਐਸ.ਡੀ.ਐਮ. ਅਤੇ ਉਚ ਅਧਿਕਾਰੀਆਂ ਨੂੰ ਵਾਰ-ਵਾਰ ਵਾਰ ਲਿਖਿਆ ਤੇ ਉਨ੍ਹਾਂ ਨਾਲ ਮੀਟਿੰਗ ਕੀਤੀਆਂ ਅਤੇ ਖਦਸ਼ਿਆਂ ਤੋਂ ਜਾਣੂ ਕਰਵਾਇਆ ਪਰ ਹਰ ਵਾਰ ਅਧਿਕਾਰੀ ਮੀਟਿੰਗ ਵਿਚ ਆਪ ਜਵਾਬ ਦੇਣ ਦੀ ਥਾਂ ਫੈਕਟਰੀ ਮਾਲਕਾਂ ਤੇ ਮੈਨੇਜਰਾਂ ਨੂੰ ਹੀ ਜਵਾਬ ਦੇਣ ਲਈ ਕਹਿ ਦਿੰਦੇ।

12 ਅਗਸਤ 2024 ਨੂੰ ਕਿਸਾਨਾਂ ਦਾ ਇਕ ਵਫਦ ਜਿਸ 'ਚ ਲਗਭਗ 1000 ਦੀ ਗਿਣਤੀ ਸੀ ਐਸ.ਡੀ.ਐਮ. ਦੇ ਦਫ਼ਤਰ ਫੇਰ ਬੇਨਤੀ ਕਰਨ ਗਏ ਕਿ ਫੈਕਟਰੀ ਵਾਲੇ ਜ਼ਮੀਨ ਦੇ ਦੁਆਲੇ ਤਾਰਬੰਦੀ ਕਰਕੇ ਕਿ ਉਸਾਰੀ ਦਾ ਕੰਮ ਸ਼ੁਰੂ ਕਰ ਰਹੇ ਹਨ, ਇਸ ਨੂੰ ਇਲਾਕੇ ਦੀ ਤਬਾਹੀ ਨੂੰ ਬਿਆਨ 'ਚ ਰੱਖ ਕੇ ਰੋਕਿਆ ਜਾਵੇ ਕਿਉਂਕਿ ਸ਼ਰਾਬ ਫੈਕਟਰੀ ਦੀ ਆਮ ਲੋਕਾਂ ਨੂੰ ਲੋੜ ਨਹੀਂ ਹੈ ਅਤੇ ਇਸ ਨਾਲ ਧਰਤੀ ਹੇਠਲਾ ਪਾਣੀ, ਹਵਾ ਅਤੇ ਵਾਤਾਵਰਣ ਦੂਸ਼ਿਤ ਹੋਵੇਗਾ ਅਤੇ ਇਸ ਨਾਲ ਕਈ ਪਿੰਡ ਤੇ ਟਿੱਬੀ ਕਸਬੇ ਦੇ ਲੋਕ ਭਿਆਨਕ ਰੋਗਾਂ ਨਾਲ ਗ੍ਰਸਤ ਹੋਣਗੇ, ਇਸ ਨੂੰ ਧਿਆਨ ਵਿਚ ਰੱਖਕੇ ਇਸ ਕੰਮ ਨੂੰ ਫੋਰਨ ਰੋਕਿਆ ਜਾਵੇ। ਇਸ ਇਕੱਠ ਵਿਚ ਹਾਲਾਂਕਿ ਪੁਰ ਅਮਨ ਐਸ.ਡੀ.ਐਮ. ਨੂੰ ਹੀ ਮਿਲਣਾ ਸੀ, ਪੁਲਿਸ ਨੂੰ ਵੱਡੀ ਗਿਣਤੀ ਵਿਚ ਬੁਲਾ ਲਿਆ ਗਿਆ ਅਤੇ ਪੁਲਿਸ ਨੇ ਧੱਕਾ ਮੁੱਕੀ ਕੀਤੀ। ਇਸ ਤੋਂ ਪਿਛੋਂ ਜਿਥੇ ਫੈਕਟਰੀ ਦੇ ਗੇਟ ਵਾਲੀ ਜਗ੍ਹਾ ਸੀ, ਉਥੇ ਕਿਸਾਨਾਂ ਨੇ ਅਣਮਿਥੇ ਸਮੇਂ ਲਈ ਧਰਨਾ ਲਾ ਦਿੱਤਾ। ਅਗਸਤ ਤੋਂ ਨਵੰਬਰ ਤੱਕ ਇਸ ਉਤੇ 6 ਵੱਡੀਆਂ ਰੈਲੀਆਂ ਕੀਤੀਆਂ ਜਾਂਦੀਆਂ ਹਨ ਅਤੇ ਪੂਰੇ ਖੇਤਰ ਦੇ ਕਿਸਾਨ ਇਸ ਪ੍ਰਤੀ ਜਾਗਰੂਕ ਹੋ ਜਾਂਦੇ ਹਨ, ਕਿਸਾਨ ਹੀ ਨਹੀਂ ਟਿੱਬੀ ਕਸਬੇ ਦੇ ਸਹਿਰੀ ਲੋਕਾਂ, ਮੁਲਾਜ਼ਮਾਂ ਵਲੋਂ ਵੀ ਵੱਡਾ ਹੁੰਗਾਰਾ ਮਿਲਦਾ ਹੈ। ਹਾਲਾਂਕਿ ਇਸ ਸੰਘਰਸ਼ ਦੇ ਸੰਚਾਲਕ ਕਿਸਾਨ ਆਗੂਆਂ ਵਲੋਂ ਵਾਰ ਵਾਰ ਐਲਾਨ ਕੀਤਾ ਜਾਂਦਾ ਰਿਹਾ ਕਿ ਇਹ ਸੰਘਰਸ਼ ਗੈਰ ਰਾਜਨੀਤਕ ਹੈ ਇਹ ਸਿਰਫ਼ ਵਾਤਾਵਰਣ ਨੂੰ ਲੈ ਕੇ ਹੈ, ਪਰ ਰਾਜ ਵਿਚ ਬੀ.ਜੇ.ਪੀ. ਦੀ ਸਰਕਾਰ ਨੇ ਇਸ ਨੂੰ ਕਦੇ ਕਾਂਗਰਸ ਅਤੇ ਹੋਰ ਨਾਵਾਂ ਨਾਲ ਹੀ ਜੋੜਿਆ ਅਤੇ ਇਹ ਵੀ ਕਿਹਾ ਕਿ ਇਸ ਦਾ ਵਿਰੋਧ ਸਿਰਫ਼ ਉਹ ਲੋਕ ਹਨ, ਜਿਨ੍ਹਾਂ ਦੀ ਫੈਕਟਰੀ ਦੇ ਨਾਲ ਜ਼ਮੀਨ ਲਗਦੀ ਹੈ, ਜਾਂ ਜਿਨ੍ਹਾਂ ਨੇ ਜ਼ਮੀਨ ਲਈ ਇਹ ਵੀ ਭਰਮ ਫੈਲਾਇਆ ਗਿਆ ਕਿ ਇਸ ਨਾਲ ਮਜ਼ਦੂਰ ਨੂੰ ਕੰਮ ਮਿਲੇਗਾ। ਖੇਤਰ ਦੀ 240 ਪਰਾਲੀ ਨੂੰ ਬਾਲਣ ਦੇ ਰੂਪ ਵਿਚ ਵਰਤਿਆ ਜਾਵੇਗਾ ਅਤੇ ਇਸ ਨੂੰ ਸੀਮਿੰਟ ਬਣਾਉਣ ਲਈ ਵਰਤਿਆ ਜਾਵੇਗਾ। ਇਸ ਪ੍ਰਾਪੇਗੰਡੇ ਲਈ ਨਿਸ਼ਾਨੇ ਸਨ। ਇਕ ਤਾਂ ਮਜ਼ਦੂਰਾਂ ਤੇ ਕਿਸਾਨਾਂ ਵਿਚ ਦਰਾਰ ਖੜ੍ਹੀ ਕਰਨਾ। ਦੂਸਰਾ ਫੈਲਾਉਣਾ ਕਿ ਪਰਾਲੀ ਦੀ ਕੀਮਤ ਵੀ ਦੇਵਾਂਗੇ। ਪਰ ਜਦੋਂ ਸੰਘਰਸ਼ ਸੰਮਤੀ ਇਸ ਰਾਖ ਦੇ ਧੂਏਂ ਨਾਲ ਆਬੋ ਹਵਾ ਦੇ ਪ੍ਰਦੂਸ਼ਣ ਅਤੇ ਰਾਖ ਹੋਰਾਂ ਫੈਕਟਰੀਆਂ ਦੇ ਤਜਰਬੇ ਨਾਲ ਇਲਾਕੇ ਨੂੰ ਪ੍ਰਦੂਸ਼ਤ ਦਾ ਤਰਕ ਦਿੱਤਾ ਤਾਂ ਇਹਦਾ ਜਵਾਬ ਕੋਈ ਨਹੀਂ ਸੀ।

ਸ਼ਾਂਤਮਈ ਇਸ ਅੰਦੋਲਨ ਵਿਚ ਤੇਜ਼ੀ ਉਸ ਸਮੇਂ ਆਈ ਹੈ ਜਦੋਂ 18 ਨਵੰਬਰ ਨੂੰ 25 ਨੂੰ ਪ੍ਰਸ਼ਾਸਨ ਨੇ 1100 ਤੋਂ ਉਪਰ ਪੁਲਿਸ ਕਰਮਚਾਰੀ ਨੂੰ ਘਰਾਂ ਤੋਂ ਚੁੱਕ ਲਿਆ, ਉਨ੍ਹਾਂ ਦੀ ਗ੍ਰਿਫ਼ਤਾਰੀ ਦੇ ਨਾਲ ਨਾਲ ਪੁਲਿਸ ਨੇ ਅਤੇ ਟਿੱਬੀ ਕਸਬੇ ਵਿਚ, ਗ੍ਰਿਫ਼ਤਾਰੀਆਂ ਸਾਥੀਆਂ ਨਾਲ ਫਲੈਗ 'ਚ ਕਰਕੇ ਇਲਾਕੇ ਨੂੰ ਦਹਿਸ਼ਤਜ਼ਦਾ ਕੀਤਾ। ਧਰਨਾ ਸਥਾਨ ਤੇ ਤੰਬੂਆਂ ਨੂੰ ਖਾੜ ਸੁੱਟਿਆ ਅਤੇ ਚਾਰ ਚੁਫ਼ੇਰੇ ਪੁਲਿਸ ਲਾ ਕੇ ਫੈਕਟਰੀ ਦੀ ਚਾਰਦੀਵਾਰ ਸ਼ੁਰੂ ਕਰਵਾ ਦਿੱਤੀ। ਇਸ ਘਟਨਾ ਨੇ ਜਿਥੇ ਇਸ ਖੇਤਰ ਦੇ ਦਹਿਸ਼ਤਜ਼ਦਾ ਕਰਨ ਲਈ ਭੂਮਿਕਾ ਨਿਭਾਉਣੀ ਚਾਹੀ, ਉਥੇ ਇਸ ਦਾ ਡਟਵਾਂ ਵਿਰੋਧ ਵੀ ਹੋਣਾ ਸ਼ੁਰੂ ਹੋਇਆ। ਉਹ ਮਜ਼ਦੂਰ ਜਿਹੜੇ ਉਸ ਸਮੇਂ ਤੱਕ ਇਸ ਸੰਘਰਸ਼ ਤੋਂ ਦੂਰ ਸਨ, ਉਹ ਵੀ ਇਸ ਦੀ ਹਮਾਇਤ 'ਚ ਆ ਖਲੋਤੇ ਅਤੇ ਟਿੱਬੀ ਸ਼ਹਿਰ ਦੇ ਲੋਕ ਅਤੇ ਇਸ ਖੇਤਰ ਦੀਆਂ ਸਮੂਹ ਜਥੇਬੰਦੀਆਂ ਵੀ ਸੰਘਰਸ਼ ਸੰਮਤੀ ਦੀ ਹਮਾਇਤ 'ਤੇ ਆਣ ਖਲੋਤੀਆਂ।

ਸੰਘਰਸ਼ ਸੰਮਤੀ ਨੇ ਇਸ ਵਿਰੁੱਧ ਵਿਸ਼ਾਲ ਮੀਟਿੰਗ ਕੀਤੀ ਤੇ ਕਿਹਾ ਕਿ ਪ੍ਰਸ਼ਾਸਨ ਪਰ ਅਮਨ ਸੰਘਰਸ਼ ਕਰ ਰਹੇ ਲੋਕਾਂ ਦੀ ਗੱਲ ਸੁਣਨ ਦੀ ਥਾਂ, ਪੁਲਿਸ ਦੇ ਦਮਨ ਰਾਹੀ ਇਸ ਆਵਾਜ਼ ਨੂੰ ਬੰਦ ਕਰਨ ਉਤੇ ਉਤਾਰੂ ਹੈ ਅਤੇ ਫੈਕਟਰੀ ਮਾਲਕਾਂ ਦੇ ਹੱਕ ਵਿਚ ਭੁਗਤ ਰਿਹਾ ਹੈ। ਪੁਲਿਸ ਤਾਕਤ ਦੇ ਜ਼ੋਰ ਨਾਲ ਇਹ ਜ਼ਹਿਰੀਲੀ ਫੈਕਟਰੀ ਇਥੇ ਸਥਾਪਤ ਕਰਨਾ ਚਾਹੁੰਦਾ ਹੈ ਤਾਂ ਇਲਾਕੇ ਦੇ ਲੋਕਾਂ ਨੇ ਇਸ ਵਿਰੁੱਧ ਜ਼ੋਰਦਾਰ ਆਵਾਜ਼ ਉਠਾਉਣ ਲਈ 10 ਦਸੰਬਰ ਨੂੰ ਫੈਕਟਰੀ ਦੇ ਸਾਹਮਣੇ ਵਿਸ਼ਾਲ ਰੈਲੀ ਕਰਨ ਦਾ ਪ੍ਰੋਗਰਾਮ ਉਲੀਕਿਆ।

10 ਦਸੰਬਰ ਨੂੰ ਇਲਾਕੇ ਵਿਚ ਇਸ ਇਥਾਲੀਨ ਫੈਕਟਰੀ ਵਿਰੁੱਧ ਸ਼ਾਂਤਮਈ ਰੋਸ ਪ੍ਰਦਰਸ਼ਨ ਵਿਚ ਲਗਭਗ 1000 ਦੇ ਕਰੀਬ ਲੋਕ ਜੁੜੇ ਸ਼ਾਂਤਮਈ ਪ੍ਰਦਰਸ਼ਨ ਚਲ ਰਿਹਾ ਸੀ ਪਰ ਕੋਈ ਵੀ ਜ਼ਿੰਮੇਵਾਰ ਅਧਿਕਾਰੀ ਬਾਰ-ਬਾਰ ਅਪੀਲਾਂ ਕਰਨ 'ਤੇ ਵੀ ਗੱਲਬਾਤ ਲਈ ਨਾ ਪਹੁੰਚਿਆ ਬਲਕਿ ਪੁਲਿਸ ਨੂੰ ਵੱਡੀ ਗਿਣਤੀ ਵਿਚ ਭੇਜਣਾ ਸ਼ੁਰੂ ਕਰ ਕਰ ਦਿੱਤਾ। ਜਦੋਂ ਪੁਲਿਸ ਦਾ ਦਬਾਅ ਵੱਧ ਰਿਹਾ ਸੀ ਤਾਂ ਰੋਹ 'ਚ ਆਏ ਸੰਘਰਸ਼ਸ਼ੀਲ ਲੋਕਾਂ ਨੇ ਫੈਕਟਰੀ ਵੱਲ ਕੂਚ ਕਰ ਦਿੱਤਾ। ਕੋਈ ਜ਼ਿੰਮੇਵਾਰੀ ਅਧਿਕਾਰੀ ਹਾਜ਼ਰ ਨਹੀਂ ਸੀ। ਸ਼ਾਮੀਂ ਪੰਜ ਵਜੇ ਪੁਲਿਸ ਨੇ ਜਿਵੇਂ ਹੀ ਦਹਿਸ਼ਤ ਨਾਲ ਅੰਦੋਲਨਕਾਰੀਆਂ ਨੂੰ ਦਹਿਸ਼ਤ ਨਾਲ ਦਬਾਉਣਾ ਚਾਹਿਆ ਤਾਂ ਰੋਹ 'ਚ ਆਈ ਇਨ੍ਹਾਂ ਕਿਸਾਨਾਂ ਨੇ ਫੈਕਟਰੀ ਦੀਆਂ ਕੰਧਾਂ ਨੂੰ ਢਾਹੁਣਾ ਸ਼ੁਰੂ ਕਰ ਦਿੱਤਾ। ਇਹ ਕਸਮਕਸ ਰਾਤ 8.30 ਵਜੇ ਤੱਕ ਚਲਦੀ ਰਹੀ। ਲੋਕਾਂ ਨੇ ਫੈਕਟਰੀ ਦੀਆਂ ਕੰਧਾਂ ਢਾਹ ਦਿੱਤੀਆਂ। ਪੁਲਿਸ ਨੇ ਲਾਠੀਚਾਰਜ ਵੀ ਕੀਤਾ ਅਤੇ ਅੱਥਰੂ ਗੈਸ ਦੇ ਗੋਲੇ ਵੀ ਸੁੱਟੇ ਅਤੇ ਗੋਲੀਆਂ ਵੀ ਚਲਾਈਆਂ।

ਸ਼ਾਮੀਂ 8.30 ਵਜੇ ਜ਼ਿਲ੍ਹਾ ਅਧਿਕਾਰੀ ਨੇ ਗੱਲਬਾਤ ਲਈ ਬੁਲਾਇਆ ਤਾਂ ਸੰਘਰਸ਼ ਸੰਮਤੀ ਦੇ ਸਤ ਆਗੂਆਂ ਦਾ ਵਫ਼ਦ ਲਿਆ ਜਿਸ 'ਚ ਸ਼ਬਨਮ ਗੋਦਾਰੀ, ਜਗਜੀਤ ਸਿੰਘ ਜੱਗਾ, ਇੰਦਰਜੀਤ, ਬਲਦੇਵ ਸਿੰਘ, ਪਿਆਰਾ ਸਿੰਘ, ਨਿਤਿਸ ਢਾਕਾ ਆਦਿ ਸਨ। ਇਨ੍ਹਾਂ ਨੇ ਪ੍ਰਸ਼ਾਸਨ ਨੂੰ ਸਵਾਲ ਕੀਤਾ ਕਿ ਜਦੋਂ ਸਵੇਰ ਦੇ ਅਸੀਂ ਗੱਲਬਾਤ ਲਈ ਸੱਦਾ ਦੇ ਰਹੇ ਹਾਂ, ਪ੍ਰਸ਼ਾਸਨ ਨੇ ਆਪਣੀ ਜ਼ਿੰਮੇਵਾਰੀ ਕਿਉਂ ਨਹੀਂ ਨਿਭਾਈ ਅਤੇ ਮਾਹੌਲ ਨੂੰ ਹਿਸਕ ਬਣਾਉਣ ਲਈ ਜ਼ਮੀਨ ਕਿਉਂ ਤਿਆਰ ਕੀਤੀ। ਪੁਲਿਸ ਤੇ ਪ੍ਰਸ਼ਾਸਨ ਸਿੱਧਾ ਜਬਰ 'ਤੇ ਉਤਰ ਆਇਆ ਹੈ।

ਇਸ ਰਾਤ ਪਿੰਡਾਂ ਵਿਚ ਪੁਲਿਸ ਦੀਆਂ ਗੱਡੀਆਂ ਦੇ ਹੂਟਰ ਗੂੰਜਦੇ ਰਹੇ, 29 ਸੰਘਰਸ਼ਸ਼ੀਲ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ। ਦੇਰ ਰਾਤ 11 ਵਜੇ ਕਾਮਰੇਡ ਰਾਮ ਜੀ ਉਰਫ਼ ਕਾਲਾ ਨੂੰ ਵੀ ਗ੍ਰਿਫ਼ਤਾਰ ਕਰ ਲਿਆ। 10 ਦਸੰਬਰ ਦੇ ਇਸ ਤਣਾਅ ਵਿਚ 95 ਕਿਸਾਨ ਜ਼ਖ਼ਮੀ ਹੋਏ ਜਿਸ 'ਚ 10 ਔਰਤਾਂ ਵੀ ਸਨ। 800 ਲੋਕਾਂ 'ਤੇ ਕੇਸ ਦਰਜ ਕਰ ਲਏ ਗਏ। 10 ਪੁਲਿਸ ਕਰਮਚਾਰੀਆਂ ਦੇ ਜ਼ਖ਼ਮੀ ਹੋਣ ਦਾ ਵੀ ਪ੍ਰਸ਼ਾਸਨ ਦਾਅਵਾ ਕਰ ਰਿਹਾ ਹੈ। ਕਈ ਗੱਡੀਆਂ ਤੇ ਜੇ.ਸੀ.ਬੀ. ਮਸ਼ੀਨਾਂ ਨੂੰ ਅੱਗ ਲਾ ਦਿੱਤੀ ਗਈ। ਸੰਘਰਸ਼ ਕਰ ਰਹੇ ਲੋਕਾਂ ਦਾ ਦਾਅਵਾ ਹੈ ਕਿ ਵਹੀਕਲਾਂ ਨੂੰ ਅੱਗ ਪੁਲਿਸ ਨੇ ਲਾਈ। ਸੰਘਰਸ਼ ਕਰ ਰਹੇ ਲੋਕ ਤਾਂ ਫੈਕਟਰੀ ਦੀਆਂ ਕੰਧਾਂ ਹੀ ਤੋੜ ਰਹੇ ਸਨ।

ਪਿਛੋਂ ਪ੍ਰਸ਼ਾਸਨ ਨੇ ਕਿਹਾ ਕਿ ਗੋਲੀਆਂ ਉਨ੍ਹਾਂ ਨਹੀਂ ਚਲਾਈਆਂ। ਇਹ ਬਾਹਰੋਂ ਆਏ ਲੋਕ ਸਨ ਤੇ ਇਹ ਖੋਲ ਪਾਕਿਸਤਾਨੀ ਅਸਲੇ ਦੇ ਹਨ ਪਰ ਸੰਘਰਸ਼ ਸੰਮਤੀ ਨੇ ਕਿਹਾ ਹੈ ਕਿ ਇਹ ਪੁਲਿਸ ਵਲੋਂ ਚਲਾਈਆਂ ਗਈਆਂ ਹਨ ਅਤੇ ਕਿਸਾਨ ਤੇ ਸੰਘਰਸ਼ਸ਼ੀਲ ਚਸ਼ਮਦੀਦ ਹਨ। ਇਹ ਵੀ ਜਾਂਚ ਹੋਣੀ ਚਾਹੀਦੀ ਹੈ ਅਤੇ ਦੋਸ਼ੀ ਪੁਲਿਸ ਕਰਮਚਾਰੀਆਂ ਵਿਰੁੱਧ ਕਾਰਵਾਈ ਹੋਣੀ ਚਾਹੀਦੀ ਹੈ ਜਾਂ ਸਾਫ਼ ਜ਼ਾਹਿਰ ਹੋਵੇ ਕਿ ਕਿਸ ਪ੍ਰਸ਼ਾਸਨਿਕ ਅਧਿਕਾਰੀ ਨੇ ਇਹ ਆਦੇਸ਼ ਜਾਰੀ ਕੀਤੇ ਹਨ।

12 ਦਸੰਬਰ ਨੂੰ ਜ਼ਿਲ੍ਹਾ ਪ੍ਰਸ਼ਾਸਨ ਨੇ ਫਿਰ ਮੀਟਿੰਗ ਸੱਦੀ ਸੀ ਜੋ ਬੇਸਿੱਟਾ ਰਹੀ। ਹਾਲਾਂਕਿ ਜ਼ਿਲ੍ਹਾ ਪ੍ਰਸ਼ਾਸਨ ਮੁਖੀ ਕੁਲੈਕਟਰ (ਡੀਸੀ) ਨੇ ਮੌਖਿਕ ਦਾਅਵਾ ਕੀਤਾ ਕਿ ਫੈਕਟਰੀ ਨਹੀਂ ਲੱਗੇਗੀ। ਇਸ ਮੀਟਿੰਗ ਵਿਚ ਪਹਿਲੀ ਵਾਰ ਭਾਜਪਾ ਦਾ ਵਿਧਾਇਕ ਤੇ ਆਗੂ ਸ਼ਾਮਲ ਹੋਇਆ। ਇਸ ਤੋਂ ਪਹਿਲਾਂ ਭਾਜਪਾ ਇਹੋ ਦਾਅਵਾ ਕਰਦੀ ਸੀ ਕਿ ਇਹ ਫੈਕਟਰੀ ਹਰ ਹਾਲਤ ਇਥੇ ਲੱਗੇਗੀ। ਲੰਬੀ ਗੱਲਬਾਤ ਵਿਚ ਅਧਿਕਾਰੀਆਂ ਨੇ ਦਲੀਲ ਦਿੱਤੀ ਕਿ ਜਦੋਂ ਇਕ ਵਾਰ ਮਨਜ਼ੂਰੀ ਮਿਲ ਚੁੱਕੀ ਹੈ, ਇਹ ਰੱਦ ਕਿਵੇਂ ਕੀਤੀ ਜਾਵੇ। ਕਿਸ ਅਧਾਰ 'ਤੇ ਕੀਤੀ ਜਾਵੇ। ਸੰਮਤੀ ਨੇ ਦਲੀਲਾਂ ਸਾਹਿਤ ਰਾਜਸਥਾਨ ਅਤੇ ਹੋਰਾਂ ਰਾਜਾਂ ਵਿਚ ਸ਼ਰਾਬ ਫੈਕਟਰੀਆਂ ਜਾਂ ਇਥਾਨੋਲ ਫੈਕਟਰੀਆਂ ਦੇ ਪ੍ਰਦੂਸ਼ਣ ਦੇ ਤੱਥਾਂ ਦੇ ਆਧਾਰਤ ਇਸ ਫੈਕਟਰੀ ਵਲੋਂ ਫੈਲਾਏ ਜਾਣ ਵਾਲੇ ਪ੍ਰਦੂਸ਼ਣ ਨੂੰ ਆਧਾਰਤ ਬਣਾਉਣ ਬਾਰੇ ਕਿਹਾ ਪਰ ਸਿੱਟਾ ਕੁਝ ਨਹੀਂ ਨਿਕਲਿਆ।

17 ਦਸੰਬਰ ਨੂੰ ਜ਼ਿਲ੍ਹਾ ਹੈਡਕੁਆਰਟਰ ਪੱਧਰ ਉਤੇ ਰੈਲੀ ਭਾਵ ਮਹਾਂ ਪੰਚਾਇਤ ਕਰਨ ਦਾ ਐਲਾਨ ਕੀਤਾ ਜਿਸ ਵਿਚ ਹੋਰਾਂ ਕਿਸਾਨ ਸੰਗਠਨਾਂ ਨੇ ਵੀ ਸ਼ਾਮਲ ਹੋਣ ਦੀ ਹਾਮੀ ਭਰੀ ਮੌਕੇ 'ਤੇ ਥਾਂ ਬਦਲਵੀਂ ਪਈ। ਇਸ ਮਹਾਂ ਪੰਚਾਇਤ ਵਿਚ ਵੱਡੀ ਗਿਣਤੀ 'ਚ ਮਜ਼ਦੂਰ, ਕਿਸਾਨ ਤੇ ਹੋਰ ਸੰਘਰਸ਼ਸ਼ੀਲ ਤਬਕੇ ਤੇ ਸ਼ਹਿਰਾਂ ਦੇ ਲੋਕ ਸ਼ਾਮਲ ਹੋਏ ਜਿਸ ਵਿਚ ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਆਗੂ ਰਾਕੇਸ਼ ਟਕੈਤ, ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਆਗੂ ਜੋਗਿੰਦਰ ਸਿੰਘ ਉਗਰਾਹਾਂ ਵੱਡੀ ਗਿਣਤੀ 'ਚ ਕਿਸਾਨ ਲੈ ਕੇ ਸ਼ਾਮਲ ਹੋਏ। ਇਸ ਤੋਂ ਇਲਾਵਾ ਪੀ. ਕ੍ਰਿਸ਼ਨ ਪਸਪੇਕਰ ਤਿਆਗੀਆ ਸਮੇਤ ਕਈ ਨੇਤਾ ਸ਼ਾਮਲ ਸਨ। ਇਸ ਰੈਲੀ ਨੇ ਇਸ ਨੂੰ ਕੌਮੀ ਪੱਧਰ ਦਾ ਮੁੱਦਾ ਬਣਾ ਦਿੱਤਾ। 17 ਦਸੰਬਰ ਨੂੰ ਵੀ ਪ੍ਰਸ਼ਾਸਨ ਨੇ ਗੱਲਬਾਤ ਲਈ ਸੱਦਿਆ ਪਰ ਗੱਲਬਾਤ ਕਿਸੇ ਵੀ ਸਿਰੇ ਨਾ ਲੱਗੀ। ਹਾਂ ਮੌਖਿਕ ਤੌਰ 'ਤੇ ਪ੍ਰਸ਼ਾਸਨ ਇਹ ਕਹਿੰਦਾ ਰਿਹਾ ਕਿ ਇਥੇ ਫੈਕਟਰੀ ਨਹੀਂ ਲੱਗੇਗੀ। ਲਿਖਤ ਕੁਝ ਨਹੀਂ।

ਸਥਾਨਕ ਸੰਘਰਸ਼ ਸੰਮਤੀ ਦੇ ਮੈਂਬਰ ਤੇ ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਜਗਜੀਤ ਸਿੰਘ ਜੱਗੀ ਨੇ ਕਿਹਾ ਕਿ ਜਦੋਂ ਤੱਕ ਲਿਖਤੀ ਕੋਈ ਆਦੇਸ਼ ਜਾਰੀ ਨਹੀਂ ਹੁੰਦਾ, ਪ੍ਰਸ਼ਾਸਨ ਅਤੇ ਫੈਕਟਰੀ ਮਾਲਕਾਂ 'ਤੇ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ। ਬੇਸ਼ੱਕ ਫੈਕਟਰੀ ਪ੍ਰਬੰਧਕਾਂ ਨੇ ਵੀ ਅਜਿਹਾ ਹੀ ਬਿਆਨ ਦਿੱਤਾ ਹੈ ਕਿ ਉਹ ਫੈਕਟਰੀ ਨਹੀਂ ਲਾਉਣਗੇ ਪਰ ਇਹ ਸੰਗ੍ਰਹਿ ਕਰਨ ਵਾਲੀ ਹੀ ਸ਼ਬਦਾਵਲੀ ਹੈ। ਇਸ 'ਤੇ ਵਿਸ਼ਵਾਸ ਨਹੀਂ ਕੀਤਾ ਜਾਂਦਾ ਜਦੋਂ ਤੱਕ ਇਹ ਆਦੇਸ਼ ਲਿਖਤੀ ਰੂਪ ਵਿਚ ਜਾਰੀ ਨਹੀਂ ਹੁੰਦਾ ਕਿ ਇਸ ਜ਼ਮੀਨ ਨੂੰ ਕਿਸ ਮੰਤਵ ਲਈ ਵਰਤਿਆ ਜਾਵੇਗਾ ਜਾਂ ਕਿਸਾਨਾਂ ਨੂੰ ਵਾਪਸ ਕੀਤਾ ਜਾਵੇਗਾ। ਪ੍ਰਸ਼ਾਸਨ ਇਹ ਕਹਿ ਕੇ ਪੱਲਾ ਝਾੜ ਲੈਂਦਾ ਹੈ ਕਿ ਤੁਹਾਡੀ ਗੱਲ ਉਪਰ ਭੇਜਾਂਗੇ।

ਅਗਲੀ ਮਹਾਂ ਪੰਚਾਇਤ ਸੰਗਰੀਆ ਕਸਬੇ ਵਿਚ 7 ਜਨਵਰੀ ਨੂੰ ਹੋਣ ਜਾ ਰਹੀ ਹੈ। ਜਗਜੀਤ ਸਿੰਘ ਜੱਗੀ ਨੇ ਦੱਸਿਆ ਕਿ ਇਸ ਲਈ ਤਿਆਰੀ ਜ਼ੋਰ ਸ਼ੋਰ ਨਾਲ ਚਲ ਰਹੀ ਹੈ। ਇਹ ਸੰਘਰਸ਼ ਰੁਕੇਗਾ ਨਹੀਂ ਨਾ ਹੀ ਅਸੀਂ ਪ੍ਰਸ਼ਾਸਨ ਤੇ ਫੈਕਟਰੀ ਮਾਲਕਾਂ ਦੇ ਗੁੰਮਰਾਹਕੁੰਨ ਪ੍ਰਚਾਰ ਦੀ ਗ੍ਰਿਫ਼ਤ ਵਿਚ ਆਵਾਂਗੇ। ਹਰ ਕੁਰਬਾਨੀ ਦੇ ਕੇ ਵੀ ਇਹ ਫੈਕਟਰੀ ਇਸ ਖੇਤਰ ਵਿਚ ਸਥਾਪਤ ਨਹੀਂ ਹੋਣ ਦਿਆਂਗੇ। ਇਸ ਲਈ ਲੋਕਾਂ ਨੂੰ ਜਾਗਰੂਕ ਕਰਾਂਗੇ। ਇਹ ਲੋਕਾਂ ਦੀ ਜ਼ਿੰਦਗੀ, ਸਿਹਤ ਅਤੇ ਵਾਤਾਵਰਣ ਦਾ ਮਾਮਲਾ ਹੈ। ਮਨੁੱਖ ਦੇ ਜਿਉਂਦੇ ਰਹਿਣਾ ਤੇ ਤੰਦਰੁਸਤੀ ਲਈ ਸੰਘਰਸ਼ ਹੈ ਜਿਸ 'ਚ ਹਰ ਵਰਗ ਦਾ ਨਾਗਰਿਕ ਸ਼ਾਮਲ ਹੋਵੇਗਾ।

GALAXY
Freightline Inc.
Logistics Ltd Calgary Alberta
Warehousing / Distribution
Manpreet Singh
Manager
780-604-0593
Office : 416-644-8881
7270 106 Ave SE Calgary, AB T2C 4Y5

# ਡਾ. ਕ੍ਰਿਸ਼ਨ ਚੰਦ 'ਕੌਮੀ' ਦੀਆਂ ਤਿੰਨ ਕਵਿਤਾਵਾਂ

## ਸ਼ਹੀਦ ਭਗਤ ਸਿੰਘ ਦੇ ਵਿਚਾਰ

(ਪਿਓ-ਪੁੱਤਰ 'ਚ ਵਾਰਤਾਲਾਪ)
ਇਕ ਦਿਨ ਮੇਰਾ ਪੁੱਤਰ ਮੈਨੂੰ,
ਆਪਣਾ ਲੱਗਾ ਆ ਕੇ
ਉਹ ਬੰਦਾ ਕਿੰਨਾ ਖਾ ਜਾਂਦਾ ਹੈ,
ਦੇਖੋ ਪਾਪਾ ਜਾ ਕੇ।

ਪਹਿਲਾਂ ਪੇਟ ਭਰ ਰੋਟੀ ਖਾਂਦਾ,
ਖਾਂਦਾ ਫੇਰ ਮਿਠਾਈ
ਖੂਬ ਮਿਠਾਈ ਖਾ ਲੈਂਦਾ ਜਦ,
ਦੁੱਧ ਪੀਂਦਾ ਸਣੇ ਮਲਾਈ।

ਪਰ ਦੂਜੀ ਤਰਫ਼ ਨੇ ਭੁੱਖੇ ਮਰਦੇ,
ਨਾ ਰੱਜਵੀਂ ਰੋਟੀ ਖਾਂਦੇ,
ਦਿਨੇ ਰਾਤ ਜੋ ਮਿਹਨਤ ਕਰਦੇ,
ਭੁੱਖੇ ਨੇ ਸੌਂ ਜਾਂਦੇ।

ਕੀ ਇਸ ਵਿਚ ਹੈ ਘੁੰਡੀ ਪਾਪਾ,
ਕੀ ਇਸ ਵਿਚ ਬੁਝਾਰਤ
ਰਗੜਾ ਝਗੜਾ ਇਸ ਵਿਚ ਕੀ ਹੈ,
ਕਿਸ ਦੀ ਇਹ ਸ਼ਰਾਰਤ।

ਨਾਲ ਪੂਰੇ ਵਿਸਥਾਰ ਦੇ ਪਾਪਾ,
ਇਹ ਗੱਲ ਸਾਰੀ ਦੱਸੋ,
ਨਾ ਟਾਲੋ ਬੱਚਿਆਂ ਵਾਲੀ ਕਹਿ ਕੇ,
ਨਾ ਤੁਸੀਂ ਇਸ 'ਤੇ ਹੱਸੋ।

ਪਾਪਾ ਜੀ ਤੁਸੀਂ ਦੱਸੋ ਜਲਦੀ,
ਅੱਜ ਮੈਂ ਪੁੱਛ ਕੇ ਛੱਡਣਾ,
ਇਸ ਵਿਚ ਹੈ ਜੋ ਕੋਈ ਬੁਝਾਰਤ,
ਉਸ ਦਾ ਫਸਤਾ ਵੱਢਣਾ।

ਜਲਦੀ ਨਾ ਕਰ ਬਹੁਤੀ ਬੱਚੇ,
ਹਰ ਇਕ ਗੱਲ ਸਮਝਾਵਾਂ
ਇਕ ਇਕ ਕੜੀ ਖੋਲ੍ਹ ਕੇ ਤੈਨੂੰ
ਸਾਰੀ ਆਖ ਸੁਣਾਵਾਂ।

ਦੋ ਧੜਿਆਂ ਵਿਚ ਦੁਨੀਆਂ ਵੰਡੀ,
ਇਕ ਛੋਟਾ ਇਕ ਮੋਟਾ
ਉਪਰੋਂ ਬੜਾ ਜੋ ਚੰਗਾ ਲਗਦਾ,
ਅੰਦਰੋਂ ਹੈ ਉਹ ਮੋਟਾ।

ਮੋਟਾ ਜਿਹੜਾ ਕੰਮ ਨਹੀਂ ਕਰਦਾ,
ਉਹ ਸਭ ਕੁਝ ਖਾ ਜਾਂਦਾ
ਦਿਨ ਰਾਤ ਜੋ ਕਰਦਾ ਮਿਹਨਤ,
ਹੈ ਭੁੱਖਾ ਸੌ ਜਾਂਦਾ।

ਨਾ ਘੁੰਡੀ ਨਾ ਬੜੀ ਬੁਝਾਰਤ,
ਗੱਲ ਬੜੀ ਹੈ ਸੌਖੀ-
ਤੇਰੇ ਵਰਗੇ ਬੱਚਿਆਂ ਲਈ ਵੀ,
ਨਹੀਂ ਸਮਝਣੀ ਔਖੀ।

ਮੋਟੇ ਦੇ ਹੱਥ ਵਿਚ ਨੇ ਸਾਧਨ,
ਜੋ ਸਭ ਕੁਝ ਨੇ ਉਪ ਜਾਂਦੇ।
ਬਿਨਾਂ ਸਾਧਨਾਂ ਵਾਲਿਆਂ ਦੀ ਉਹ,
ਮਿਹਨਤ ਲੁਟ ਲਿਜਾਂਦੇ।

ਸੱਪ ਵਾਂਗੂੰ ਮੋਟਾ ਸਾਧਨਾਂ ਉਤੇ,
ਬੈਠੇ ਕੁੰਡਲੀ ਮਾਰੀਂ
ਬਿਨਾਂ ਸਾਧਨੋ ਸਾਧਨਾਂ ਵਾਲਾ
ਇਹ ਘੁੰਡੀ ਹੈ ਸਾਰੀ।

ਇਸ ਘੁੰਡੀ ਨੂੰ ਖੋਲ੍ਹਣ ਦੇ ਲਈ,
ਪੁੱਤ ਕਰਨੀ ਪਊ ਲੜਾਈ
ਛੋਟੇ ਤਕੜੇ ਕਰਨ ਲਈ ਕੱਠੀ
ਕਰਨੀ ਪਊ ਲੋਕਾਈ।

ਛੋਟੇ ਕੱਠੇ ਕਰਨ ਲਈ ਪਾਪਾ,
ਹੈ ਕੀ ਕਰਨਾ ਪੈਣਾ
ਜਿਸ ਨਾਲ ਛੋਟੇ ਮੋਟੇ ਵਾਲਾ,
ਫਰਕ ਨਾ ਇਥੇ ਰਹਿਣਾ।

ਛੋਟੇ ਮੋਟੇ ਦੇ ਅੰਤਰ ਵਾਲਾ,
ਜੇ ਪੱਤ ਵੱਢਣਾ ਫਸਤਾ
ਉਸ ਦੇ ਲਈ ਅਪਣਾਉਣਾ ਪੈਣਾ,
ਭਗਤ ਸਿੰਘ ਦਾ ਰਸਤਾ।

ਭਗਤ ਸਿੰਘ ਦੇ ਰਸਤੇ 'ਤੇ ਚੱਲ,
ਇਨਕਲਾਬ ਹੈ ਲਿਆਉਣਾ।
ਜਿਸ ਨੇ ਸੁਣ ਲੈ ਸਭ ਨੂੰ ਬੱਚੇ,
ਪੱਧਰ ਇਕ ਬਣਾਉਣ।

ਉਸ ਵਿਚ ਨਾ ਕੋਈ ਰਹਿਣਾ ਛੋਟਾ,
ਨਾ ਕੋਈ ਮੋਟਾ ਹੋਊ।
ਨਾ ਕੋਈ ਬਹੁਤਾ ਖਾਊ ਇਥੇ,
ਨਾ ਕੋਈ ਭੁੱਖਾ ਸੌਊਂ।

ਉਸ ਸਮਾਜ ਦੇ ਅੰਦਰ ਬੱਚੇ,
ਨਾ ਕੋਈ ਹੋਊ ਭੁੱਖ ਕੰਗਾਲੀ।
ਸਭ ਦੇ ਲਈ ਸ਼ਾਵੀਂ ਜਿੰਦ ਹੋਊ,
ਹੋਊ ਖੁਸ਼ੀਆਂ ਵਾਲੀ।

ਉਸ ਵਿਚ ਸਭ ਕਰਨਗੇ ਮਿਹਨਤ,
ਹੱਸਣਗੇ ਵੀ ਸਾਰੇ
ਇੰਨੀ ਘੁੰਡੀ ਹੈ ਬੱਸ ਬੱਚੇ,
ਇਹੀ ਬੁਝਾਰਤ ਪਿਆਰੇ।

ਜੇਕਰ ਇਸ 'ਤੇ ਚੱਲਣਾ ਪਾਪਾ,
ਹੈਗਾ ਬੜਾ ਜ਼ਰੂਰੀ
ਫਿਰ ਕਿਸ ਚੀਜ਼ ਦੀ ਹਿਚਕਚਾਹਟ ਹੈ,
ਕਿਸ ਗੱਲ ਦੀ ਮਜ਼ਬੂਰੀ।

ਇਸ ਵਿਚ ਨਾ ਕੋਈ ਹਿਚਕਚਾਹਟ ਹੈ,
ਨਾ ਕੋਈ ਮਜ਼ਬੂਰੀ
ਜਿੰਦ ਵਾਰਨੀ ਪੈ ਸਕਦੀ ਹੈ,
ਤੈਅ ਕਰਨ ਲਈ ਇਹ ਦੂਰੀ।

ਇਸ ਦੀ ਖਾਤਰ ਜਿੰਦ ਵਾਰਨ ਲਈ
ਮੈਂ ਤਿਆਰ ਹਾਂ ਪਾਪਾ,
ਮੈਂ ਤਾਂ ਚਾਹੁਣਾ,
ਬਹੁਤ ਹੀ ਜਲਦੀ
ਮੁੱਕ ਜਾਏ ਇਹ ਸਿਆਪਾ।

## ਬਿਨਾਂ ਬਾਲ ਮਜ਼ਦੂਰੀ

ਸਾਨੂੰ ਉੱਜਲਾ ਭਵਿੱਖ ਚਾਹੀਦਾ,
ਬਿਨਾ ਬਾਲ ਮਜ਼ਦੂਰੀ,
ਹੋਵੇ ਸਭ ਬੱਚਿਆਂ ਦੀ ਜ਼ਿੰਦਗੀ,
ਜਿਸ ਦੇ ਵਿਚ ਸੰਧੂਰੀ,

ਤਨ ਤੋਂ ਨੰਗਾ, ਢਿੱਡੋਂ ਭੁੱਖਾ,
ਨਾ ਕੋਈ ਬੱਚਾ ਹੋਵੇ,
ਬਚਪਨ, ਜਵਾਨੀ ਅਤੇ ਬੁਢਾਪਾ,
ਸਭ ਲਈ ਸੱਚਾ ਹੋਵੇ,
ਹਰ ਕੋਈ ਬੱਚਾ ਜਾਏ ਸਕੂਲੇ,
ਕਰੇ ਪੜ੍ਹਾਈ ਪੂਰੀ,
ਸਾਨੂੰ ਉੱਜਲਾ ਭਵਿੱਖ ਚਾਹੀਦਾ....।

ਕਾਪੀਆਂ ਅਤੇ ਕਿਤਾਬਾਂ ਦੀ ਵੀ,
ਨਾ ਥੁੜ ਕਿਸੇ ਨੂੰ ਹੋਵੇ,
ਪੈਨ, ਪੈਂਸਿਲ ਅਤੇ ਰਬੜ ਲਈ,
ਨਾ ਕੋਈ ਬੱਚਾ ਰੋਵੇ,
ਨਾ ਕਿਸੇ ਬੱਚੇ ਬੱਚੀ ਦੀ,
ਪੜ੍ਹਾਈ ਰਹੇ ਅਧੂਰੀ,
ਸਾਨੂੰ ਉੱਜਲਾ ਭਵਿੱਖ ਚਾਹੀਦਾ...।

ਕੂੜੇ ਦੇ ਢੇਰਾਂ 'ਤੇ ਰੁਲਦਾ,
ਨਾ ਬਚਪਨ ਨਜ਼ਰੀਂ ਆਵੇ,
ਨਾ ਕਿਸੇ ਬੇਵੱਸ ਬੱਚੀ ਦੀ,
ਪੱਤ ਲੁੱਟੀ ਜਾਵੇ,
ਨਾ ਕੋਈ ਬੱਚਾ ਭੁੱਖਾ ਮਰੇ ਤੇ,
ਨਾ ਕੋਈ ਖਾਵੇ ਚੂਰੀ
ਸਾਨੂੰ ਉੱਜਲਾ ਭਵਿੱਖ ਚਾਹੀਦਾ...

ਜੇਕਰ ਦੇਸ਼ ਦੇ ਵਿਚੋਂ,
ਬਾਲ ਮਜ਼ਦੂਰੀ ਤਾਈਂ ਮੁਕਾਉਣਾ,
ਸਮਾਜਿਕ ਨਿਆਂ ਤੇ
ਮਨੁੱਖੀ ਸਮਤਾ ਵਾਲਾ,
ਪਊ ਸਮਾਜ ਬਣਾਉਣਾ,
ਜ਼ਿੰਦਗੀ ਦੀਆਂ ਲੋੜਾਂ ਪੂਰਨ ਦੀ,
ਜਿਥੇ ਹੋਵੇ ਵਿਵਸਥਾ ਪੂਰੀ।
ਸਾਨੂੰ ਉੱਜਲਾ ਭਵਿੱਖ ਚਾਹੀਦਾ,
ਬਿਨਾਂ ਬਾਲ ਮਜ਼ਦੂਰੀ,
ਹੋਵੇ ਸਭ ਬੱਚਿਆਂ ਦੀ ਜ਼ਿੰਦਗੀ,
ਜਿਸ ਦੇ ਵਿਚ ਸੰਧੂਰੀ।

**ਡਾ. ਕ੍ਰਿਸ਼ਨ ਚੰਦ 'ਕੌਮੀ'**

## ਪਿੰਡ ਦੀ ਵਿਉਂਤਬੰਦੀ ਅਤੇ ਪੰਚਾਇਤ

ਅਜੋ ਆਪਾਂ ਰਲ ਹਾਣੀਓ,
ਪਿੰਡ ਦੀ ਵਿਉਂਤ ਬਣਾਈਏ
ਨਾਲ ਲੈ ਕੇ ਸਾਰੇ ਲੋਕਾਂ ਨੂੰ,
ਪਿੰਡ ਆਪਣਾ ਰੁਸ਼ਨਾਈਏ

ਸਿੱਖਿਆ ਪੜ੍ਹਾਈ ਹੈਗੀ,
ਸਭ ਲਈ ਜ਼ਰੂਰੀ ਬਈ
ਨਹੀਂ ਅਸੀਂ ਪੜ੍ਹ ਸਕੇ,
ਕੋਈ ਹੋਊ ਮਜ਼ਬੂਰੀ ਬਈ
ਪਿੰਡ ਦੇ ਹਰ ਬੱਚੇ-ਬੱਚੀ ਨੂੰ,
ਪੜ੍ਹਨ ਸਕੂਲੇ ਪਾਈਏ
ਆਜੋ ਆਪਾਂ....

ਕਹਿੰਦੇ ਨੇ ਸਿਆਣੇ ਹੋਵੇ,
ਚੌਗਿਰਦਾ ਜੇ ਸਾਫ਼ ਬਈ
ਸਾਰੀਆਂ ਬਿਮਾਰੀਆਂ ਦਾ,
ਹੋਜੇ ਆਪੇ ਨਾਸ ਬਈ
ਢੇਰ ਕੂੜੇ ਦੇ ਨਾ,
ਥਾਂ-ਥਾਂ ਉਤੇ ਲਾਈਏ
ਆਜੋ ਆਪਾਂ....

ਚੇਤੰਨਤਾ ਹੁੰਦੀ,
ਸਭ ਉਦਮਾਂ ਦੀ ਮਾਂ ਬਈ
ਨੌਂ ਸਿਧ ਆਵੇ ਆਪੇ,
ਜੇ ਸਾਰੇ ਹੋਣ ਇਕ ਥਾਂ ਬਈ
ਨਿੱਕੇ-ਮੋਟੇ, ਛੋਟੇ-ਵੱਡੇ ਦਾ,
ਫਰਕ ਮਿਟਾਈਏ
ਆਜੋ ਆਪਾਂ...

ਪਿੰਡ ਪੰਚਾਇਤ ਨੇ,
ਨਿਭਾਉਣਾ ਮੋਹਰੀ ਰੋਲ ਬਈ
ਹੋਊ ਸਾਰੀ ਤਾਕਤ,
ਗਰਾਮ ਸਭਾ ਕੋਲ ਬਈ
ਪਿੰਡ ਦੇ ਵਿਕਾਸ ਲਈ,
ਹਰ ਮਤਾ ਗ੍ਰਾਮ ਸਭਾ ਵਿਚ ਹੀ ਪਵਾਈਏ
ਆਜੋ ਆਪਾਂ....

ਚੁਣੀ ਹੋਈ ਪੰਚਾਇਤ ਹੋਵੇ,
ਨਿਰਭਉ ਨਿਰਵੈਰ ਬਈ
ਸਾਂਝੀਵਾਲ ਸਦਾਇਣ ਸਭੈ,
ਨਾ ਦਿਸੈ ਕੋਈ ਗੈਰ ਬਈ
ਆਪਾਂ ਹਰ ਇਕ ਤਾਈਂ,
ਗਲ਼ ਨਾਲ ਲਾਈਏ
ਆਜੋ ਆਪਾਂ ਰਲ ਹਾਣੀਓ,
ਪਿੰਡ ਦੀ ਵਿਉਂਤ ਬਣਾਈਏ
ਨਾਲ ਲੈ ਕੇ ਸਾਰੇ ਲੋਕਾਂ ਨੂੰ,
ਪਿੰਡ ਆਪਣਾ ਰੁਸ਼ਨਾਈਏ।

**ਡਾ. ਕ੍ਰਿਸ਼ਨ ਚੰਦ 'ਕੌਮੀ'**
+91 94173 92254
416-268-4253

## ਮਾਰੇ ਜਾਣਗੇ

ਜੋ ਬੋਲਣਗੇ
ਉਹ ਤਾਂ ਮਾਰੇ ਹੀ ਜਾਣਗੇ
ਉਹ ਵੀ ਮਾਰੇ ਜਾਣਗੇ
ਜੋ ਚੁੱਪ ਰਹਿਣਗੇ

ਜੋ ਗਾਉਣਗੇ
ਵਡਿਆਈ ਦੇ ਗੀਤ
ਪੜ੍ਹਨਗੇ ਕਸੀਦੇ
ਚੱਟਣਗੇ ਤਲਵੇ
ਬਚਣਗੇ ਉਹ ਵੀ ਨਹੀਂ

ਅੱਗ ਦੀ ਦੁਕਾਨ ਖੋਲ੍ਹ ਕੇ
ਵਸੇ ਹੋਏ ਨੇ ਵਿਚ ਬਜ਼ਾਰ
ਇਕ ਹੋਵੇ
ਭਾਵੇਂ ਹੋਣ ਹਜ਼ਾਰ

ਉਹਨਾਂ ਦੀ ਹੌਲੀ ਵੀ ਸੜੇਗੀ
ਬੇਸਮਝ ਹੁੰਦੀ ਦੇ ਅੱਗੇ
ਕੁਝ ਮਰਨਗੇ ਸੜ ਕੇ
ਕੁਝ ਮਾਰ ਕੇ
ਸਾੜੇ ਜਾਣਗੇ

ਮਾਰਨ ਤੋਂ ਠੀਕ ਪਹਿਲਾਂ
ਕੁਝ ਲੋਕ ਹੋਣਗੇ ਜਿਉਂਦੇ
ਪਰ ਜੋ ਪਹਿਲਾਂ ਤੋਂ ਹੀ ਮਰੇ ਹੋਏ ਨੇ
ਉਹ ਵੀ ਮਾਰੇ ਜਾਣਗੇ।

**ਮੂਲ ਲਿਖਤ : ਹੂਬਨਾਥ ਪਾਂਡੇ**
**ਅਨੁਵਾਦ : ਲਖਵੀਰ ਸਿੰਘ**

## ਤੌੜੇ ਜਿੱਡਾ ਢਿੱਡ

ਮਾਂ ਪੁੱਛਦੀ!
ਕਿੱਥੇ ਚੱਲੀ ਹੈਂ?

ਬਾਹਰ ਮਜ਼ਦੂਰ ਮੁਜ਼ਾਹਰਾ ਕਰ ਰਹੇ ਹਨ
ਭੁੱਖੇ ਪਿਆਸੇ ਆਪਣੀਆਂ ਮੰਗਾਂ ਲਈ ਲੜ
ਰਹੇ ਹਨ
ਉਨ੍ਹਾਂ ਨੂੰ ਸਪੋਰਟ ਕਰਨ ਚੱਲੀ ਹਾਂ
ਉਨ੍ਹਾਂ ਦਾ ਮਨੋਬਲ ਵਧਾਉਣ ਚੱਲੀ ਹਾਂ
ਉਨ੍ਹਾਂ ਦਾ ਹੌਸਲਾ ਵਧਾਉਣ ਚੱਲੀ ਹਾਂ
ਇਹ ਲੜਾਈ ਕਿਸ ਤਰ੍ਹਾਂ ਜਿੱਤਣੀ ਹੈ
ਇਹ ਸਮਝਾਉਣ ਚੱਲੀ ਹਾਂ

ਹਾਏ!
ਤੂੰ ਤੌੜੇ ਜਿੱਡਾ ਢਿੱਡ ਲੈ ਕੇ
ਬਾਹਰ ਲੋਕਾਂ ਵਿੱਚ ਜਾਵੇਗੀ
ਚੰਗੀ ਤਰ੍ਹਾਂ ਚੁੰਨੀ ਨਾਲ ਢੱਕ ਲੈ
ਆਪਣੇ ਲੋਕ ਪਸੰਦ ਨਹੀਂ ਕਰਦੇ
ਲੋਕ ਦੇਖਣਗੇ
ਬੁੜ ਬੁੜ ਕਰਨਗੇ
ਅੱਖਾਂ ਦਿਖਾਉਣਗੇ
ਮੂੰਹ ਵਿੱਚ ਜੀਭ ਤੋਂ ਗਾਲ੍ਹਾਂ ਦਾ
ਪਾਠ ਪੂਜਾ ਕਰਵਾਉਣਗੇ
ਉਲਾਂਭੇ ਲੈ ਲੈ ਕੇ ਆਉਣਗੇ
ਘਰ ਦੀ ਦੇਹਲੀ ਘਸਾਉਣਗੇ

ਮਾਂ!
ਮੈਂ ਇਹ ਤੌੜੇ ਜਿੱਡਾ ਢਿੱਡ
ਸਟੋਰ ਤੋਂ ਨਹੀਂ ਖ਼ਰੀਦਿਆ
ਬੜੀ ਭੱਜ ਨੱਠ ਨਾਲ
ਮਿਹਨਤ ਨਾਲ
ਰਾਤਾਂ ਨੂੰ ਜਾਗ ਜਾਗ ਕੇ
ਓਵਰਟਾਈਮ ਲਗਾ ਕੇ ਬਣਾਇਆ ਹੈ
ਇਹ ਤੌੜਾ ਤਾਂ ਮੇਰੇ ਲਈ "ਸੰਨੀ ਡੇਅ"
ਲੈ ਕੇ ਆਵੇਗਾ
ਮੈਨੂੰ ਵਧੀਆ ਜਿਹਾ ਖਿਡਾਉਣਾ ਦੇ ਕੇ
ਮੇਰੀ ਝੋਲੀ ਖੁਸ਼ੀਆਂ ਨਾਲ ਭਰ ਜਾਵੇਗਾ

ਇਸ ਤੌੜੇ ਨੂੰ ਬਣਾਉਣ ਲਈ
X X, X Y ਦੀਆਂ ਦੌੜਾਂ ਲੱਗੀਆਂ
ਮੂਹਰੇ ਨਿੱਕਲਣ ਲਈ ਬਹੁਤ ਜ਼ੋਰ ਲੱਗਿਆ
ਮੈਨੂੰ ਤਾਂ ਅਜੇ ਇਹ ਵੀ ਪਤਾ ਨਹੀਂ ਕਿ
X and Y ਵਿੱਚੋਂ ਕੌਣ ਜਿੱਤਿਆ

ਕਿਉਂ ਲਕੋਵਾਂ ਮੈਂ ਲੋਕਾਂ ਤੋਂ
ਇਸ ਵਿੱਚ ਮੇਰੇ ਲਈ ਸਭ ਤੋਂ ਕੀਮਤੀ ਚੀਜ਼ ਹੈ
ਮਾਂ ਇਸ ਤੌੜੇ ਨੇ ਹੀ ਤਾਂ ਦੁਨੀਆਂ ਨੂੰ
ਜਿਉਂਦੀ, ਜਾਗਦੀ ਤੇ ਤੁਰੀ ਫਿਰਦੀ ਰੱਖਣਾ ਹੈ

ਮੈਂ ਇਸ ਤਰ੍ਹਾਂ ਹੀ ਜਾਊਂਗੀ
ਬਗੈਰ ਢਕੇ ਤੋਂ ਹੀ ਜਾਊਂਗੀ
ਧੌਣ ਉੱਚੀ ਕਰਕੇ
ਮਾਣ, ਸਤਿਕਾਰ, 'ਤੇ ਸਵੈਮਾਣ ਨਾਲ ਜਾਊਂਗੀ
ਹੋਰ ਕੁੜੀਆਂ ਨੂੰ ਇਸ ਗੰਦੀ ਸੋਚ ਤੋਂ ਮੁਕਤ
ਕਰਾਊਂਗੀ
ਗੰਦੀ ਨਜ਼ਰ ਵਾਲੇ ਬੇਵਕੂਫ਼ ਨੂੰ
ਮਿਡਲ ਫਿੰਗਰ ਦਿਖਾਊਂਗੀ

ਦੁਨੀਆ ਨੂੰ ਅਗਾਂਹ ਤੁਰਦੀ ਰੱਖਣ ਵਿੱਚ
ਤੌੜੇ ਦੀ ਮਹੱਤਤਾ ਸਮਝਾਊਂਗੀ
ਦੁਨੀਆ ਨੂੰ ਅਗਾਂਹ ਤੁਰਦੀ ਰੱਖਣ ਵਿੱਚ
ਤੌੜੇ ਦੀ ਮਹੱਤਤਾ ਸਮਝਾਊਂਗੀ।

**ਸਨੀ ਧਾਲੀਵਾਲ**
**ਐਡਮਿੰਟਨ**

## ਨਵਾਂ ਸਾਲ

ਹਿੰਦਸਿਆਂ ਦੀ ਖੇਡ ਖੇਡਦਾ,
ਬੀਤ ਗਿਆ ਇੱਕ ਹੋਰ ਸਾਲ,
ਇਹੀ ਖੇਡਾਂ ਖੇਡਣ ਦੇ ਲਈ,
ਆ ਚੜ੍ਹਿਆ ਹੁਣ ਨਵਾਂ ਸਾਲ,
ਬੀਤਿਆ ਵਰ੍ਹਾ ਛੱਡ ਕੇ ਤੁਰ ਗਿਆ,
ਮਨ ਮਸਤਕ ਵਿੱਚ ਕਈ ਸੁਆਲ?
ਨਵਾਂ ਵਰ੍ਹਾ ਵੀ ਚੁੱਕੀ ਲਿਆਉਂਦੈ,
ਇਹੋ ਜਿਹੇ ਅਨੇਕ ਸੁਆਲ?
ਪਾੜਾ ਦਿਨੋਂ ਦਿਨ ਵਧਦਾ ਜਾਵੇ,
ਕਿਉਂ ਐ ਸਾਡੇ ਮੰਦੜੇ ਹਾਲ?
ਬੰਦਾ, ਬੰਦੇ ਦਾ ਵੈਰੀ ਬਣਾਤਾ,
ਕੌਣ ਖੇਡ ਰਿਹੈ ਕੋਝੀ ਚਾਲ?
ਕਤਲੋਗਾਰਤ ਤੇ ਖੁਦਕੁਸ਼ੀਆਂ ਦੀਆਂ,
ਖਬਰਾਂ ਪੜ੍ਹ ਪੜ੍ਹ ਮਨ ਬੇਹਾਲ,
ਨਿੱਤ ਨਿੱਤ ਨਵੇਂ ਫੁਰਮਾਨ ਸੁਣੀਂਦੇ,
ਜਿਉਣਾ ਸਾਡਾ ਹੋਇਆ ਮੁਹਾਲ,
ਹੋਰ ਕਿੰਨਾ ਕੁ ਰੱਖੀਏ ਜਿਗਰਾ,
ਹੋਰ ਕਿੰਨੀ ਕੁ ਝੱਲੀਏ ਝਾਲ?
ਸਬਰਾਂ ਦੇ ਘੁੱਟ ਭਰਦੇ ਭਰਦੇ,
ਬੀਤ ਗਏ ਸਾਲਾਂ ਦੇ ਸਾਲ,
ਘੜ ਘੜ ਰੋਜ਼ ਹੀ ਨਵੀਆਂ ਨੀਤੀਆਂ,
ਵਿਛਾ ਰੱਖਿਆ ਹੈ ਜੋ ਤੰਦੂਆ ਜਾਲ,
ਸਿਰ ਜੋੜ ਕੋਈ ਵਿਉਂਤ ਬਣਾਈਏ,
ਕਿਵੇਂ ਤੋੜੀਏ ਇਹ ਜ਼ੰਜਾਲ?
ਨਵੀਆਂ ਸੋਚਾਂ, ਨਵੀਆਂ ਆਸਾਂ ਸੰਗ,
ਮੁਬਾਰਕ ਹੋਵੇ ਨਵਾਂ ਸਾਲ,
ਮੁਬਾਰਕ ਹੋਵੇ ਨਵਾਂ ਸਾਲ....

**ਕਮਲ ਬਠਿੰਡਾ**
9463023100

## ਬਾਪੂ ਵੇਖਦਾ ਰਹੀਂ ਤੂੰ ਬੈਠ ਕੰਢੇ

ਬਾਪੂ ਵੇਖਦਾ ਰਹੀਂ ਤੂੰ ਬੈਠ ਕੰਢੇ
ਕਿਵੇਂ ਤਰਨਗੇ ਜੁਝਾਰ ਅਜੀਤ ਤੇਰੇ
ਟੁੱਭੀ ਮਾਰ ਕੇ 'ਸਰਸਾ' ਦੇ ਰੋੜ੍ਹ ਅੰਦਰ
ਕੱਢ ਲਵਾਂਗੇ ਸਾਰੇ ਹੀ ਗੀਤ ਤੇਰੇ

ਏਸ ਕੱਚੀ ਚਮਕੌਰ ਦੀ ਗੜ੍ਹੀ ਮੂਹਰੇ
ਕਿਲ੍ਹਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ
ਝੋਰਾ ਕਰੀਂ ਨਾ ਕਿਲ੍ਹੇ ਅਨੰਦਪੁਰ ਦਾ
ਕੁੱਲੀ ਕੁੱਲੀ ਨੂੰ ਕਿਲ੍ਹਾ ਬਣਾ ਦਿਆਂਗੇ

ਮਾਛੀਵਾੜੇ ਦੇ ਸੱਥਰ ਦੇ ਗੀਤ ਵਿੱਚੋਂ
ਅਸੀ ਉਠਾਂਗੇ ਚੰਡੀ ਦੀ ਵਾਰ ਬਣ ਕੇ
ਜਿਨ੍ਹਾਂ ਸੂਲਾਂ ਨੇ ਦਿੱਤਾ ਨਾ ਸੌਣ ਤੈਨੂੰ
ਛਾਂਗ ਦਿਆਗੇ ਖੰਡੇ ਦੀ ਧਾਰ ਬਣ ਕੇ

ਬਾਪੂ! ਸੱਚੇ ਇਕ ਕੌਮੀ ਸਰਦਾਰ ਤਾਈਂ
ਪੀਰ ਉੱਚ ਦਾ ਵੀ ਬਣਨਾ ਪੈ ਸਕਦੈ
ਖ਼ੂਨ ਜਿਗਰ ਦੇ ਨਾਲ ਤਾਂ ਜ਼ਫਰਨਾਮਾ
ਤੇਰੀ ਕਲਮ ਨੂੰ ਵੀ ਘੜਨਾ ਪੈ ਸਕਦੈ

(ਪਰ) ਜਿਨ੍ਹਾਂ ਕੰਧ ਸਰਹੰਦ ਦੀ ਤੋੜਨੀ ਏਂ
ਅਜੇ ਤੱਕ ਉਹ ਸਾਡੇ ਹਥਿਆਰ ਜਿਉਂਦੇ
ਗੂਠਾ ਲਾਇਆ ਨਹੀ ਜਿਨ੍ਹਾਂ ਬੇਦਾਵਿਆਂ 'ਤੇ
ਸਿੰਘ ਅਜੇ ਵੀ ਲੱਖ ਹਜ਼ਾਰ ਜਿਉਂਦੇ


ਆਪਣੇ ਛੋਟਿਆਂ ਪੁੱਤਾਂ ਦੀ ਵੇਲ ਤਾਈਂ
ਜੇਕਰ ਅੱਗ 'ਤੇ ਚੜ੍ਹੇ ਤਾਂ ਚੜ੍ਹਨ ਦੇਵੀ
ਸਾਡੀ ਮੜ੍ਹੀ 'ਤੇ ਉੱਗੇ ਹੋਏ ਘਾਹ ਅੰਦਰ
ਠਾਹਰ ਸਿੰਘਾਂ ਦੀ ਬਣੇ ਤਾਂ ਬਣਨ ਦੇਵੀਂ

ਐਪਰ ਜਬਰ ਅੱਗੇ ਕਿੱਦਾਂ ਸਬਰ ਕਰੀਏ
ਅਸੀ ਇਹੋ ਜੀ ਜ਼ਹਿਰ ਨਾ ਪੀ ਸਕਦੇ
ਨੱਕ ਮਾਰ ਕੇ ਡੰਗਰ ਵੀ ਜਿਉਣ ਜਿਸਨੂੰ
ਅਸੀ ਜੂਨ ਅਜਿਹੀ ਨਾ ਜੀ ਸਕਦੇ।

**-ਸੰਤ ਰਾਮ ਉਦਾਸੀ**

ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਅਨੁਵਾਦਕ ਇਨਕਲਾਬੀ, ਤਰਕਸ਼ੀਲ, ਵਿਗਿਆਨਕ, ਕਵਿਤਾਵਾਂ,
ਗੀਤ, ਨਾਵਲ, ਕਹਾਣੀਆਂ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ ਸਿੰਘ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਮਹਾਨ ਇਨਕਲਾਬੀ ਬਾਬਾ ਸੋਹਣ ਸਿੰਘ ਭਕਨਾ



ਦੇਸ਼ ਦੀ ਜੰਗੇ ਅਜ਼ਾਦੀ ਦੀ ਲਹਿਰ ਵਿੱਚ ਬਾਬਾ ਸੋਹਣ ਸਿੰਘ ਭਕਨਾ ਇੱਕ ਅਜਿਹਾ ਨਾਂ ਰਿਹਾ ਹੈ, ਜਿਸਦੇ ਜਦੋਂ ਤੱਕ ਸਰੀਰ ਵਿੱਚ ਜ਼ਿੰਦਗੀ ਦਾ ਆਖ਼ਰੀ ਕਿਣਕਾ ਧੜਕਦਾ ਰਿਹਾ, ਉਦੋਂ ਤੱਕ ਉਨ੍ਹਾਂ ਇੱਕ ਇਨਕਲਾਬੀ ਦੀ ਜ਼ਿੰਦਗੀ ਜੀਵੀ। ਜ਼ਿੰਦਗੀ ਦੀ ਢਲ਼ਦੀ ਸ਼ਾਮ ਤੱਕ ਸਾਡਾ ਇਹ ਨੌਜਵਾਨ ਬਾਬਾ ਇਨਕਲਾਬ ਦਾ ਚਿੰਨ੍ਹ ਬਣਿਆ ਰਿਹਾ ਅਤੇ ਅੱਜ ਵੀ ਹੈ। ਦੇਸ਼ ਦੇ ਚੰਗੇ ਭਵਿੱਖ ਲਈ ਉਨ੍ਹਾਂ ਦਾ ਨੌਜਵਾਨਾਂ ਵਰਗਾ ਭਰੋਸਾ ਅਤੇ ਜਜ਼ਬਾ ਅਖ਼ੀਰ ਤੱਕ ਅਡੋਲ ਰਿਹਾ। ਬਾਬਾ ਸੋਹਣ ਸਿੰਘ ਭਕਨਾ ਸ਼੍ਰੋਮਣੀ ਇਨਕਲਾਬੀਆਂ 'ਚੋਂ ਇੱਕ ਅਤੇ ਇਨਕਲਾਬੀ ਲਹਿਰ ਦੀ ਕਲਗੀ ਰਹੇ ਅਤੇ ਹਨ।

ਬਾਬਾ ਜੀ ਦਾ ਜਨਮ ਅੰਮ੍ਰਿਤਸਰ ਤੋਂ ਦਸ ਮੀਲ ਪੱਛਮ ਵੱਲ ਭਕਨਾ ਪਿੰਡ ਵਿੱਚ 1870 ਦੇ ਮਾਘ ਮਹੀਨੇ ਰਾਮ ਕੌਰ ਦੀ ਕੁੱਖੋਂ ਪਿਤਾ ਕਰਮ ਸਿੰਘ ਦੇ ਘਰ ਹੋਇਆ। 38 ਸਾਲਾਂ ਦੀ ਉਮਰ ਵਿੱਚ ਸੰਨ 3 ਫਰਵਰੀ, 1909 ਘਰ ਦੀ ਆਰਥਕ ਹਾਲਤ ਨੂੰ ਸੁਧਾਰਨ ਦਾ ਸੁਪਨਾ ਲੈਕੇ ਅਮਰੀਕਾ ਨੂੰ ਚਾਲੇ ਪਾ ਦਿੱਤੇ। ਪੋਰਟਲੈਂਡ ਵਿੱਚ ਲੱਕੜ ਦੇ ਕਾਰਖ਼ਾਨੇ ਵਿੱਚ ਕੰਮ ਕੀਤਾ। ਤਿੰਨ ਸਾਲ ਲੱਕੜ ਦੇ ਕਾਰਖ਼ਾਨੇ 'ਚ ਕੰਮ ਕਰਦਿਆਂ ਉਨ੍ਹਾਂ ਦੇਸ਼ ਦੀ ਗ਼ੁਲਾਮੀ ਦੀਆਂ ਹਾਲਤਾਂ ਦਾ ਅਹਿਸਾਸ ਅੱਖੀਂ ਵੇਖਿਆ ਤੇ ਹੱਡੀਂ ਹੰਢਾਇਆ, ਜਿਸਨੂੰ ਬਾਬਾ ਸੋਹਣ ਸਿੰਘ ਭਕਨਾ ਨੇ ਆਪਣੀਆਂ ਕਿਰਤਾਂ 'ਜੀਵਨ ਸੰਗਰਾਮ' ਅਤੇ 'ਮੇਰੀ ਰਾਮ ਕਹਾਣੀ' ਵਿੱਚ ਵੀ ਲਿਖਿਆ ਹੈ। ਵਿਦੇਸ਼ ਜਾਣ ਤੋਂ ਪਹਿਲਾਂ ਵੀ ਬਾਬਾ ਜੀ ਸ਼ਹੀਦ ਭਗਤ ਸਿੰਘ ਦੇ ਚਾਚਾ ਅਜੀਤ ਸਿੰਘ ਵੱਲੋਂ ਚਲਾਈ ਜਾ ਰਹੀ 'ਪਗੜੀ ਸੰਭਾਲ ਜੱਟਾ' ਲਹਿਰ ਦੇ ਰਸਾਲਿਆਂ ਨਾਲ਼ ਵਾਕਫ਼ ਸਨ। ਆਪਣੇ ਨਾਲ਼ ਦੇ ਸਾਥੀਆਂ ਨਾਲ਼ ਮਿਲ਼ਕੇ ਬਰਤਾਨਵੀ ਸਾਮਰਾਜੀ ਗ਼ੁਲਾਮੀ ਦਾ ਜੂਲਾ ਵਗਾਹ ਮਾਰਨ ਦੀਆਂ ਕੋਸ਼ਿਸ਼ਾਂ ਪਰੁੰਨੀਆਂ ਅਤੇ ਇੱਕ ਇਨਕਲਾਬੀ ਜਥੇਬੰਦੀ ਦੀ ਲੋੜ ਨੂੰ ਸ਼ਿੱਦਤ ਨਾਲ਼ ਮਹਿਸੂਸ ਕੀਤਾ ਅਤੇ ਮਾਰਚ, 1913 ਵਿੱਚ ਗ਼ਦਰ ਪਾਰਟੀ (ਹਿੰਦੀ ਐਸੋਸੀਏਸ਼ਨ ਆਫ ਦਿ ਪੈਸੇਫਿਕ ਕੋਸਟ) ਦੀ ਸਥਾਪਨਾ ਕੀਤੀ, ਜੋ ਭਾਰਤ ਦੀ ਅਜ਼ਾਦੀ ਦੀ ਲਹਿਰ ਦਾ ਇੱਕ ਮੀਲ ਦਾ ਪੱਥਰ ਸਾਬਤ ਹੋਈ। ਬਾਬਾ ਸੋਹਣ ਸਿੰਘ ਭਕਨਾ ਨੂੰ ਗ਼ਦਰ ਪਾਰਟੀ ਦਾ ਪਹਿਲਾ ਪ੍ਰਧਾਨ ਥਾਪਿਆ ਗਿਆ, ਕੇਸਰ ਸਿੰਘ ਠੱਠਗੜ੍ਹ ਨੂੰ ਮੀਤ ਪ੍ਰਧਾਨ, ਲਾਲਾ ਹਰਦਿਆਲ ਨੂੰ ਜਨਰਲ ਸਕੱਤਰ ਤੇ ਕਾਸ਼ੀ ਰਾਮ ਮੜੌਲੀ ਨੂੰ ਖਜ਼ਾਨਚੀ ਦੀ ਜ਼ਿੰਮੇਵਾਰੀ ਸੰਭਾਲ਼ੀ ਗਈ। ਗ਼ਦਰ ਪਾਰਟੀ ਹੀ ਉਹ ਪਾਰਟੀ ਸੀ ਜਿਸਨੇ ਕਾਂਗਰਸ ਵਾਂਗ ਸਾਮਰਾਜੀ ਅੰਗਰੇਜ਼ਾਂ ਤੋਂ ਹਕੂਮਤ 'ਚ ਹਿੱਸੇਦਾਰੀ ਜਾਂ ਕੁੱਝ ਰਿਆਇਤਾਂ ਦੀ ਬਜਾਏ, ਸੰਪੂਰਨ ਅਜ਼ਾਦੀ ਦਾ ਟੀਚਾ ਆਵਦੇ ਅੱਗੇ ਰੱਖਿਆ। ਅੰਗਰੇਜ਼ਾਂ ਤੋਂ ਭੀਖ ਮੰਗਣ ਦੀ ਬਜਾਏ ਹਥਿਆਰਬੰਦ ਬਗ਼ਾਵਤ ਦਾ ਤਾਣਾ-ਬਾਣਾ ਬੁਣਿਆ। ਦੇਸ਼ ਦੇ ਨੌਜ਼ਵਾਨਾਂ, ਫ਼ੌਜੀਆਂ ਨੂੰ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ ਵੰਗਾਰਿਆ। ਭਾਰਤ ਵਿੱਚ ਅੰਗਰੇਜ਼ਾਂ ਤੋਂ ਅਜ਼ਾਦੀ ਲਈ ਲੜ ਰਹੇ ਛੋਟੇ ਛੋਟੇ ਇਨਕਲਾਬੀ ਗਰੁੱਪਾਂ ਤੋਂ ਉਲਟ ਗ਼ਦਰ ਪਾਰਟੀ ਕੋਲ਼ ਸੰਸਦੀ ਜਮਹੂਰੀ ਢਾਂਚਾ ਉਸਾਰਨ ਦਾ ਇੱਕ ਸਪੱਸ਼ਟ ਖਰੜਾ ਸੀ। ਪਰ ਜਦ ਦੇਸ਼ ਦੇ ਲੋਕ ਸਾਮਰਾਜੀਆਂ ਉਨ੍ਹਾਂ ਦੇ ਦਲਾਲ ਇਜ਼ਾਰੇਦਾਰ ਸਰਮਾਏਦਾਰਾਂ ਅਤੇ ਜਗੀਰਦਾਰਾਂ ਦੇ ਗੱਠਜੋੜ ਨਾਲ਼ ਕਾਇਮ ਬਸਤੀਵਾਦੀ ਰਾਜਸੱਤਾ ਹੱਥੋਂ ਲੁੱਟ-ਜਬਰ ਦਾ ਸ਼ਿਕਾਰ ਸਨ, ਉਸ ਸਮੇਂ ਅਜਿਹਾ ਪ੍ਰੋਗਰਾਮ ਉਲੀਕਣਾ, ਭਾਰਤ ਦੀ ਅਜ਼ਾਦੀ ਲਹਿਰ ਵਿੱਚ ਇੱਕ ਵੱਡੀ ਪੁਲਾਂਘ ਸੀ। ਇਸ ਲਹਿਰ ਨੇ ਜੰਗੇ ਅਜ਼ਾਦੀ ਦੇ ਘੋਲ਼ ਨੂੰ ਕਾਲਜਾਂ ਦੇ ਖਾੜਕੂ ਵਿਦਿਆਰਥੀ-ਨੌਜਵਾਨਾਂ ਤੇ ਇਨਕਲਾਬੀ ਬੁੱਧੀਜੀਵੀਆਂ ਦੇ ਤੰਗ ਘੇਰਿਆਂ ਚੋਂ ਕੱਢ ਕੇ ਮਜ਼ਦੂਰ-ਕਿਸਾਨ ਲੋਕਾਈ ਵਿੱਚ ਫੈਲਾ ਕੇ ਵਿਸ਼ਾਲ ਜਨਤਕ ਖਾਸਾ ਪ੍ਰਦਾਨ ਕੀਤਾ। ਪਹਿਲੀ ਵਾਰ ਭਾਰਤੀ ਫੌਜੀਆਂ ਨੂੰ ਦੇਸ਼ ਦੀ ਅਜ਼ਾਦੀ ਖ਼ਾਤਰ ਲੜਨ ਅਤੇ ਬਗ਼ਾਵਤ ਕਰਨ ਲਈ ਤਿਆਰ ਕੀਤਾ ਗਿਆ। ਗਦਰ ਪਾਰਟੀ ਨੇ ਧਰਮ ਨੂੰ ਨਿੱਜੀ ਮਾਮਲਾ ਕਰਾਰ ਦਿੱਤਾ। ਪਾਰਟੀ ਮੈਂਬਰ ਕਿਸੇ ਵੀ ਧਰਮ ਵਿੱਚ ਯਕੀਨ ਰੱਖਣ ਲਈ ਅਜ਼ਾਦ ਸਨ, ਇੱਥੋਂ ਤੱਕ ਕਿ ਕਿਸੇ ਵੀ ਧਰਮ ਨੂੰ ਨਾ ਮੰਨਣ ਲਈ ਵੀ ਅਜ਼ਾਦ ਸਨ। ਇਹੀ ਕਾਰਨ ਸਨ ਜਿਨ੍ਹਾਂ ਵਜੋਂ ਗਦਰ ਪਾਰਟੀ ਏਨੀ ਮਹਾਨ ਅਤੇ ਮਜ਼ਬੂਤ ਪਾਰਟੀ ਬਣ ਸਕੀ ਕਿ ਇਸਨੇ ਸਾਮਰਾਜੀ ਅੰਗਰੇਜ਼ ਹਕੂਮਤ ਦੀਆਂ ਚੂਲਾਂ ਹਿਲਾ ਕੇ ਰੱਖ ਦਿੱਤੀਆਂ ਅਤੇ ਬਾਅਦ ਦੇ ਇਨਕਲਾਬੀਆਂ ਜਿਨ੍ਹਾਂ ਵਿੱਚ ਭਗਤ ਸਿੰਘ ਵੀ ਸ਼ਾਮਲ ਸਨ, ਲਈ ਅਥਾਹ ਪ੍ਰੇਰਨਾ ਅਤੇ ਰਾਹ ਦਰਸਾਵੇ ਦਾ ਸ੍ਰੋਤ ਬਣੀ। ਗਦਰ ਪਾਰਟੀ ਦੀ ਹੋਂਦ ਬਾਬਾ ਸੋਹਣ ਸਿੰਘ ਭਕਨਾ ਦੀਆਂ ਅਣਥੱਕ ਕੋਸ਼ਿਸ਼ਾਂ ਤੋਂ ਬਿਨਾਂ ਚਿਤਵੀ ਨਹੀਂ ਜਾ ਸਕਦੀ। ਪਹਿਲੀ ਨਵੰਬਰ, 1913 ਨੂੰ ਨਿੱਕਲ਼ੇ ਗਦਰ ਅਖ਼ਬਾਰ ਵਿੱਚ ਵੀ ਬਾਬਾ ਸੋਹਣ ਸਿੰਘ ਭਕਨਾ ਦਾ ਖਾਸ ਯੋਗਦਾਨ ਸੀ। ਪਾਰਟੀ ਸਥਾਪਨਾ ਤੋਂ ਮਗਰੋਂ ਬਾਬਾ ਜੀ ਨੇ ਨੌਕਰੀ ਛੱਡਕੇ ਆਵਦਾ ਸਮਾਂ ਪੂਰੀ ਤਰ੍ਹਾਂ ਗ਼ਦਰ ਪਾਰਟੀ ਦੇ ਜਥੇਬੰਦਕ ਕੰਮਾਂ ਲਈ ਹੀ ਦੇ ਦਿੱਤਾ।

ਬਾਬਾ ਜੀ ਦੀ ਲੋਕਾਈ ਦੀ ਮੁਕਤੀ ਪ੍ਰਤੀ ਆਪਾਵਾਰੂ ਬਿਰਤੀ ਅੱਜ ਵੀ ਇਨਕਲਾਬੀਆਂ ਦਾ ਰਾਹ ਦਸੇਰਾ ਬਣਦੀ ਹੈ। ਵਿਦੇਸ਼ ਵਿੱਚ ਰਹਿੰਦਿਆਂ ਬਾਬਾ ਸੋਹਣ ਸਿੰਘ ਭਕਨਾ ਹੋਰਾਂ ਨੇ ਸਾਰੀ ਜ਼ਮੀਨ ਜਾਇਦਾਦ, ਜਾਨ ਹੂਲਵੀਂ ਮਿਹਨਤ ਨਾਲ਼ ਕਮਾਈ ਸਾਰੀ ਕਮਾਈ ਪਾਰਟੀ ਦੇ ਲੇਖੇ ਲਾ ਦਿੱਤੀ। ਜਦੋਂ ਗਦਰ ਪਾਰਟੀ ਨੇ ਦੂਜੇ ਮੁਲਕਾਂ ਵਿੱਚ ਰਹਿੰਦੇ ਭਾਰਤ ਦੇ ਇਨਕਲਾਬੀਆਂ ਨਾਲ਼ ਸੰਪਰਕ ਬਨਾਉਣ ਦੀ ਵਿਉਂਤ ਬਣਾਈ ਤਾਂ ਉਦੋਂ ਵੀ ਬਾਬਾ ਭਕਨਾ ਦੀ ਖਾਸ ਭੂਮਿਕਾ ਰਹੀ। ਕਾਮਾਗਾਟਾਮਾਰੂ ਜਹਾਜ਼ ਦੇ ਸਾਕੇ ਤੋਂ ਮਗਰੋਂ ਬਾਬਾ ਜੀ ਵੀ 14 ਅਕਤੂਬਰ, 1914 ਨੂੰ ਕਲਕੱਤਾ ਮੁੜੇ ਤਾਂ ਕਿਰਪਾਲ ਸਿੰਘ ਵਰਗੇ ਗੱਦਾਰਾਂ ਦੀ ਮੁਖਬਰੀ ਕਰਕੇ, ਉਨ੍ਹਾਂ ਦੇ ਬਗ਼ਾਵਤੀ ਇਰਾਦਿਆਂ ਦੀ ਕਨਸੋਅ ਅੰਗਰੇਜ਼ੀ ਹਕੂਮਤ ਨੂੰ ਲੱਗ ਚੁੱਕੀ ਸੀ, ਜਿਸ ਕਰਕੇ ਉਨ੍ਹਾਂ ਨੂੰ ਸਾਥੀਆਂ ਸਮੇਤ ਆਉਂਦਿਆਂ ਨੂੰ ਹੀ ਗ੍ਰਿਫ਼ਤਾਰ ਕਰ ਲਿਆ ਗਿਆ। 1914 ਦੇ ਅਖੀਰ ਵਿੱਚ ਇਨਕਲਾਬ ਦੀਆਂ ਗਦਰ ਪਾਰਟੀ ਦੀ ਕੋਸ਼ਿਸ਼ਾਂ ਦੀਆਂ ਮੁਖਬਰੀਆਂ ਪਹਿਲਾਂ ਤੋਂ ਹੀ ਅੰਗਰੇਜ਼ ਹਕੂਮਤ ਕੋਲ਼ ਪਹੁੰਚ ਗਈਆਂ ਸਨ। ਜਿਸ ਕਰਕੇ 21 ਫਰਵਰੀ, 1915 ਦੀ ਗਦਰ ਬਗ਼ਾਵਤ ਨੂੰ ਅੰਗਰੇਜ਼ ਹਕੂਮਤ ਨੇ ਬੁਰੀ ਤਰ੍ਹਾਂ ਕੁਚਲ ਦਿੱਤਾ। ਇਸੇ ਤਹਿਤ ਅੰਗਰੇਜ ਹੂਕਮਤ ਨੇ 64 ਇਨਕਲਾਬੀਆਂ 'ਤੇ ਲਹੌਰ ਸਾਜਿਸ਼ ਮੁਕੱਦਮਾ ਚਲਾਇਆ, ਜਿਸ ਵਿੱਚ 24 ਇਨਕਲਾਬੀ ਯੋਧਿਆਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ। ਫਾਂਸੀ ਦੀ ਸਜ਼ਾ ਮਿਲ਼ੇ ਇਨਕਲਾਬੀਆਂ ਵਿੱਚ ਬਾਬਾ ਸੋਹਣ ਸਿੰਘ ਭਕਨਾ, ਕਰਤਾਰ ਸਿੰਘ ਸਰਾਭਾ ਤੇ ਹੋਰ ਗਦਰੀਆਂ ਦੇ ਨਾਂ ਵੀ ਸ਼ਾਮਲ ਸਨ। ਫਾਂਸੀ ਵਾਲ਼ੇ ਦਿਨ 17 ਇਨਕਲਾਬੀਆਂ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਦੀ ਸਜ਼ਾ ਵਿੱਚ ਬਦਲ ਦਿੱਤਾ, ਜਿਸ ਵਿੱਚ ਬਾਬਾ ਸੋਹਣ ਸਿੰਘ ਭਕਨਾ ਦਾ ਨਾਂ ਵੀ ਸ਼ਾਮਲ ਸੀ। 10 ਦਸੰਬਰ, 1915 ਨੂੰ ਬਾਬਾ ਸੋਹਣ ਸਿੰਘ ਭਕਨਾ ਨੂੰ ਅੰਡੇਮਾਨ ਜੇਲ੍ਹ ਲਿਆਂਦਾ ਗਿਆ, ਜਿੱਥੇ ਭੁੱਖ ਹੜਤਾਲਾਂ ਵਿੱਚ ਬਾਬਾ ਜੀ ਦੇ ਸਾਥੀ ਗਦਰੀ ਬਾਬਾ ਰਾਮ ਰੱਖਾ ਸਹਿਤ ਅੱਠ ਜਣੇ ਸ਼ਹੀਦ ਹੋਏ। ਫਿਰ ਉਹਨਾਂ ਨੂੰ ਸਾਥੀਆਂ ਸਮੇਤ ਮਦਰਾਸ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ। ਮਗਰੋਂ ਯਰਵਦਾ ਜੇਲ੍ਹ ਵਿੱਚ ਪੰਜ ਸਾਲ ਕੱਟਣ ਤੋਂ ਮਗਰੋਂ ਤਿੰਨ ਸਾਲਾਂ ਲਈ ਲਹੌਰ ਜੇਲ੍ਹ ਵਿੱਚ ਕੈਦ ਕੱਟੀ। ਲਹੌਰ ਜੇਲ੍ਹ ਵਿੱਚ ਰਹਿੰਦਿਆਂ ਹੀ ਉਨ੍ਹਾਂ ਦੀ ਮੁਲਾਕਾਤ ਸ਼ਹੀਦੇ ਆਜ਼ਮ ਭਗਤ ਸਿੰਘ ਨਾਲ਼ ਹੋਈ। ਜਦੋਂ ਭਗਤ ਸਿੰਘ ਅਤੇ ਸਾਥੀਆਂ ਨੇ ਕੈਦੀਆਂ ਨਾਲ਼ ਕੀਤੇ ਜਾਂਦੇ ਵਿਤਕਰੇ ਵਿਰੁੱਧ ਜੇਲ੍ਹ ਅੰਦਰ ਭੁੱਖ ਹੜਤਾਲ ਵਿੱਢੀ ਤਾਂ ਜਦੋਂ ਇਹ ਖ਼ਬਰ ਬਾਬਾ ਭਕਨਾ ਤੱਕ ਪਹੁੰਚੀ ਤਾਂ ਉਨ੍ਹਾਂ ਵੀ ਖਾਣਾ ਛੱਡਕੇ ਭੁੱਖ ਹੜਤਾਲ ਕਰ ਦਿੱਤੀ। ਭਗਤ ਸਿੰਘ ਨੇ ਜਦੋਂ ਬਾਬਾ ਭਕਨਾ ਨੂੰ ਕਿਹਾ ਕਿ 'ਤੁਸੀਂ ਪਹਿਲਾਂ ਹੀ ਬਹੁਤ ਕਸ਼ਟ ਝੱਲ ਚੁੱਕੇ ਹੋ। ਤੁਸੀਂ ਭੁੱਖ ਹੜਤਾਲ ਨਾ ਕਰੋ।' ਤਾਂ ਅੱਗੋਂ ਸਿਦਕ ਨਾਲ਼ ਜਵਾਬ ਦਿੰਦਿਆਂ ਸੂਰਮੇ ਬਾਬੇ ਨੇ ਕਿਹਾ 'ਜਦ ਮੇਰੇ ਜਵਾਨ ਪੁੱਤ ਭੁੱਖ ਹੜਤਾਲ ਉੱਤੇ ਨੇ, ਮੇਰੇ ਕਿਵੇਂ ਰੋਟੀ ਲੰਘ ਸਕਦੀ ਹੈ'। ਅਖ਼ੀਰ ਜੁਲਾਈ, 1930 ਨੂੰ ਬਾਬਾ ਜੀ ਨੂੰ ਸੱਠ ਸਾਲਾਂ ਦੀ ਉਮਰ ਵਿੱਚ ਰਿਹਾਅ ਕਰ ਦਿੱਤਾ ਗਿਆ।

ਪਰ ਇਸ ਮਗਰੋਂ ਵੀ ਸੂਰਮੇ ਬਾਬੇ ਦੀ ਨੌਜਵਾਨਾਂ ਵਾਲ਼ੀ ਹਿੰਮਤ, ਜਜ਼ਬਾ ਤੇ ਦਲੇਰੀ ਉਵੇਂ ਜਿਵੇਂ ਕਾਇਮ ਰਹੀ ਅਤੇ ਅੰਗਰੇਜ਼ੀ ਹਕੂਮਤ ਖਿਲਾਫ਼ ਲੜਾਈ ਨੂੰ ਬਿਨਾਂ ਰੁਕੇ ਜਾਰੀ ਰੱਖਿਆ। ਉਮਰ ਕੈਦ ਤੋਂ ਰਿਹਾਅ ਹੋਣ ਮਗਰੋਂ ਜਦੋਂ ਬਾਬਾ ਜੀ ਦੀ ਉਮਰ 73 ਸਾਲਾਂ ਦੀ ਹੋ ਚੁੱਕੀ ਸੀ, ਤਾਂ ਇਹਨਾਂ ਅਗਲੇ 13 ਸਾਲਾਂ ਵਿੱਚੋਂ 9 ਸਾਲ ਜੇਲ੍ਹਾਂ ਵਿੱਚ ਹੀ ਕੱਟੇ। ਇਸ ਉਪਰੰਤ ਉਹਨਾਂ 1940 ਵਿੱਚ ਸਰਬ ਭਾਰਤੀ ਕਿਸਾਨ ਸਭਾ ਦੇ ਕਾਰਜਕਾਰੀ ਪ੍ਰਧਾਨ ਦੀਆਂ ਜ਼ਿੰਮੇਵਾਰੀਆਂ ਵੀ ਸਾਂਭੀਆਂ। ਜ਼ਿੰਦਗੀ ਦੇ ਅਖ਼ੀਰੀ ਵੇਲ਼ੇ ਤੱਕ ਬਾਬਾ ਭਕਨਾ ਨੇ ਇੱਕ ਇਨਕਲਾਬੀ ਦੀ ਜ਼ਿੰਦਗੀ ਜਿਉਂਈ। ਉਨ੍ਹਾਂ ਦੇ ਫ਼ਿਕਰ ਹਮੇਸ਼ਾ ਲੁੱਟ, ਜ਼ਬਰ ਤੇ ਗ਼ੁਲਾਮੀ ਦੇ ਬਰਖਿਲਾਫ਼ ਬਗ਼ਾਵਤ ਸਿਰਜਣ ਵਿੱਚ ਰੁੱਝੇ ਰਹੇ। ਇਸੇ ਕਰਕੇ ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਗਦਰੀ ਬਾਬਾ ਸੋਹਣ ਸਿੰਘ ਭਕਨਾ ਆਪਣੀ ਪੂਰੀ ਜ਼ਿੰਦਗੀ ਇੱਕ ਇਨਕਲਾਬੀ ਰਹੇ ਅਤੇ ਅੱਜ ਵੀ ਉਹਨਾਂ ਦਾ ਜੀਵਨ-ਪੰਧ, ਵਿਚਾਰ ਲੁੱਟ-ਚੋਂਘ ਬਰਖਿਲਾਫ਼ ਜੂਝਣ ਵਾਲ਼ੇ ਲੋਕਾਂ ਲਈ ਚਾਨਣਮੁਨਾਰੇ ਬਣ ਸਾਹਮਣੇ ਖੜ੍ਹੇ ਹਨ।

ਅੱਜ ਗਦਰ ਪਾਰਟੀ ਦੇ ਬਾਨੀ ਗਦਰੀ ਬਾਬਾ ਸੋਹਣ ਸਿੰਘ ਭਕਨਾ ਦੀ 150ਵੀਂ (1870 ਤੋਂ 2020) ਜਨਮ ਵਰ੍ਹੇਗੰਢ ਮੌਕੇ ਦਿੱਤੀ ਜਾ ਰਹੀ ਸ਼ਰਧਾਂਜਲੀ, ਸਾਡੇ ਲਈ ਰਸਮੀ ਨਾ ਹੋਕੇ ਲਾਜ਼ਮੀ ਹੀ ਮੌਜੂਦਾ ਸਾਮਰਾਜੀ ਅਤੇ ਦੇਸੀ ਵਿਦੇਸ਼ੀ ਸਰਮਾਏਦਾਰਾ ਲੁੱਟ, ਜ਼ਬਰ ਖ਼ਿਲਾਫ਼, ਉਨ੍ਹਾਂ ਦੇ ਉੱਚੇ ਉਦੇਸ਼ਾਂ ਦੀ ਪੂਰਤੀ ਦੀਆਂ ਜਾਨ ਹੂਲਵੀਆਂ ਕੋਸ਼ਿਸ਼ਾਂ ਵੱਲੀਂ ਸੇਧਤ ਹੋਣੀ ਚਾਹੀਦੀ ਹੈ। 20 ਦਸੰਬਰ, 1968 ਨੂੰ ਭਾਵੇਂ ਬਾਬਾ ਸੋਹਣ ਸਿੰਘ ਭਕਨਾ ਸਾਨੂੰ ਵਿਛੋੜਾ ਦੇ ਗਏ, ਪਰ ਉਹਨਾਂ ਦੇ ਕਹੇ ਬੋਲ (ਹੇਠਾਂ) ਅੱਜ ਵੀ ਫਿਜ਼ਾ ਵਿੱਚ ਘੁਲ਼ੇ ਹੋਏ ਸਾਨੂੰ ਵੰਗਾਰ ਪਾ ਰਹੇ ਹਨ, ਸੰਘਰਸ਼ਾਂ ਲਈ ਪ੍ਰੇਰ ਰਹੇ ਹਨ। ਬਾਬਾ ਭਕਨਾ ਇਨਕਲਾਬੀ ਲਹਿਰ ਦੀ ਅਗਲੀ ਪੀੜੀ ਲਈ ਊਰਜਾ ਦੇ ਸ੍ਰੋਤ ਅਤੇ ਇੱਕ ਅਮਰ ਇਨਕਲਾਬੀ ਹਨ। ਆਓ ਬਾਬਾ ਸੋਹਣ ਸਿੰਘ ਭਕਨਾ ਹੋਰਾਂ ਦੇ ਵਿਛੋੜੇ ਮੌਕੇ ਮੌਜੂਦਾ ਜਾਬਰ ਲੁਟੇਰੇ ਨਿਜ਼ਾਮ ਨੂੰ ਮੁੱਢੋਂ ਸੁੱਢੋਂ ਤਬਦੀਲ ਕਰਕੇ ਨਵਾਂ ਬਰਾਬਰਤਾ ਵਾਲਾ ਜਮਹੂਰੀ ਸਮਾਜ ਸਿਰਜਣ ਲਈ ਚੱਲ ਰਹੀ ਜਮਾਤੀ ਜੱਦੋਜਹਿਦ ਦਾ ਹਿੱਸਾ ਬਣਨ ਦਾ ਜ਼ੋਰਦਾਰ ਅਹਿਦ ਕਰੀਏ।

# ਲੋਕ ਮੋਰਚਾ ਪੰਜਾਬ ਅਤੇ ਇਨਕਲਾਬੀ ਕੇਂਦਰ ਪੰਜਾਬ ਵੱਲੋਂ ਨਿੱਜੀਕਰਨ ਦੀਆਂ ਨੀਤੀਆਂ ਖਿਲਾਫ ਸਾਂਝੀ ਕਨਵੈਨਸ਼ਨ

**• ਕਨਵੈਨਸ਼ਨ ਤੋਂ ਬਾਅਦ ਸ਼ਹਿਰ 'ਚ ਕੀਤਾ ਮੁਜ਼ਾਹਰਾ • ਨਿੱਜੀਕਰਨ ਦੀਆਂ ਨੀਤੀਆਂ ਰੱਦ ਕਰਨ ਅਤੇ ਆਦੀ ਵਾਸੀਆਂ ਤੇ ਜ਼ੁਲਮ ਬੰਦ ਕਰਨ ਦੀ ਕੀਤੀ ਮੰਗ**







ਮੁੱਲਾਂਪੁਰ ਦਾਖਾ, (ਬਲਜਿੰਦਰ ਸਿੰਘ ਪਟਿਆਲਾ) : ਗੁਰਸ਼ਰਨ ਕਲਾ ਭਵਨ ਮੁੱਲਾਂਪੁਰ ਦਾਖਾ ਵਿਖੇ ਇਨਕਲਾਬੀ ਕੇਂਦਰ ਪੰਜਾਬ ਅਤੇ ਲੋਕ ਮੋਰਚਾ ਪੰਜਾਬ ਵੱਲੋਂ ਸਾਂਝੇ ਤੌਰ 'ਤੇ ਕੇਂਦਰ ਸਰਕਾਰ ਦੀਆਂ ਨਿੱਜੀਕਰਨ ਵਿਰੋਧੀ ਨੀਤੀਆਂ ਦੇ ਖਿਲਾਫ ਸਾਂਝੀ ਕਨਵੈਨਸ਼ਨ ਕਰਵਾਈ ਗਈ। ਕਨਵੈਨਸ਼ਨ ਨੂੰ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਪ੍ਰੈਸ ਸਕੱਤਰ ਅੰਗਰੇਜ਼ ਸਿੰਘ ਭਦੌੜ, ਇਨਕਲਾਬੀ ਮਜ਼ਦੂਰ ਕੇਂਦਰ ਦੇ ਸੁਰਿੰਦਰ ਸਿੰਘ, ਲੋਕ ਮੋਰਚਾ ਪੰਜਾਬ ਦੇ ਸੂਬਾ ਕਮੇਟੀ ਮੈਂਬਰ ਸੁਖਵਿੰਦਰ ਸਿੰਘ ਅਤੇ ਲੋਕ ਮੋਰਚਾ ਪੰਜਾਬ ਦੇ ਜਨਰਲ ਸਕੱਤਰ ਮਾਸਟਰ ਜਗਮੇਲ ਸਿੰਘ ਵੱਲੋਂ ਸੰਬੋਧਨ ਕੀਤਾ ਗਿਆ।

ਕਨਵੈਨਸ਼ਨ ਵਿੱਚ ਸ਼ਾਮਲ ਸੈਂਕੜੇ ਲੋਕਾਂ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਬਿਜਲੀ ਸੋਧ ਬਿੱਲ 2025, ਬੀਜ ਬਿੱਲ 2025, ਚਾਰ ਲੇਬਰ ਕੋਡਜ਼, ਮੁਕਤ ਵਪਾਰ ਸਮਝੌਤੇ ਅਤੇ ਮਗਨਰੇਗਾ ਰੱਦ ਕਰਕੇ ਉਸ ਦੀ ਥਾਂ ਲਿਆਂਦੇ ਨਵੇਂ ਕਾਨੂੰਨ ਬਾਰੇ ਜਾਣਕਾਰੀ ਦਿੱਤੀ। ਬੁਲਾਰਿਆਂ ਨੇ ਕਿਹਾ ਕਿ ਇਨ੍ਹਾਂ ਸਾਰੇ ਕਾਨੂੰਨਾਂ ਦਾ ਸਾਂਝਾ ਮਕਸਦ ਸਰਕਾਰੀ ਅਦਾਰਿਆਂ ਨੂੰ ਬੰਦ ਕਰਕੇ, ਸਰਕਾਰੀ ਜਾਇਦਾਦ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨਾ ਹੈ।

ਬੁਲਾਰਿਆਂ ਨੇ ਦੱਸਿਆ ਕਿ ਬਿਜਲੀ ਸੋਧ ਬਿੱਲ 2025 ਦਾ ਮਕਸਦ ਬਿਜਲੀ ਵੰਡ ਦੇ ਖੇਤਰ ਵਿੱਚ ਪ੍ਰਾਈਵੇਟ ਕੰਪਨੀਆਂ ਦਾ ਦਾਖਲਾ ਖੋਲ੍ਹਣਾ ਅਤੇ ਬਿਜਲੀ ਖੇਤਰ ਦਾ ਬਣਿਆ ਹੋਇਆ ਸਾਰਾ ਆਧਾਰ ਢਾਂਚਾ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨਾ ਹੈ। ਇਸ ਤੋਂ ਪਹਿਲਾਂ ਬਿਜਲੀ ਪੈਦਾਵਾਰ ਦਾ ਖੇਤਰ ਵੀ ਇਹਨਾਂ ਪ੍ਰਾਈਵੇਟ ਘ੍ਰਾਣਿਆਂ ਨੂੰ ਸੌਂਪ ਦਿੱਤਾ ਗਿਆ ਹੈ। ਸਮਾਰਟ ਮੀਟਰ ਲਗਾ ਕੇ ਲੋਕਾਂ ਨੂੰ ਮਹਿੰਗੀ ਬਿਜਲੀ ਖਰੀਦਣ ਲਈ ਮਜਬੂਰ ਕੀਤਾ ਜਾਵੇਗਾ ਅਤੇ ਕ੍ਰਾਸ ਸਬਸਿਡੀਆਂ ਬੰਦ ਕਰ ਦਿੱਤੀਆਂ ਜਾਣਗੀਆਂ। ਜਿੱਥੇ ਇਸ ਨਵੀਂ ਨੀਤੀ ਨਾਲ ਬਿਜਲੀ ਖੇਤਰ ਵਿੱਚ ਰੁਜ਼ਗਾਰ ਦਾ ਉਜਾੜਾ ਹੋਵੇਗਾ ਉਥੇ ਹੀ ਇਹ ਸੂਬਿਆਂ ਦੇ ਅਧਿਕਾਰਾਂ ਤੇ ਵੀ ਡਾਕਾ ਹੈ ਕਿਉਂਕਿ ਬਿਜਲੀ ਕੌਂਸਲ ਅਤੇ ਬਿਜਲੀ ਲਾਈਨ ਅਥਾਰਟੀ ਬਣਨ ਨਾਲ ਸੂਬਿਆਂ ਤੇ ਸਾਰੇ ਫੈਸਲੇ ਕੇਂਦਰ ਸਰਕਾਰ ਵੱਲੋਂ ਹੀ ਥੋਪੇ ਜਾਣਗੇ।

ਇਸੇ ਤਰ੍ਹਾਂ ਬੀਜ ਬਿੱਲ ਰਾਹੀਂ ਬੀਜਾਂ ਤੇ ਵੀ ਕਾਰਪੋਰੇਟ ਘਰਾਣਿਆਂ ਦਾ ਕਬਜ਼ਾ ਕਰਵਾਇਆ ਜਾਵੇਗਾ। ਪਹਿਲਾਂ ਹੀ ਬੀਜ, ਕੀਟਨਾਸ਼ਕ ਦਵਾਈਆਂ ਅਤੇ ਖੇਤੀ ਖੋਜ ਦੇ ਖੇਤਰ ਵਿੱਚ ਸਿਰਫ ਛੇ ਕੰਪਨੀਆਂ 70% ਤੋਂ ਵੱਧ ਖੇਤਰ ਤੇ ਕੰਟਰੋਲ ਕਰਦੀਆਂ ਹਨ। ਬੀਜ ਬਿੱਲ ਵਿੱਚ ਵੱਡੀਆਂ ਕੰਪਨੀਆਂ ਵੱਲੋਂ ਜਾਅਲੀ ਬੀਜ ਵੇਚਣ ਤੇ ਮਾਮੂਲੀ ਜੁਰਮਾਨੇ ਕੀਤੇ ਜਾਣਗੇ ਜਦੋਂ ਕਿ ਕਿਸਾਨਾਂ ਦੇ ਨੁਕਸਾਨ ਲਈ ਉਹਨਾਂ ਦੇ ਨੁਕਸਾਨ ਦੀ ਭਰਪਾਈ ਲਈ ਬਿੱਲ ਵਿੱਚ ਕੋਈ ਪ੍ਰਾਵਧਾਨ ਨਹੀਂ ਕੀਤਾ ਗਿਆ।

ਮਜਦੂਰਾਂ ਦੀ ਭਲਾਈ ਲਈ ਬਣੇ ਸਾਰੇ ਕਾਨੂੰਨ ਰੱਦ ਕਰਕੇ ਚਾਰ ਲੇਬਰ ਕੋਡਾਂ ਰਾਹੀਂ ਮਜ਼ਦੂਰਾਂ ਤੋਂ ਹੜਤਾਲ ਕਰਨ ਦਾ ਹੱਕ ਅਤੇ ਜਥੇਬੰਦ ਹੋਣ ਦਾ ਹੱਕ ਖੋਹ ਲਿਆ ਗਿਆ ਹੈ। ਇਥੋਂ ਤੱਕ ਕਿ ਉਹਨਾਂ ਨੂੰ ਗੱਲਬਾਤ ਕਰਨ ਦੇ ਅਧਿਕਾਰ ਤੋਂ ਵੀ ਵਾਂਝਿਆਂ ਕੀਤਾ ਗਿਆ ਹੈ। ਹੜਤਾਲਾਂ ਨੂੰ ਗੈਰ ਕਾਨੂੰਨੀ ਕਰਾਰ ਦੇਣ ਦਾ ਰਸਤਾ ਪੱਧਰਾ ਕਰਕੇ ਅਤੇ ਦਿਹਾੜੀ ਅੱਠ ਘੰਟੇ ਤੋਂ ਵਧਾ ਕੇ 12 ਘੰਟੇ ਕਰਨ ਰਾਹੀਂ ਮਜ਼ਦੂਰਾਂ ਦੀ ਜ਼ਿੰਦਗੀ ਨੂੰ ਨਰਕ ਬਣਾ ਦਿੱਤਾ ਜਾਵੇਗਾ।

ਸਾਮਰਾਜੀ ਦੇਸ਼ਾਂ ਨਾਲ ਟੈਕਸ ਮੁਕਤ ਵਪਾਰ ਸਮਝੌਤੇ ਕਰਕੇ ਉਹਨਾਂ ਦੀ ਸਸਤੀ ਉਪਜ ਨੂੰ ਭਾਰਤ ਦੀ ਮੰਡੀ ਵਿੱਚ ਸੁੱਟਣ ਦੀਆਂ ਵਿਉਂਤਾਂ ਘੜੀਆਂ ਜਾ ਰਹੀਆਂ ਹਨ। ਜੇਕਰ ਖੇਤੀ, ਪੋਲਟਰੀ ਅਤੇ ਡੇਰੀ ਫਾਰਮਿੰਗ ਨੂੰ ਵੀ ਮੁਕਤ ਵਪਾਰ ਦੇ ਦਾਇਰੇ ਵਿੱਚ ਲਿਆਂਦਾ ਗਿਆ ਤਾਂ ਇਹ ਸਮੁੱਚੀ ਪੇਂਡੂ ਆਰਥਿਕਤਾ ਨੂੰ ਤਬਾਹ ਕਰ ਦਿੱਤਾ ਜਾਵੇਗਾ।

ਮਜ਼ਦੂਰਾਂ ਦੀ ਭਲਾਈ ਲਈ ਬਣੇ ਲੰਗੜੇ ਲੂਲੇ ਕਾਨੂੰਨ ਮਗਨਰੇਗਾ ਨੂੰ ਰੱਦ ਕਰਕੇ ਨਵਾਂ ਕਾਨੂੰਨ ਬਣਾ ਦਿੱਤਾ ਗਿਆ ਹੈ। ਸੂਬਾ ਸਰਕਾਰਾਂ ਨੂੰ ਹੁਣ 40% ਫੰਡ ਖਰਚਣੇ ਪੈਣਗੇ। ਉਨਾਂ ਦੇ ਫੰਡ ਨਾ ਪਾਉਣ ਦੀ ਸੂਰਤ ਵਿੱਚ ਇਹ ਸਕੀਮ ਅਮਲੀ ਤੌਰ 'ਤੇ ਲਾਗੂ ਨਹੀਂ ਹੋਵੇਗੀ। ਇਸ ਦੇ ਨਾਲ ਹੀ ਕੇਂਦਰ ਸਰਕਾਰ ਵੱਲੋਂ ਰੁਜ਼ਗਾਰ ਦੇਣ ਸਬੰਧੀ ਬਹੁਤ ਸਾਰੀਆਂ ਪਾਬੰਦੀਆਂ ਮੜ੍ਹ ਦਿੱਤੀਆਂ ਗਈਆਂ ਹਨ।

ਪੰਜਾਬ ਵਿੱਚ ਸਾਰੇ ਸਰਕਾਰੀ ਅਦਾਰਿਆਂ ਦੀਆਂ ਜ਼ਮੀਨਾਂ ਕਾਰਪੋਰੇਟ ਘਰਾਣਿਆਂ ਨੂੰ ਦੇਣ ਦੀ ਕਾਰਵਾਈ ਸ਼ੁਰੂ ਹੋ ਚੁੱਕੀ ਹੈ। ਜਦੋਂ ਲੋਕ ਇਹਨਾਂ ਨੀਤੀਆਂ ਦੇ ਖਿਲਾਫ ਬੋਲਦੇ ਹਨ ਤਾਂ ਉਹਨਾਂ ਦੀ ਆਵਾਜ਼ ਬੰਦ ਕਰਨ ਲਈ ਜਬਰ ਦਾ ਸਹਾਰਾ ਲਿਆ ਜਾਂਦਾ ਹੈ। ਪਿਛਲੇ ਦਿਨੀਂ ਪੰਜਾਬ ਦੇ ਟਰਾਂਸਪੋਰਟ ਕਾਮਿਆਂ ਨੂੰ ਕਿਲੋਮੀਟਰ ਸਕੀਮ ਅਧੀਨ ਪਾਉਣ ਵਾਲੀਆਂ ਬੱਸਾਂ ਬੰਦ ਕਰਕੇ ਸਰਕਾਰੀ ਬੱਸਾਂ ਪਾਉਣ ਅਤੇ ਪੱਕੀ ਭਰਤੀ ਕਰਨ ਦੀ ਮੰਗ ਕਰਨ ਤੇ ਕੁਟਾਪਾ ਚਾੜ੍ਹਿਆ ਗਿਆ ਅਤੇ ਇਰਾਦਾ ਕਤਲ ਦੇ ਕੇਸ ਪਾ ਕੇ ਜੇਲ੍ਹਾਂ ਵਿੱਚ ਬੰਦ ਕਰ ਦਿੱਤਾ ਗਿਆ ਹੈ।

ਮਗਰ ਨਰੇਗਾ ਦੀ ਤਾਂ ਨਵੇਂ ਲਿਆਂਦੇ ਕਾਨੂੰਨ ਦੇ ਹੱਕ ਵਿੱਚ ਪੰਚਾਇਤਾਂ ਨੂੰ ਮਤੇ ਪਾਉਣ ਦਾ ਹੁਕਮ ਦੇ ਕੇ ਪਿੰਡਾਂ ਦੇ ਮਜ਼ਦੂਰਾਂ ਅਤੇ ਕਿਸਾਨਾਂ ਵਿੱਚ ਫੁੱਟ ਪਾਉਣ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਇਸੇ ਤਰ੍ਹਾਂ ਦੇਸ਼ ਦੇ ਹੋਰ ਹਿੱਸਿਆਂ ਵਿੱਚ ਜਲ, ਜੰਗਲ ਅਤੇ ਜ਼ਮੀਨ ਤੇ ਕਬਜ਼ੇ ਕੀਤੇ ਜਾ ਰਹੇ ਹਨ। ਦੇਸ਼ ਦੇ ਖਣਿਜ ਪਦਾਰਥ ਕੌਡੀਆਂ ਦੇ ਭਾਅ ਬਹੁ ਕੌਮੀ ਕਾਰਪੋਰੇਸ਼ਨਾਂ ਨੂੰ ਦਿੱਤੇ ਜਾ ਰਹੇ ਹਨ। ਜੇਕਰ ਆਦਿਵਾਸੀ ਇਹਨਾਂ ਖਿਲਾਫ ਆਵਾਜ਼ ਉਠਾਉਂਦੇ ਹਨ ਤਾਂ ਉਹਨਾਂ ਦਾ ਕਤਲੇਆਮ ਕਰਵਾਇਆ ਜਾਂਦਾ ਹੈ।

ਬੁਲਾਰਿਆਂ ਨੇ ਕਿਹਾ ਕਿ ਨਿੱਜੀਕਰਨ ਦੇ ਇਨ੍ਹਾਂ ਹਮਲਿਆਂ ਨੂੰ ਸਮਾਜ ਦੇ ਕਿਸੇ ਇਕੱਲੇ ਕਹਿਰੇ ਤਬਕੇ ਵੱਲੋਂ ਟੱਕਰਨ ਦੀ ਥਾਂ ਸਮੂਹ ਲੋਕਾਂ ਨੂੰ ਇੱਕ ਜੁੱਟ ਸੰਘਰਸ਼ਾਂ ਦੀ ਨੀਤੀ ਅਪਨਾਉਣੀ ਪਵੇਗੀ। ਦੇਸ਼ ਦੇ ਸਾਰੇ ਮਿਹਨਤੀ ਲੋਕਾਂ ਦਾ ਏਕਾ ਹੀ ਇਹਨਾਂ ਨੀਤੀਆਂ ਨੂੰ ਭਾਂਜ ਦੇ ਸਕਦਾ ਹੈ। ਬੁਲਾਰਿਆਂ ਨੇ ਨਿੱਜੀਕਰਨ ਦੀ ਨੀਤੀ ਮੁਕੰਮਲ ਤੌਰ 'ਤੇ ਰੱਦ ਕਰਨ, ਇਸ ਨੀਤੀ ਰਾਹੀਂ ਪ੍ਰਾਈਵੇਟ ਕੀਤੇ ਅਦਾਰਿਆਂ ਨੂੰ ਮੁੜ ਸਰਕਾਰੀ ਕੰਟਰੋਲ ਹੇਠ ਲਿਆਉਣ, ਕਾਰਪੋਰੇਟ ਘਰਾਣਿਆਂ ਨੂੰ ਲੁੱਟ ਦੀ ਖੁੱਲ੍ਹ ਦੇਣੀ ਬੰਦ ਕਰਨ ਅਤੇ ਇਹਨਾਂ ਦਾ ਭਾਰਤੀ ਮੰਡੀ ਵਿੱਚ ਦਾਖਲਾ ਮੁਕੰਮਲ ਤੌਰ 'ਤੇ ਬੰਦ ਕਰਕੇ ਲੁੱਟ ਰਾਹੀਂ ਇਕੱਠੀ ਕੀਤੀ ਇਨ੍ਹਾਂ ਦੀ ਪੂੰਜੀ ਜਬਤ ਕਰਨ ਅਤੇ ਕਾਰਪੋਰੇਟ ਘਰਾਣਿਆਂ, ਸਰਮਾਏਦਾਰਾਂ ਅਤੇ ਜਗੀਰਦਾਰਾਂ ਤੇ ਭਾਰੀ ਟੈਕਸ ਲਾ ਕੇ ਪਬਲਿਕ ਖੇਤਰ ਨੂੰ ਮਜ਼ਬੂਤ ਕਰਨ ਦੀ ਮੰਗ ਕੀਤੀ।

ਇਕੱਠ ਨੇ ਇੱਕ ਮਤੇ ਰਾਹੀਂ ਆਦਿਵਾਸੀਆਂ ਅਤੇ ਇਨਕਲਾਬੀਆਂ ਦਾ ਵਹਿਸ਼ੀ ਕਤਲੇਆਮ ਬੰਦ ਕਰਨ ਦੀ ਮੰਗ ਕੀਤੀ। ਦੂਜੇ ਮਤੇ ਵਿੱਚ ਅਮਰੀਕਾ ਵੱਲੋਂ ਪਿਛਲੇ ਦਿਨੀਂ ਵੈਨਜ਼ੂਏਲਾ ਦੇ ਤੇਲ ਟੈਂਕਰਾਂ ਤੇ ਕੀਤੇ ਹਮਲੇ ਅਤੇ ਸਬਕ ਸਿਖਾਉਣ ਦੀ ਦਿੱਤੀ ਧਮਕੀ ਦੀ ਨਿਖੇਧੀ ਕੀਤੀ ਗਈ।

ਕਹਿੰਦਾ ਕਨਵੈਨਸ਼ਨ ਵਿੱਚ ਕਸਤੂਰੀ ਲਾਲ, ਰਵਿਤਾ ਅਤੇ ਗਗਨਪਾਲ ਵੱਲੋਂ ਇਨਕਲਾਬੀ ਗੀਤ ਪੇਸ਼ ਕੀਤੇ ਗਏ। ਸਟੇਜ ਦੀ ਕਾਰਵਾਈ ਜਸਵੰਤ ਜੀਰਖ ਨੇ ਬਾਖ਼ੂਬੀ ਚਲਾਈ।

# ਖ਼ੂਨੀ ਇਤਿਹਾਸ ਦੇ ਪੱਤਰੇ

ਅਤਰਜੀਤ
94175-81936

5-6 ਪੋਹ ਦੀ ਰਾਤ ਨੂੰ ਗੁਰੂ ਗੋਬਿੰਦ ਸਿੰਘ ਜੀ ਨੂੰ ਆਨੰਦਪੁਰ ਦਾ ਕਿਲਾ ਛੱਡਣ ਦਾ ਮਾਤਾ ਜੀ ਵੱਲੋਂ ਹੁਕਮਹੋ ਗਿਆ। ਕਿੰਨੇ ਦਿਨਾਂ ਤੋਂ ਭੁੱਖੇ ਭਾਣੇ ਸਿੰਘ ਯੁੱਧ ਕਰਦੇ ਰਹੇ ਸਨ। ਮੁਗਲ ਅਤੇ ਬਾਈ ਧਾਰ ਦੇ ਰਾਜਿਆਂ ਦੀਆਂ ਕਈ ਹਜ਼ਾਰ ਫੌਜਾਂ ਨੂੰ ਹਰ ਹਮਲੇ ਵਿੱਚ ਪਛਾੜ ਮਿਲ਼ਦੀ ਹੋਣ ਕਰ ਕੇ ਸੁਗੰਦਾਂ ਤੇ ਕਸਮਾਂ ਖਾ ਕੇ ਕੁੱਝ ਦਿਨਾਂ ਲਈ ਕਿਲਾ ਖਾਲੀ ਕਰਨ ਦੀ ਬੇਨਤੀ ਉੱਪਰ ਅਮਲ ਕਰਦਿਆਂ ਗੁਰੂ ਜੀ ਨੇ ਕਿਲਾ ਛੱਡਣ ਦਾ ਨਿਰਣਾ ਲੈ ਲਿਆ। ਕੁੱਝ ਸੈਂਕੜੇ ਸਿੰਘਾਂ ਨਾਲ਼ ਪਰਿਵਾਰ ਸਮੇਤ ਗੁਰੂ ਜੀ ਸਰਸਾ ਨਦੀ ਤੱਕ ਅੱਪੜੇ ਤਾਂ ਦੁਸ਼ਮਣ ਨੇ ਸੁਗੰਦਾਂ ਤੇ ਕਸਮਾਂ ਤੋੜਕੇ ਗੁਰੂ ਫੌਜਾਂ ਉੱਪਰ ਹਮਲਾ ਕਰ ਦਿੱਤਾ। ਸਰਸਾ ਨਦੀ ਦੇ ਕਹਿਰ ਕਾਰਨ ਸਾਰਾ ਪਰਿਵਾਰ ਸਿੰਘ ਖੇਰੂੰ-ਖੇਰੂੰ ਹੋ ਗਿਆ। ਬੇਸ਼ਕੀਮਤੀ ਸਾਹਿਤ ਪਾਣੀ ਦੇ ਜ਼ੁਲਮੀ ਵਹਾ ਵਿੱਚ ਵਹਿ ਗਿਆ। ਵੱਡੇ ਸਾਹਿਬਜ਼ਾਦਿਆਂ ਸਮੇਤ ਚਾਲ਼ੀ ਕੁ ਸਿੰਘਾਂ ਨਾਲ਼ ਸਰਸਾ ਪਾਰ ਕਰ ਕੇ ਗੁਰੂ ਜੀ ਚਮਕੌਰ ਪਹੁੰਚੇ ਜਿੱਥੇ ਉਨ੍ਹਾਂ ਨੇ ਗਿਣਤੀ ਦੇ ਸਿੰਘਾਂ ਨਾਲ਼ ਕੱਚੀ ਗੜ੍ਹੀ ਵਿੱਚ ਮੋਰਚਾ ਲਾ ਲਿਆ। ਚਮਕੌਰ ਦੇ ਯੁੱਧ ਵਿੱਚ ਗੁਰੂ ਜੀ ਨੇ ਆਪਣੀ ਯੁੱਧਨੀਤਕ ਚੜ੍ਹਤ ਨੂੰ ਕਾਇਮ ਰੱਖਦਿਆਂ ਚਾਲ਼ੀ ਜੁਝਾਰ ਮਰਜੀਵੜਿਆਂ ਨਾਲ਼ 'ਸਵੈ ਲਾਖ ਸੇ ਏਕ ਲੜਾਊਂ' ਦਾ ਪਰਚਮ ਝੁਲਾ ਦਿੱਤਾ। ਪੈਂਤੀ ਸਿੰਘ ਅਤੇ ਦੋਵੇਂ ਸਾਹਿਬਜ਼ਾਦੇ ਅਜੀਤ ਸਿੰਘ ਜੁਝਾਰ ਸਿੰਘ ਨੂੰ ਸ਼ਹਾਦਤਾਂ ਦੇ ਜਾਮ ਪੀਦਿਆਂ ਜਿਗਰੇ ਨਾਲ਼ ਅੱਖੀਂ ਵੇਖਿਆ। ਆਪਣਾ ਇਹ ਪਰਵਚਨਵੀ ਪੂਰਾ ਕਰ ਵਿਖਾਇਆ-'ਜਬ ਆਵ ਅਉਧ ਨਿਧਾਨ ਬਨੈ ਅਤਿ ਹੀ ਰਣ ਮਹਿ ਤਬ ਜੂਝ ਮਰੋਂ। ਅੰਤ ਪੰਜ ਸਿੰਘਾਂ ਦਾ ਹੁਕਮ ਮੰਨ ਕੇ ਰਾਤ ਦੇ ਹਨੇਰੇ ਵਿੱਚ ਤਾੜੀ ਮਾਰ ਕੇ ਦੁਸ਼ਮਣ ਫੌਜਾਂ ਨੂੰ ਵੰਗਾਰਦਿਆਂ-'ਸਿੰਘਾਂ ਦਾ ਗੁਰੂ ਚੱਲਿਆ ਹੈ' ਕਹਿ ਕੇ ਅੱਗੇ ਨਿੱਕਲ਼ ਗਏ। ਇਤਿਹਾਸਕਾਰ ਲਿਖਦੇ ਹਨ ਕਿ ਦੁਸ਼ਮਣ ਫੌਜਾਂ ਰਾਤ ਭਰ ਆਪਸ ਵਿੱਚ ਹੀ ਲੋਥਾਂ ਦੇ ਢੇਰਲਾਈ ਗਈਆਂ। ਇਸ ਮਹਾਨ ਸਾਕੇ ਦਾ ਵਰਨਣ ਗੁਰੂ ਜੀ ਨੇ ਜ਼ਫ਼ਰਨਾਮੇ ਵਿੱਚ ਬਾਖ਼ੂਬੀ ਬਿਆਨ ਕੀਤਾ ਹੈ।

13 ਪੋਹ ਨੂੰ ਸਰਹਿੰਦ ਦੇ ਫੌਜਦਾਰ ਜਨੂੰਨੀ ਵਜ਼ੀਦ ਖਾਂ ਨੇ ਛੋਟੇ ਸਾਹਿਬਜ਼ਾਦਿਆਂ ਜ਼ੋਰਾਵਰ ਸਿੰਘ ਤੇ ਫ਼ਤਿਹ ਸਿੰਘ ਨੂੰ ਨੀਂਹਾਂ ਵਿੱਚ ਚਿਣ ਕੇ ਸ਼ਹੀਦ ਕਰ ਦਿੱਤਾ। ਇਹ ਸਿੱਖੀ ਦਾ ਜਲੌਅ ਹੀ ਸੀ, ਜੋ ਇੰਨੀ ਛੋਟੀ ਉਮਰ ਹੁੰਦਿਆਂ ਵੀ ਆਪਣੇ ਜਾਹੋ-ਜਲਾਲ ਨੂੰ ਕਾਇਮ ਰੱਖਦਿਆਂ ਸ਼ਹਾਦਤਾਂ ਹਾਸਲ ਕੀਤੀਆਂ। ਦੁਨੀਆਂ ਦੇ ਇਤਿਹਾਸ ਵਿੱਚ ਇਸ ਤਰ੍ਹਾਂ ਦੀਆਂ ਲਾਸਾਨੀ ਕੁਰਬਾਨੀਆਂ ਦਾ ਕਿਧਰੇ ਬਿਰਤਾਂਤ ਨਹੀਂ ਲੱਭਦਾ।

ਆਪਣੇ ਇਤਿਹਾਸਕ ਵਿਰਸੇ ਨੂੰ ਯਾਦ ਕਰਨਾ ਹਰ ਜਿਉਂਦੀ ਲੋਕਾਈ ਨੂੰ ਸ਼ੋਭਾ ਤਾਂ ਦਿੰਦਾ ਹੀ ਹੈ ਤੇ ਪ੍ਰੇਰਨਾ ਵੀ ਮਿਲ਼ਦੀ ਹੈ। ਇਸ ਭਾਵਨਾ ਤਹਿਤ ਪੋਹ ਦੇ ਮਹੀਨੇ ਦੇ ਬਲੀਦਾਨ ਭਰੇ ਦਿਨਾਂ ਵਿੱਚ ਸਿੱਖ ਸੰਗਤਾਂ ਰੁਦਨਮਈ ਅਤੇ ਵੈਰਾਗਮਈ ਮਨੋ-ਅਵੱਸਥਾ ਵਿੱਚ ਫ਼ਤਿਹਗੜ੍ਹ ਸਾਹਿਬ ਅਤੇ ਆਨਦਪੁਰ ਸਾਹਿਬ ਵਿਖੇ ਨਤਮਸਤਕ ਹੋਣ ਜਾਣਗੀਆਂ। ਪ੍ਰਚਾਰਕ, ਕਵੀਸ਼ਰ, ਰਾਗੀ, ਢਾਡੀ ਗੁਰੂ ਜੀ ਦੀ ਕਲਗੀ ਤੇ ਨੀਲੇ ਘੋੜੇ ਤੋਂ ਕੁਰਬਾਨ ਹੋ ਜਾਣ ਦੇ ਪ੍ਰਸੰਗ ਸਟੇਜਾਂ ਤੋ ਗਾਣਗੇ। ਸੰਗਤਾਂ ਇਨ੍ਹਾਂ ਪ੍ਰਸੰਗਾਂ ਦੇ ਬੋਲਾਂ 'ਤੇ ਅੱਥਰੂ ਵਹਾਉਂਦੀਆਂ ਚਹੁੰਆਂ ਸਾਹਿਬਜ਼ਾਦਿਆਂ ਦੀਆਂ ਲਾਸਾਨੀ ਸ਼ਹਾਦਤਾਂ 'ਤੇ ਰੁਦਨ ਕਰਦੀਆਂ ਵਾਪਸ ਪਰਤਣਗੀਆਂ।

ਪੋਹ ਮਹੀਨਾ ਮੁੱਕ ਜਾਏਗਾ, ਅਗਲੇ ਸਾਲ ਲਈ ਸਭ ਕੁੱਝ ਭੁੱਲ-ਭੁਲਾ ਜਾਏਗਾ। ਸਭ ਲੋਕ ਖ਼ਾਸ ਕਰਕੇ ਰੱਜੇ-ਪੁੱਜੇ ਲੋਕ ਹਰ ਢੰਗ ਵਰਤ ਕੇ ਧਨ ਮਾਇਆ ਦੇ ਚੱਕਰ ਵਿੱਚ ਪਏ ਜਾਇਦਾਦਾਂ ਨੂੰ ਜ਼ਰਬਾਂ ਦੇਣ ਲੱਗਣਗੇ। ਜਨਸਾਧਾਰਨ ਆਪਣੀ ਰੋਟੀ ਦਾ ਜੁਗਾੜ ਕਰਨ ਵਿੱਚ ਜੁਟਿਆ ਦਿਖਾਈ ਦੇਵੇਗਾ ਅਤੇ ਰੋਟੀ ਤੋਂ ਮੁਥਾਜ ਗੁਰਬਤ ਦੀ ਹਨ੍ਹੇਰੀ ਗੁਫ਼ਾ ਨੂੰ ਆਪਣੀ ਹੋਣੀ ਮੰਨ ਕੇ ਸਬਰ ਦਾ ਘੁੱਟ ਭਰਦਾ ਰਹਿ ਜਾਏਗਾ। ਥੁੜੇ-ਟੁੱਟੇ ਤਬਕਿਆਂ ਦੇ ਭਾਈਚਾਰੇ ਤਾਂ ਇਸ ਸਭ ਕਾਸੇ ਤੋਂ ਬੇਅਸਰ ਤੇ ਬੇਖ਼ਬਰ ਚੁੱਲ੍ਹੇ ਦੇ ਫ਼ਿਕਰ ਵਿੱਚ ਹੀ ਆਪਣੀ ਤੰਗਦਸਤੀ ਅਤੇ ਅਵਾਜ਼ਾਰੀ ਉੱਪਰ ਰੁਦਨ ਕਰਨ ਜੋਗੇ ਹੀ ਰਹਿ ਜਾਂਦੇ ਹਨ। ਮਨ ਵਿੱਚ ਥੋੜ੍ਹੀ ਰੜਕ ਵਾਲ਼ਾ ਕਿਰਤੀ ਵਰਗ ਸੜਕਾਂ 'ਤੇ ਉਤਰਦਾ ਹੱਕਾਂ ਦੇ ਨਾਹਰੇ ਲਾਉਂਦਾ ਬਾਬੇ ਨਾਨਕ ਦੇ ਕਿਰਤ ਦੇ ਫ਼ਲਸਫ਼ੇ ਨੂੰ ਲਾਗੂ ਕਰਾਉਣ ਲਈ ਸੰਘਰਸ਼ਰਤ ਦਿਖਾਈ ਦਿੰਦਾ ਹੈ। ਵਿਹਲੜ ਹੁੱਜਤੀ ਮਾਨਸਿਕਤਾ ਸਿੱਖੀ ਦੇ ਨਾਂ 'ਤੇ ਗਾਲ਼ਾਂ ਦਾ ਪ੍ਰਸ਼ਾਦ ਵਰਤਾਉਂਦੀ ਘਚੋਲ਼ਾ ਪਾਉਣ ਦਾ ਯਤਨ ਕਰਦੀ ਦਿਖਾਈ ਦਿੰਦੀ ਹੈ। ਧਨ-ਕੁਬੇਰ ਉਸੇ ਤਰ੍ਹਾਂ ਗੋਲਕਾਂ ਉੱਪਰ ਕਾਬਜ਼ ਮੁੜ ਸੱਤਾ ਵਿੱਚ ਛਟ-ਪਟਾਉਂਦੇ ਗੁਰਮਤਿ ਦੀ ਓਟ ਵਿੱਚ ਆਪਣੀ ਰਾਜਨੀਤੀ ਦੀਆਂ ਰੋਟੀਆਂ ਸੇਕਦੇ ਝਾਟ-ਮਝਾਟੀ ਵੀ ਹੋਣਗੇ। ਸਿੱਖੀ ਜਾਂ ਸਿੱਖ ਇਤਿਹਾਸ ਦੇ ਗੌਰਵ ਦਾ ਗੁਣ-ਗਾਣ ਕਰਨਾ ਉਨ੍ਹਾਂ ਦੇ ਭਾਸ਼ਨਾਂ ਵਿੱਚੋਂ ਗਾਇਬ ਰਹੇਗਾ।



ਜਗਿਆਸੂ ਇਸ ਵਿਚਾਰ ਨਾਲ਼ ਸਹਿਮਤ ਹੋ ਸਕਦਾ ਹੈ ਕਿ ਧਰਮ ਦਾ ਕਦੀ ਵੀ ਇੱਕ ਸਰੂਪ ਨਹੀਂ ਰਿਹਾ ਕਿਉਂਕਿ ਜ਼ਿੰਦਗੀ ਦੇ ਹਰ ਪਹਿਲੂ ਉੱਪਰ ਤਬਦੀਲੀ ਦਾ ਨਿਯਮ ਲਾਗੂ ਹੁੰਦਾ ਹੈ। ਕੁੱਝ ਵੀ ਖੜੋਤ ਵਿੱਚ ਨਹੀਂ, ਹਰ ਪਹਿਲੂ ਗਤੀਸ਼ੀਲ ਹੈ ਤੇ ਲਗਾਤਾਰ ਤਬਦੀਲੀ ਵਾਪਰਦੀ ਰਹਿੰਦੀ ਹੈ। ਸ਼ਰਧਾ ਮੂਲਕ ਬਿਰਤੀ ਦੇ ਸਿੱਖ ਨੂੰ ਸ਼ਾਇਦ ਇਹ ਗੱਲ ਹਜ਼ਮ ਨਾ ਹੋਵੇ ਕਿ ਗੁਰਮਤਿ ਫ਼ਲਸਫ਼ਾ ਮਨੁੱਖੀ ਮਾਨਸਿਕਤਾ ਵਿੱਚ ਇਨਕਲਾਬੀ ਤਬਦੀਲੀ ਦਾ ਫ਼ਲਸਫ਼ਾ ਹੈ। ਗੁਰੂ ਨਾਨਕ ਸਾਹਿਬ ਦੇ ਵਕਤ ਦੇ ਸਮਾਜ, ਰਾਜ ਸੱਤਾ, ਜ਼ੁਲਮ-ਜ਼ਬਰ ਦੇ ਧਾੜੇ, ਸੱਭਿਆਚਾਰਕ ਪਰਦੂਸ਼ਨ, ਮਜ਼ਬ ਜਾਂ ਧਰਮ ਵਿੱਚ ਪਏ ਵਿਗਾੜ ਤੇ ਚਿੱਬ ਗੁਰੂ ਸਾਹਿਬ ਦੀ ਨਜ਼ਰ ਚੜ੍ਹੇ ਜਿਸ ਦਾ ਪ੍ਰਤੀਕਰਮ ਗੁਰਬਾਣੀ ਵਿੱਚ ਦਰਜ ਹੈ-ਆਸਾ ਜੀ ਦੀ ਵਾਰ ਹੀ ਵਾਚੀ ਜਾ ਸਕਦੀ ਹੈ।

ਮੇਰਾ ਮੱਤ ਹੈ ਕਿ ਜਦੋਂ ਧਰਮ ਕੁਮਲ਼ਾ ਜਾਂਦਾ ਹੈ, ਇਸ ਵਿੱਚ ਖੋਟ ਪੈਦਾ ਹੋਣ ਲੱਗਦੇ ਹਨ। ਫਿਰ ਕੋਈ ਦਿੱਬਦ੍ਰਿਸ਼ਟ ਆਤਮਾ ਸੰਸਾਰ ਨੂੰ ਖੁੱਲ੍ਹੀਆਂ ਅੱਖਾਂ ਨਾਲ਼ ਨਿਹਾਰਦੀ ਹੈ ਤੇ ਹਰ ਪੱਖ ਦੀ ਛਾਣ-ਬੀਣ ਕਰਦੀ ਹੈ ਤੇ ਗੁਰੂ ਨਾਨਕ ਅਖਵਾਉਂਦੀ ਹੈ। ਗੁਰੂ ਨਾਨਕ ਚਾਰ ਯਾਤਰਾਵਾਂ (ਉਦਾਸੀਆਂ ਨਾਂ ਸਾਧਾਂ ਨੇ ਦਿੱਤਾ ਹੈ) 'ਤੇ ਨਿੱਕਲ਼ਦੇ ਹਨ, ਤਕਰੀਬਨ ਅੱਧੇ ਸੰਸਾਰ ਦਾ ਭਰਮਣ ਕਰ ਕੇ ਜੋ ਸਿੱਟੇ ਕੱਢਦੇ ਹਨ, ਬਾਣੀ ਵਿੱਚ ਉਚਾਰਨ ਕਰਦੇ ਜਾਂਦੇ ਹਨ। ਜਿੱਥੇ ਕਿਤੇ ਵੀ ਪਾਖੰਡ, ਅੰਧ ਗਿਆਨ, ਹੰਕਾਰ, ਜੀਵਨ ਤੋਂ ਉੱਖੜੇ ਭੁੱਲੇ-ਭਟਕਿਆਂ ਨਾਲ਼ ਮੇਲ ਹੋਇਆ, ਆਪਣੇ ਉੱਚ ਗਿਆਨਨਾਲ਼ ਰਾਹੇ ਪਾਇਆ। ਮੈਂ ਆਪਣੇ ਜੀਵਨ ਵਿੱਚ ਜਿੰਨਾ ਕੁ ਗੁਰਬਾਣੀ ਨੂੰ ਸਮਝਣ ਦਾ ਯਤਨ ਕੀਤਾ ਹੈ, ਇਹੋ ਪਾਇਆ ਹੈ ਕਿ ਗੁਰਬਾਣੀ ਕਮਜ਼ੋਰ ਮਾਨਸਿਕਤਾ ਲਈ ਡੰਗੋਰੀ ਹੈ, ਹਨੇਰੇ ਮਨ ਲਈ ਚਾਨਣ ਦਾ ਸਰੋਤ ਹੈ, ਮਨੋਵਿਗਿਆਨਕ ਹੋੜ੍ਹਾ ਹੈ, ਡੋਲਦੇ ਮਨ ਲਈ ਵਿਸਾਖੀਆਂ ਹੈ ਗੁਰਬਾਣੀ।

ਪੰਦਰਵੀਂ ਸਦੀ ਦਾ ਇਤਿਹਾਸਕ ਦੌਰ ਅਜਿਹਾ ਦੌਰ ਸੀ ਜਦੋਂ ਹਿੰਦੂ ਮੱਤ ਤੇ ਮੁਸਲਿਮ ਮਜ਼ਬ ਦਾ ਬੋਲਬਾਲਾ ਸੀ, ਜਿਸ ਵਿੱਚ ਆਮ ਲੋਕਾਈ ਨੂੰ ਖ਼ਾਸ ਕਰਕੇ ਹਾਸ਼ੀਏ ਤੋਂ ਬਾਹਰ ਧੱਕੇ ਤਬਕਿਆਂ ਨੂੰ ਮਨੁੱਖਾ ਸ਼੍ਰੇਣੀ ਵਿੱਚਕੋਈ ਕੋਣਾ ਵੀ ਨਹੀਂ ਸੀ ਦਿੱਤਾ ਗਿਆ। ਬੇਦੀ ਖ਼ਾਨਦਾਨ ਵਿੱਚ ਇੱਕ ਵੇਦ ਵਿਚਾਰਿਆ ਜਾਂਦਾ ਹੈ ਤੇ ਗੁਰੂ ਨਾਨਕ ਉਸ ਫ਼ਲਸਫ਼ੇ ਨੂੰ ਵੀ ਨਾਲ਼ ਰੱਖ ਕੇ ਖੰਡਨ-ਮੰਡਨ ਵਿਧੀ ਨਾਲ਼ ਆਪਣਾ ਮੱਤ ਦਰਜ਼ ਕਰਦੇ ਹਨ। ਮੈਂ ਇਹ ਕਹਿਣ ਦੀ ਜ਼ੁਰਅੱਤ ਕਰਦਾ ਹਾਂ ਕਿ ਗੁਰੂ ਸਾਹਿਬ ਨੇ ਉਸ ਵੇਲ਼ੇ ਦੇ ਧਾਰਮਿਕ ਮੁੱਲਾਂ ਵਿੱਚ ਦਖ਼ਲ ਦਿੰਦਿਆਂ, ਧਰਮ ਨੂੰ ਅੰਬਰ ਨਾਲ਼ ਜੋੜਨ ਦੀ ਥਾਂ ਜੀਵਨ ਨਾਲ਼ ਜੋੜ ਕੇ ਨਵਾਂ ਕਦਰ ਵਿਧਾਨ ਸਿਰਜਿਆ। ਇਹੋ ਕਦਰ ਵਿਧਾਨ ਅਗਲੇ ਨੌਂ ਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਵਿੱਚ ਲਾਗੂ ਕਰਵਾ ਕੇ ਗੁਰਮੁਖ ਦੀ ਸਿਰਜਣਾ ਕੀਤੀ-'ਸੁੱਚ ਅਤੇ ਸੱਚ' ਦੇ ਲੜ ਲੱਗੇ ਨੇਕ ਇਨਸਾਨ ਦੀ। ਲੋਕ ਮਾਨਸਿਕਤਾ ਦੇ ਗਿਆਤਾ ਗੁਰੂ ਨਾਨਕ ਸਮਝਦੇ ਸਨ ਕਿ ਇੱਕ ਦਮ ਕਿਸੇ ਚੀਜ਼ ਨੂੰ ਰੱਦ ਕਰਨਾ ਲੋਕਾਂ ਨੂੰਰਾਸ ਨਹੀਂ ਆਉਂਦਾ। ਪੁਰਾਤਨ ਮਿੱਥਾਂ ਦਾ ਖੰਡਨ ਕਰਦਿਆਂ ਬਹੁਤ ਹੀ ਸਹਿਜਤਾ ਨਾਲ਼ 'ਬਲਿਹਾਰੀ ਕੁਦਰਤਿਵਸਿਆ। ਤੇਰਾ ਅੰਤ ਨਾ ਜਾਈ ਲਖਿਆ॥' ਅਤੇ 'ਸਰਮ ਖੰਡ ਕੀ ਬਾਣੀ ਰੂਪ॥ ਤਿੱਥੈ ਘਾੜਤਿ ਘੜੀਐ ਬਹੁਤਅਨੂਪ॥' ਰੱਬ ਤੇ ਕੁਦਰਤ ਦਾ ਸੁਮੇਲ ਅਤੇ ਕਿਰਤ ਦੁਆਰਾ ਇਸ ਅਨੁਪਮ ਸੰਸਾਰ ਦੇ ਸੁਹਜ ਦੀ ਸਿਰਜਣਾ ਦਾ ਨਵਾਂ ਸੰਕਲਪ ਪੇਸ਼ ਕਰ ਦਿੱਤਾ ਕਿ ਇਹ ਸੰਸਾਰ ਇਸੇ ਤਰ੍ਹਾਂ ਦਾ ਉੱਪਰੋਂ ਬਣ ਕੇ ਨਹੀਂ ਡਿੱਗਿਆ, ਜਿਵੇਂ ਕਿ ਪੁਰਾਤਨ ਮੱਤ ਕਹਿੰਦਾ ਸੀ, ਇਹ ਮਨੁੱਖੀ ਸਰਮ (ਸ਼੍ਰਮ ਭਾਵ ਮਿਹਨਤ) ਦਾ ਕ੍ਰਿਸ਼ਮਾ ਹੈ। ਗੁਰੂ ਜੀ ਦਾ ਦੱਬ ਵਿਰੋਧ ਵੀ ਹੋਇਆ-ਬੂਬਨਾ, ਕੁਰਾਹੀਆ, ਭੂਤਨਾ, ਬੇਤਾਲਾ ਤੱਕ ਕਿਹਾ ਗਿਆ।

ਵਿਹਲੜ ਸਾਮੰਤੀ ਤੰਤਰ ਅਤੇ ਬ੍ਰਹਿਮਣੀ ਵਿਚਾਰਧਾਰਾ ਨੇ ਕਿਰਤ ਨੂੰ ਦੋਮ ਦਰਜ਼ੇ 'ਤੇ ਰੱਖ ਕੇ ਕਿਰਤੀ ਵਰਗਨੂੰ ਸਾਹ-ਸਤ ਹੀਣ ਕੀਤਾ ਹੋਇਆ ਸੀ, ਪਰ ਗੁਰੂ ਨਾਨਕ ਜੀ ਨੇ ਉਸ ਲੋਕਾਈ ਨੂੰ ਪ੍ਰਥਮ ਸਥਾਨ 'ਤੇ ਸਜਾਇਆ-

**"ਘਾਲਿ ਖਾਇ ਕਿਛੁ ਹਥਉ ਦੇਇ॥**
**ਨਾਨਕ ਰਾਹੁ ਪਛਾਣੈ ਸੇਇ॥"**

ਜੋ ਕਿਰਤ ਕਰ ਕੇ ਖਾਂਦਾ ਹੈ ਤੇ ਦੂਜਿਆਂ ਨੂੰਖਵਾਉਂਦਾ ਹੈ, ਜਿਸ ਦੀ ਬਦੌਲਤ ਲੰਗਰ ਚੱਲਦੇ ਹਨ, ਥਾਂ-ਥਾਂ ਭੰਡਾਰੇ ਲੱਗਦੇ ਹਨ, ਕਿਰਤੀ ਕਿਸਾਨ ਦੀ ਬਦੌਲਤਹੀ

ਇਸ ਸੰਸਾਰ ਦਾ ਸੁਹੱਪਣ ਹੈ। ਕਿਰਤ ਨੂੰ ਸਮਾਜਕ ਵਿਕਾਸ ਦਾ ਇੱਕੋ-ਇੱਕ ਕਾਰਕ ਦੱਸ ਕੇ ਗੁਰੂ ਜੀ ਰਾਜਿਆਂ-ਰਾਣਿਆਂ, ਮਲਕ ਭਾਗੋਆਂ ਨੂੰ ਦੁਰਕਾਰ ਕੇ ਲਾਲੋਆਂ ਨੂੰ ਗਲ਼ ਲਾਉਂਦੇ ਹਨ ਤੇ ਸਭ ਤੋਂ ਨੀਚਿਆਂ ਨਾਲ਼ ਮਿੱਤਰਤਾ ਦਾ ਹੱਥ ਵਧਾਉਂਦੇ ਹਨ-"ਜੇ ਕੋ ਨਾਉ ਧਰਾਏ ਵਡਾ ਸਾਦੁ ਕਰੈ ਮਨਿ ਭਾਣੇ॥ ਖਸਮੈ ਨਦਰਿ ਕੀੜਾ ਆਵੈ ਜੇਤੇ ਚੁਗੈ ਦਾਣੇ॥" ਜਾਂ-"ਨੀਚਾਂ ਅਦਰਿ ਨੀਚੁ ਜਾਤੁ ਨੀਚੀ ਹੂ ਅਤਿ ਨੀਚੁ।। ਨਾਨਕ ਤਿਨਿ ਕੈ ਸੰਗਿ ਸਾਥੁ ਵਡਿਆ ਸਿਉ ਕਿਆ ਰੀਸਿ।। ਜਿਥੇ ਨੀਚੁ ਸਮਾਲੀਅਨ ਤਿਥੈ ਨਦਰਿ ਤੇਰੀ ਬਖ਼ਸੀਸ॥"

ਸਮੇਂ ਦੇ ਉਸ ਝੂਠ ਨੂੰ ਕੁਰੇਦਣ ਦਾ ਮਹਾਨ ਕਾਰਜ ਗੁਰੂ ਨਾਨਕ ਦੇ ਹਿੱਸੇ ਹੀ ਆ ਸਕਦਾ ਸੀ, ਜੋ ਉਨ੍ਹਾਂ ਨੇ ਕਰਦਿਖਾਇਆ। ਗੁਰੂ ਨਾਨਕ ਸਾਹਿਬ ਦੁਆਰਾ ਇਸ ਕ੍ਰਾਂਤੀਕਾਰੀ ਸਿਧਾਂਤ ਉੱਪਰ ਰੱਖੀ ਨੀਂਹ ਉੱਪਰ ਸਿੱਖੀ ਦੀ ਇਮਾਰਤਦੀ ਅੱਠ ਗੁਰੂ ਸਾਹਿਬਾਨ ਨੇ ਉਸਾਰੀ ਕੀਤੀ, ਜਿਸ ਉੱਪਰ ਛੱਤ ਪਾਈ ਦਸਮ ਗੁਰੂ ਗੋਬਿੰਦ ਸਿੰਘ ਜੀ ਨੇ। ਭਗਤੀ ਮਾਰਗ ਦੇ-"ਨੀਚਉ ਊਚ ਕਰੇ ਮੇਰਾ ਗੋਬਿੰਦ ਕਾਹੂ ਤੇ ਨ ਡਰੈ॥" ਵਿਧਾਨ ਨੂੰ ਲਾਗੂ ਕਰ ਵਿਖਾਇਆ, ਕਿਰਤੀ ਕਾਮਿਆਂ ਨੂੰ ਪੰਜ ਪਿਆਰਿਆਂ ਦੀ ਸਾਜਨਾ ਕਰ ਕੇ ਅਤੇ ਹੇਠਲੀ ਨੂੰ ਉੱਪਰ ਕਰਨ ਦੀ ਰਾਜਨੀਤਕ ਦਖ਼ਲ-ਅੰਦਾਜ਼ੀ ਕਰਦਿਆਂ-"ਭੇਡ਼ੋਂ ਕੋ ਮੈਂ ਸ਼ੇਰ ਬਨਾਊਂ॥ ਰਾਜਨ ਕੇ ਸੰਗ ਰੰਕ ਲੜਾਊਂ॥ ਭੂਪ ਗਰੀਬਨ ਕਉ ਕਹਿਵਾਊਂ॥ ਚਿੜੀਉਂ ਸੇ ਮੈਂ ਬਾਜ਼ ਤੁੜਾਊਂ॥ ਸਵਾ ਲਾਖ ਸੇ ਏਕ ਲੜਾਊਂ॥ ਤਬੈ ਗੋਬਿੰਦ ਸਿੰਘ ਨਾਮ ਕਹਾਊਂ।।" ਦਾ ਪਰਚਮ ਲਹਿਰਾ ਕੇ।

ਮੇਰੀ ਸਮਝ ਅਨੁਸਾਰ ਰਾਜ ਦਾ ਸੰਕਲਪ ਗੁਰੂ ਜੀ ਦੇ ਮਨ ਵਿੱਚ ਪਟਨੇ ਦੇ ਰਾਜਾ ਫ਼ਤਿਹ ਚੰਦ ਮੈਣੀ ਦੇ ਮਹਿਲਾਂ ਵਿੱਚ ਵਿਚਰਦਿਆਂ ਰਾਣੀ ਦੀ ਗੋਦ ਤੋਂ ਮਿਲ਼ੇ ਪਿਆਰ, ਦੁੱਧ ਅਤੇ ਛੋਲਿਆਂ ਦੀਆਂ ਬੱਕਲ਼ੀਆਂ ਦਾ ਆਨੰਦ ਮਾਣਦਿਆਂ, ਪੜਦਾਦੇ ਅਤੇ ਪਿਤਾ ਦੀ ਜ਼ਾਲਮ ਹਕੂਮਤ ਦੁਆਰਾ ਕੀਤੀ ਸ਼ਹਾਦਤ ਅਤੇ ਥੁੜੇ-ਟੁੱਟੇ ਲੋਕਾਂ ਦੀ ਤਰਸਯੋਗ ਹਾਲਤ ਵੇਖ ਕੇ ਉਪਜਦਾ ਪ੍ਰਤੀਤ ਹੁੰਦਾ ਹੈ। ਮੇਰਾ ਮਨ ਮੰਨਦਾ ਹੈ ਕਿ ਰਾਣੀ ਬਾਲ ਗੁਰੂ ਦੇ ਸਿਰ ਕਲਗੀ ਸਜ਼ਾ ਕੇ ਪੁੱਤਰ ਮੂਹ ਵਾਲ਼ੀ ਘਾਟ ਵੀ ਪੂਰੀ ਕਰਦੀ ਰਹੀ ਹੋਵੇਗੀ। ਜਦੋਂ ਇਤਿਹਾਸ ਵਿੱਚ ਮਿਥਿਹਾਸ ਦੀ ਭਰਤੀ ਕੁੱਝ ਜ਼ਿਆਦਾ ਹੀ ਹੋ ਜਾਵੇ ਤਾਂ ਸੱਚ ਲੱਭਣ ਵਿੱਚ ਦਿੱਕਤ ਤਾਂ ਆਏਗੀ ਹੀ ਕਿਉਂਕਿ ਬਹੁ-ਗਿਣਤੀ ਲੋਕ ਮਿੱਥਾਂ ਵਿੱਚ ਯਕੀਨ ਕਰਨ ਲੱਗੇ ਹੁੰਦੇ ਹਨ ਅਤੇ ਸ਼ਰਧਾ ਵਿੱਚ ਤਾਰੀਆਂ ਲਾਉਣ ਤੱਕ ਸੀਮਤ ਰਹਿ ਕੇ ਆਪਣੇ ਆਪ ਨੂੰ ਧਾਰਮਿਕ ਹੋਣ ਦਾ ਭਰਮ ਪਾਲ਼ਦੇ ਰਹਿੰਦੇ ਹਨ, ਜਦੋਂ ਕਿ ਅੰਧ ਗਿਆਨ ਨੂੰ ਸੱਚ ਮੰਨ ਕੇ ਸੱਚ ਤੋਂ ਮੁੱਖ ਮੋੜੀ ਰੱਖਦੇ ਹਨ।

ਪੜਦਾਦਾ ਪੰਜਵੇਂ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਗੁਰੂ ਤੇਗ਼ ਬਹਾਦਰ ਸਾਹਿਬ ਤੱਕ ਸਾਕਤਤੇ ਨਿੰਦਕਾਂ ਦਾ ਬੋਲਬਾਲਾ ਚਰਮ ਸੀਮਾ ਤੱਕ ਪਹੁੰਚ ਗਿਆ ਸੀ, ਜਿਸ ਕਰ ਕੇ ਗੁਰੂ ਪੰਜਾਬ ਦੇ ਇੱਕ ਕਿਨਾਰੇ 'ਤੇ ਬਿਲਾਸਪੁਰ ਦੇ ਰਾਜੇ ਤੋਂ 75000 ਸਿੱਕਿਆਂ- (ਜੋ ਵੀ ਉਸ ਸਮੇਂ ਦਾ ਸਿੱਕਾ ਸੀ, ਇਤਿਹਾਸ ਵਿੱਚ 75000 ਰੁਪਏ ਦਰਜ਼ ਹੈ)-ਵਿੱਚ ਜ਼ਮੀਨ ਖ਼ਰੀਦ ਕੇ ਕਿਲੇ ਦੀ ਉਸਾਰੀ ਕਰਵਾਉਣੀ ਪਈ। ਆਸਾਮ ਦੇ ਰਾਜੇ ਰਤਨ ਰਾਇ ਦੀ ਬੇਨਤੀ 'ਤੇ ਉਹਦੇ ਨਾਲ਼ ਆਸਾਮ, ਬਿਹਾਰ, ਬੰਗਾਲ, ਨੈਪਾਲ ਜਾਣਾ ਤੇ ਆਪਣਾ ਰਸੂਖ਼ ਵਰਤ ਕੇ ਰਾਜਾ ਰਤਨ ਰਾਇ ਨੈਪਾਲ ਦੇ ਰਾਜੇ ਨਾਲ਼ ਸੁਲਾਹ ਕਰਾਉਣ ਜਿਹੇ ਬਿਰਤਾਂਤ ਤੋਂ ਸੂਹ ਮਿਲ਼ਦੀ ਹੈ ਕਿ ਗੁਰੂ ਸਾਹਿਬ ਨੂੰ ਗਿਆਤ ਹੋ ਗਿਆ ਸੀ ਕਿ ਇੱਕਨਾ ਇੱਕ ਦਿਨ ਜ਼ਬਰ-ਜ਼ੁਲਮ ਵਾਲ਼ੀ ਸੱਤਾ ਨਾਲ਼ ਰਾਜਨੀਤਕ ਟਕਰਾ ਹੋ ਕੇ ਰਹੇਗਾ। ਪਿਤਾ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਉਪਰੰਤ ਨੌਂ ਸਾਲ ਦੀ ਅਵਸਥਾ ਵਿੱਚ ਗੁਰ-ਗੱਦੀ 'ਤੇ ਬਿਰਾਜਮਾਨ ਹੋਏ ਬਾਲ ਗੁਰੂ ਗੋਬਿੰਦ ਰਾਇ ਦੁਆਰਾ ਸਿੱਖ ਸੰਗਤਾਂ ਨੂੰ ਘੋੜੇ ਸ਼ਸ਼ਤਰ ਇਕੱਤਰ ਕਰਨ ਦੀ ਆਗਿਆ ਦੇਣਾ, ਭਵਿੱਖੀ ਹਾਲਾਤ ਨਾਲ਼ ਨਜਿੱਠਣ ਦੀ ਤਿਆਰੀ ਦਾ ਸੰਕੇਤ ਦਿੰਦਾ ਹੈ। ਆਸਾਮ ਦੇ ਰਾਜੇ ਰਤਨ ਰਾਇ ਦੁਆਰਾ ਭੇਟ ਕੀਤਾ ਗਿਆ ਪ੍ਰਸ਼ਾਦੀ ਹਾਥੀ, ਨੈਪਾਲ ਦੇ ਰਾਜੇ ਵੱਲੋਂ ਭੇਜੀ ਗਈ ਚਾਨਣੀ, ਗੁਰੂ ਘਰ ਦੇ ਦੀਵਾਨ ਨੰਦਚੰਦ ਦੁਆਰਾ ਤਿਆਰ ਕੀਤਾ ਗਿਆ ਰਣਜੀਤ ਨਗਾਰਾ ਆਦਿ ਗੁਰ ਇਤਿਹਾਸ ਦੀ ਰਾਜਨੀਤਕ ਦਿਸ਼ਾ ਵੱਲ ਪੇਸ਼ ਕਦਮੀ ਦਾ ਪ੍ਰਮਾਣ ਹੈ। ਇਕੋ ਬਾਟੇ ਅੰਮ੍ਰਿਤ ਛਕਾ ਕੇ ਜਾਤ-ਪਾਤ ਦਾ ਖ਼ਾਤਮਾ ਕਰ ਕੇ ਖ਼ਾਲਸਾ ਫੌਜ ਦੀ ਸਾਜਨਾ, ਘੋਲ਼-ਖੇਡ, ਕੁਸ਼ਤੀ, ਨਕਲੀ ਯੁੱਧ ਕਰਾਉਣ ਦੀ ਕਵਾਇਦ, ਸਿੰਘਾਂ ਨੂੰ ਤਲਵਾਰ, ਤੀਰ ਅੰਦਾਜ਼ੀ ਦੇ ਧਨੀ ਬਣਾਉਣ ਜਿਹੇ ਬਿਰਤਾਂਤ ਭਰੇ ਕਰਤੱਵ, ਭਵਿੱਖੀ ਯੋਜਨਾਵਾਂ ਦੀ ਸੂਚਨਾ ਦਿੰਦੇ ਹਨ। ਇਸ ਤੋਂ ਬਾਈਧਾਰ ਦੇ ਰਾਜਿਆਂ ਨੂੰ ਫ਼ਿਕਰ ਪੈਣਾ ਅਤੇ ਸਾੜਾ ਪੈਦਾ ਹੋਣਾ ਆਰੰਭ ਹੋ ਜਾਂਦਾ ਹੈ। ਬਾਈਧਾਰ ਦੇ ਰਾਜਿਆਂ ਦੁਆਰਾ ਗੁਰੂ ਫੌਜਾਂ ਉੱਪਰ ਵਾਰ-ਵਾਰ ਦੇ ਹਮਲੇ ਤੇ ਹਰ ਵਾਰ ਮੂੰਹ ਦੀ ਖਾਣੀ ਤੇ ਅਖ਼ੀਰ ਸਰਹਿੰਦ ਦੇ ਹਾਕਮਾਂ ਨਾਲ਼ ਕੀਤਾ ਅਹਿਦ ਅਤੇ ਦਿੱਲੀ ਹਕੂਮਤ ਦੇ ਵੱਡੇ ਦਲਾਂ ਰਾਹੀਂ ਪਾਇਆ ਘੇਰਾ ਤੇ ਅਗਲਾ ਖ਼ੂਨੀ ਪੱਤਰਿਆਂ ਦਾ ਇਤਿਹਾਸ ਏਥੇ ਦੁਹਰਾਉਣ ਦੀ ਲੋੜ ਨਹੀਂ।




Galaxy Kitchen Cabinets Ltd.
Residential & Commercial
• Custom Cabinets • Countertops
• Vanities Bars • Entertainment Units
Call for Free Estimate :
Sarbjit S. Mangat
778-549-4740
# 12-13325 - 76 Ave. Surrey BC V2W 2V8 | F: 604-503-0058


Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
Ph : 604-240-8002
or : 604-250-3834
3822 Marine Way
Burnaby, B.C. V5J 3H4


THE HARP GREWAL REAL ESTATE TEAM
ਹਰਪ ਗਰੇਵਾਲ
416.722.3500 (Direct)
905.913.8500 (Office) 905.913.8585 (Fax)
Email: harpgrewals@gmail.com
www.HarpGrewal.ca
HOMELIFE SILVERCITY
REALTY INC., BROKERAGE
HIGHER STANDARDS



Baljinder Singh
Graphic Designer
All types of Newspaper Advts. Newspaper Planning, Designing of Catalogues, Brochures etc.
ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
+91-92167-29598
E-mail : akashdeep.1064@gmail.com | baljinderpta1@gmail.com



Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.
We can Also Arrange
Decoration
Party Rentals
Customer satisfaction is our pride!
VIDEO
Video film with single, double & multiple camera system (Broadcast Quality)
PHOTOGRAPHY
Digital Photography (Coloured, black and white) digital enhancement
MUSIC
DJ, Lighting, screen Projector live sound etc.
403-835-2762 or 29 DREAM(37326)
Special Packages Available For All Occasions in Calgary



Punjabi Rang Radio
CHLO AM530
(TORONTO)
11PM-12AM
(SATURDAY)
Producer/Host
Chamkaur Singh Phulewala
Email punjabirang13@hotmail.com
Cell : 416 662 1313



ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com
202-895 Lawrence Ave E, North York, ON M3C 3L2


Hiring Drivers/Owners/Operators
GALAXY
Freightline inc.
We Offer:
*Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
SAFETY : PHONE 416-644-8881 ext# 111
CELL : 437-429-1300
FAX: 416-644-8882
EMAIL: dispatch@galaxyfreightline.com
www.galaxyfreightline.com
* 1580 Britannia Road East * Mississauga * ON * L4W 1J2











































**ਇਹ ਕਿਤਾਬਾਂ ਕੈਨੇਡਾ ਤੋਂ ਪ੍ਰਾਪਤ ਕਰਨ ਲਈ ਮਾ. ਭਜਨ (ਕੈਲਗਰੀ) 403-455-4220 'ਤੇ ਸੰਪਰਕ ਕਰੋ।**

# ਅਧਿਆਪਕ ਸਾਥੀ ਜਸਕਰਨ ਸਿੰਘ ਭੁੱਲਰ ਅਤੇ ਉਨ੍ਹਾਂ ਦੀ ਜੀਵਨ ਸਾਥਣ ਦੇ ਮੁਆਵਜ਼ੇ ਲਈ ਲੜਨ ਦਾ ਐਲਾਨ

ਮੋਗਾ, (ਬਲਜਿੰਦਰ ਸਿੰਘ ਪਟਿਆਲਾ) : ਧੂੜਕੋਟ ਰਣਸੀਂਹ ਵਿਖੇ ਸਾਥੀ ਜਸਕਰਨ ਭੁੱਲਰ ਅਤੇ ਉਹਨਾਂ ਦੀ ਜੀਵਨ ਸਾਥਣ ਕਮਲਜੀਤ ਕੌਰ ਦੇ ਅੰਤਿਮ ਅਰਦਾਸ ਤੋਂ ਬਾਅਦ ਮੋਗਾ ਜ਼ਿਲ੍ਹੇ ਦੀਆਂ ਵੱਖ-ਵੱਖ ਅਧਿਆਪਕ, ਕਿਸਾਨ ਅਤੇ ਇਨਸਾਫ਼ ਪਸੰਦ ਜਥੇਬੰਦੀਆਂ ਦੀ ਮੀਟਿੰਗ ਹੋਈ ਜਿਸ ਵਿੱਚ ਅਗਲੇ ਪ੍ਰੋਗਰਾਮ ਵਾਸਤੇ ਰਣਨੀਤੀ ਬਣਾਈ ਗਈ ਸਭ ਤੋਂ ਪਹਿਲਾਂ ਤਾਂ ਜੋ ਪੰਜਾਬ ਸਰਕਾਰ ਵੱਲੋਂ 10-10 ਲੱਖ ਰੁਪਏ ਦੀ ਨਿਗੂਣੀ ਮੁਆਵਜ਼ੇ ਦੀ ਰਾਸ਼ੀ ਜਾਰੀ ਕਰਨ ਦਾ ਐਲਾਨ ਕੀਤਾ ਗਿਆ ਉਹਨੂੰ ਨਿਗੂਣਾ ਕਰਾਰ ਦਿੱਤਾ ਗਿਆ ਤੇ ਆਗੂਆਂ ਵੱਲੋਂ ਕਿਹਾ ਗਿਆ ਕਿ ਸ਼ਹੀਦ ਹੋਏ ਜੋੜੇ ਅਤੇ ਉਹਨਾਂ ਦੇ ਪਰਿਵਾਰ ਨਾਲ ਇਹ ਕੋਝਾ ਮਜਾਕ ਹੈ। ਉਨ੍ਹਾਂ ਨੇ ਮੰਗ ਕੀਤੀ ਕਿ ਪਰਿਵਾਰ ਨੂੰ ਦੋ-ਦੋ ਕਰੋੜ ਦੀ ਮੁਆਵਜਾ ਰਾਸ਼ੀ ਤੁਰੰਤ ਜਾਰੀ ਕੀਤੀ ਜਾਵੇ ਜਿਵੇਂ ਮੁੱਖ ਮੰਤਰੀ ਸਾਹਿਬ ਕਹਿੰਦੇ ਹੁੰਦੇ ਆ ਵੀ ਮੱਲਮ ਉਦੋਂ ਲਾਉਣੀ ਚਾਹੀਦੀ ਆ ਜਦੋਂ ਜਖ਼ਮ ਅੱਲਾ ਹੋਵੇ ਜਦੋਂ ਅੱਖਾਂ ਨਮ ਵੇਲੇ ਉਦੋਂ ਮਤਲਬ ਅੱਖਾਂ ਜਦੋਂ ਨਮ ਨੇ ਦੁੱਖ ਦੇ ਵਿੱਚ ਨੇ ਉਦੋਂ ਮੱਲ੍ਹਮ ਲਾਉਣੀ ਚਾਹੀਦੀ ਆ ਉਦੋਂ ਉਨ੍ਹਾਂ ਨੂੰ ਸਹਾਇਤਾ ਪਹੁੰਚਣੀ ਚਾਹੀਦੀ ਹੁੰਦੀ ਅੱਜ ਇਸ ਪਿੰਡ ਦੇ ਵਿੱਚ ਇੱਕ ਮੁਲਾਜ਼ਮ ਪਰਿਵਾਰ ਦਾ ਚੁੱਲਾ ਠੰਡਾ ਹੋਇਆ ਤੇ ਇਸ ਠੰਢੇ ਚੁੱਲ੍ਹੇ ਨੂੰ ਤਪਾਉਣ ਵਾਸਤੇ ਦੋ ਦੋ ਕਰੋੜ ਦੀ ਜਿਹੜੀ ਮੁਆਵਜਾ ਰਾਸ਼ੀ ਤੁਰੰਤ ਜਾਰੀ ਕੀਤੀ ਜਾਵੇ, ਬੱਚਿਆਂ ਦੀ ਪੜ੍ਹਾਈ ਦਾ ਸਾਰਾ ਖਰਚਾ ਸਰਕਾਰ ਦੇਵੇ ਅਤੇ ਪੜ੍ਹਾਈ ਤੋਂ ਉਪਰੰਤ ਉਹਨਾਂ ਦੀ ਸਰਕਾਰੀ ਨੌਕਰੀ ਦੀ ਲਿਖਤੀ ਗ੍ਰੰਟੀ ਪੰਜਾਬ ਸਰਕਾਰ ਕਰੇ ਅੱਜ ਦੀ ਇਸ ਮੀਟਿੰਗ ਵਿੱਚ ਇਹਨਾਂ ਤਿੰਨਾਂ ਮੰਗਾਂ ਨੂੰ ਕੇਂਦਰਿਤ ਵਿਸਥਾਰ ਨਾਲ ਚਰਚਾ ਕੀਤੀ ਗਈ ਤੇ ਆਉਣ ਵਾਲੇ ਦਿਨਾਂ ਦੇ ਵਿੱਚ ਪੰਜਾਬ ਦੀਆਂ 15 ਅਧਿਆਪਕ ਜਥੇਬੰਦੀਆਂ ਵੱਲੋਂ ਸੂਬਾ ਪੱਧਰੀ ਪ੍ਰੋਗਰਾਮ ਮੋਗੇ ਦਿੱਤਾ ਜਾਵੇਗਾ।


ਸਾਥੀ ਜਸਕਰਨ ਭੁੱਲਰ ਅਤੇ ਉਹਨਾਂ ਦੀ ਜੀਵਨ ਸਾਥਣ ਕਮਲਜੀਤ ਕੌਰ



ਓਦੋਂ ਤੱਕ ਸੰਘਰਸ਼ ਨੂੰ ਮੱਘਦਾ ਰੱਖਣ ਲਈ 27 ਦਸੰਬਰ ਨੂੰ ਪਿੰਡ ਧੂੜਕੋਟ ਰਣਸੀਂਹ ਵਿਖੇ ਸ਼ਾਮ 4 ਵਜੇ ਕੈਂਡਲ ਮਾਰਚ ਕੀਤਾ ਜਾਵੇਗਾ, 29 ਤਰੀਕ ਨੂੰ ਪਿੰਡ ਖੋਟੇ ਜਿੱਥੇ ਜਸਕਰਨ ਭੁੱਲਰ ਪੜ੍ਹਾਉਂਦੇ ਸਨ ਉੱਥੇ ਸ਼ਾਮ 4 ਵਜੇ ਕੈਂਡਲ ਮਾਰਚ ਕੀਤਾ ਜਾਵੇਗਾ ਅਤੇ ਮਿਤੀ 31 ਦਸੰਬਰ ਨੂੰ ਪਿੰਡ ਪੱਤੋ ਹੀਰਾ ਸਿੰਘ ਜਿੱਥੇ ਭੈਣ ਕਮਲਜੀਤ ਕੌਰ ਪੜ੍ਹਾਉਂਦੇ ਸ਼ਨ ਉੱਥੇ ਵੀ ਕੈਂਡਲ ਮਾਰਚ ਕੀਤਾ ਜਾਵੇਗਾ। ਇਹ ਤਿੰਨੇ ਲੋਕਲ ਪ੍ਰੋਗਰਾਮ ਨੇ ਜਿਹੜਾ ਸੂਬਾ ਪੱਧਰੀ ਪ੍ਰੋਗਰਾਮ ਉਲੀਕਿਆ ਜਾਣਾ ਹੈ ਉਸ ਬਾਰੇ ਕੱਲ ਨੂੰ ਹੋਣ ਵਾਲੀ ਵੱਖ ਵੱਖ ਜਥੇਬੰਦੀਆਂ ਦੀ ਆਨਲਾਈਨ ਮੀਟਿੰਗ ਵਿੱਚ ਫ਼ੈਸਲਾ ਲਿਆ ਜਾਵੇਗਾ। ਅਧਿਆਪਕਾਂ ਦੀਆਂ ਜਥੇਬੰਦੀਆਂ ਦੀ ਉਸਤੋਂ ਬਾਅਦ ਪ੍ਰੈਸ ਨਾਲ ਉਹ ਸਾਂਝਾ ਕੀਤਾ ਜਾਵੇਗਾ। ਸਾਰੇ ਹੀ ਕਿਸਾਨਾਂ ਮਜ਼ਦੂਰਾਂ ਨੂੰ ਇਨਸਾਫ ਪਸੰਦ ਲੋਕਾਂ, ਨੌਜਵਾਨਾਂ ਨੂੰ ਖਾਸ ਤੌਰ 'ਤੇ ਧੂੜਕੋਟ ਰਣਸੀਂਹ ਦੇ ਨਿਵਾਸੀਆਂ ਨੂੰ ਅਤੇ ਖ਼ਾਸ ਕਰਕੇ ਸਾਰੀਆਂ ਅਧਿਆਪਕ ਜਥੇਬੰਦੀਆਂ ਨੂੰ ਬੇਨਤੀ ਆ ਕਿ ਜਿੰਨਾ ਚਿਰ ਇਸ ਪਰਿਵਾਰ ਨੂੰ ਜਿਹੜੇ ਕਿ ਆਨ ਡਿਊਟੀ ਆਨ ਡਿਊਟੀ ਜਾ ਰਹੇ ਸਨ। ਅਧਿਆਪਕ ਆਗੂਆਂ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਇਹ ਕਹਿੰਦੇ ਨੀ ਥੱਕਦੇ ਕਿ ਅਧਿਆਪਕਾ ਤੋਂ ਕੋਈ ਗੈਰ ਵਿੱਦਿਅਕ ਕੰਮ ਨਹੀਂ ਲਿਆ ਜਾਵੇਗਾ ਪਰ ਬੀ.ਐਲ.ਓ ਦੀਆਂ ਡਿਊਟੀਆਂ ਚੋਣ ਡਿਊਟੀਆਂ ਅਧਿਆਪਕਾਂ ਨੂੰ ਮਜਬੂਰੀ ਵੱਸ ਕਰਨਗੀਆਂ ਪੈਂਦੀਆਂ ਦੂਰ ਦੂਰ ਤੱਕ ਅਧਿਆਪਕ ਭੈਣਾਂ ਦੀਆਂ ਡਿਊਟੀਆਂ ਲਾਈਆਂ ਜਾਂਦੀਆਂ ਇਹ ਉਸੇ ਦਾ ਸਿੱਟਾ ਹੈ ਜੇ ਕਮਲਜੀਤ ਕੌਰ ਦੀ ਡਿਊਟੀ ਦੂਰ ਲੱਗੀ ਤਾਂ ਜਸਕਰਨ ਨੂੰ ਛੱਡਣ ਗਿਆ ਤਾਂ ਉਹਨਾਂ ਦੀ ਮੌਤ ਹੋਈ ਹੈ ਇਹ ਕੋਈ ਦੁਰਘਟਨਾ ਨਹੀਂ ਬਲਕਿ ਇੱਕ ਕਤਲ ਆ ਜਿਸ ਲਈ ਮੋਗਾ ਸਿਵਲ ਪ੍ਰਸ਼ਾਸਨ ਜੁੰਮੇਵਾਰ ਹੈ ਇਸ ਕਰਕੇ ਅਸੀਂ ਇਹ ਤਿੰਨੋ ਪ੍ਰੋਗਰਾਮ ਜਿਹੜੇ ਉਲੀਕੇ ਆ ਸਾਰੇ ਹੀ ਸੁਹਿਰਦ ਸਾਥੀਆਂ ਨੂੰ ਇਨਸਾਫ ਸਭ ਲੋਕਾਂ ਨੂੰ ਇਸ ਵੱਡੇ ਵਿਸ਼ਾਲ ਮਾਰਚਾਂ ਦੇ ਵਿੱਚ ਸ਼ਾਮਲ ਹੋਣ ਦੀ ਅਪੀਲ ਕਰਦੇ ਆਂ ਤੇ ਜਦੋਂ ਅੱਗੇ ਨੂੰ ਕੋਈ ਸੂਬਾ ਪੱਧਰੇ ਪ੍ਰੋਗਰਾਮ ਸੱਦਾ ਆਵੇਗਾ ਉਹਦੇ ਵਿੱਚ ਵੀ ਸਾਰੇ ਹੀ ਅਧਿਆਪਕ ਸਾਥੀਆਂ ਨੂੰ ਉਸ ਵਿੱਚ ਪੂਰੇ ਜ਼ੋਰ ਨਾਲ ਸ਼ਾਮਿਲ ਹੋਣ ਦੀ ਸਾਰੀਆਂ ਜਥੇਬੰਦੀਆਂ ਵੱਲੋਂ ਪੁਰਜੋਰ ਅਪੀਲ ਕਰਦੇ ਹਾਂ।

KRAFTSMAN ELECTRIC LTD.
ELECTRIC
Residential & Commercial
Licensed, Bonded & Insured


BBB ACCREDITED BUSINESS
www.kraftsmanelectric.ca
kelectric17@gmail.com
778-883-1313

# ਤਰਕਸ਼ੀਲ ਸੁਸਾਇਟੀ ਪੰਜਾਬ (ਜ਼ੋਨ ਲੁਧਿਆਣਾ) ਵੱਲੋਂ ਵੇਲਾ ਵਹਾਅ ਚੁੱਕੀਆਂ ਬੇਲੋੜੀਆਂ ਰਸਮਾਂ ਅਤੇ ਸਮਾਜਿਕ ਤਬਦੀਲੀਆਂ ਕਾਰਣ ਵਧ ਰਹੀਆਂ ਮਾਨਸਿਕ ਪ੍ਰੇਸ਼ਾਨੀਆਂ ਨੂੰ ਸੰਬੋਧਤ ਹੋਈ ਵਰਕਸ਼ਾਪ











ਲੁਧਿਆਣਾ, (ਜਸਵੰਤ ਜੀਰਖ) : ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜ਼ੋਨ ਲੁਧਿਆਣਾ ਦੀ ਸਭਿਆਚਾਰਕ ਅਤੇ ਮਾਨਸਿਕ ਚੇਤਨਾ ਸਬੰਧੀ ਵਰਕਸ਼ਾਪ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਸੁਨੇਤ ਯਾਦਗਾਰ ਲੁਧਿਆਣਾ ਵਿਖੇ ਕਰਵਾਈ ਗਈ, ਜਿਸ ਵਿੱਚ ਤਰਕਸ਼ੀਲ ਸੁਸਾਇਟੀ ਨਾਲ ਸਬੰਧਤ ਵਿਭਾਗਾਂ ਦੇ ਸੂਬਾ ਆਗੂ ਜੋਗਿੰਦਰ ਸਿੰਘ ਕੁੱਲੇਵਾਲ ਅਤੇ ਜੁਝਾਰ ਸਿੰਘ ਲੌਂਗੋਵਾਲ ਮੁੱਖ ਵਕਤਾ ਵਜੋਂ ਵਿਸ਼ੇਸ਼ ਸ਼ਾਮਲ ਹੋਏ। ਵਰਕਸ਼ਾਪ ਸ਼ੁਰੂ ਕਰਦਿਆਂ ਜ਼ੋਨ ਆਗੂ ਜਸਵੰਤ ਜੀਰਖ ਨੇ ਸਬੰਧਤ ਆਗੂਆਂ ਅਤੇ ਤਰਕਸ਼ੀਲ ਇਕਾਈਆਂ ਤੋਂ ਆਏ ਨੁਮਾਇੰਦਿਆਂ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਪਹਿਲੇ ਸਮਿਆਂ ਦੇ ਵਿੱਚ ਸਾਡੇ ਕੋਲ ਮਾਨਸਿਕ ਤੌਰ ’ਤੇ ਪੀੜਤ ਲੋਕਾਂ ਦੇ ਕਸ਼ਰਾਂ, ਕੱਪੜੇ ਕੱਟਣ ਜਾਂ ਪੇਟੀ ਵਿੱਚ ਅੱਗ ਲੱਗਣ ਆਦਿ ਦੇ ਕੇਸ਼ ਆਉਂਦੇ ਸਨ ਜੋ ਕਿ ਜ਼ਿਆਦਾਤਰ ਅੰਧ ਵਿਸ਼ਵਾਸੀ ਮਾਨਸਿਕਤਾ ਤੇ ਅਧਾਰਤ ਹੁੰਦੇ ਸਨ। ਪਰ ਸਮੇਂ ਦੇ ਬੀਤਣ ਨਾਲ ਤੇ ਸੁਸਾਇਟੀ ਦੇ ਕੀਤੇ ਕਾਰਜਾਂ ਕਰਕੇ ਅਤੇ ਨਵੀਆਂ ਸਮਾਜਿਕ ਤੇ ਆਰਥਿਕ ਸਥਿਤੀਆਂ ਕਾਰਨ ਸੁਸਾਇਟੀ ਨੇ ਦੇਖਿਆ ਹੈ ਕਿ ਹੁਣ ਬਹੁਤੇ ਲੋਕ ਆਰਥਿਕ ਸਮੱਸਿਆਵਾਂ ਨਾਲ ਘਿਰੇ ਹੋਣ ਕਾਰਣ ਤਣਾਓ ਜਾਂ ਉਦਾਸੀ ਦਾ ਸ਼ਿਕਾਰ ਜ਼ਿਆਦਾ ਹੋ ਰਹੇ ਹਨ। ਜਿਸ ਕਾਰਣ ਆਤਮ ਹੱਤਿਆ ਅਤੇ ਨਸ਼ਿਆਂ ਦੀ ਪ੍ਰਵਿਰਤੀ ਵਧ ਰਹੀ ਹੈ। ਇਸ ਦਾ ਮੁੱਖ ਕਾਰਣ ਸਾਡੇ ਦੇਸ਼ ਦਾ ਰਾਜ ਪ੍ਰਬੰਧ ਗਲਤ ਹੱਥਾਂ ਵਿੱਚ ਹੋਣਾ ਹੈ।

ਇਸ ਸਮੇਂ ਸਭਿਆਚਾਰਕ ਵਿਭਾਗ ਦੇ ਆਗੂ ਜੋਗਿੰਦਰ ਕੁਲੇਵਾਲ ਨੇ ਕਿਹਾ ਕਿ ਸਮਾਜ ਵਿੱਚ ਚਲਦੀਆਂ ਵੇਲਾ ਵਿਹਾਅ ਚੁੱਕੀਆਂ ਰਸਮਾਂ ਦੀ ਥਾਂ ਉਸਾਰੂ ਬਦਲ ਲੱਭ ਕੇ ਲੋਕਪੱਖੀ ਤਬਦੀਲੀ ਕਰਨੀ ਚਾਹੀਦੀ ਹੈ। ਉਹਨਾਂ ਦੀ ਥਾਂ ਕੁਝ ਨਵਾਂ ਕਰਨ ਜਿਵੇਂ ਕਿ ਤਰਕਸ਼ੀਲ ਸੁਸਾਇਟੀ ਵੱਲੋ ਮ੍ਰਿਤਕ ਸਰੀਰ ਹਸਪਤਾਲਾਂ ਨੂੰ ਦੇਣ ਦੀ ਪਾਈ ਪਿਰਤ ਨਾਲ ਹੀ ਹੁਣ ਦਾਹ ਸੰਸਕਾਰ ਦੀਆਂ ਰਸਮਾਂ ਵੀ ਬਦਲ ਰਹੀਆਂ ਹਨ। ਇਸੇ ਤਰ੍ਹਾਂ ਵਿਆਹ ਜਾਂ ਜਨਮ ਦਿਨ ਆਦਿ ਸਮੇਂ ਹੋਰ ਵਸਤੂਆਂ ਦੀ ਥਾਂ ਅਗਾਂਹਵਧੂ ਤੇ ਤਰਕਸ਼ੀਲ ਸਾਹਿਤ ਜਾਂ ਵਾਤਾਵਰਣ ਦੀ ਸ਼ੁਧਤਾ ਵਾਸਤੇ ਪੇੜ ਪੌਦੇ ਆਦਿ ਦੇਣ ਦੀ ਪਿਰਤ ਵੀ ਪਾਈ ਗਈ ਹੈ। ਇਸ ਵਾਸਤੇ ਸੁਸਾਇਟੀ ਦੇ ਆਗੂਆਂ ਨੂੰ ਮਾਡਲ ਰੋਲ ਨਿਭਾਉਂਦੇ ਰਹਿਣਾ ਚਾਹੀਦਾ ਹੈ। ਇਸੇ ਸਮੇਂ ਉਨ੍ਹਾਂ ਦੀ ਜੀਵਨ ਸਾਥਣ ਨੇ ਪਰਿਵਾਰ ਵੱਲੋਂ ਪਾਈਆਂ ਨਵੀਂਆਂ ਪਿਰਤਾਂ ਦੀ ਜਾਣਕਾਰੀ ਸਾਂਝੀ ਕੀਤੀ ।

ਇਸ ਦੇ ਬਾਅਦ ਜੁਝਾਰ ਲੌਂਗੋਵਾਲ ਨੇ ਮਾਨਸਿਕ ਸਿਹਤ ਸਮੱਸਿਆਵਾਂ ਬਾਰੇ ਗੱਲ ਕਰਦਿਆਂ ਕਿਹਾ ਕਿ ਭਾਵੇਂ ਸਮੇਂ ਨਾਲ ਸਮਾਜ ਵਿੱਚ ਅਲੱਗ ਤਰ੍ਹਾਂ ਦੀਆਂ ਮਾਨਸਿਕ ਸਮੱਸਿਆਵਾਂ ਆ ਰਹੀਆਂ ਹਨ। ਇਸ ਦਾ ਇਹ ਮਤਲਬ ਨਹੀਂ ਕਿ ਸੁਸਾਇਟੀ ਦਾ ਰੋਲ ਘਟ ਗਿਆ ਹੈ। ਸਗੋਂ ਇਸ ਨਾਲ ਤਾਂ ਹੋਰ ਵੀ ਅਹਿਮੀਅਤ ਵਧ ਗਈ ਹੈ ਕਿ ਲੋਕਾਂ ਨੂੰ ਜਾਗਰੁਕ ਕੀਤਾ ਜਾਵੇ ਕਿ ਤੁਹਾਡੀਆਂ ਸਮੱਸਿਆਵਾਂ ਦੀ ਜੜ੍ਹ ਤੁਹਾਡੀ ਕਿਸਮਤ ਨਹੀਂ ਸਗੋਂ ਦੇਸ ਅਤੇ ਸਮਾਜਿਕ ਸਿਸਟਮ ਹੈ। ਸਰਮਾਏਦਾਰੀ ਸਿਸਟਮ ਵਿੱਚ ਟੀ ਵੀ ਰਾਹੀਂ ਹੋ ਰਹੀ ਮਾਰਕੀਟਿੰਗ ਇਸਤਿਹਾਰਬਾਜ਼ੀ ਜਾਂ ਸੀਰਅਲ ਜੋ ਕਿ ਭਰਮਾਉ ਅਤੇ ਔਰਤ ਪ੍ਰਤੀ ਗਲਤ ਮਾਨਸਿਕਤਾ ਪੈਦਾ ਕਰ ਰਹੇ ਹਨ। ਅੱਜ ਰੁਜਗਾਰ ਦੀ ਸਮੱਸਿਆ ਵਧ ਰਹੀ ਹੈ ਅਤੇ ਮੁਕਾਬਲੇਬਾਜ਼ੀ ਕਾਰਣ ਬੱਚਿਆਂ ਨੂੰ ਜਾਣੇ ਬਿਨਾਂ ਉਹਨਾਂ ਨੂੰ ਡਾਕਟਰ ਜਾਂ ਇੰਜੀਨੀਅਰ ਬਣਾਉਣ ਲਈ ਦਬਅ ਪਇਆ ਜਾ ਰਿਹਾ ਹੈ। ਜਿਸ ਕਾਰਣ ਮਾਨਸਿਕ ਤਣਾਓ ਤੇ ਆਤਮਹੱਤਿਆਵਾਂ ਤੱਕ ਵਧ ਗਈਆਂ ਹਨ। ਮਨੁੱਖ ਪੱਖੀ ਸਿਸਟਮ ਉਸਾਰਕੇ ਹੀ ਸਾਡੀ ਨੌਜਵਾਨੀ ਨੂੰ ਬਾਹਰਲੇ ਦੇਸ਼ਾਂ ਵਿੱਚ ਰੁਲਣ ਤੋਂ ਬਚਾਇਆ ਜਾ ਸਕਦਾ ਹੈ। ਇਸ ਦੇ ਬਾਅਦ ਸਥਾਨਕ ਯਾਦਰਗਾਰ ਉਸਾਰਨ ਲਈ ਮੁੱਖ ਭੂਮਿਕਾ ਨਿਭਾਉਣ ਵਾਲੀ ਸੰਸਥਾ ਮਹਾਂ ਸਭਾ ਦੇ ਪ੍ਰਧਾਨ ਬਲਕੌਰ ਸਿੰਘ ਨੇ ਧਾਰਮਿਕ ਕੱਟੜਵਾਦ ਦੀ ਗੱਲ ਕਰਦਿਆਂ ਕਿਹਾ ਅੰਧਵਿਸ਼ਵਾਸੀ ਵਿਚਾਰਾਂ ਦੀ ਭਰਮਾਰ ਕਾਰਣ ਇਹ ਆਪਣੇ ਪੈਰ ਪਸਾਰ ਰਿਹਾ ਹੈ, ਜਿਸ ਵਾਸਤੇ ਸਾਨੂੰ ਅਗਾਂਹਵਧੂ ਫਲਸਫੇ ਨੂੰ ਪੜ੍ਹਨ ਤੇ ਇਤਿਹਾਸ ਨੂੰ ਸਮਝਣ ਦੀ ਲੋੜ ਹੈ ਤਾਂ ਕਿ ਇਹਨਾਂ ਵੱਲੋਂ ਪੈਦਾ ਕੀਤੇ ਸਵਾਲਾਂ ਦਾ ਸਹੀ ਜਵਾਬ ਦੇ ਕੇ ਅਜਿਹੇ ਵਰਤਾਰੇ ਨੂੰ ਠੱਲ੍ਹ ਪਾਈ ਜਾ ਸਕੇ। ਮੀਡੀਆ ਮੁਖੀ ਹਰਚੰਦ ਭਿੰਡਰ ਨੇ ਸਵਾਲਾਂ ਦੇ ਸਮੇਂ ਬੋਲਦਿਆਂ ਕਿਹਾ ਕਿ ਸਭਿਆਚਾਰ, ਕੰਮ ਦੇ ਨਾਲ ਨਾਲ ਹੀ ਤਬਦੀਲ ਹੁੰਦਾ ਰਹਿੰਦਾ ਹੈ। ਜਿਵੇਂ ਕਿ ਕੁੱਝ ਸਮੇਂ ਤੋਂ ਮਾਨਸਿਕ ਸਮੱਸਿਆਵਾਂ ਵਧ ਰਹੀਆਂ ਹਨ ਤੇ ਪਿਛਲੇ 30-35 ਵਰ੍ਹਿਆਂ ਵੇਲੇ ਜਦ ਅਲਟਰਾ ਸਾਊਂਡ ਮਸ਼ੀਨ ਆਈ ਤਾਂ ਜਗੀਰੂ ਸਮਝ ਕਾਰਣ ਸਮਾਜ ਵਿੱਚ ਕੁੜੀਆਂ ਦੀ ਗਿਣਤੀ ਦੇ ਘਟਣ ਅਤੇ ਪੜ੍ਹ ਕੇ ਬਾਹਰਲੇ ਦੇ ਦੇਸ਼ਾਂ ਵਿੱਚ ਜਾਣ ਕਾਰਣ ਸਮਾਜ ਵਿੱਚ ਨਵੀਆਂ ਪਿਰਤਾਂ ਪਾ ਕੇ ਸਭਿਆਚਾਰਕ ਤਬਦੀਲੀਆਂ ਹੋਈਆਂ ਹਨ। ਕੁੜੀਆਂ ਦੇ ਪੜ੍ਹ ਲਿਖ ਜਾਣ ਅਤੇ ਤਰਕਸ਼ੀਲ ਸੁਸਾਇਟੀ ਦੀ ਭੂਮਿਕਾ ਕਾਰਨ ਭੂਤ ਪ੍ਰੇਤ ਵਰਗੇ ਵਰਤਾਰੇ ਬੀਤੇ ਦੀਆਂ ਗੱਲਾਂ ਬਣ ਗਏ ਨੇ।

ਇਸ ਸਮੇਂ ਅੱਖਾਂ ਦੇ ਮਾਹਰ ਸਰਜਨ ਡਾ. ਰਮੇਸ਼ (ਪੁਨਰ ਜੋਤ ਹਸਪਤਾਲ) ਨੇ ਅੱਖਾਂ ਦਾਨ ਕਰਨ ਬਾਰੇ ਜਾਣਕਾਰੀ ਦਿੱਤੀ ਤੇ ਸਰੋਤਿਆਂ ਦੇ ਸਵਾਲਾਂ ਦੇ ਜਵਾਬ ਦਿੱਤੇ। ਇਸ ਦੇ ਨਾਲ ਹੀ ਡਾ. ਆਪਣੇ ਵੱਲੋਂ ਅੱਖਾਂ ਦਾਨ ਕਰਨ ਸਮੇਂ ਹਰ ਸੰਭਵ ਮਦਦ ਕਰਨ ਦਾ ਵਿਸ਼ਵਾਸ ਦਿਵਾਇਆ।

ਇਸ ਵਰਕਸ਼ਾਪ ਵਿੱਚ ਉਪਰੋਕਤ ਤੋਂ ਇਲਾਵਾ ਮੋਹਣ ਬਡਲਾ ਸੂਬਾ ਆਗੂ, ਧਰਮਪਾਲ ਸਿੰਘ ਜ਼ੋਨ ਵਿੱਤ ਮੁਖੀ, ਸਮਸ਼ੇਰ ਨੂਰਪੁਰੀ ਜ਼ੋਨ ਸੱਭਿਆਚਾਰਕ ਮੁਖੀ, ਕਮਲਜੀਤ ਬੁਜਰਗ ਜ਼ੋਨ ਮਾਨਸਿਕ ਚੇਤਨਾ ਵਿਭਾਗ ਮੁਖੀ, ਡਾ. ਜਗਜੀਤ ਸਿੰਘ ਤੋਂ ਇਲਾਵਾ ਸੁਰਜੀਤ ਦੌਧਰ, ਧਰਮ ਸਿੰਘ ਸੂਜਾਪੁਰ, ਮਲਕੀਤ ਸਿੰਘ, ਰਜਿੰਦਰ ਜੰਡਿਆਲੀ, ਗੁਰਿੰਦਰ ਜੰਡਿਆਲੀ, ਮਾ. ਕਰਨੈਲ ਸਿੰਘ, ਮਾ. ਜਰਨੈਲ ਸਿੰਘ, ਗੁਰਜੀਤ ਸਿੰਘ, ਅਜਮੇਰ ਦਾਖਾ, ਪੂਰਨ ਸਿੰਘ, ਰਕੇਸ਼ ਅਜ਼ਾਦ ਅਤੇ ਹੋਰਾਂ ਨੇ ਵਿਸ਼ੇਸ਼ ਤੌਰ ’ਤੇ ਸਮੂਲੀਆਤ ਕੀਤੀ ਅਤੇ ਆਪਣੇ ਵਿਚਾਰ ਪੇਸ਼ ਕੀਤੇ। ਸਾਬਕਾ ਪ੍ਰਿੰਸੀਪਲ ਨਾਹਰ ਸਿੰਘ ਅਤੇ ਕਲਪਨਾ ਨੇ ਉਸਾਰੂ ਸਾਹਿਤ ਦੀ ਬੁੱਕ ਸਟਾਲ ਲਗਾਈ। ਇਸ ਵਰਕਸ਼ਾਪ ਨੂੰ ਸਾਹਿਤਕ ਬਣਾਈ ਰੱਖਣ ਲਈ ਮਨਜੀਤ ਘਣਗਸ ਨੇ ਮ੍ਰਿਤਕ ਸਰੀਰ ਪ੍ਰਦਾਨ ਕਰਨ ਦੀ ਮਹੱਤਤਾ ਨੂੰ ਮੁੱਖ ਰੱਖਦਿਆਂ ‘ਮੇਰੇ ਮਰਨ ਤੇ ਪੁੱਤਰ ਮੇਰੀ ਲਾਸ਼ ਨੂੰ ਨਾ ਜਲਾਇਓ...’ ਅਤੇ ਕਰਤਾਰ ਵੀਰਾਨ ਨੇ ਸੰਤ ਰਾਮ ਉਦਾਸੀ ਦੀ ਰਚਨਾ ਮੇਰੀ ਮੌਤ ਤੇ ਨਾ ਰੋਇਓ ਪੇਸ਼ ਕੀਤੀ। ਇਸ ਵਰਕਸ਼ਾਪ ਵਿੱਚ ਜ਼ੋਨ ਲੁਧਿਆਣਾ ਦੀਆਂ ਸਾਰੀਆਂ ਇਕਾਈਆਂ ਨੇ ਭਰਵੀਂ ਹਾਜ਼ਰੀ ਲੁਆਈ।

# MP ਸਲਮਾ ਜਾਹਿਦ ਨੂੰ ONIP ਫਾਈਲਾਂ ਰਿਟਰਨ ਦੇ ਮਾਮਲੇ ਵਿੱਚ ਮਿਲਿਆ ਵ.ਫਦ

ਟੋਰਾਂਟੋ, ਓਂਟਾਰੀਓ, (ਗੁਰਮੀਤ ਸੁਖਪੁਰ) : ਲੋਕਲ ਕਨਸਰਨਜ਼ ਕਮੇਟੀ ਬਰੈਂਪਟਨ ਦੇ ਆਗੂਆਂ ਕੁਲਦੀਪ ਬੋਪਾਰਾਏ ਤੇ ਗੁਰਮੀਤ ਸੁਖਪੁਰਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਦਿਨੀ ਓਂਟਾਰੀਓ ਇਮੀਗ੍ਰੈਂਟ ਨੋਮੀਨੀ ਪ੍ਰੋਗ੍ਰਾਮ (ONIP) ਦੀਆਂ ਖਾਰਜ ਕੀਤੀਆਂ ਅਰਜ਼ੀਆਂ ਬਾਰੇ ਚਿੰਤਤ ਵਿਦਿਆਰਥੀਆਂ ਦੇ ਇੱਕ ਸਮੂਹ ਨੇ ਹਾਲ ਹੀ ਵਿੱਚ ਸਲਮਾ ਜਾਹਿਦ, ਮੈਂਬਰ ਆਫ਼ ਪਾਰਲਿਮੈਂਟ ਅਤੇ ਇਮੀਗ੍ਰੇਸ਼ਨ, ਰਿਫਿਊਜੀਜ਼ ਅਤੇ ਸਿਟੀਜ਼ਨਸ਼ਿਪ ਸਥਾਈ ਕਮੇਟੀ (CIMM) ਦੀ ਮੈਂਬਰ, ਨਾਲ ਮੁਲਾਕਾਤ ਕੀਤੀ। ਇਸ ਮੁਲਾਕਾਤ ਦਾ ਪ੍ਰਬੰਧ ਸੋਹਣ ਸਿੰਘ ਢੀਂਡਸਾ ਤਰਕਸ਼ੀਲ ਆਗੂ ਦੀ ਅਗਵਾਈ ਵਿੱਚ ਨੇਪਰੇ ਚੜ੍ਹਿਆ। ਵ.ਫਦ ਵਿੱਚ ਵਿਦਿਆਰਥੀ ਆਗੂ ਮਨਦੀਪ ਸਿੰਘ, ਸਤਨਾਮ ਸਿੰਘ, ਸੋਹਣ ਢੀਂਡਸਾ ਅਤੇ ਕਮਿਊਨਿਟੀ ਲੀਡਰ ਅਸਵਨੀ ਭਾਰਦਵਾਜ਼ ਸ਼ਾਮਲ ਸਨ। ਵਿਦਿਆਰਥੀਆਂ ਨੇ ਆਪਣੀਆਂ ਅਰਜ਼ੀਆਂ ਖਾਰਜ ਹੋਣ ਨਾਲ ਜੁੜੀਆਂ ਮੁਸ਼ਕਲਾਂ ਦਰਸਾਈਆਂ ਅਤੇ ਸੰਬੰਧਤ ਅਧਿਕਾਰੀਆਂ ਤੋਂ ਤੁਰੰਤ ਹੱਲ ਦੀ ਮੰਗ ਕੀਤੀ। MP ਸਲਮਾ ਜਾਹਿਦ ਨੇ ਯਕੀਨ ਦਿਵਾਇਆ ਕਿ ਉਹ ਕੇਸਾਂ ਬਾਰੇ ਵਿਭਾਗ ਤੋਂ ਜਾਣਕਾਰੀ ਪ੍ਰਾਪਤ ਕਰਨਗੇ ਅਤੇ ਨਿਆਂਸੰਗਤ ਹੱਲ ਲੱਭਣ ਲਈ ਯਤਨ ਕਰਨਗੇ

ਇਸ ਮੁਲਾਕਾਤ ਦੇ ਨਾਲ ਵਿਦਿਆਰਥੀਆਂ ਅਤੇ ਕਮਿਊਨਿਟੀ ਲੀਡਰਾਂ ਨੇ ਉਮੀਦ ਵਿਅਕਤ ਕੀਤੀ ਕਿ ਇਸ ਤਰ੍ਹਾਂ ਦੀਆਂ ਚਰਚਾਵਾਂ ONIP ਅਰਜ਼ੀਆਂ ਨਾਲ ਪ੍ਰਭਾਵਿਤ ਵਿਦਿਆਰਥੀਆਂ ਲਈ ਵਾਸਤਵਿਕ ਹੱਲ ਲਿਆਉਣਗੀਆਂ।




DM TRANSPORT

ace ACI US & Canada Bonded

Bob Dhaliwal
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8

Email : bob@dmtransport.ca
Web : www.dmtransport.ca

Hiring AZ drivers and owner operator







Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

# ਮਜ਼ਦੂਰਾਂ ਦੀ ਸੁਰੱਖਿਆ ਖ਼ਤਮ ਕਰਦੇ ਹਨ ਭਾਰਤ ਦੇ ਨਵੇਂ ਕਿਰਤ ਕੋਡ




-ਡਾ. ਆਨੰਦ ਤੇਲਤੁੰਬੜੇ

ਅਨੁ.: ਬੂਟਾ ਸਿੰਘ ਮਹਿਮੂਦਪੁਰ

*[ਵਿਰੋਧ ਦੇ ਬਾਵਜੂਦ ਮੋਦੀ ਸਰਕਾਰ ਵੱਲੋਂ ਚਾਰ ਕਿਰਤ ਕੋਡ ਲਾਗੂ ਕਰ ਦਿੱਤੇ ਗਏ। ਪੁਰਾਣੇ ਕਿਰਤ ਕਾਨੂੰਨਾਂ ਦਾ ਭੋਗ ਪਾ ਕੇ ਕੀਤੀ ਇਹ ਰੱਦੋ-ਬਦਲ ਕਿਸ ਦੇ ਪੱਖ 'ਚ ਕੀਤੀ ਗਈ ਹੈ। ਉੱਘੇ ਦਲਿਤ ਚਿੰਤਕ ਅਤੇ ਬੁੱਧੀਜੀਵੀ ਆਨੰਦ ਤੇਲਤੁੰਬੜੇ ਵੱਲੋਂ ਕਿਰਤ ਕੋਡਾਂ ਦੀ ਚੀਰ-ਫਾੜ ਦੱਸਦੀ ਹੈ ਕਿ ਇਹ ਕੋਡ ਮਜ਼ਦੂਰਾਂ ਦੀ ਲੁੱਟ-ਖਸੁੱਟ ਨੂੰ ਕਾਨੂੰਨੀ ਬਣਾਉਂਦੇ ਹਨ, ਉਨ੍ਹਾਂ ਦੀ ਅਸੁਰੱਖਿਆ ਨੂੰ ਰਸਮੀ ਰੂਪ ਦਿੰਦੇ ਹਨ ਅਤੇ ਉਨ੍ਹਾਂ ਦੀ ਅਧੀਨਤਾ ਨੂੰ ਹੀ ਮੁਕਤੀ ਵਜੋਂ ਪੇਸ਼ ਕਰਦੇ ਹਨ। ਵਿਸ਼ੇ ਦੇ ਮਹੱਤਵ ਦੇ ਮੱਦੇਨਜ਼ਰ ਇਸ ਵਡਮੁੱਲੇ ਵਿਸ਼ਲੇਸ਼ਣ ਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। -ਸੰਪਾਦਕ]*

ਜਦੋਂ ਮੋਦੀ ਸਰਕਾਰ ਨੇ 21 ਨਵੰਬਰ ਨੂੰ ਚਾਰ ਨਵੇਂ ਕਿਰਤ ਕੋਡ ਲਾਗੂ ਕੀਤੇ, ਤਾਂ ਦਾਅਵਾ ਕੀਤਾ ਗਿਆ ਕਿ ਇਹ "ਆਜ਼ਾਦੀ ਤੋਂ ਬਾਅਦ ਦੇ ਸਭ ਤੋਂ ਭਰਵੇਂ ਅਤੇ ਅਗਾਂਹਵਧੂ ਮਜ਼ਦੂਰ-ਕੇਂਦਰਿਤ ਸੁਧਾਰਾਂ ਵਿੱਚੋਂ ਇਕ" ਹਨ। ਖ਼ੁਦ ਪ੍ਰਧਾਨ ਮੰਤਰੀ ਨੇ ਆਪਣੇ ਵਿਸ਼ੇਸ਼ ਜਸ਼ਨੀ ਅੰਦਾਜ਼ ਵਿਚ ਇਸ ਪਲ ਦਾ ਜਸ਼ਨ ਮਨਾਇਆ ਕਿ ਇਹ ਕੋਡ "ਸਾਡੇ ਮਜ਼ਦੂਰਾਂ ਨੂੰ ਬਹੁਤ ਜ਼ਿਆਦਾ ਸ਼ਕਤੀਸ਼ਾਲੀ ਬਣਾਉਂਦੇ ਹਨ" ਅਤੇ ਨਾਲ ਹੀ ਕਾਰੋਬਾਰਾਂ ਲਈ ਨਿਯਮਾਂ ਦੀ ਪਾਲਣਾ ਕਰਨ ਨੂੰ ਸੌਖਾ ਕਰਦੇ ਹਨ।

ਦਸ ਵੱਡੀਆਂ ਕੇਂਦਰੀ ਟਰੇਡ ਯੂਨੀਅਨਾਂ 'ਤੇ ਆਧਾਰਤ ਕੇਂਦਰੀ ਟਰੇਡ ਯੂਨੀਅਨਾਂ ਦੇ ਸਾਂਝੇ ਮੰਚ ਨੇ ਇਸ ਨੂੰ ਵੱਖਰੇ ਤਰੀਕੇ ਨਾਲ ਦੇਖਿਆ। ਤਿੱਖਾ ਬਿਆਨ ਜਾਰੀ ਕਰਕੇ ਉਨ੍ਹਾਂ ਨੇ ਇਸ ਨੂੰ ਭਾਰਤ ਦੇ ਕਿਰਤੀ ਲੋਕਾਂ ਨਾਲ "ਧੋਖੇ ਭਰਿਆ ਫਰਾਡ" ਕਰਾਰ ਦੇ ਕੇ ਇਨ੍ਹਾਂ ਦੀ ਨਿਖੇਧੀ ਕੀਤੀ ਅਤੇ ਸੜਕਾਂ 'ਤੇ ਪ੍ਰਦਰਸ਼ਨ ਕਰਕੇ ਕੋਡਾਂ ਦੀਆਂ ਕਾਪੀਆਂ ਸਾੜੀਆਂ।

ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਨੇ ਦੋਸ਼ ਲਗਾਇਆ ਕਿ ਇਹ ਸੁਧਾਰ "ਸਖ਼ਤ ਘਾਲਣਾ ਘਾਲ਼ ਕੇ ਹਾਸਲ ਕੀਤੇ ਗਏ 29 ਕਿਰਤ ਕਾਨੂੰਨਾਂ ਨੂੰ ਖ਼ਤਮ ਕਰਦੇ ਹਨ" ਅਤੇ "ਤਾਕਤ ਦਾ ਸੰਤੁਲਨ ਸਾਫ਼ ਤੌਰ 'ਤੇ ਮਾਲਕਾਂ ਦੇ ਹੱਕ ਵਿਚ ਮੋੜ ਦਿੰਦੇ ਹਨ।" ਇੱਥੋਂ ਤੱਕ ਕਿ ਇੰਡੀਅਨ ਐਂਟਰਪ੍ਰਿਨਿਊਰਜ਼ ਐਸੋਸੀਏਸ਼ਨ—ਜੋ ਮਜ਼ਦੂਰ ਹੱਕਾਂ ਦੀ ਵਕਾਲਤ ਲਈ ਨਹੀਂ ਜਾਣੀ ਜਾਂਦੀ—ਨੇ ਵੀ ਸੰਚਾਲਨ ਲਾਗਤਾਂ ਵਿਚ ਵੱਡੇ ਵਾਧੇ 'ਤੇ ਚਿੰਤਾ ਜ਼ਾਹਿਰ ਕੀਤੀ ਹੈ।

ਕੌਣ ਸਹੀ ਹੈ? ਇਹ ਇਤਿਹਾਸਕ ਸੁਧਾਰ ਹੈ ਜਾਂ ਇਤਿਹਾਸਕ ਵਿਸ਼ਵਾਸਘਾਤ? ਇਸ ਦਾ ਜਵਾਬ ਵੇਰਵਿਆਂ ਵਿਚ ਹੈ—ਪੁਰਾਣੇ ਕਾਨੂੰਨਾਂ ਦੀਆਂ ਖ਼ਾਸ ਵਿਵਸਥਾਵਾਂ ਦੀ ਨਵੇਂ ਕੋਡਾਂ ਨਾਲ ਤੁਲਨਾ ਕਰਨ ਵਿਚ। ਜਦੋਂ ਅਸੀਂ ਸਿਲਸਿਲੇਵਾਰ ਤਰੀਕੇ ਨਾਲ ਇਹ ਤੁਲਨਾਵਾਂ ਕਰਦੇ ਹਾਂ ਤਾਂ ਸਾਫ਼ ਪੈਟਰਨ ਉੱਭਰਕੇ ਸਾਹਮਣੇ ਆਉਂਦਾ ਹੈ: ਆਧੁਨਿਕੀਕਰਨ ਅਤੇ ਸੁਰੱਖਿਆ ਦੇ ਘੇਰੇ ਦਾ ਵਿਸਤਾਰ ਕਰਨ ਦੀ ਬਿਆਨਬਾਜ਼ੀ ਦੇ ਪਰਦੇ ਹੇਠ ਇਹ ਕੋਡ ਲਗਾਤਾਰ ਸੁਰੱਖਿਆ ਨੂੰ ਕਮਜ਼ੋਰ ਕਰਦੇ ਹਨ, ਅਸੁਰੱਖਿਆ ਨੂੰ ਵਧਾਉਂਦੇ ਹਨ ਅਤੇ ਤਾਕਤ ਨੂੰ ਨਾਟਕੀ ਤੌਰ 'ਤੇ ਮਜ਼ਦੂਰਾਂ ਤੋਂ ਮਾਲਕਾਂ ਵੱਲ ਤਬਦੀਲ ਕਰਦੇ ਹਨ।

**ਛਾਂਟੀ ਕ੍ਰਾਂਤੀ** : ਸ਼ਾਇਦ ਸਭ ਤੋਂ ਨਿਰਣਾਇਕ ਬਦਲਾਅ ਛਾਂਟੀ ਨਾਲ ਸੰਬੰਧਤ ਹੈ – ਅਰਥਾਤ ਮਜ਼ਦੂਰਾਂ ਦੀ ਨੌਕਰੀ ਦਾ ਸਥਾਈ ਖ਼ਾਤਮਾ। ਇਹ ਵਿਵਸਥਾ ਕੋਡਾਂ ਦੇ ਮੂਲ ਤਰਕ ਨੂੰ ਬਿਲਕੁਲ ਸਾਫ਼ ਕਰ ਦਿੰਦੀ ਹੈ।

ਉਦਯੋਗਿਕ ਵਿਵਾਦ ਕਾਨੂੰਨ 1947 ਦੇ ਤਹਿਤ, 100 ਜਾਂ ਇਸ ਤੋਂ ਵੱਧ ਮਜ਼ਦੂਰਾਂ ਵਾਲੀਆਂ ਫੈਕਟਰੀਆਂ, ਖਾਣਾਂ ਜਾਂ ਬਾਗ਼ਾਂ ਨੂੰ ਛਾਂਟੀ ਕਰਨ, ਲੇ-ਆਫ਼ ਕਰਨ ਜਾਂ ਬੰਦ ਕਰਨ ਤੋਂ ਪਹਿਲਾਂ ਕੇਂਦਰ ਜਾਂ ਰਾਜ ਸਰਕਾਰ ਦੀ ਮਨਜ਼ੂਰੀ ਲੈਣੀ ਪੈਂਦੀ ਸੀ। ਇਹ ਤਿੰਨੋਂ ਖੇਤਰ ਜਥੇਬੰਦ ਖੇਤਰ ਦੇ ਇਕ-ਤਿਹਾਈ ਤੋਂ ਵੱਧ ਨਹੀਂ ਸਨ।

ਉਦਯੋਗਿਕ ਸੰਬੰਧ ਕੋਡ, 2020—ਜੋ ਪਿਛਲੇ ਮਹੀਨੇ ਲਾਗੂ ਹੋਇਆ—ਦੇ ਤਹਿਤ ਇਹ ਹੱਦ ਤਿੱਗਣੀ ਕਰਕੇ 300 ਮਜ਼ਦੂਰ ਕਰ ਦਿੱਤੀ ਗਈ ਹੈ ਅਤੇ ਇਸਨੂੰ ਪੂਰੇ ਜਥੇਬੰਦ ਖੇਤਰ 'ਤੇ ਲਾਗੂ ਕਰ ਦਿੱਤਾ ਗਿਆ ਹੈ। ਸਰਕਾਰ ਨੋਟੀਫੀਕੇਸ਼ਨ ਰਾਹੀਂ ਇਸ ਹੱਦ ਨੂੰ ਹੋਰ ਵਧਾ ਵੀ ਸਕਦੀ ਹੈ। ਹੁਣ 300 ਤੱਕ ਕਰਮਚਾਰੀਆਂ ਵਾਲੀਆਂ ਕੰਪਨੀਆਂ ਬਿਨਾਂ ਕਿਸੇ ਮਨਜ਼ੂਰੀ ਦੇ ਮਜ਼ਦੂਰਾਂ ਨੂੰ ਕੰਮ ਤੋਂ ਕੱਢ ਸਕਦੀਆਂ ਹਨ।

ਇਸ ਦਾ ਅਰਥ ਇਹ ਹੈ ਕਿ 100 ਤੋਂ 299 ਮਜ਼ਦੂਰਾਂ ਵਾਲੀਆਂ ਉਦਯੋਗਿਕ ਇਕਾਈਆਂ—ਜੋ ਭਾਰਤੀ ਉਦਯੋਗ ਦਾ ਵਿਸ਼ਾਲ ਹਿੱਸਾ, ਯਾਨੀ 87% ਤੋਂ ਵੱਧ ਹਨ—ਦੇ ਮਾਲਕ ਹੁਣ ਬਿਨਾਂ ਸਰਕਾਰੀ ਨਿਗਰਾਨੀ, ਬਿਨਾਂ ਕਾਰਨ ਦੱਸੇ ਮਜ਼ਦੂਰਾਂ ਨੂੰ ਨੌਕਰੀ ਤੋਂ ਕੱਢ ਸਕਦੇ ਹਨ, ਉਨ੍ਹਾਂ ਨੂੰ ਡਰ ਨਹੀਂ ਰਿਹਾ ਕਿ ਆਪਹੁਦਰੇ ਤਰੀਕੇ ਨਾਲ ਕੀਤੀ ਬਰਖ਼ਾਸਤਗੀ ਦੀ ਕੋਈ ਜਵਾਬ ਤਲਬੀ ਹੋਵੇਗੀ।

ਇਸ ਦਾ ਅਸਲ ਪ੍ਰਭਾਵ ਮਜ਼ਦੂਰਾਂ ਦਾ ਅਜਿਹਾ ਵਿਆਪਕ ਵਰਗ ਪੈਦਾ ਕਰਨਾ ਹੈ ਜੋ ਹਮੇਸ਼ਾ ਮਨਮਰਜ਼ੀ ਨਾਲ ਕੰਮ ਤੋਂ ਕੱਢ ਦੇਣ ਦੇ ਡਰ ਵਿਚ ਜੀਵੇ। ਜੇ ਮਾਲਕ ਨੂੰ ਕਿਸੇ ਮਜ਼ਦੂਰ ਦੀ ਯੂਨੀਅਨ ਦੀ ਸਰਗਰਮੀ, ਜਾਤੀ ਪਿਛੋਕੜ ਜਾਂ ਨਿੱਜੀ ਵਿਹਾਰ ਪਸੰਦ ਨਹੀਂ ਹੈ, ਤਾਂ ਉਹ ਉਸਨੂੰ ਸਿੱਧਾ ਕੱਢ ਸਕਦਾ ਹੈ—ਨਾ ਕੋਈ ਸਵਾਲ, ਨਾ ਕੋਈ ਅਪੀਲ। ਇਹ ਲਚਕ ਨਹੀਂ, ਇਹ ਤਾਨਾਸ਼ਾਹੀ ਹੈ।

**ਹੜਤਾਲ ਦੇ ਅਧਿਕਾਰ ਦਾ ਗਲਾ ਘੁੱਟਣਾ** : ਹੜਤਾਲ ਦਾ ਅਧਿਕਾਰ ਮਜ਼ਦੂਰਾਂ ਦੀ ਸਾਂਝੀ ਤਾਕਤ ਦਾ ਆਧਾਰ ਹੈ। ਇਹ ਲੋਟੂ ਮਾਲਕਾਂ ਵਿਰੁੱਧ ਮਜ਼ਦੂਰਾਂ ਦੇ ਦਬਾਅ ਦਾ ਆਖ਼ਰੀ ਹਥਿਆਰ ਹੈ – ਕਿਰਤ ਕਰਨ ਤੋਂ ਹੱਥ ਖਿੱਚ ਲੈਣ ਅਤੇ ਪੈਦਾਵਾਰ ਰੋਕ ਦੇਣ ਦੀ ਸਮਰੱਥਾ। ਨਵੇਂ ਕੋਡ ਇਸ ਅਧਿਕਾਰ ਦਾ ਸਿਲਸਿਲੇਵਾਰ ਤਰੀਕੇ ਨਾਲ ਗਲਾ ਘੁੱਟਦੇ ਹਨ।

ਉਦਯੋਗਿਕ ਵਿਵਾਦ ਕਾਨੂੰਨ, 1947 ਦੇ ਤਹਿਤ "ਜਨਤਕ ਵਰਤੋਂ ਸੇਵਾਵਾਂ—ਜਿਵੇਂ ਰੇਲਵੇ, ਬੰਦਰਗਾਹ, ਸਫ਼ਾਈ ਅਤੇ ਇਸ ਤਰ੍ਹਾਂ ਦੀਆਂ ਹੋਰ ਜ਼ਰੂਰੀ ਸੇਵਾਵਾਂ—ਵਿਚ ਬਿਨਾਂ ਨੋਟਿਸ ਦਿੱਤੇ ਮਜ਼ਦੂਰਾਂ ਦੇ ਹੜਤਾਲ ਕਰਨ ਦੀ ਮਨਾਹੀ ਸੀ। ਹੋਰ ਮਜ਼ਦੂਰਾਂ ਉੱਤੇ ਘੱਟ ਪਾਬੰਦੀਆਂ ਸਨ।

ਨਵੇਂ ਉਦਯੋਗਿਕ ਸੰਬੰਧ ਕੋਡ, 2020 ਅਨੁਸਾਰ, ਕਿਸੇ ਵੀ ਅਦਾਰੇ ਦੇ ਮਜ਼ਦੂਰ ਤਾਂ ਹੀ ਹੜਤਾਲ 'ਤੇ ਜਾ ਸਕਦੇ ਹਨ ਜਦੋਂ ਉਹ ਹੜਤਾਲ ਤੋਂ 60 ਦਿਨ ਪਹਿਲਾਂ ਨੋਟਿਸ ਦਿੰਦੇ ਹਨ ਅਤੇ ਉਹ ਅਜਿਹਾ ਨੋਟਿਸ ਦੇਣ ਤੋਂ 14 ਦਿਨਾਂ ਦੇ ਅੰਦਰ ਹੀ ਕਰ ਸਕਦੇ ਹਨ।

ਸਮਝੌਤਾ ਕਰਵਾਉਣ ਦੇ ਅਮਲ ਦੌਰਾਨ (ਅਤੇ ਉਸ ਤੋਂ ਸੱਤ ਦਿਨ ਬਾਅਦ ਤੱਕ), ਟ੍ਰਿਬਿਊਨਲ ਜਾਂ ਸਾਲਸੀ ਦੌਰਾਨ (ਅਤੇ ਉਸ ਤੋਂ 60 ਦਿਨ ਬਾਅਦ ਤੱਕ) ਅਤੇ ਕਿਸੇ ਵੀ ਸਮਝੌਤੇ ਜਾਂ ਐਵਾਰਡ ਦੇ ਲਾਗੂ ਰਹਿਣ ਸਮੇਂ ਹੜਤਾਲ ਕਰਨ ਦੀ ਮਨਾਹੀ ਰਹੇਗੀ।

ਜੇ ਕਿਸੇ ਕੰਪਨੀ ਦੇ 50% ਤੋਂ ਵੱਧ ਮਜ਼ਦੂਰ ਇਕੱਠੇ ਅਚਨਚੇਤੀ ਛੁੱਟੀ ਲੈਂਦੇ ਹਨ, ਤਾਂ ਇਸਨੂੰ ਵੀ ਹੜਤਾਲ ਮੰਨਿਆ ਜਾਵੇਗਾ—ਅਰਥਾਤ ਬਿਨਾਂ ਅਗਾਊਂ ਨੋਟਿਸ ਦਿੱਤੇ ਸਮੂਹਿਕ ਗੈਰਹਾਜ਼ਰੀ ਵੀ ਗ਼ੈਰਕਾਨੂੰਨੀ ਮੰਨੀ ਜਾਵੇਗੀ।

ਇਹ ਸਾਰੇ ਪ੍ਰਕਿਰਿਆਤਮਕ ਨਿਯਮ ਅਚਾਨਕ ਹੋਣ ਵਾਲੀਆਂ ਹੜਤਾਲਾਂ—ਜੋ ਅਕਸਰ ਸਭ ਤੋਂ ਪ੍ਰਭਾਵਸ਼ਾਲੀ ਹੁੰਦੀਆਂ ਹਨ—ਨੂੰ ਲਗਭਗ ਅਸੰਭਵ ਬਣਾ ਦਿੰਦੇ ਹਨ। ਮਜ਼ਦੂਰਾਂ ਨੂੰ ਹਫ਼ਤੇ ਪਹਿਲਾਂ ਆਪਣਾ ਇਰਾਦਾ ਦੱਸਣਾ ਲਾਜ਼ਮੀ ਕਰ ਦਿੱਤਾ ਗਿਆ ਹੈ, ਜਿਸ ਨਾਲ ਮਾਲਕਾਂ ਨੂੰ ਮਜ਼ਦੂਰਾਂ ਦੇ ਦਬਾਅ ਨੂੰ ਨਾਕਾਮ ਬਣਾਉਣ ਲਈ ਹੜਤਾਲ-ਤੋੜੂ ਤਿਆਰ ਕਰਨ, ਹੜਤਾਲ ਜਥੇਬੰਦ ਕਰਨ ਵਾਲਿਆਂ ਨੂੰ ਡਰਾਉਣ-ਧਮਕਾਉਣ ਜਾਂ ਕਥਿਤ ਸਮੱਸਿਆ ਖੜ੍ਹੀ ਕਰਨ ਵਾਲਿਆਂ ਨੂੰ ਪਹਿਲਾਂ ਹੀ ਨੌਕਰੀਆਂ ਤੋਂ ਕੱਢ ਦੇਣ ਲਈ ਖੁੱਲ੍ਹਾ ਸਮਾਂ ਮਿਲ ਜਾਂਦਾ ਹੈ।

ਇਸ ਤੋਂ ਵੀ ਵਧ ਖ਼ਤਰਨਾਕ ਗੱਲ ਇਹ ਹੈ ਕਿ ਸਮਝੌਤਾ ਜਾਂ ਨਿਆਂਕਾਰੀ ਕਾਰਵਾਈਆਂ ਸਾਲਾਂ ਤੱਕ ਚੱਲ ਸਕਦੀਆਂ ਹਨ, ਅਤੇ ਇਸ ਦੌਰਾਨ ਨਿਆਂ ਮਿਲਣ ਵਿਚ ਦੇਰੀ ਦੇ ਬਾਵਜੂਦ ਮਜ਼ਦੂਰ ਕਿਸੇ ਵੀ ਤਰ੍ਹਾਂ ਦਾ ਸੰਘਰਸ਼ ਨਹੀਂ ਕਰ ਸਕਦੇ। ਕਿਉਂਕਿ ਮਾਲਕ ਸੌਖਿਆਂ ਹੀ ਸਮਝੌਤੇ ਜਾਂ ਟਿ ?ਰਬਿਊਨਲ ਦੀ ਪ੍ਰਕਿਰਿਆ ਨੂੰ ਲਮਕਾ ਸਕਦੇ ਹਨ, ਇਸ ਤਰ੍ਹਾਂ ਉਹ ਮਜ਼ਦੂਰਾਂ ਨੂੰ ਅਨਿਸ਼ਚਿਤ ਸਮੇਂ ਤੱਕ ਹੜਤਾਲ ਕਰਨ ਤੋਂ ਰੋਕ ਸਕਦੇ ਹਨ।

ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ ਦੇ ਅਨੁਸਾਰ, ਇਹ ਵਿਵਸਥਾਵਾਂ ਅੰਤਰਰਾਸ਼ਟਰੀ ਮਜ਼ਦੂਰ ਸੰਗਠਨ (ਆਈਐੱਲਓ) ਦੇ ਅਸੂਲਾਂ ਦੀ ਉਲੰਘਣਾ ਕਰਦੀਆਂ ਹਨ। ਆਈਐੱਲਓ ਦੇ ਅਸੂਲਾਂ ਵਿਚ ਕਿਹਾ ਗਿਆ ਹੈ ਕਿ ਹੜਤਾਲ ਤੋਂ ਪਹਿਲਾਂ ਸੂਚਨਾ ਦੇਣ ਦੀ ਪਾਬੰਦੀ ਸਿਰਫ਼ ਉਦੋਂ ਹੀ ਮੰਨਣਯੋਗ ਹੈ ਜਦੋਂ ਉਸ ਨਾਲ ਹੜਤਾਲ "ਅਮਲ ਵਿਚ ਬਹੁਤ ਔਖੀ ਜਾਂ ਅਸੰਭਵ" ਨਾ ਹੋ ਜਾਵੇ। ਭਾਰਤੀ ਕਿਰਤ ਕੋਡ ਠੀਕ ਇਸੇ ਹੱਦ ਨੂੰ ਪਾਰ ਕਰਦੇ ਹਨ, ਇਹ ਹੜਤਾਲਾਂ ਨੂੰ ਐਨਾ ਮੁਸ਼ਕਲ ਅਤੇ ਜੋਖ਼ਮ ਵਾਲਾ ਬਣਾ ਦਿੰਦੇ ਹਨ ਕਿ ਜ਼ਿਆਦਾਤਰ ਕਿਰਤੀਆਂ ਲਈ ਹੜਤਾਲਾਂ ਵਿਹਾਰਕ ਤੌਰ 'ਤੇ ਅਸੰਭਵ ਹੋ ਜਾਂਦੀਆਂ ਹਨ।

**ਸਥਾਈ ਅਸੁਰੱਖਿਆ** : ਵਿਆਪਕ ਨਿਸ਼ਚਿਤ-ਅਰਸੇ (ਫਿਕਸਡ-ਟਰਮ) ਰੁਜ਼ਗਾਰ ਵਿਵਸਥਾਵਾਂ ਦੀ ਸ਼ੁਰੂਆਤ ਸ਼ਾਇਦ ਇਨ੍ਹਾਂ ਕੋਡਾਂ ਦੀ ਸਭ ਤੋਂ ਕਪਟੀ ਨਵੀਨਤਾ ਹੈ ਜੋ ਨੌਕਰੀ ਦੀ ਸਥਾਈ ਅਸੁਰੱਖਿਆ ਦਾ ਕਾਨੂੰਨੀ ਢਾਂਚਾ ਤਿਆਰ ਕਰਦੀ ਹੈ।

ਪਹਿਲੇ ਕਾਨੂੰਨਾਂ ਵਿਚ ਫਿਕਸਡ-ਟਰਮ ਰੁਜ਼ਗਾਰ ਸਿਰਫ਼ ਸੀਮਿਤ ਰੂਪਾਂ ਵਿਚ ਮੌਜੂਦ ਸੀ। ਪਰ ਜ਼ਿਆਦਾਤਰ ਬਾਕਾਇਦਾ ਕੰਮ ਸਥਾਈ ਰੁਜ਼ਗਾਰ ਦੇ ਮਾਪਦੰਡਾਂ ਅਧੀਨ ਹੁੰਦਾ ਸੀ, ਜਿਸ ਵਿਚ ਕਾਫ਼ੀ ਕੰਮ ਸੁਰੱਖਿਆ ਮੌਜੂਦ ਸੀ।

ਉਦਯੋਗਿਕ ਸੰਬੰਧ ਕੋਡ, 2020 ਦੇ ਤਹਿਤ ਫਿਕਸਡ-ਟਰਮ ਰੁਜ਼ਗਾਰ ਨੂੰ ਸਭ ਖੇਤਰਾਂ ਵਿਚ ਲਾਗੂ ਕਰ ਦਿੱਤਾ ਗਿਆ ਹੈ। ਅਜਿਹੇ ਮਜ਼ਦੂਰਾਂ ਨੂੰ ਬਿਨਾਂ ਨੋਟਿਸ ਦੇ ਕੱਢਿਆ ਜਾ ਸਕਦਾ ਹੈ, ਉਹ ਛਾਂਟੀ ਲਈ ਮੁਆਵਜ਼ੇ ਦੇ ਹੱਕਦਾਰ ਨਹੀਂ ਹੋਣਗੇ ਅਤੇ ਉਹ ਹੋਰ ਮਜ਼ਦੂਰਾਂ ਵੱਲੋਂ ਸੱਦਾ ਦਿੱਤੀ ਗਈ ਹੜਤਾਲ ਵਿਚ ਭਾਗ ਵੀ ਨਹੀਂ ਲੈ ਸਕਣਗੇ।

ਕੋਡਾਂ ਦਾ ਦਾਅਵਾ ਹੈ ਕਿ ਫਿਕਸਡ-ਟਰਮ ਕਰਮਚਾਰੀਆਂ ਨੂੰ "ਸਥਾਈ ਕਰਮਚਾਰੀਆਂ ਦੇ ਬਰਾਬਰ ਲਾਭ" ਮਿਲਣਗੇ, ਪਰ ਇਹ ਦਾਅਵਾ ਭਰਮ ਹੈ। ਕਿਉਂਕਿ ਸਟੈਂਡਿੰਗ ਆਰਡਰਾਂ (ਸਥਾਈ ਆਦੇਸ਼ਾਂ) ਦੀ ਹੱਦ 300 ਕਰ ਦਿੱਤੀ ਗਈ ਹੈ, ਮਾਲਕ ਨਿਯਮਤ ਕੰਮ ਲਈ ਵੀ ਪੱਕੇ ਮਜ਼ਦੂਰਾਂ ਦੀ ਬਜਾਏ ਮਨਚਾਹੀ ਗਿਣਤੀ ਵਿਚ ਫਿਕਸਡ-ਟਰਮ ਕਰਮਚਾਰੀ ਰੱਖ ਸਕਦੇ ਹਨ।

ਹੁਣ ਮਾਲਕ ਆਪਣਾ ਪੂਰਾ ਕੰਮਕਾਜ ਅਜਿਹੇ ਕਰਮਚਾਰੀਆਂ ਨਾਲ ਚਲਾ ਸਕਦੇ ਹਨ, ਜਿਨ੍ਹਾਂ ਦੇ ਇਕਰਾਰਨਾਮੇ ਨਿਯਮਤ ਤੌਰ 'ਤੇ ਖ਼ਤਮ ਹੁੰਦੇ ਰਹਿੰਦੇ ਹਨ। ਕਾਗਜ਼ਾਂ ਵਿਚ ਇਨ੍ਹਾਂ ਮਜ਼ਦੂਰਾਂ ਨੂੰ ਬਰਾਬਰ ਉਜ਼ਰਤ ਅਤੇ ਕੁਝ ਲਾਭ ਮਿਲਦੇ ਹਨ, ਪਰ ਉਹ ਹਰ ਸਮੇਂ ਇਸ ਡਰ ਹੇਠ ਰਹਿੰਦੇ ਹਨ ਕਿ ਉਨ੍ਹਾਂ ਦਾ ਇਕਰਾਰਨਾਮਾ ਨਵਿਆਇਆ ਜਾਵੇਗਾ ਜਾਂ ਨਹੀਂ।

ਨੌਕਰੀ ਦੇ ਇਕਰਾਰਨਾਮੇ ਦਾ ਨਵੀਨੀਕਰਨ ਨਾ ਹੋਣ ਦਾ ਨਿਰੰਤਰ ਡਰ ਅਤੇ ਸਥਾਈ ਦਰਜਾ ਨਾ ਦਿੱਤੇ ਜਾਣ ਦਾ ਸੰਸਾ ਉਨ੍ਹਾਂ ਨੂੰ ਜਥੇਬੰਦੀ ਦੀ ਆਜ਼ਾਦੀ ਨੂੰ ਵਰਤਣ ਤੋਂ ਰੋਕਦਾ ਹੈ। ਨਿਸ਼ਚਿਤ ਸਮੇਂ ਲਈ ਨੌਕਰੀ 'ਤੇ ਰੱਖੇ ਮਜ਼ਦੂਰ ਦਾ ਯੂਨੀਅਨ ਵਿਚ ਹਿੱਸਾ ਲੈਣਾ, ਵਧੀਆ ਸ਼ਰਤਾਂ ਦੀ ਮੰਗ ਕਰਨੀ ਜਾਂ ਲੋਟੂ ਓਵਰਟਾਈਮ ਤੋਂ ਇਨਕਾਰ ਕਰਨਾ—ਇਨ੍ਹਾਂ ਸਭ ਦਾ ਉਸ ਲਈ ਇਹ ਮਤਲਬ ਹੋ ਸਕਦਾ ਹੈ ਕਿ ਛੇ ਮਹੀਨੇ ਜਾਂ ਇਕ ਸਾਲ ਬਾਅਦ ਉਸਦਾ ਇਕਰਾਰਨਾਮਾ ਨਵਿਆਇਆ ਨਾ ਜਾਵੇ। ਇਸ ਤਰ੍ਹਾਂ ਕਾਨੂੰਨੀ ਤੌਰ 'ਤੇ ਰੈਗੂਲਰ ਹੋਣ ਦੇ ਬਾਵਜੂਦ ਵੀ ਮਜ਼ਦੂਰ ਪੱਕੇ ਤੌਰ 'ਤੇ ਅਸੁਰੱਖਿਅਤ ਰਹਿੰਦੇ ਹਨ।

**ਸੀਮਾ ਵਧਾਉਣਾ** : ਸਥਾਈ ਆਦੇਸ਼ (ਸਟੈਂਡਿੰਗ ਆਰਡਰ) ਲਿਖਤੀ ਨਿਯਮ ਹਨ ਜੋ ਰੁਜ਼ਗਾਰ ਦੀਆਂ ਸ਼ਰਤਾਂ—ਕੰਮ ਦੇ ਘੰਟੇ, ਛੁੱਟੀ ਨੀਤੀ, ਅਨੁਸ਼ਾਸਨੀ ਪ੍ਰਕਿਰਿਆ ਅਤੇ ਬਰਖ਼ਾਸਤਗੀ ਦੇ ਆਧਾਰ—ਨੂੰ ਤੈਅ ਕਰਦੇ ਹਨ। ਇਹ ਪਾਰਦਰਸ਼ਤਾ ਲਿਆਉਂਦੇ ਹਨ ਅਤੇ ਮਾਲਕ ਵੱਲੋਂ ਮਨਮਰਜ਼ੀ ਨਾਲ ਕਾਰਵਾਈ ਕਰਨ ਨੂੰ ਸੀਮਿਤ ਕਰਦੇ ਹਨ।

ਉਦਯੋਗਿਕ ਰੁਜ਼ਗਾਰ (ਸਟੈਂਡਿੰਗ ਆਰਡਰ) ਕਾਨੂੰਨ, 1946 ਦੇ ਤਹਿਤ 100 ਜਾਂ ਇਸ ਤੋਂ ਵੱਧ ਮਜ਼ਦੂਰਾਂ ਵਾਲੀਆਂ ਇਕਾਈਆਂ ਲਈ ਰਸਮੀਂ ਸਥਾਈ ਆਦੇਸ਼ ਤਿਆਰ ਕਰਨਾ ਅਤੇ ਉਨ੍ਹਾਂ ਨੂੰ ਪ੍ਰਮਾਣਿਤ ਕਰਾਉਣਾ ਲਾਜ਼ਮੀ ਸੀ। ਉਦਯੋਗਿਕ ਸੰਬੰਧ ਕੋਡ, 2020 ਵਿਚ ਇਹ ਸੀਮਾ ਵਧਾ ਕੇ 300 ਕਰ ਦਿੱਤੀ ਗਈ ਹੈ।

ਅਮਲ ਵਿਚ ਇਸ ਦਾ ਅਰਥ ਇਹ ਹੈ ਕਿ 100 ਤੋਂ 299 ਮਜ਼ਦੂਰਾਂ ਵਾਲੀਆਂ ਇਕਾਈਆਂ ਨੂੰ ਰੋਜ਼ਗਾਰ ਦਾ ਸੰਚਾਲਨ ਕਰਨ ਵਾਲੇ ਲਿਖਤੀ ਨਿਯਮ ਰੱਖਣ ਦੀ ਲੋੜ ਨਹੀਂ ਹੈ। ਮਾਲਕ ਮਨਮਰਜ਼ੀ ਨਾਲ ਸ਼ਰਤਾਂ ਬਦਲ ਸਕਦੇ ਹਨ, ਅਨੁਸ਼ਾਸਨੀ ਕਾਰਵਾਈ ਕਰ ਸਕਦੇ ਹਨ ਅਤੇ ਬਿਨਾਂ ਸੂਚਨਾ ਦਿੱਤੇ ਜਾਂ ਸਲਾਹ ਕੀਤੇ ਛੁੱਟੀ ਨੀਤੀਆਂ ਬਦਲ ਸਕਦੇ ਹਨ।

ਇਹ ਸਿਰਫ਼ ਕਾਗਜ਼ੀ ਕਾਰਵਾਈ ਘਟਾਉਣ ਦੀ ਗੱਲ ਲੱਗ ਸਕਦੀ ਹੈ ਪਰ ਅਜਿਹਾ ਨਹੀਂ ਹੈ, ਸਥਾਈ ਆਦੇਸ਼ਾਂ ਨੇ ਮਹੱਤਵਪੂਰਨ ਕੰਮ ਕਰਨਾ ਹੁੰਦਾ ਹੈ। ਸਥਾਈ ਆਦੇਸ਼ ਹਰ ਕਿਸੇ ਉੱਪਰ ਲਾਗੂ ਹੋਣ ਵਾਲੇ ਸਪਸ਼ਟ ਨੇਮ ਸਥਾਪਤ ਕਰਕੇ ਮੈਨੇਜਮੈਂਟ ਦੀਆਂ ਆਪਹੁਦਰੀ ਕਾਰਵਾਈਆਂ ਨੂੰ ਰੋਕਦੇ ਹਨ। ਇਨ੍ਹਾਂ ਦੀ ਅਣਹੋਂਦ 'ਚ, ਜਦੋਂ ਮਾਲਕਾਂ ਵੱਲੋਂ ਡਿਊਟੀ ਦੇ ਸਮੇਂ ਅਚਾਨਕ ਬਦਲੇ ਜਾਂਦੇ ਹਨ, ਬਰੇਕ (ਛੁੱਟੀ) ਦਾ ਸਮਾਂ ਘਟਾਇਆ ਜਾਂਦਾ ਹੈ ਜਾਂ ਨਵੀਆਂ ਹਾਜ਼ਰੀ ਸ਼ਰਤਾਂ ਥੋਪੀਆਂ ਜਾਂਦੀਆਂ ਹਨ ਤਾਂ ਮਜ਼ਦੂਰਾਂ ਕੋਲ ਕੋਈ ਸਹਾਰਾ ਨਹੀਂ ਰਹਿੰਦਾ। ਮੈਨੇਜਮੈਂਟ ਦੇ ਬੋਲ ਹੀ ਕਾਨੂੰਨ ਬਣ ਜਾਂਦੇ ਹਨ, ਜਿਸਦੇ ਵਿਰੁੱਧ ਅਪੀਲ ਕਰਨ ਲਈ ਕੋਈ ਲਿਖਤੀ ਮਾਪਦੰਡ ਨਹੀਂ ਹੁੰਦਾ।

**ਟਰੇਡ ਯੂਨੀਅਨ ਮਾਨਤਾ** : ਇਹ ਕੋਡ ਟਰੇਡ ਯੂਨੀਅਨਾਂ ਦੀ ਮਾਨਤਾ ਦਾ ਇਕ ਨਵਾਂ ਤੰਤਰ ਪੇਸ਼ ਕਰਦੇ ਹਨ, ਜੋ ਦੇਖਣ ਨੂੰ ਤਾਂ ਨਿਰਪੱਖ ਲੱਗਦਾ ਹੈ ਪਰ ਅਸਲ ਵਿਚ ਯੂਨੀਅਨ ਦੀ ਸ਼ਕਤੀ ਨੂੰ ਖਿੰਡਾਉਂਦਾ ਅਤੇ ਕਮਜ਼ੋਰ ਕਰਦਾ ਹੈ।


ਟਰੇਡ ਯੂਨੀਅਨ ਐਕਟ, 1926 ਦੇ ਤਹਿਤ ਇਕ ਹੀ ਅਦਾਰੇ ਵਿਚ ਕਈ ਯੂਨੀਅਨਾਂ ਹੋ ਸਕਦੀਆਂ ਸਨ ਅਤੇ ਕਿਸੇ ਵੀ ਰਜਿਸਟਰਡ ਯੂਨੀਅਨ ਨਾਲ ਹੋਇਆ ਸਮਝੌਤਾ ਉਸ ਦੇ ਮੈਂਬਰਾਂ 'ਤੇ ਲਾਗੂ ਹੁੰਦਾ ਸੀ। "ਗੱਲਬਾਤ ਕਰਨ ਵਾਲੀ ਇੱਕੋਇੱਕ ਯੂਨੀਅਨ" ਦੀ ਕੋਈ ਧਾਰਨਾ ਨਹੀਂ ਸੀ।

ਉਦਯੋਗਿਕ ਸੰਬੰਧ ਕੋਡ, 2020 ਦੇ ਤਹਿਤ ਘੱਟੋ-ਘੱਟ 51% (2019 ਦੇ ਬਿਲ ਵਿਚ ਇਹ 75% ਸੀ) ਮੈਂਬਰਸ਼ਿਪ ਵਾਲੀ ਟਰੇਡ ਯੂਨੀਅਨ ਨੂੰ ਹੀ ਇਕਲੌਤੀ ਵਾਰਤਾਕਾਰ ਵਜੋਂ ਮਾਨਤਾ ਮਿਲੇਗੀ। ਅਮਲ ਵਿਚ ਜ਼ਿਆਦਾਤਰ ਇਕਾਈਆਂ, ਖ਼ਾਸ ਕਰਕੇ ਵੱਡੀਆਂ ਇਕਾਈਆਂ ਵਿਚ 51% ਦੀ ਹੱਦ ਹਾਸਲ ਕਰਨੀ ਲਗਭਗ ਅਸੰਭਵ ਹੁੰਦੀ ਹੈ। ਇਹ ਸ਼ਰਤ ਮਜ਼ਦੂਰਾਂ ਦੀ ਸਮੂਹਿਕ ਸੌਦੇਬਾਜ਼ੀ ਦੀ ਤਾਕਤ ਨੂੰ ਕਮਜ਼ੋਰ ਕਰਦੀ ਹੈ ਕਿਉਂਕਿ ਇਸ ਵਿਚ ਮਜ਼ਦੂਰਾਂ ਦੇ ਏਕੀਕਿ ?ਰਤ ਤਾਕਤ ਦੇ ਰੂਪ ਵਿਚ ਗੱਲਬਾਤ ਕਰਨ ਤੋਂ ਪਹਿਲਾਂ ਅਤਿ-ਬਹੁਮੱਤ ਵਾਲੀ ਯੂਨੀਅਨ ਮੈਂਬਰਸ਼ਿੱਪ ਜ਼ਰੂਰੀ ਹੈ।

ਇਸ ਤੋਂ ਵੀ ਜ਼ਿਆਦਾ ਖ਼ਤਰਨਾਕ ਗੱਲ ਇਹ ਹੈ ਕਿ ਇਸ ਨਾਲ ਮਾਲਕਾਂ ਨੂੰ ਕਈ ਛੋਟੀਆਂ ਯੂਨੀਅਨਾਂ ਖੜ੍ਹੀਆਂ ਕਰਨ ਜਾਂ ਉਨ੍ਹਾਂ ਨੂੰ ਹਮਾਇਤ ਦੇਣ ਦੀ ਹੱਲਾਸ਼ੇਰੀ ਮਿਲਦੀ ਹੈ, ਤਾਂ ਜੋ ਕੋਈ ਵੀ ਇਕ ਯੂਨੀਅਨ ਲੋੜੀਂਦੀ ਸੀਮਾ ਤੱਕ ਨਾ ਪਹੁੰਚ ਸਕੇ—ਇਹ "ਵੰਡੋ ਅਤੇ ਰਾਜ ਕਰੋ" ਦੀ ਟਕਸਾਲੀ ਯੁੱਧਨੀਤੀ ਹੈ।

ਜਿੱਥੇ ਕਈ ਛੋਟੀਆਂ ਯੂਨੀਅਨਾਂ ਹੋਣ, ਉੱਥੇ "ਗੱਲਬਾਤ ਕਰਨ ਲਈ ਕੌਂਸਲ" ਦਾ ਤੰਤਰ ਦੇਖਣ ਨੂੰ ਲੋਕਤੰਤਰੀ ਲੱਗਦਾ ਹੈ, ਪਰ ਅਸਲੀਅਤ ਵਿਚ ਮਜ਼ਦੂਰਾਂ ਦੀ ਤਾਕਤ ਨੂੰ ਕਮਜ਼ੋਰ ਕਰਦਾ ਹੈ। ਮਾਲਕ ਯੂਨੀਅਨਾਂ ਨੂੰ ਇਕ ਦੂਜੇ ਵਿਰੁੱਧ ਵਰਤ ਸਕਦੇ ਹਨ, ਆਗਿਆਕਾਰੀ ਯੂਨੀਅਨਾਂ ਨਾਲ ਸਮਝੌਤੇ ਕਰ ਸਕਦੇ ਹਨ ਅਤੇ ਖਾੜਕੂ ਯੂਨੀਅਨਾਂ ਨੂੰ ਨਜ਼ਰਅੰਦਾਜ਼ ਕਰ ਸਕਦੇ ਹਨ। ਮਜ਼ਦੂਰਾਂ ਦੀ ਖਿੰਡੀ ਤਾਕਤ ਬਾਖ਼ੂਬੀ ਮਾਲਕਾਂ ਦੇ ਹਿਤ 'ਚ ਭੁਗਤਦੀ ਹੈ।

**ਉਜ਼ਰਤ ਦੀ ਪਰਿਭਾਸ਼ਾ** : ਇਹ ਕੋਡ



"ਉਜ਼ਰਤ" ਦੀ ਇੱਕਸਾਰ ਪਰਿਭਾਸ਼ਾ ਪੇਸ਼ ਕਰਦੇ ਹਨ, ਜੋ ਤਕਨੀਕੀ ਜਾਪਦੀ ਹੈ ਪਰ ਇਹ ਮਜ਼ਦੂਰਾਂ ਦੀ ਮਹੀਨਾਵਾਰ ਆਮਦਨੀ 'ਤੇ ਉੱਪਰ ਡੂੰਘਾ ਅਸਰ ਪਾਉਣ ਵਾਲੀ ਹੈ।

ਪਿਛਲੇ ਕਾਨੂੰਨਾਂ ਦੇ ਤਹਿਤ, ਵੱਖ-ਵੱਖ ਐਕਟਾਂ ਵਿਚ ਉਜ਼ਰਤ ਦੀ ਪਰਿਭਾਸ਼ਾ ਵੱਖ-ਵੱਖ ਸੀ ਅਤੇ ਕਈ ਮਾਲਕ ਮੂਲ ਉਜ਼ਰਤ ਘੱਟ ਰੱਖਣ ਲਈ ਭੱਤੇ ਵਧਾ ਦਿੰਦੇ ਸਨ ਜਿਵੇਂ ਹਾਊਸਿੰਗ ਭੱਤਾ, ਟਰਾਂਸਪੋਰਟ ਭੱਤਾ, ਵਿਸ਼ੇਸ਼ ਭੱਤਾ ਅਤੇ ਇਸੇ ਤਰ੍ਹਾਂ ਹੋਰ।

ਉਜ਼ਰਤ ਕੋਡ 2019 ਦੇ ਤਹਿਤ ਨਵੀਂ ਪਰਿਭਾਸ਼ਾ ਭੁਗਤਾਨ ਢਾਂਚੇ ਦਾ ਮਿਆਰੀਕਰਨ ਕਰਦੀ ਹੈ, ਜਿਸ ਵਿਚ ਮੂਲ ਉਜ਼ਰਤ ਕੁਲ ਵੇਤਨ ਦਾ ਘੱਟੋ-ਘੱਟ 50% ਤੈਅ ਕੀਤੀ ਗਈ ਹੈ ਅਤੇ ਭੱਤੇ 50% ਤੱਕ ਸੀਮਿਤ ਕਰ ਦਿੱਤੇ ਗਏ ਹਨ।

ਅਮਲ ਵਿਚ ਇਸ ਦਾ ਮਤਲਬ ਇਹ ਹੈ : ਜਿੱਥੇ ਇਕ ਪਾਸੇ ਮਿਲਣ ਵਾਲੀ ਮਾਸਿਕ ਤਨਖ਼ਾਹ ਕੁਝ ਘੱਟ ਹੋ ਸਕਦੀ ਹੈ, ਪਰ ਦੂਜੇ ਪਾਸੇ ਬੇਸਿਕ ਤਨਖ਼ਾਹ ਦੇ ਆਧਾਰ 'ਤੇ ਗਿਣੇ ਜਾਣ ਕਾਰਨ ਪ੍ਰਾਵੀਡੈਂਟ ਫੰਡ ਅਤੇ ਗ੍ਰੈਚੁਟੀ ਵਰਗੇ ਰਿਟਾਇਰਮੈਂਟ ਲਾਭ ਵਧ ਜਾਣਗੇ। ਇਹ ਸੁਣਨ ਵਿਚ ਉਚਿਤ ਸਮਝੌਤਾ ਲੱਗਦਾ ਹੈ—ਵਡੇਰੀ ਰਿਟਾਇਰਮੈਂਟ ਸੁਰੱਖਿਆ ਲਈ ਵਰਤਮਾਨ ਵਿਚ ਥੋੜ੍ਹਾ ਘੱਟ ਪੈਸਾ ਮਿਲਣਾ।

ਪਰ ਅਸਲ ਸਮੱਸਿਆ ਇਹ ਹੈ : ਮਜ਼ਦੂਰਾਂ, ਖ਼ਾਸ ਕਰਕੇ ਨੌਜਵਾਨ ਮਜ਼ਦੂਰਾਂ ਨੂੰ ਤਾਂ ਕਿਰਾਇਆ ਦੇਣ, ਖਾਣਾ ਖ਼ਰੀਦਣ, ਪਰਿਵਾਰ ਪਾਲਣ ਲਈ ਪੈਸੇ ਦੀ ਜ਼ਰੂਰਤ ਅੱਜ ਹੈ। ਮਿਲਣ ਵਾਲੀ ਤਨਖ਼ਾਹ ਨੂੰ ਘਟਾਉਂਦੇ ਹੋਏ ਅਗਲੇ ਪੰਜਾਹ ਸਾਲ ਬਾਅਦ ਰਿਟਾਇਰਮੈਂਟ ਹੋਣ 'ਤੇ ਮਿਲਣ ਵਾਲੇ ਲਾਭ ਵਧਾਉਣਾ, ਉਸ ਵਿਅਕਤੀ ਦੀ ਕੋਈ ਮੱਦਦ ਨਹੀਂ ਕਰਦਾ ਜੋ ਅੱਜ ਗੁਜ਼ਾਰਾ ਚਲਾਉਣ ਲਈ ਸੰਘਰਸ਼ ਕਰ ਰਿਹਾ ਹੈ।

ਇਸ ਤੋਂ ਇਲਾਵਾ, ਇਹ ਮੰਨ ਲਿਆ ਗਿਆ ਹੈ ਕਿ ਇਹ ਰਿਟਾਇਰਮੈਂਟ ਲਾਭ ਲੈਣ ਲਈ ਮਜ਼ਦੂਰ ਲੋੜੀਂਦੇ ਲੰਮੇ ਸਮੇਂ ਤੱਕ ਨੌਕਰੀ 'ਚ ਰਹਿਣਗੇ—ਉਨ੍ਹਾਂ ਹੋਰ ਵਿਵਸਥਾਵਾਂ ਨੂੰ ਦੇਖਦੇ ਹੋਏ ਬਹੁਤ ਹੀ ਸ਼ੱਕੀ ਸੰਭਾਵਨਾ, ਜੋ ਰੁਜ਼ਗਾਰ ਨੂੰ ਹੋਰ ਜ਼ਿਆਦਾ ਅਨਿਸ਼ਚਿਤ ਬਣਾਉਂਦੀਆਂ ਹਨ।

ਇਹ ਵਿਵਸਥਾ ਮਾਲਕਾਂ ਦਾ ਲਾਗਤ ਖ਼ਰਚਾ ਵੀ ਕਾਫ਼ੀ ਵਧਾਉਂਦੀ ਹੈ, ਜਿਸ ਦਾ ਵਿਰੋਧ ਉਹ ਘੱਟ ਭਰਤੀ ਕਰਕੇ ਜਾਂ ਜ਼ਿਆਦਾ ਰੁਜ਼ਗਾਰ ਨੂੰ ਗ਼ੈਰਜਥੇਬੰਦ ਖੇਤਰ ਵੱਲ ਧੱਕ ਕੇ ਕਰਨਗੇ, ਜਿੱਥੇ ਇਹ ਨਿਯਮ ਕਾਰਗਰ ਰੂਪ 'ਚ ਲਾਗੂ ਨਹੀਂ ਹੁੰਦੇ।

**ਓਵਰਟਾਈਮ ਭਰਮ** : ਕੰਮ ਦੇ ਘੰਟਿਆਂ ਨਾਲ ਜੁੜੇ ਕੋਡਾਂ ਦੀਆਂ ਵਿਵਸਥਾਵਾਂ ਦਿਖਾਉਂਦੀਆਂ ਹਨ ਕਿ ਕਿਵੇਂ ਦਿਖਾਵੇ ਦੀਆਂ ਸੁਰੱਖਿਆਵਾਂ ਤਿੱਖੀ ਲੁੱਟ-ਖਸੁੱਟ ਨੂੰ ਢੱਕ ਸਕਦੀਆਂ ਹਨ।

ਫੈਕਟਰੀ ਐਕਟ, 1948 ਦੇ ਤਹਿਤ ਓਵਰਟਾਈਮ ਮੁਆਵਜ਼ੇ ਤੋਂ ਬਿਨਾਂ ਮਜ਼ਦੂਰਾਂ ਤੋਂ ਰੋਜ਼ਾਨਾ 9 ਘੰਟੇ ਤੋਂ ਵੱਧ ਜਾਂ ਹਫ਼ਤੇ ਵਿਚ 48 ਘੰਟੇ ਤੋਂ ਵੱਧ ਕੰਮ ਕਰਾਉਣ ਦੀ ਮਨਾਹੀ ਸੀ।

ਕਿੱਤਾ ਸੁਰੱਖਿਆ, ਸਿਹਤ ਅਤੇ ਕੰਮ ਦੇ ਹਾਲਾਤ ਕੋਡ 2020 ਵਿਚ ਹਫ਼ਤੇ 'ਚ 48 ਘੰਟੇ ਕੰਮ ਦੀ ਸੀਮਾ ਰੱਖੀ ਗਈ ਹੈ, ਜਿਸ ਵਿਚ ਓਵਰ ਟਾਈਮ ਬਾਰੇ ਸਪਸ਼ਟ ਨਿਯਮ ਹਨ। ਹਾਲਾਂਕਿ ਆਲੋਚਕ ਉਨ੍ਹਾਂ ਵਿਵਸਥਾਵਾਂ ਵੱਲ ਇਸ਼ਾਰਾ ਕਰਦੇ ਹਨ ਜੋ ਦਿਨ ਵਿਚ 12 ਘੰਟੇ ਕੰਮ ਕਰਾਉਣ ਦੀ ਇਜਾਜ਼ਤ ਦਿੰਦੀਆਂ ਹਨ।

ਹਾਲਾਂਕਿ ਕੋਡਾਂ ਦੇ ਤਹਿਤ ਰਸਮੀਂ ਤੌਰ 'ਤੇ ਹਫ਼ਤੇ ਵਿਚ 48 ਘੰਟੇ ਕੰਮ ਦੀ ਸੀਮਾ ਬਣੀ ਰਹਿੰਦੀ ਹੈ, ਪਰ ਇਹ ਮਾਲਕਾਂ ਨੂੰ ਲਚਕੀਲੇ ਡਿਊਟੀ ਰੋਸਟਰ ਅਤੇ ਓਵਰਟਾਈਮ ਦੀ ਵਿਵਸਥਾ ਰਾਹੀਂ ਕੰਮ-ਦਿਨ ਦੀ ਰਸਮੀਂ ਸੀਮਾ ਤੋਂ ਪਾਰ ਜਾ ਕੇ ਕੰਮ ਦੇ ਘੰਟੇ ਕਿਤੇ ਜ਼ਿਆਦਾ ਵਧਾਉਣ ਦੀ ਇਜਾਜ਼ਤ ਦਿੰਦੀ ਹੈ। 12 ਘੰਟੇ ਦਾ ਕੰਮ ਦਿਨ—ਭਾਵੇਂ ਓਵਰਟਾਈਮ ਦੇ ਤਹਿਤ ਇਸਦਾ ਮੁਆਵਜ਼ਾ ਮਿਲ ਜਾਵੇ—ਸਰੀਰਕ ਅਤੇ ਮਾਨਸਿਕ ਤੌਰ 'ਤੇ ਐਨਾ ਥਕਾ ਦੇਣ ਵਾਲਾ ਹੁੰਦਾ ਹੈ ਕਿ ਇਹ ਮਜ਼ਦੂਰਾਂ ਦੀ ਸਿਹਤ, ਪਰਿਵਾਰਕ ਜ਼ਿੰਦਗੀ ਅਤੇ ਮਨੁੱਖੀ ਮਰਿਆਦਾ ਨੂੰ ਨੁਕਸਾਨ ਪਹੁੰਚਾਉਂਦਾ ਹੈ।

ਕੋਡਾਂ ਵਿਚ ਇਸ ਨੂੰ ਅਜਿਹੀ "ਲਚਕ" ਦੇ ਤੌਰ 'ਤੇ ਦਰਸਾਇਆ ਗਿਆ ਹੈ ਜੋ ਮਾਲਕਾਂ ਅਤੇ ਮਜ਼ਦੂਰਾਂ ਦੋਵਾਂ ਲਈ ਲਾਹੇਵੰਦੀ ਹੈ – ਮਾਲਕ ਪੈਦਾਵਾਰ ਦੀਆਂ ਮੰਗਾਂ ਅਨੁਸਾਰ ਇਸ ਨੂੰ ਢਾਲ ਸਕਦੇ ਹਨ, ਮਜ਼ਦੂਰ ਓਵਰਟਾਈਮ ਤੋਂ ਕਮਾ ਸਕਦੇ ਹਨ। ਪਰ ਅਮਲ ਵਿਚ ਹੋਣਾ ਇਹ ਹੈ ਕਿ ਮਾਲਕ ਮਜ਼ਦੂਰਾਂ ਉੱਪਰ ਵਾਧੂ ਘੰਟੇ ਕੰਮ ਨੂੰ ਸਵੀਕਾਰ ਕਰਨ ਲਈ ਦਬਾਅ ਪਾਉਣਗੇ, ਖ਼ਾਸ ਕਰਕੇ ਪੱਕੇ ਕੰਮ 'ਤੇ ਰੱਖੇ ਅਤੇ ਠੇਕੇ 'ਤੇ ਕੰਮ ਕਰਨ ਵਾਲੇ ਮਜ਼ਦੂਰਾਂ ਉੱਪਰ ਭਾਰੀ ਦਬਾਅ ਬਣੇਗਾ ਜੋ ਆਪਣੇ ਨੌਕਰੀ ਦੇ ਇਕਰਾਰਨਾਮੇ ਨਵਿਆਉਣ ਲਈ ਤੱਤਪਰ ਹੁੰਦੇ ਹਨ। 12 ਘੰਟੇ ਦੇ ਕੰਮ ਦਿਨ ਦੀ "ਚੋਣ"ਹਕੀਕਤ ਵਿਚ ਕੋਈ ਚੋਣ ਬਿਲਕੁਲ ਨਹੀਂ ਰਹਿੰਦੀ।

**ਠੇਕਾ ਮਜ਼ਦੂਰੀ: ਸਥਾਈ ਅਸੁਰੱਖਿਆ** : ਠੇਕਾ ਮਜ਼ਦੂਰਾਂ ਨਾਲ ਸਲੂਕ ਇਨ੍ਹਾਂ ਕੋਡਾਂ ਦੇ ਮਾਲਕਾਂ ਪੱਖੀ ਹੋਣ ਨੂੰ ਸਾਫ਼ ਤੌਰ 'ਤੇ ਦਰਸਾਉਂਦਾ ਹੈ।

ਠੇਕਾ ਮਜ਼ਦੂਰੀ (ਰੈਗੂਲੇਸ਼ਨ ਅਤੇ ਖ਼ਾਤਮਾ) ਕਾਨੂੰਨ, 1970 ਦੇ ਤਹਿਤ ਠੇਕਾ ਮਜ਼ਦੂਰੀ ਨੂੰ ਨਿਯਮਤ ਕਰਨ ਦੀ ਵਿਵਸਥਾ ਕੀਤੀ ਗਈ ਸੀ, ਜਿਸ ਵਿਚ ਕੁਝ ਹਾਲਤਾਂ ਵਿਚ ਇਸ ਦੇ ਖ਼ਾਤਮੇ ਦੀ ਵਿਵਸਥਾ ਸੀ ਅਤੇ ਠੇਕੇਦਾਰਾਂ ਲਈ ਲਾਇਸੈਂਸ ਲੈਣਾ ਜ਼ਰੂਰੀ ਸੀ।

ਕਿੱਤਾ ਸੁਰੱਖਿਆ, ਸਿਹਤ ਅਤੇ ਕੰਮ ਦੇ ਹਾਲਾਤ ਕੋਡ, 2020 ਦੇ ਤਹਿਤ ਕੋਡ ਠੇਕਾ ਮਜ਼ਦੂਰਾਂ ਨੂੰ ਪ੍ਰਮੁੱਖ ਮਾਲਕ ਦੇ ਕਾਰੋਬਾਰੀ ਅਦਾਰੇ ਵਿਚ ਆਪਣੇ ਆਪ ਸਮੋ ਜਾਣ ਦੀ ਵਿਵਸਥਾ ਕਰਦਾ ਹੈ ਜਿੱਥੇ ਉਨ੍ਹਾਂ ਨੂੰ ਬਿਨਾਂ ਲਾਇਸੈਂਸ ਵਾਲੇ ਠੇਕੇਦਾਰ ਰਾਹੀਂ ਕੰਮ 'ਤੇ ਲਗਾਇਆ ਗਿਆ ਹੈ। ਠੇਕਾ ਮਜ਼ਦੂਰਾਂ ਨੂੰ ਪੱਕੇ ਸਟਾਫ਼ ਵਾਲੇ ਲਾਭ ਦੇਣ ਦੀ ਗੱਲ ਕੀਤੀ ਗਈ ਹੈ।

ਆਪਣੇ ਆਪ ਸਮੋ ਲਏ ਜਾਣ ਦੀ ਇਹ ਵਿਵਸਥਾ ਦੇਖਣ ਨੂੰ ਸੁਰੱਖਿਆਤਮਕ ਜਾਪਦੀ ਹੈ, ਪਰ ਇਹ ਸਿਰਫ਼ ਬਿਨਾਂ ਲਾਇਸੈਂਸ ਠੇਕੇਦਾਰਾਂ 'ਤੇ ਹੀ ਲਾਗੂ ਹੁੰਦੀ ਹੈ—ਜਿਸ ਨਾਲ ਮਾਲਕਾਂ ਨੂੰ ਠੇਕੇਦਾਰਾਂ ਦੇ ਲਾਇਸੈਂਸ ਯਕੀਨੀ ਬਣਾਉਣ ਦਾ ਹਰ ਉਤਸ਼ਾਹ ਮਿਲਦਾ ਹੈ। "ਬਰਾਬਰ ਲਾਭ" ਦਾ ਦਾਅਵਾ ਉਸ ਹਾਲਤ ਵਿਚ ਖੋਖਲਾ ਸਾਬਤ ਹੁੰਦਾ ਹੈ ਜਦੋਂ ਠੇਕਾ ਮਜ਼ਦੂਰਾਂ ਦਾ ਕੰਮ ਕਿਸੇ ਵੀ ਸਮੇਂ ਸਿਰਫ਼ ਉਸ ਠੇਕੇਦਾਰ ਨਾਲ ਠੇਕਾ ਖ਼ਤਮ ਕਰਕੇ ਖ਼ਤਮ ਕੀਤਾ ਜਾ ਸਕਦਾ ਹੈ ਜੋ ਉਨ੍ਹਾਂ ਨੂੰ ਕੰਮ 'ਤੇ ਰੱਖਦਾ ਹੈ।

ਨਤੀਜਾ ਇਹ ਨਿਕਲਦਾ ਹੈ ਕਿ ਇੱਕੋ ਅਦਾਰੇ ਵਿਚ ਬਹੁ-ਪੱਧਰੀ ਕਿਰਤ ਸ਼ਕਤੀ ਹੁੰਦੀ ਹੈ—ਨੌਕਰੀ ਦੀ ਸੁਰੱਖਿਆ ਵਾਲੇ ਥੋੜ੍ਹੇ ਜਿਹੇ ਪੱਕੇ ਮਜ਼ਦੂਰਾਂ ਦੀ ਨਿੱਕੀ ਜਹੀ ਗੁੱਲੀ, ਆਰਜ਼ੀ ਸੁਰੱਖਿਆ ਵਾਲੇ ਨਿਸ਼ਚਿਤ ਸਮੇਂ ਲਈ ਰੱਖੇ ਮਜ਼ਦੂਰਾਂ ਦਾ ਵੱਡਾ ਸਮੂਹ ਅਤੇ ਬਿਨਾਂ ਕਿਸੇ ਸੁਰੱਖਿਆ ਵਾਲੇ ਠੇਕਾ ਮਜ਼ਦੂਰਾਂ ਦਾ ਵਿਸ਼ਾਲ ਆਧਾਰ। ਇਹ ਤਿੰਨੋ ਗਰੁੱਪ ਇੱਕੋ ਹੀ ਕੰਮ ਕਰਦੇ ਹਨ, ਪਰ ਬਿਲਕੁਲ ਵੱਖਰੀਆਂ-ਵੱਖਰੀਆਂ ਹਾਲਤਾਂ ਦਾ ਸਾਹਮਣਾ ਕਰਦੇ ਹਨ। ਇਹ ਖਿੰਡਾਅ ਮਜ਼ਦੂਰ ਏਕਤਾ ਨੂੰ ਰੋਕਦਾ ਹੈ ਅਤੇ ਕੰਮ ਦੀਆਂ ਹਾਲਤਾਂ ਨੂੰ ਹੇਠਾਂ ਵੱਲ ਦੀ ਦੌੜ ਵਿਚ ਧੱਕਦਾ ਹੈ।

**ਬਿਨਾਂ ਸੁਰੱਖਿਆ ਤੋਂ ਮਾਨਤਾ** : ਗਿਗ ਅਤੇ ਪਲੇਟਫਾਰਮ ਮਜ਼ਦੂਰਾਂ ਪ੍ਰਤੀ ਸਲੂਕ ਸ਼ਾਬਦਿਕ ਦਾਅਵਿਆਂ ਅਤੇ ਠੋਸ ਸੁਰੱਖਿਆ ਵਿਚਕਾਰਲੀ ਖਾਈ ਨੂੰ ਉਜਾਗਰ ਕਰਦਾ ਹੈ।

ਪਿਛਲੇ ਕਾਨੂੰਨਾਂ ਦੇ ਤਹਿਤ, ਗਿਗ ਅਤੇ ਪਲੇਟਫਾਰਮ ਮਜ਼ਦੂਰਾਂ – ਜਿਵੇਂ ਡਿਲਿਵਰੀ ਰਾਈਡਰ, ਕੈਬ ਡਰਾਈਵਰ ਆਦਿ – ਦਾ ਵਰਗੀਕਰਨ ਸੁਤੰਤਰ ਠੇਕੇਦਾਰਾਂ ਦੇ ਰੂਪ 'ਚ ਕੀਤਾ ਜਾਂਦਾ ਸੀ ਜਿਨ੍ਹਾਂ ਨੂੰ ਮੂਲ ਰੂਪ 'ਚ ਕਿਰਤ ਕਾਨੂੰਨਾਂ ਦੇ ਤਹਿਤ ਕੋਈ ਸੁਰੱਖਿਆ ਨਹੀਂ ਸੀ। ਸਮਾਜਿਕ ਸੁਰੱਖਿਆ ਕੋਡ, 2020 ਦੇ ਤਹਿਤ ਇਨ੍ਹਾਂ ਕਿਰਤੀਆਂ ਨੂੰ ਕਾਨੂੰਨੀ ਮਾਨਤਾ ਹੈ, ਅਤੇ ਇਨ੍ਹਾਂ ਪਲੇਟਫਾਰਮ ਕੰਪਨੀਆਂ ਲਈ ਆਪਣੀ ਸਾਲਾਨਾ ਟਰਨਓਵਰ ਦਾ 1-2% ਸਮਾਜਿਕ ਸੁਰੱਖਿਆ ਕੋਸ਼ ਵਿਚ ਜਮ੍ਹਾ ਕਰਵਾਉਣਾ ਜ਼ਰੂਰੀ ਹੈ।

ਮਾਨਤਾ, ਗੁੰਮਨਾਮੀ ਨਾਲੋਂ ਤਾਂ ਬਿਹਤਰ ਹੈ, ਪਰ ਇਹ ਕਾਫ਼ੀ ਨਹੀਂ ਹੈ। ਗਿਗ ਕਿਰਤੀਆਂ ਨੂੰ ਕਰਮਚਾਰੀਆਂ ਦੀ ਬਜਾਏ ਠੇਕੇਦਾਰ ਹੀ ਮੰਨਿਆ ਜਾਂਦਾ ਹੈ, ਇਸ ਦਾ ਮਤਲਬ ਇਹ ਹੈ ਕਿ ਉਨ੍ਹਾਂ ਨੂੰ ਨੌਕਰੀ ਸੁਰੱਖਿਆ, ਘੱਟੋਘੱਟ ਮਜ਼ਦੂਰੀ ਦੀ ਗਾਰੰਟੀ, ਕੰਮ ਦੇ ਘੰਟਿਆਂ ਦੀ ਸੁਰੱਖਿਆ ਅਤੇ ਸਮੂਹਿਕ ਸੌਦੇਬਾਜ਼ੀ ਕਰਨ ਦੇ ਅਧਿਕਾਰ ਨਹੀਂ ਹਨ। ਸਮਾਜਿਕ ਸੁਰੱਖਿਆ ਫੰਡ ਮਹਿਜ਼ ਪ੍ਰਤੀਕਾਤਮਕ ਕਦਮ ਹੈ – ਪਲੇਟਫਾਰਮਾਂ ਦੇ ਕਾਰੋਬਾਰੀ ਮਾਡਲ ਨੂੰ ਦੇਖਦੇ ਹੋਏ ਉਨ੍ਹਾਂ ਦੀ ਕਮਾਈ ਦਾ 1-2% ਯੋਗਦਾਨ ਬਹੁਤ ਹੀ ਨਿਗੂਣਾ ਹੈ।

ਆਲੋਚਕਾਂ ਦਾ ਕਹਿਣਾ ਹੈ ਕਿ ਗਿਗ ਆਰਥਿਕਤਾ ਵਿਚ ਕੰਮ ਕਰਨ ਵਾਲੇ ਕਿਰਤੀਆਂ ਦਾ ਵਰਗੀਕਰਨ ਆਮ ਤੌਰ 'ਤੇ ਸੁਤੰਤਰ ਠੇਕੇਦਾਰ ਦੇ ਰੂਪ 'ਚ ਕੀਤਾ ਜਾਂਦਾ ਹੈ, ਇਸ ਤਰ੍ਹਾਂ ਉਨ੍ਹਾਂ ਨੂੰ ਵੱਖ-ਵੱਖ ਕਿਰਤ ਕਾਨੂੰਨਾਂ ਦੁਆਰਾ ਮੁਹੱਈਆ ਕੀਤੀ ਜਾਣ ਵਾਲੀ ਸੁਰੱਖਿਆ ਨਹੀਂ ਦਿੱਤੀ ਜਾਂਦੀ। ਇਹ ਕੋਡ ਰਸਮੀਂ ਰੂਪ 'ਚ ਗਿਗ ਮਜ਼ਦੂਰਾਂ ਦੀ ਹੋਂਦ ਨੂੰ ਤਾਂ ਮੰਨਦੇ ਹਨ, ਪਰ ਉਨ੍ਹਾਂ ਨੂੰ ਕਰਮਚਾਰੀ ਦਾ ਪੂਰਾ ਦਰਜਾ ਦੇਣ ਅਤੇ ਉਸਦੇ ਅਨੁਸਾਰੀ ਸੁਰੱਖਿਆ ਦੇਣ ਤੋਂ ਇਨਕਾਰ ਕਰਦੇ ਹਨ। ਇਸ ਤਰ੍ਹਾਂ ਇਹ ਪਲੇਟਫਾਰਮ ਆਰਥਿਕਤਾ ਦੇ ਲੋਟੂ ਮਾਡਲ ਨੂੰ ਕਾਨੂੰਨੀ ਵਾਜਬੀਅਤ ਮੁਹੱਈਆ ਕਰਦੇ ਹਨ, ਨਾਲ ਹੀ ਅਗਾਂਹਵਧੂ ਸੁਧਾਰ ਦਾ ਢੌਂਗ ਵੀ ਰਚਦੇ ਹਨ।

**ਲਾਗੂ ਕਰਨ ਤੋਂ ਛੋਟ** : ਇਨ੍ਹਾਂ ਕੋਡਾਂ ਦੀਆਂ ਕਈ ਵਿਵਸਥਾਵਾਂ ਸਿਰਫ਼ ਇਕ ਨਿਸ਼ਚਿਤ ਆਕਾਰ ਤੋਂ ਵੱਡੀਆਂ ਉਦਯੋਗਿਕ ਇਕਾਈਆਂ ਉੱਪਰ ਹੀ ਲਾਗੂ ਹੁੰਦੀਆਂ ਹਨ, ਜਿਸ ਨਾਲ ਵਿਹਾਰ ਵਿਚ ਉਨ੍ਹਾਂ ਵਿਸ਼ਾਲ ਗੈਰਜਥੇਬੰਦ ਖੇਤਰਾਂ ਨੂੰ ਉਨ੍ਹਾਂ ਤੋਂ ਬਾਹਰ ਕਰ ਦਿੱਤਾ ਗਿਆ ਹੈ ਜਿੱਥੇ ਭਾਰਤ ਦੇ ਜ਼ਿਆਦਾਤਰ ਮਜ਼ਦੂਰ ਕੰਮ ਕਰਦੇ ਹਨ।

ਕਿੱਤਾ ਸੁਰੱਖਿਆ, ਸਿਹਤ ਅਤੇ ਕੰਮ ਦੇ ਹਾਲਾਤ ਕੋਡ ਬਿਜਲੀ ਦੀ ਵਰਤੋਂ ਦੇ ਆਧਾਰ 'ਤੇ 20 ਜਾਂ 40 ਤੋਂ ਘੱਟ ਮਜ਼ਦੂਰਾਂ ਵਾਲੀਆਂ ਇਕਾਈਆਂ ਨੂੰ ਕਈ ਸ਼ਰਤਾਂ ਤੋਂ ਛੋਟ ਦਿੰਦਾ ਹੈ ਜਿਵੇਂ ਫੈਕਟਰੀ ਦੀ ਰਜਿਸਟ ?ਰੇਸ਼ਨ।

ਸਮਾਜਿਕ ਲਾਭਾਂ ਨੂੰ ਉਦਯੋਗਿਕ ਇਕਾਈ ਦੇ ਆਕਾਰ ਨਾਲ ਜੋੜਿਆ ਜਾਣ ਦੀ ਵਿਵਸਥਾ ਉਨ੍ਹਾਂ ਲੱਖਾਂ ਮਜ਼ਦੂਰਾਂ ਨੂੰ ਛੱਡ ਦਿੰਦੀ ਹੈ ਜੋ ਛੋਟੀਆਂ ਇਕਾਈਆਂ ਵਿਚ ਅਤੇ ਘਰਾਂ ਅਧਾਰਤ ਕੰਮ ਕਰਦੇ ਹਨ।

ਭਾਰਤ ਦੀ ਕਿਰਤ ਸ਼ਕਤੀ ਬਹੁਤ ਵੱਡੀ ਗਿਣਤੀ 'ਚ ਛੋਟੀਆਂ ਇਕਾਈਆਂ ਅਤੇ ਗ਼ੈਰਜਥੇਬੰਦ ਖੇਤਰ ਵਿਚ ਕੰਮ ਕਰਦੀ ਹੈ। ਛੋਟੀਆਂ ਇਕਾਈਆਂ ਨੂੰ ਕਈ ਜ਼ਰੂਰੀ ਸ਼ਰਤਾਂ ਤੋਂ ਛੋਟ ਦੇ ਕੇ, ਇਹ ਕੋਡ ਜ਼ਿਆਦਾਤਰ ਮਜ਼ਦੂਰਾਂ ਨੂੰ ਕਾਰਗਰ ਰੂਪ 'ਚ ਸੁਰੱਖਿਆ ਤੋਂ ਬਾਹਰ ਕਰ ਦਿੰਦੇ ਹਨ। ਜਥੇਬੰਦ ਖੇਤਰ ਦੀਆਂ ਵਿਵਸਥਾਵਾਂ, ਹਾਲਾਂਕਿ ਇਹ ਕਮਜ਼ੋਰ ਹੀ ਹਨ, ਸ਼ਾਇਦ ਸਿਰਫ਼ 10% ਮਜ਼ਦੂਰਾਂ ਉੱਪਰ ਲਾਗੂ ਹੁੰਦੀਆਂ ਹਨ। ਬਾਕੀ 90% ਮਜ਼ਦੂਰਾਂ ਦੀ ਸੁਰੱਖਿਆ ਪਹਿਲਾਂ ਨਾਲੋਂ ਵੀ ਘੱਟ ਗਈ ਹੈ।

ਇਸ ਨਾਲ ਨਿਯਮਾਂ ਤੋਂ ਬਚਣ ਲਈ ਮਾਲਕਾਂ ਨੂੰ ਛੋਟੇ ਬਣੇ ਰਹਿਣ ਜਾਂ ਆਪਣੇ ਕਾਰੋਬਾਰ ਨੂੰ ਕਈ ਛੋਟੀਆਂ ਇਕਾਈਆਂ ਵਿਚ ਵੰਡਣ ਲਈ ਉਲਟਾ ਉਤਸ਼ਾਹ ਮਿਲਦਾ ਹੈ। ਇਸਦਾ ਭਾਵ ਇਹ ਵੀ ਹੈ ਕਿ ਕੋਡਾਂ ਦੁਆਰਾ ਵਧੇਰੇ ਮਜ਼ਦੂਰਾਂ ਨੂੰ ਸੁਰੱਖਿਆ ਦੇ ਤਹਿਤ ਲਿਆਉਣ ਦੇ ਜੋ ਦਾਅਵੇ ਕੀਤੇ ਗਏ ਹਨ, ਉਹ ਬਹੁਤ ਹੱਦ ਤੱਕ ਭਰਮ ਹਨ – ਜਿਨ੍ਹਾਂ ਮਜ਼ਦੂਰਾਂ ਨੂੰ ਸੁਰੱਖਿਆ ਦੀ ਸਭ ਤੋਂ ਵੱਧ ਜ਼ਰੂਰਤ ਹੈ, ਉਨ੍ਹਾਂ ਨੂੰ ਸਿਲਸਿਲੇਵਾਰ ਤਰੀਕੇ ਨਾਲ ਬਾਹਰ ਰੱਖਿਆ ਗਿਆ ਹੈ।

**ਭਰਮਾਊ ਧੋਖਾ** : ਟਰੇਡ ਯੂਨੀਅਨਾਂ ਦਾ ਇਹ ਕਹਿਣਾ ਬਿਲਕੁਲ ਸਹੀ ਹੈ ਕਿ ਕਿਰਤ ਕੋਡ ਕਪਟਪੂਰਨ ਧੋਖਾ ਹਨ। ਭਰਮ ਬਿਆਨਬਾਜ਼ੀ ਅਤੇ ਹਕੀਕਤ ਦਰਮਿਆਨ ਦੇ ਅੰਤਰ ਵਿਚ ਨਿਹਿਤ ਹੈ—ਮਜ਼ਦੂਰ ਸ਼ਕਤੀਕਰਨ ਦੇ ਦਾਅਵਿਆਂ ਅਤੇ ਮਜ਼ਦੂਰਾਂ ਦੀ ਸੁਰੱਖਿਆ ਕਰਨ ਵਾਲੀ ਹਰ ਵਿਵਸਥਾ ਨੂੰ ਗਿਣ-ਮਿੱਥਕੇ ਕਮਜ਼ੋਰ ਕੀਤੇ ਜਾਣ ਦਰਮਿਆਨ ਦਾ ਅੰਤਰ। ਧੋਖਾ ਇਸ ਗੱਲ ਵਿਚ ਹੈ ਕਿ ਮਾਲਕਾਂ ਦੀ ਅਮੀਰੀ ਨੂੰ ਕਿਰਤੀਆਂ ਦੀ ਭਲਾਈ, ਅਸੁਰੱਖਿਆ ਨੂੰ ਲਚਕੀਲਾਪਣ ਅਤੇ ਅਧਿਕਾਰਹੀਣਤਾ ਨੂੰ ਆਧੁਨਿਕੀਕਰਨ ਬਣਾਕੇ ਪੇਸ਼ ਕੀਤਾ ਜਾ ਰਿਹਾ ਹੈ।

ਜਦੋਂ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਕਹਿੰਦੀ ਹੈ ਕਿ ਇਹ ਕੋਡ "ਸਖ਼ਤ ਘਾਲਣਾ ਘਾਲ ਕੇ ਹਾਸਲ ਕੀਤੇ ਕਿਰਤ ਕਾਨੂੰਨਾਂ ਨੂੰ ਤਬਾਹ ਕਰਦੇ ਹਨ" ਅਤੇ "ਤਾਕਤ ਦੇ ਤੋਲ ਨੂੰ ਮਾਲਕਾਂ ਦੇ ਹੱਕ ਵਿਚ ਤੇਜ਼ੀ ਨਾਲ ਮੋੜ ਦਿੰਦੇ ਹਨ," ਜਦਕਿ ਸਰਕਾਰ ਦਾਅਵਾ ਕਰਦੀ ਹੈ ਕਿ ਇਹ "ਮਜ਼ਦੂਰਾਂ ਨੂੰ ਤਾਕਤਵਰ ਬਣਾਉਂਦੇ ਹਨ," ਤਾਂ ਇਹ ਸਿਰਫ਼ ਵੱਖ-ਵੱਖ ਰਾਜਨੀਤਿਕ ਨਜ਼ਰੀਏ ਨਹੀਂ ਹਨ—ਇਹ ਹਕੀਕਤ ਦੇ ਬਿਲਕੁਲ ਵਿਰੋਧੀ ਵਰਣਨ ਹਨ। ਸਬੂਤ ਵਿਵਸਥਾ-ਦਰ-ਵਿਵਸਥਾ, ਤੁਲਨਾ-ਦਰ-ਤੁਲਨਾ ਟਰੇਡ ਯੂਨੀਅਨਾਂ ਦੇ ਮੁਲਾਂਕਣ ਦੀ ਪੁਸ਼ਟੀ ਕਰਦੇ ਹਨ।

ਭਾਰਤ ਦੇ ਮਜ਼ਦੂਰਾਂ ਨੂੰ ਅਸਲੀ ਸੁਧਾਰਾਂ ਦੀ ਲੋੜ ਸੀ: ਮੌਜੂਦਾ ਸੁਰੱਖਿਆਵਾਂ ਨੂੰ ਸਖ਼ਤੀ ਨਾਲ ਲਾਗੂ ਕਰਨਾ, ਇਨ੍ਹਾਂ ਦਾ ਗ਼ੈਰਜਥੇਬੰਦ ਖੇਤਰ ਤੱਕ ਵਿਸਤਾਰ, ਕੰਮ ਵਾਲੀ ਥਾਂ ਦੇ ਸੰਚਾਲਨ ਦਾ ਜਮਹੂਰੀਕਰਨ ਅਤੇ ਉਲੰਘਣਾਂ ਕਰਨ ਵਾਲੇ ਮਾਲਕਾਂ ਲਈ ਸਖ਼ਤ ਸਜ਼ਾਵਾਂ। ਇਸ ਦੀ ਬਜਾਏ ਉਨ੍ਹਾਂ ਲਈ ਅਜਿਹੇ ਕੋਡ ਬਣਾ ਦਿੱਤੇ ਗਏ ਜੋ ਲੁੱਟਖਸੁੱਟ ਨੂੰ ਕਾਨੂੰਨੀ ਬਣਾਉਂਦੇ ਹਨ, ਉਨ੍ਹਾਂ ਦੀ ਅਸੁਰੱਖਿਆ ਨੂੰ ਰਸਮੀਂ ਰੂਪ ਦਿੰਦੇ ਹਨ ਅਤੇ ਉਨ੍ਹਾਂ ਦੀ ਅਧੀਨਤਾ ਦੀ ਮੁਕਤੀ ਵਜੋਂ ਸ਼ਲਾਘਾ ਕਰਦੇ ਹਨ।

ਇਹ ਸੁਧਾਰ ਨਹੀਂ ਹੈ। ਇਹ ਵਿਸ਼ਵਾਸਘਾਤ ਹੈ। ਅਤੇ ਸੜਕਾਂ ਉੱਪਰ ਕਿਰਤ ਕੋਡਾਂ ਦੀਆਂ ਕਾਪੀਆਂ ਸਾੜਨ ਵਾਲੇ ਮਜ਼ਦੂਰ ਸਰਕਾਰ ਦੀ ਜੈ-ਜੈਕਾਰ ਕਰਨ ਵਾਲੀ ਬਿਆਨਬਾਜ਼ੀ ਦੁਆਰਾ ਲੁਕੋਈ ਨਾ ਜਾ ਸਕਣ ਵਾਲੀ ਸਚਾਈ ਨੂੰ ਬਿਹਤਰ ਸਮਝਦੇ ਹਨ।

# ਵੱਧਦੇ ਆਰਥਿਕ ਪਾੜੇ ਦੇ ਵਿਚਕਾਰ 'ਜੀ ਰਾਮ ਜੀ'

'ਤੇ ਕੰਮ ਦਿੱਤਾ।

ਪਰ ਇਸ ਦੇ ਉਲਟ ਨਵੀਂ ਯੋਜਨਾ ਸੂਬਾ-ਕੇਂਦਰ ਆਧਾਰਿਤ ਬਣਾਈ ਗਈ, ਜਿਸ ਵਿੱਚ ਕੇਂਦਰ ਤੇ ਸੂਬਾ 60 ਅਨੁਪਾਤ 40 ਦੇ ਅਨੁਪਾਤ ਨਾਲ ਖਰਚ ਕਰਨਗੀਆਂ। ਕੇਂਦਰ ਸਰਕਾਰ ਨੇ ਇਹ ਯੋਜਨਾ ਲਾਗੂ ਕਰਕੇ ਆਪਣੀ ਇੱਕ ਅਹਿਮ ਜ਼ਿੰਮੇਵਾਰੀ ਤੋਂ ਮੁਕਤੀ ਪਾ ਲਈ ਹੈ, ਜੋ ਅਜੀਵਿਕਾ ਸੁਰੱਖਿਆ ਤਹਿਤ ਸੌ ਦਿਨ ਦੀ ਰੁਜਗਾਰ ਗਰੰਟੀ ਦਾ ਪ੍ਰਾਵਧਾਨ ਕਰਦੀ ਸੀ।

ਅਸਲ ਵਿੱਚ ਤਾਂ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਵੱਲੋਂ ਲੰਮੇ ਸਮੇਂ ਤੋਂ ਹੀ ਇਸ ਯੋਜਨਾ ਨੂੰ ਖਤਮ ਕਰਨ ਦਾ ਵਿਚਾਰ ਸੀ। ਮਗਨਰੇਗਾ ਵਿੱਚ 100 ਦਿਨ ਗਰੰਟੀ ਦਾ ਵਾਅਦਾ ਸੀ, ਪਰ ਪਿਛਲੇ ਕੁਝ ਸਾਲਾਂ ਤੋਂ ਇਹ ਰੁਜਗਾਰ ਔਸਤਨ 50 ਦਿਨ ਰਹਿ ਗਿਆ। ਸਾਲ 2020 ਤੋਂ 2025 ਵਿੱਚ 8.1 ਕਰੋੜ ਮਨਰੇਗਾ ਜੌਬ ਕਾਰਡ ਧਾਰਕਾਂ ਵਿੱਚੋਂ ਕੇਵਲ 40.75 ਲੱਖ ਪਰਿਵਾਰਾਂ ਨੇ 100 ਦਿਨ ਕੰਮ ਕੀਤਾ।

ਬੇਰੁਜਗਾਰੀ ਭੱਤਾ, ਜਿਸ ਦਾ ਭੁਗਤਾਨ ਰਾਜ ਸਰਕਾਰਾਂ ਦੀ ਜ਼ਿੰਮੇਵਾਰੀ ਸੀ, ਲਗਾਤਾਰ ਨਾ-ਬਰਾਬਰ ਰਿਹਾ। ਇਹ ਵੀ ਤੱਥ ਹੈ ਕਿ 202021 ਵਿੱਚ 1 ਲੱਖ 17 ਹਜਾਰ ਕਰੋੜ ਤੋਂ ਬਜਟ ਘਟਾ ਕੇ 202526 ਵਿੱਚ ਇਹ 86 ਹਜਾਰ ਕਰੋੜ ਕਰ ਦਿੱਤਾ ਗਿਆ। ਕੰਮ ਕਰਨ ਵਾਲੇ ਪਰਿਵਾਰਾਂ ਦੀ ਗਿਣਤੀ 202021 ਵਿੱਚ 7.55 ਕਰੋੜ ਤੋਂ ਘੱਟ ਕੇ 2022-23 ਵਿੱਚ 4.71 ਕਰੋੜ ਰਹਿ ਗਈ।

ਕੇਂਦਰ ਸਰਕਾਰ ਵੱਲੋਂ ਇਹ ਨੀਤੀ ਪੁਰਾਣੀ ਸਰਕਾਰ ਦੀਆਂ ਯੋਜਨਾਵਾਂ ਨੂੰ ਖਤਮ ਕਰਨ ਦੀ ਲੜੀ ਦਾ ਹੀ ਹਿੱਸਾ ਹੈ। ਇਹ ਦੇਸ-ਵਿਆਪੀ ਯੋਜਨਾ ਆਰਥਿਕ ਪੱਖੋਂ ਵਾਂਝੇ, ਸ਼ੋਸ਼ਿਤ, ਗਰੀਬ ਅਤੇ ਪੇਂਡੂ ਲੋਕਾਂ ਲਈ ਦਵਾਈ ਨਹੀਂ ਸੀ। ਇਸ ਯੋਜਨਾ ਨੇ ਕੁਝ ਹੱਦ ਤੱਕ ਪਿੰਡ ਤੋਂ ਸਹਿਰ ਵੱਲ ਪ੍ਰਵਾਸ ਵੀ ਰੋਕਿਆ। ਰੁਜਗਾਰ ਲਈ ਕਾਨੂੰਨੀ ਅਧਿਕਾਰ ਵੀ ਯੋਜਨਾ ਵਿੱਚ ਸੀ ਅਤੇ ਪਿੰਡ ਪੰਚਾਇਤਾਂ ਨੂੰ ਵੀ ਇਸ ਅਧੀਨ ਸਕਤੀ ਮਿਲੀ ਹੋਈ ਸੀ।

ਪਰ ਸਰਕਾਰ ਨੇ ਇਸ ਯੋਜਨਾ 'ਤੇ ਇੱਕ ਤਰ੍ਹਾਂ ਨਾਲ ਬੁਲਡੋਜਰ ਫੇਰ ਦਿੱਤਾ ਹੈ। ਗਰੀਬ ਲੋਕਾਂ ਦੀ ਜੀਵਨ-ਰੇਖਾ ਨੂੰ ਖਤਮ ਕਰ ਦਿੱਤਾ ਗਿਆ ਹੈ। ਅਸਲ ਵਿੱਚ ਇਹ ਮੋਦੀ ਸਰਕਾਰ ਦਾ ਲੱਖਾਂ ਕਿਸਾਨਾਂ, ਮਜਦੂਰਾਂ ਤੇ ਭੂਮੀਹੀਣ ਪੇਂਡੂ ਗਰੀਬਾਂ ਦੇ ਹਿੱਤਾਂ ਉੱਤੇ ਸਿੱਧਾ ਹਮਲਾ ਹੈ।

ਬੀਤੇ ਵਰ੍ਹਿਆਂ ਵਿੱਚ ਕੇਂਦਰ ਸਰਕਾਰ ਵੱਲੋਂ ਮਗਨਰੇਗਾ ਸਕੀਮ ਦੇ ਤਹਿਤ ਸੂਬਿਆਂ ਨੂੰ ਭੇਜੇ ਜਾਣ ਵਾਲੇ ਫੰਡਾਂ ਵਿੱਚ ਵੀ ਭੇਦਭਾਵ ਕੀਤਾ ਗਿਆ ਹੈ। ਉਹ ਸੂਬੇ, ਜਿੱਥੇ ਭਾਜਪਾ ਦੀ ਸਰਕਾਰ ਨਹੀਂ, ਉਨ੍ਹਾਂ ਨੂੰ ਫੰਡਾਂ ਤੋਂ ਵਿਰਵਾ ਰੱਖਿਆ ਗਿਆ। ਪੱਛਮੀ ਬੰਗਾਲ ਵਿੱਚ ਮਗਨਰੇਗਾ ਅਧੀਨ ਫੰਡ ਭੇਜੇ ਹੀ ਨਹੀਂ ਜਾ ਰਹੇ, ਸਗੋਂ ਕਈ ਬੰਦਸਾਂ ਲਾ ਕੇ ਫੰਡ

(ਸਫ਼ਾ 25 ਦੀ ਬਾਕੀ)

ਰੋਕੇ ਗਏ ਹਨ।

ਕਈ ਸਾਲਾਂ ਤੋਂ ਕੇਂਦਰ ਸਰਕਾਰ ਦੀ ਮੰਸਾ ਮਗਨਰੇਗਾ ਨੂੰ ਬੰਦ ਕਰਨ ਦੀ ਸੀ। ਢੁਕਵਾਂ ਸਮਾਂ ਦੇਖ ਕੇ ਪਾਰਲੀਮੈਂਟ ਸੈਸਨ ਦੇ ਆਖਰੀ ਦਿਨਾਂ ਵਿੱਚ ਲੋਕ ਸਭਾ ਅਤੇ ਰਾਜ ਸਭਾ ਵਿੱਚ ਬਿੱਲ ਪਾਸ ਕਰਵਾ ਲਿਆ ਗਿਆ ਅਤੇ ਰਾਸਟਰਪਤੀ ਨੇ ਵੀ ਬਿਨਾਂ ਦੇਰੀ ਇਸ ਬਿੱਲ ਨੂੰ ਮਨਜੂਰੀ ਦੇ ਦਿੱਤੀ।

ਅਸਲ ਅਰਥਾਂ ਵਿੱਚ ਇਸ ਨਵੇਂ ਬਿੱਲ ਨੇ ਲੋਕਾਂ ਦੇ ਸੁਪਨੇ ਤੋੜ ਦਿੱਤੇ ਹਨ। ਪੁਰਾਣੀ ਗਰੰਟੀ ਕਾਨੂੰਨ ਨੂੰ ਬਦਲ ਕੇ ਇਸ ਨੂੰ ਕੇਂਦਰੀ ਪ੍ਰਾਯੋਜਿਤ ਸਕੀਮ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ। ਜਦੋਂ ਕੇਂਦਰ ਕੋਲ ਰਕਮ ਹੋਏਗੀ, ਫੰਡ ਜਾਰੀ ਕੀਤੇ ਜਾਣਗੇ; ਜਦੋਂ ਰਕਮ ਨਹੀਂ ਹੋਏਗੀ, ਸਕੀਮ ਸੁੱਤੀ ਰਹੇਗੀ।

ਪੰਚਾਇਤਾਂ ਨੂੰ ਮਗਨਰੇਗਾ ਤਹਿਤ ਮਿਲੇ ਅਧਿਕਾਰਾਂ 'ਤੇ ਕੈਂਚੀ ਚਲਾ ਦਿੱਤੀ ਗਈ ਹੈ। ਨਵੇਂ ਕਾਨੂੰਨ ਵਿੱਚ ਇਹ ਸਾਮਿਲ ਕੀਤਾ ਗਿਆ ਹੈ ਕਿ ਜੇਕਰ ਪੰਚਾਇਤ ਕੋਈ ਕੰਮ ਪਿੰਡ ਵਿੱਚ ਮਗਨਰੇਗਾ ਤਹਿਤ ਕਰਵਾਉਣੀ ਚਾਹੁੰਦੀ ਹੈ, ਤਾਂ ਉਸ ਲਈ ਕੇਂਦਰ ਸਰਕਾਰ ਦੀ ਮਨਜੂਰੀ ਲਾਜਮੀ ਹੈ। ਇਹ ਤਾਕਤ ਪੂਰੀ ਤਰ੍ਹਾਂ ਕੇਂਦਰ ਦੇ ਹੱਥ ਵਿੱਚ ਲੈਣ ਦੀ ਸੋਚੀ-ਸਮਝੀ ਚਾਲ ਹੈ।

ਨਵੇਂ ਐਕਟ ਨੇ ਮਗਨਰੇਗਾ ਦਾ ਸਿਰਫ ਨਾਮ ਹੀ ਨਹੀਂ ਬਦਲਿਆ, ਸਗੋਂ ਇਸ ਦਾ ਮੂਲ ਸਰੂਪ ਹੀ ਬਦਲ ਦਿੱਤਾ ਹੈ। ਨਵੀਂ ਰੋਜਗਾਰ ਯੋਜਨਾ ਦੇ ਜਰੀਏ ਕੇਂਦਰੀਕਰਨ ਨੂੰ ਮਜਬੂਤ ਕੀਤਾ ਜਾ ਰਿਹਾ ਹੈ ਅਤੇ ਆਪਣੇ ਆਕਾ ਕਾਰਪੋਰੇਟ ਜਗਤ ਨੂੰ ਖੁਸ ਕਰਨ ਲਈ ਵੱਡਾ ਕਦਮ ਚੁੱਕਿਆ ਗਿਆ ਹੈ। ਕੇਂਦਰੀਕਰਨ ਕਾਰਪੋਰੇਟ ਜਗਤ ਦੀ ਸੁਰੱਖਿਆ ਪ੍ਰਣਾਲੀ ਦਾ ਧੁਰਾ ਹੈ, ਜਿਸ ਦੀ ਦੇਖ-ਰੇਖ ਮੌਜੂਦਾ ਸਰਕਾਰ ਬਾਖੂਬੀ ਕਰ ਰਹੀ ਹੈ।

ਅੰਤਿਕਾ : ਮਹਾਤਮਾ ਗਾਂਧੀ ਰਾਸ਼ਟਰੀ ਗ੍ਰਾਮੀਣ ਰੋਜ਼ਗਾਰ ਗਰੰਟੀ ਅਧਿਨਿਯਮ (2005) ਤਹਿਤ ਚਲਾਈ ਗਈ ਯੋਜਨਾ ਦਾ ਮਕਸਦ 100 ਦਿਨਾਂ ਦਾ ਰੁਜ਼ਗਾਰ ਮੁਹੱਈਆ ਕਰਵਾਉਣਾ ਹੈ। ਇਹ ਯੋਜਨਾ ਕਾਨੂੰਨ ਦੇ ਤਹਿਤ ਰੋਜ਼ਗਾਰ ਦੀ ਗਰੰਟੀ, ਗਰੀਬਾਂ ਲਈ ਰੋਜ਼ਗਾਰ ਦੀ ਸੁਰੱਖਿਆ, ਪਿੰਡਾਂ ਵਿੱਚ ਸੜਕਾਂ, ਤਲਾਬ ਸੰਭਾਲ ਪ੍ਰੋਜੈਕਟ ਸੰਭਾਲਦੀ ਹੈ ਅਤੇ ਪਿੰਡਾਂ 'ਚ ਮਾਈਗਰੇਸ਼ਨ ਘਟਦਾ ਹੈ। ਜਦਕਿ ਸ਼੍ਰੀ ਰਾਮ ਜੀ ਰੋਜ਼ਗਾਰ ਯੋਜਨਾ (ਜੀ ਰਾਮ ਜੀ ਯੋਜਨਾ) ਇਕ ਰਾਜਪੱਧਰੀ/ਖਾਸ ਯੋਜਨਾ ਹੈ, ਜਿਸਦਾ ਮਕਸਦ ਲੋਕਾਂ ਨੂੰ ਸਵੈ-ਰੁਜ਼ਗਾਰ, ਹੁਨਰ ਵਿਕਾਸ ਅਤੇ ਛੋਟੇ ਕਾਰੋਬਾਰ ਨਾਲ ਜੋੜਨਾ ਹੈ। ਇਹ ਸਵੈ-ਰੁਜ਼ਗਾਰ ਦੇ ਮੌਕੇ ਦਿੰਦੀ ਹੈ, ਹੁਨਰ ਵਿਕਾਸ ਤੇ ਜ਼ੋਰ ਦਿੰਦੀ ਹੈ, ਨੌਜਵਾਨਾਂ ਲਈ ਤੇ ਛੋਟੇ ਉਦਯੋਗਾਂ ਲਈ ਲਾਭਕਾਰੀ ਹੈ। ਪਰ ਇਸ ਵਿੱਚ ਸ਼ੁਰੂਆਤੀ ਪੂੰਜੀ ਦੀ ਲੋੜ ਹੈ, ਸਫ਼ਲਤਾ ਦੀ ਗਰੰਟੀ ਨਹੀਂ, ਇਹ ਯੋਜਨਾ ਹਰ ਗ਼ਰੀਬ ਲਈ ਨਹੀਂ, ਇਸ 'ਚ ਰੁਜ਼ਗਾਰ ਦੀ ਕਾਨੂੰਨੀ ਗਰੰਟੀ ਨਹੀਂ ਹੈ। ਯੋਜਨਾ ਤਹਿਤ ਪਿੰਡ ਦੇ ਸਭ ਤੋਂ ਕਮਜ਼ੋਰ ਲੋਕ ਬਾਹਰ ਛੱਡ ਦਿੱਤੇ ਗਏ ਹਨ। ਗ਼ਰੀਬੀ ਘਟਾਉਣ, ਬੇਰੁਜ਼ਗਾਰੀ ਰੋਕਣ, ਸਮਾਜਿਕ ਨਿਆ ਲਈ ਉਤਮ ਯੋਜਨਾ "ਮਨਰੇਗਾ" ਯੋਜਨਾ ਪਾਰਲੀਮੈਂਟ 'ਚ 2005 'ਚ ਪਾਸ ਕੀਤੀ ਗਈ ਸੀ। ਮੌਜੂਦਾ ਸਰਕਾਰ ਨੇ ਇਸ ਮਨਰੇਗਾ ਯੋਜਨਾ ਨੂੰ ਖ਼ਤਮ ਕਰਕੇ ਐਕਟ ਸੰਖਿਆ 197/2025 ਦੀ ਧਾਰਾ 37 (1) ਵਿੱਚ ਲਿਖਿਆ ਹੈ, "ਧਾਰਾ 10 ਵਿੱਚ ਦਿੱਤੇ ਗਏ ਪ੍ਰਾਵਾਧਨਾ ਨੂੰ ਛੱਡਕੇ, ਕੇਂਦਰ ਸਰਕਾਰ ਵਲੋਂ ਅਧਿਸੂਚਨਾ ਦੇ ਮਾਧਿਅਮ ਵਿੱਚ ਤਹਿ ਕੀਤੀ ਜਾਣ ਵਾਲੀ ਮਿਤੀ ਤੋਂ ਮਹਾਤਮਾ ਗਾਂਧੀ ਰਾਸ਼ਟਰੀ ਗ੍ਰਾਮੀਣ ਰੋਜ਼ਗਾਰ ਗਰੰਟੀ ਐਕਟ-2005 ਅਤੇ ਉਸਦੇ ਅਤੰਰਗਤ ਬਣਾਏ ਗਏ ਸਾਰੇ ਨਿਯਮ, ਅਧਿ ਸੂਚਨਾਵਾਂ, ਯੋਜਨਾਵਾਂ, ਆਦੇਸ਼ ਅਤੇ ਦਿਸ਼ਾ ਨਿਰਦੇਸ਼ ਖ਼ਤਮ ਮੰਨੇ ਜਾਣਗੇ"

ਇਹ ਡੂੰਘੀ ਸਾਜਿਸ਼ ਅਧੀਨ ਲੋਕ ਹਿਤੈਸ਼ੀ ਇੱਕ ਕਾਨੂੰਨ ਦੀ ਉਹਨਾ ਲੋਕਾਂ ਵਲੋਂ ਹੱਤਿਆ ਹੈ, ਜਿਹੜੇ ਆਜ਼ਾਦ ਭਾਰਤ ਦਾ ਇਤਿਹਾਸ 26 ਮਈ 2014 ਤੋਂ ਸ਼ੁਰੂ ਹੋਇਆ ਮੰਨਦੇ ਹਨ।


www.malwatires.ca
MALWA
TIRES & SERVICES LTD
UNIT - JK 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
MOBILE
24/7 SERVICE
services@malwatires.com

*ਬਿਜਲੀ ਸੋਧ ਬਿਲ 2025*

# ਬਿਜਲੀ ਸਪਲਾਈ ਨੂੰ ਨਿੱਜੀਕਰਨ ਦਾ ਸੋਧਾ

**ਜਗਮੇਲ ਸਿੰਘ**
9417224822

ਕਾਨੂੰਨ ਸ਼ੀਸ਼ਾ ਹੁੰਦੈ, ਰਾਜ ਦਾ। ਆਰਥਿਕ ਸਮਾਜਿਕ ਨਿਜ਼ਾਮ ਦਾ। ਹਾਕਮਾਂ ਦੀ ਨੀਤੀ ਤੇ ਨੀਤ ਦਾ। ਰਾਜਾ ਤੇ ਪਰਜਾ ਦੇ ਸਬੰਧਾਂ ਦਾ। ਲੋਕਾਂ ਦੇ ਹੱਕਾਂ ਤੇ ਹਿੱਤਾਂ ਦਾ। ਲੋਕਾਂ ਦੀ ਹਾਲਤ ਦਾ।

**ਗੱਲ ਬਿਜਲੀ ਕਾਨੂੰਨ ਦੀ** : ਕਾਨੂੰਨ ਜਿਹੜਾ ਬਣਨ ਦੇ ਗੇੜ ਵਿੱਚ ਐ। ਬਿਜਲੀ ਸੋਧ ਬਿਲ 2025। 2003 ਦੇ ਕਾਨੂੰਨ ਨੂੰ ਹੋਰ 'ਸੁਧਾਰਨਾ'। ਇਸ ਦੀ ਜੰਮਣ ਭੌਂਇ, ਇਥੋਂ ਦਾ ਪ੍ਰਬੰਧ। ਜਿਹੜਾ ਮੂਲੋਂ ਵੱਡਿਆਂ ਦਾ। ਜਾਗੀਰਦਾਰਾਂ ਤੇ ਸਰਮਾਏਦਾਰਾਂ ਦਾ। ਸਾਮਰਾਜ ਦਾ ਪਾਣੀ ਭਰਦਾ, ਅੱਧ ਬੋਲਿਆ ਪੂਰਾ ਕਰਦਾ। ਦੇਸ਼ੀ ਵਿਦੇਸ਼ੀ ਕੰਪਨੀਆਂ ਦੇ ਹਿੱਤ ਪਾਲਦਾ। ਉਹਨਾਂ ਨੂੰ ਮੁਨਾਫ਼ੇ ਮੁੱਛਣ ਦੀ ਖੁੱਲ੍ਹ ਦਿੰਦਾ। ਇਹਦੇ ਉਲਟ ਲੋਕਾਂ ਨੂੰ ਲੁੱਟਦਾ,ਆਏ ਦਿਨ ਲੁੱਟ ਵਧਾਉਂਦਾ ਜਾਂਦੈ। ਇਹ ਬਿਜਲੀ ਕਾਨੂੰਨ, ਲੋਕ ਹਿੱਤਾਂ ਦੇ ਉਲਟ ਭੁਗਤੂ। ਜਿਹੋ ਜਿਹੀ ਕੋਕੋ, ਉਹੋ ਜਿਹੇ ਉਹਦੇ ਬੱਚੇ।

ਇਥੇ ਪਬਲਿਕ ਸੈਕਟਰ ਤੇ ਪ੍ਰਾਈਵੇਟ ਸੈਕਟਰ, ਨਾਲੋਂ ਨਾਲ। ਬਿਜਲੀ ਖੇਤਰ ਪਬਲਿਕ ਸੈਕਟਰ ਵਿੱਚ। ਬਿਜਲੀ ਕਾਨੂੰਨ 1948, ਬਿਜਲੀ ਬੋਰਡ ਸੂਬੇ ਦੇ ਅਧਿਕਾਰ ਵਿੱਚ। ਲੋਕਾਂ ਦੀਆਂ ਜ਼ਮੀਨਾਂ ਤੇ ਟੈਕਸਾਂ ਨਾਲ ਢਾਂਚਾ ਉਸਾਰਿਆ। ਦਫ਼ਤਰ, ਥਰਮਲ, ਗਰਿੱਡ ਤੇ ਅਮਲਾ ਫੈਲਾ। ਲਾਈਨਾਂ ਦਾ ਜਾਲ। ਬਿਜਲੀ ਦਾ ਹੋ ਗਿਆ, ਬਿਜਲੀਕਰਨ। ਬਿਜਲੀ ਖੇਤਰ ਮੁਨਾਫ਼ੇ ਵਿੱਚ। ਪੈਸੇ ਦੇ ਪੁੱਤਾਂ, ਕਾਰਪੋਰੇਟ ਲਾਣੇ ਦੀਆਂ ਬਿਜਲੀ ਕਮਾਈ 'ਤੇ ਲਾਰਾਂ। ਪੈਸੇ ਦਾ ਲੋਭ, ਸਿਰ ਨੂੰ ਚੜ੍ਹਿਆ।

ਕਦੇ 'ਆਰਥਿਕ ਸੁਧਾਰਾਂ' ਦਾ ਸ਼ੋਰ, ਕਦੇ 'ਢਾਂਚਾ ਢਲਾਈ' ਦਾ ਢੋਲ ਤੇ ਹੁਣ 'ਵਿਕਾਸ' ਦੇ ਵਾਜੇ-ਪੀਪਣੀਆਂ। ਹਰ ਪਾਸੇ ਨਿੱਜੀਕਰਨ ਤੇ ਵਪਾਰੀਕਰਨ ਦਾ ਦੈਂਤ। ਹਰ ਖੇਤਰ



ਸਾਮਰਾਜ ਤੇ ਉਸਦੇ ਦੇਸੀ ਏਜੰਟਾਂ ਲਈ ਕਮਾਈ ਦੀ ਲੁੱਟ ਦੇ ਖੇਤਰ। ਨਵੇਂ ਨਵੇਂ ਫੁਰਮਾਨ, ਪਬਲਿਕ ਸੈਕਟਰ ਵਾਲਾ ਨਕਾਬ ਉਤਾਰੋ। ਪ੍ਰਾਈਵੇਟ ਸੈਕਟਰ ਵਾਲੀ ਪੁਸ਼ਾਕ ਪਹਿਨੋ। ਅਪਨਿਵੇਸ਼ ਕਰੋ। ਕੰਪਨੀਆਂ ਦਾ ਦਾਖ਼ਲਾ ਕਰਾਓ। ਭਾਜਪਾ ਸਰਕਾਰ ਲੈ ਆਈ 2003 ਦਾ ਕਾਨੂੰਨ। ਬਿਜਲੀ ਖੇਤਰ ਵਿੱਚ ਕੰਪਨੀਆਂ ਦੇ ਦਾਖ਼ਲੇ ਦਾ। 2010 ਵਿੱਚ ਅਕਾਲੀ ਸਰਕਾਰ ਨੇ 2003 ਵਾਲਾ ਕਾਨੂੰਨ ਮੜ੍ਹਤਾ। ਪੰਜਾਬ ਰਾਜ ਬਿਜਲੀ ਬੋਰਡ ਦੀ ਥਾਂ ਦੋ ਕਾਰਪੋਰੇਸ਼ਨਾਂ। ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਤੇ ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ। ਹੋ ਗਿਆ ਨਿੱਜੀ ਕੰਪਨੀਆਂ ਦਾ ਦਾਖ਼ਲਾ। ਪ੍ਰਾਈਵੇਟ ਥਰਮਲ ਪਲਾਂਟ, ਸੋਲਰ ਪਲਾਂਟ ਸ਼ੁਰੂ। ਇਹਨਾਂ ਲਈ ਜ਼ਮੀਨਾਂ, ਰੇਲਵੇ ਲਾਈਨਾਂ ਤੇ ਸੜਕਾਂ ਸਭ ਰਿਆਇਤੀ। ਬਿਜਲੀ ਮਹਿੰਗੇ ਰੇਟ ਖਰੀਦਣ ਦਾ ਸਮਝੌਤਾ। ਬਿਨ ਵਰਤਿਆਂ ਵੀ ਬਿਲ ਤਾਰੇ। ਕੋਲਾ ਵੀ ਧੋ ਧੋ ਦਿੱਤਾ। ਕੰਪਨੀਆਂ ਦਾ ਢਿੱਡ ਨਾ ਭਰੇ। ਪੈਸੇ ਦੀ ਤਮਾ ਘਟਣ ਦਾ ਨਾਮ ਨਾ ਲਵੇ। ਭਾਜਪਾ ਸਰਕਾਰ ਹੋਰ ਅੱਗੇ ਵਧੀ। 2020 ਵਿੱਚ ਬਿਲ ਲੈ ਆਈ। ਉਦੋਂ ਕਿਸਾਨ ਘੋਲ ਨੇ ਨੱਕਾ ਮਾਰ ਦਿੱਤਾ। ਹੁਣ 2025 'ਚ ਫੇਰ ਲੈ ਆਈ।ਅਖੇ 2003 ਵਾਲੇ ਕਾਨੂੰਨ ਵਿੱਚ ਸੋਧਸਰਕਾਰਾਂ ਨੂੰ ਕੋਈ ਫ਼ਿਕਰ ਨਹੀਂ, ਬਿਜਲੀ ਤਾਣੇ-ਬਾਣੇ ਦਾ ਤੇ ਖਪਤਕਾਰਾਂ ਦਾ। ਸਰਕਾਰ ਨੂੰ ਝੋਰਾ, ਕੰਪਨੀਆਂ ਦੀ ਕਮਾਈ ਦਾ। ਉਹਨਾਂ ਲਈ ਕਾਨੂੰਨ ਬਣਾਉਣਾ।

ਹਾਕਮਾਂ ਦੀ ਨੀਤ, ਬਦਨੀਤ ਆ। ਇਹ ਕਾਨੂੰਨ, ਬਿਜਲੀ ਸਪਲਾਈ ਨੂੰ ਸੋਧਾ। ਬਿਜਲੀ ਵੰਡ ਦੀ ਬਾਂਦਰ ਵੰਡ ਕਰਨਾ। ਵੰਡ ਕਾਰਪੋਰੇਟ ਲਾਣੇ ਹੱਥ ਦੇਣਾ। ਲੋਕਾਂ ਦੀ ਲੁੱਟ ਕਰਨ ਦੀ ਖੁੱਲ੍ਹ ਮਚਾਉਣਾ। ਬਿਜਲੀ ਮਹਿੰਗੀ ਕਰਨਾ। ਰੁਜ਼ਗਾਰ 'ਤੇ ਨਿੱਜੀਕਰਨ ਦੀ ਤਲਵਾਰ ਵਾਹੁਣਾ। ਇੱਕ ਗਲੀ ਹੋਵੇ ਜਾਂ ਇੱਕ ਸ਼ਹਿਰ, ਕੰਪਨੀਆਂ ਕਈ ਹੋ ਸਕਣਗੀਆਂ। ਰੇਟ ਤਹਿ ਕਰਨ ਦਾ ਅਧਿਕਾਰ ਕੰਪਨੀਆਂ ਕੋਲ। ਤਹਿ ਕਰਨ ਵੇਲੇ ਕੁੱਲ ਖਰਚੇ ਜੁੜਨਗੇ। ਕਿਹੜੇ ਖਪਤਕਾਰ ਨੂੰ ਬਿਜਲੀ ਦੇਣੀ ਤੇ ਕਿਹੜੇ ਨੂੰ ਨਹੀਂ ਦੇਣੀ? ਇਹਦਾ ਫੈਸਲਾ ਵੀ ਕੰਪਨੀ ਹੱਥ। ਮੁਨਾਫ਼ੇਖੋਰ ਨੂੰ ਮੁਨਾਫ਼ਾ ਪਿਆਰਾ। ਸਿੱਧੀ ਸਪਾਟ ਆ, ਵੱਧ ਬਿਲ ਤਾਰਨ ਵਾਲੇ ਨੂੰ ਪਹਿਲ। ਕਰਾਸ ਸਬਸਿਡੀ 'ਤੇ ਕਾਟਾ। ਫਰੀ ਸਪਲਾਈ ਦੀ ਨੀਤੀ ਰੱਦੀ ਦੀ ਟੋਕਰੀ 'ਚ। ਇਹਦੇ ਲਈ ਬਿਜਲੀ ਵੰਡ ਖੇਤਰ ਨੂੰ ਵਿੱਤੀ ਤੌਰ 'ਤੇ ਲਚਕੀਲਾ ਕਰਨਾ। ਵਾਤਾਵਰਣ ਪੱਖੋਂ ਟਿਕਾਊ ਬਣਾਉਣਾ ਤੇ ਵਿਸ਼ਵ ਪੱਧਰ 'ਤੇ ਖਿੱਚ ਪਾਊ।

ਇਸ ਕਾਨੂੰਨ ਦਾ ਸਿੱਧਾ ਅਰਥ, ਬਿਜਲੀ ਖੇਤਰ ਨੂੰ ਮੁਕੰਮਲ ਨਿੱਜੀਕਰਨ ਵੱਲ ਹੋਰ ਧੱਕਣਾ। ਬਿਜਲੀ ਸਪਲਾਈ ਦੀ ਸਵਿੱਚ ਕੰਪਨੀਆਂ ਹੱਥ ਦੇਣਾ। ਉਹਨਾਂ ਨੂੰ ਕਮਾਈ ਕਰਨ ਦਾ ਹੋਰ ਮੌਕਾ ਦੇਣਾ। ਲੋਕਾਂ ਤੋਂ ਬਿਜਲੀ ਸਹੂਲਤ ਖੋਹਣਾ। ਸਰਕਾਰ ਪਹਿਲਾਂ ਵੀ ਧੁਰਲੀਆਂ ਜਿਹੀਆਂ ਮਾਰ ਰਹੀ ਆ। ਕਦੇ ਟੈਰਿਫ ਵਧਾ ਕੇ। ਤੇਜ਼ ਚੱਲਣ ਵਾਲੇ ਮੀਟਰ ਲਾ ਕੇ। ਬਿਜਲੀ ਬਿਲਾਂ ਵਿੱਚ ਵਾਧੂ ਖਰਚੇ ਜੋੜ ਕੇ।

ਬਿਜਲੀ ਖੇਤਰ, ਲੋਕਾਂ ਦੀਆਂ ਜ਼ਮੀਨਾਂ ਤੇ ਟੈਕਸਾਂ ਨਾਲ ਉਸਰਿਆ ਖੇਤਰ ਕਾਰਪੋਰੇਟਾਂ ਹੱਥ ਦੇਣਾ ਸਰਾਸਰ ਧੱਕਾ ਅਨਿਆਂ। ਪਬਲਿਕ ਸੈਕਟਰ ਵਿੱਚ ਹੀ ਰਹਿਣਾ ਚਾਹੀਦਾ। ਪੈਦਾਵਾਰ ਤੇ ਸਪਲਾਈ ਸਰਕਾਰ ਖੁਦ ਕਰੇ। ਪ੍ਰਾਈਵੇਟ ਥਰਮਲ ਪਲਾਂਟਾਂ ਤੇ ਸੋਲਰ ਪਲਾਂਟਾਂ ਨੂੰ ਸਰਕਾਰ ਆਵਦੇ ਹੱਥ ਲਵੇ। ਪਣ ਬਿਜਲੀ ਪਲਾਂਟ ਤੇ ਸੋਲਰ ਪਲਾਂਟ ਸਰਕਾਰੀ ਖੇਤਰ ਵਿੱਚ ਲਾਏ ਜਾਣ। ਨਵੀਂ ਤਕਨੀਕ ਵਾਲੇ ਨਵੇਂ ਥਰਮਲ ਲਾਏ ਜਾਣ। ਕਾਮਿਆਂ ਦੀ ਨਵੀਂ ਰੈਗੂਲਰ ਭਰਤੀ ਕੀਤੀ ਜਾਵੇ। ਵੱਡੇ ਜਾਗੀਰਦਾਰਾਂ ਸਰਮਾਏਦਾਰਾਂ ਤੇ ਕਾਰਖਾਨੇਦਾਰਾਂ ਤੋਂ ਬਿਲ ਉਗਰਾਹੇ ਜਾਣ।

ਜਿਨ੍ਹਾਂ ਨੇ ਇਹ ਬਿਲ ਲਿਆਂਦਾ, ਉਹਨਾਂ ਦੇ ਵਾਪਸ ਲਿਆਂ ਹੀ ਵਾਪਸ ਹੋਊ। ਉਹਨਾਂ ਦਾ ਰਵੱਈਆ ਸਾਹਮਣੇ ਆ। ਕਿਸੇ ਦੀ ਨਾ ਸੁਣਨ ਵਾਲਾ। ਵੱਖਰੇ ਵਿਚਾਰਾਂ ਦਾ ਗਲਾ ਘੁੱਟਣ ਵਾਲਾ। ਵਿਰੋਧ ਨੂੰ ਕੁਚਲਣ ਵਾਲਾ। ਪਰ ਸ਼ੰਘਰਸ਼ਾਂ ਮੂਹਰੇ ਝੁਕਣ ਵਾਲਾ। ਪਿੱਛੇ ਹਟਣ ਵਾਲਾ। ਸੰਘਰਸ਼ ਦਾ ਰਾਹ ਹੀ ਸਵੱਲੜਾ ਰਾਹ। ਇਹੀ ਰਾਹ, ਅਜਿਹੇ ਕਾਨੂੰਨਾਂ ਦੀ ਜੰਮਣ ਭੌਂਇ ਇਥੋਂ ਦੇ ਪ੍ਰਬੰਧ ਨੂੰ ਬਦਲਣ ਵੱਲ ਜਾਂਦੈ। ਇਸ ਰਾਹ ਤੁਰਨ ਲਈ ਅੱਗੇ ਆਉਣਾ ਚਾਹੀਦਾ।

# ਰਜਿਸਟਡ ਡਿਸਏਬਿਲਟੀ ਸੇਵਿੰਗ ਪਲਾਨ (RDSP)

ਲਗਦਾ ਹੈ ਕਿ ਇਹ ਕੋਈ ਨਵਾਂ ਪਲਾਨ ਹੈ। ਪਰ ਨਹੀਂ ਇਸ ਬਾਰੇ ਸਭ ਤੋਂ ਪਹਿਲਾਂ 2008 ਦੇ ਵਿਚ ਗੌਰਮਿੰਟ ਆਫ਼ ਕੈਨੇਡਾ ਨੇ ਕਾਨੂੰਨ ਬਣਾਇਆ ਸੀ ਜਿਸ ਦਾ ਮਕਸਦ ਸੀ ਕਿ ਉਹ ਕੈਨੇਡੀਅਨ ਜਿਹੜੇ ਜਾਂ ਤਾਂ ਜਮਾਂਦਰੂ ਹੀ ਡਿਸਏਬਲ ਹੁੰਦੇ ਹਨ ਜਾਂ ਫਿਰ ਬਾਅਦ ਵਿਚ ਜ਼ਿੰਦਗੀ 'ਚ, ਪਰਮਾਨੈਂਟਲੀ ਡਿਸਏਬਲ ਹੋ ਜਾਂਦੇ ਹਨ। ਉਨ੍ਹਾਂ ਦਾ ਹੱਕ ਹੈ ਕਿ ਉਹ ਰੋਟੀ, ਕੱਪੜਾ ਤੇ ਮਕਾਨ ਲਈ ਯਾਨੀ ਰਹਿਣ ਸਹਿਣ ਜਾਂ ਖਾਣ ਪੀਣ ਤੇ ਤਨ 'ਤੇ ਕੱਪੜੇ ਲਈ ਸਰਕਾਰੀ ਸਹਾਇਤਾ ਪਾ ਸਕਣ।

**ਇਹ ਹੈ ਕੀ ?**

ਇਹ ਇਕ ਉਹ ਸੇਵਿੰਗ ਅਕਾਊਂਟ ਹੁੰਦਾ ਹੈ ਜਿਸ ਵਿਚ ਕੈਨੇਡੀਅਨ ਜੋ ਕਿ ਜਾਂ ਪੀ ਆਰ (PR) ਹਨ ਜਾਂ ਫਿਰ ਪੱਕੀ ਸ਼ਹਿਰੀ ਹਨ, ਆਪਣਾ ਆਰਡੀਐਸਪੀ ਅਕਾਊਂਟ ਖੋਲ੍ਹ ਸਕਦੇ ਹਨ। ਅਜੇ ਤੱਕ ਸਿਰਫ਼ ਇਕ ਹੀ ਇੰਸ਼ੋਰੈਂਸ ਕੰਪਨੀ ਹੈ ਜਿਸ ਵਿਚ ਉਹ ਆਪਣਾ ਸੇਵਿੰਗਜ਼ ਅਕਾਊਂਟ ਖੋਲ੍ਹ ਸਕਦੇ ਹਨ ਅਤੇ ਇਸ ਤੋਂ ਇਲਾਵਾ ਕਈ ਵਿੱਤੀ ਸੰਸਥਾਵਾਂ ਵੀ ਹਨ। ਸਰਕਾਰ ਆਪਣੇ ਵਲੋਂ ਉਸ ਦੀ ਬਣਦੀ ਗਰਾਂਟ ਵੀ ਪਾ ਦਿੰਦੀ ਹੈ। ਕਿੰਨਾ ਅਕਾਊਂਟ ਖੋਲ੍ਹਣਾ ਹੈ ਤੇ ਕਿੰਨੀ ਗਰਾਂਟ ਮਿਲ ਸਕਦੀ ਹੈ ਇਸ ਲਈ ਉਨ੍ਹਾਂ ਨੂੰ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਕਰ ਕੀਤਾ ਜਾ ਸਕਦਾ ਹੈ।

ਇਸ ਅਕਾਊਂਟ ਨੂੰ ਖੋਲ੍ਹਣ ਦੀ ਉਮਰ 0 ਸਾਲ ਤੋਂ 49 ਸਾਲ ਤੱਕ ਦੀ ਹੈ। ਜੇ ਗਰਾਂਟ ਲੈਣੀ ਹੋਵੇ।

ਇਹ ਗਰਾਂਟ 0 ਤੋਂ 49 ਸਾਲ ਦੀ ਉਮਰ ਤੱਕ $90,000 ਤੱਕ ਦੀ ਹੋ ਸਕਦੀ ਹੈ। ਸੇਵਿੰਗ ਕਰਨ ਲਈ ਵੀ ਬਹੁਤਾ ਵੱਡਾ ਅਮਾਊਂਟ ਨਹੀਂ ਹੈ। ਅਸੀਂ ਮਹੀਨੇ ਦੇ ਮਹੀਨੇ $125 ਤੱਕ ਦੀ ਵੀ ਸੇਵਿੰਗ ਕਰ ਸਕਦੇ ਹਾਂ।

ਇਸ ਤਰ੍ਹਾਂ ਇਸ ਪਲਾਨ ਵਿਚ ਆਪਣਾ ਮੂਲ ਪੈਸਾ ਪਲੱਸ ਗਰਾਂਟ ਤੇ ਪਲੱਸ ਦੋਹਾਂ ਉਤੇ ਵਿਆਜ ਵੀ ਲੈ ਸਕਦੇ ਹਾਂ। ਵੱਧ ਤੋਂ ਵੱਧ ਇਸ ਪਲਾਨ ਵਿਚ ਅਸੀਂ $200,000 ਡਾਲਟ ਤੱਕ ਸੇਵ ਕਰ ਸਕਦੇ ਹਾਂ। $500 ਜੋੜਨ ਨਾਲ $1500 ਦੀ ਗਰਾਂਟ ਤੇ ਹੋਰ $1000 ਜੋੜਨ ਨਾਲ $2000 ਦੀ ਗਰਾਂਟ। ਗਰਾਂਟ ਇਸ ਤੋਂ ਵੱਧ ਵੀ ਉਪਲਬਧ ਹੈ।

ਇਹ ਪਲੈਨ ਕਦੋਂ ਮਿਚਿਓਰ (Mature) ਹੁੰਦੀ ਹੈ ?



ਵੈਸੇ ਪੈਸੇ ਜੋੜਨ ਵਾਲੇ ਆਪਣਾ ਪੈਸਾ ਵਿਆਜ ਸਮੇਤ ਜਦ ਮਰਜ਼ੀ ਲੈ ਸਕਦੇ ਹਨ ਪਰ ਜੇ ਅਸੀਂ ਆਪਣਾ ਪੈਸਾ ਪੂਰਾ ਤੇ ਗਰਾਂਟ ਤੇ ਉਪਰ ਦਾ ਵਿਆਜ ਥੋੜ੍ਹਾ-ਥੋੜ੍ਹਾ ਕਰਕੇ ਲੈਣਾ ਚਾਹੁੰਦੇ ਹਾਂ ਤਾਂ ਇਹ ਪਲੈਨ 60 ਸਾਲ ਦੀ ਉਮਰ ਤੇ ਮਿਚਿਓਰ ਹੋ ਜਾਂਦੀ ਹੈ।

ਫਿਰ ਆਪਣਾ ਜੋ ਹੈਂਡੀਕੈਪ ਹੁੰਦਾ ਹੈ ਉਹ ਆਪਣੇ 60 ਸਾਲ ਤੋਂ ਵੱਧ ਦੇ ਸਮੇਂ ਲਈ ਮਹੀਨੇ ਦੇ ਮਹੀਨੇ ਪੈਸੇ ਲੈਣਾ ਸ਼ੁਰੂ ਕਰ ਸਕਦਾ ਹੈ। ਕਿੰਨਾ ਪੈਸਾ ਮਹੀਨੇ ਦਾ ਜਾਂ ਸਾਲ ਦਾ ਲਿਆ ਜਾ ਸਕਦਾ ਹੈ ? ਇਹ ਨਿਰਭਰ ਕਰਦਾ ਹੈ ਕਿ ਉਸ ਨੇ ਕਿੰਨਾ ਪੈਸਾ ਸੇਵ ਕੀਤਾ ਹੈ ਤੇ ਕਿੰਨੀ ਗਰਾਂਟ ਲਈ ਹੈ।

ਤੇ ਉਸ ਨੂੰ ਕਿੰਨਾ ਵਿਆਜ ਮਿਲਿਆ ਹੈ।

**ਕਿੰਨਾ ਲੋਕਾਂ ਲਈ ਇਹ ਪਲੈਨ ਲਾਹੇਵੰਦ ਹੈ ?**

- ਜਿਨ੍ਹਾਂ ਕੋਲ CRA ਕੋਲੋਂ DTC Certificate ਹੈ।
- ਜਿਨ੍ਹਾਂ ਦੀ ਉਮਰ 59 ਸਾਲ ਤੋਂ ਘੱਟ ਹੈ ਜਾਂ ਗਰਾਂਟ ਹਾਸਲ ਕਰਨ ਲਈ 49 ਸਾਲ ਤੋਂ ਘੱਟ ਹੈ।
- ਜੋ ਜਨਮ ਤੋਂ ਹੀ Autism, Bipolar Disorder, Cerebral palsy, COPD, permanent depression Down syndrome , Hearing Loss, blindness, multiple sclerosis, paralysis, Parkinson disease, Dementia, crohn's disease, cystic, Fibrosis or amputation.
- ਇਸ ਤੋਂ ਇਲਾਵਾ ਕੋਈ ਵੀ ਜੋ ਪੂਰੀ ਤਰ੍ਹਾਂ ਕਿਸੇ ਵੀ ਕਾਰਨ ਕਰਕੇ ਡਿਸਏਬਲ ਹੈ ਉਹਦਾ ਡਾਕਟਰ ਉਹ ਨੂੰ CRA ਦਾ T 2201 ਫਾਰਮ ਭਰ ਕੇ ਦੇ ਸਕਦਾ ਹੈ।
- ਬਾਕੀ ਤੁਸੀਂ ਵੱਧ ਜਾਣਕਾਰੀ ਲਈ ਹੇਠਾਂ ਦਿੱਤੇ ਨੰਬਰਾਂ 'ਤੇ ਫੋਨ ਕਰਕੇ ਜਾਣਕਾਰੀ ਹਾਸਲ ਕਰ ਸਕਦੇ ਹੋ। ਕਿਉਂਕਿ ਇਥੇ ਸਾਰਾ ਕੁਝ ਨਹੀਂ ਲਿਖਿਆ ਜਾ ਸਕਦਾ। ਜਿਵੇਂ ਕਿ ਹਰ ਕੋਈ ਵੱਖਰੇ ਢੰਗ ਨਾਲ ਵੀ ਡਿਸਟੇਬਲ ਹੋ ਸਕਦਾ ਹੈ।



**ਸ਼ੇਰ ਜੰਗ ਰਾਣਾ**
416-910-9000



**ਬਚਿੱਤਰ ਸਿੰਘ**
416-527-3737



**ਹਰਬੰਸ ਸਿੰਘ**
416-817-7142


RDSP UP TO $90,000 GOVERNMENT GRANT + BOND.
SUPER VISA INSURANCE
MDRT
The Premier Association of Financial Professionals
Punjab Insurance Inc
LIFE INSURANCE | CRITICAL ILLNESS INSURANCE
DISABILITY INSURANCE | TRAVEL INSURANCE
VISITOR INSURANCE | RESP, RRSP, TFSA & FHSA
HARPREET RANA
416-871-3571
NIAMAT RANA
416-206-1616
WWW.PUNJABINSURANCE.CA


Taralake Dental
Taralake Dental offers Full Range of General and Cosmetic Dental Services
TARALAKE DENTAL
We Offer
Oral Exams and Checkups | Dental Cleanings | Children's Dentistry
Cosmetic Procedures : Crowns, Bridges | Teeth Whitening | Tooth Coloured Fillings
Same Day Emergencies | Root Canals | Wisdom Tooth Extraction
Ph. : 403-455-1600 | Fax : 403-764-9788
contact@taralakedental.com | www.taralakedental.com
Unit 321 (2nd Floor) 7171 80th Ave NE Calgary, AB T3J 0P6


Buy or Sell Any Residential or Commercial Real Estate with Insta Realty Team.
Ramandeep Gill
Harcharan Parhar
Amandeep Gill
Amarjit Pangly
Gurpreet Kaur
Amandeep Gill
Jagdev Singh
Karmjit Singh Gill
Raj Chahal
Mandeep Maan
Manpreet Kaur
Ashish Narula
Navi Tiwana
Jaskaran Brar
Jigar Soni
We are Hiring New or Experienced Realtors!
Aman Batth
Sumeer Sidhu
Neha Kaur
Karan Nanda
Mousam Mann
Jagpreet Sidhu
Insta Realty
BUY SELL INSTANTLY
www.instarlt.com
403.614.1797
Email: info@instarlt.com
#3256, 4310-104 Ave NE Calgary AB T3N 1W3